ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 11 | Issue 49 | 10 December 2021 to 16 December 2021 | Ph.: (510) 240-5949 | Fax: (888) 323-6950 | Email: info@amritsartimes.com, asrtimes@gmail.com

# ਦਰਬਾਰ ਸਾਹਿਬ ਤੋਂ ਸਿੱਧੇ ਪ੍ਰਸਾਰ ਕਰਨ ਲਈ ਹਰੇਕ ਮੀਡੀਆ ਪਲੇਟਫ਼ਾਰਮ ਨੂੰ ਹੱਕ ਹੋਵੇ, ਮੁੱਖ ਮੰਤਰੀ ਦੀ ਅਕਾਲ ਤਖ਼ਤ ਨੂੰ ਅਪੀਲ

**ਪ੍ਰੋਫੈਸਰ ਬਲਵਿੰਦਰ ਪਾਲ ਸਿੰਘ**

ਸਿੱਖਾਂ ਦੀ ਸੋਚ ਵਿਚ ਬਰਾਬਰੀ ਹੈ। ਸਿੱਖੀ ਮਨੁੱਖਤਾ ਦੇ ਪਿਆਰ ਦਾ ਸਾਗਰ ਹੈ।ਕੋਈ ਵੀ ਸਿੱਖ ਉਚ ਅਹੁਦੇ ਉਪਰ ਹੋਵੇ ਪਰ ਗੁਰੂ ਹੁਕਮ ਅਧੀਨ ਹੈ।ਮਠ ਪਰੰਪਰਾ ਦੀ ਮਰਿਆਦਾ ਨੀਵਾਂ, ਉਚਾ ਤੇ ਸੁਪਰੀਮ ਗੁਰਦੁਆਰਿਆਂ, ਤਖਤਾਂ ਉਪਰ ਲਾਗੂ ਨਹੀਂ ਹੁੰਦੀ। ਇਹ ਗੁਰੂ ਆਦੇਸ਼ ਹਨ।ਇਥੇ ਦੇਖੋ ਮਨੁੱਖਤਾ ਦੀ ਪਵਿਤਰਤਾ ਵਰਨ ਆਸ਼ਰਮ ਕਿਥੇ ਜਾ ਉਡਿਆ। ਜਾਤੀਆਂ ਗਾਇਬ ਹੋ ਗਈਆਂ। ਗੁਰਮੁਖਿ ਪ੍ਰਗਟ ਹੋ ਗਿਆ। ਇਹੀ ਹੈ ਸਾਡੀ ਮਹਾਨ ਸਿਖੀ।ਜਿਸਦੀ ਗੁਰੂ ਕਲਾ ਸਿੱਖ ਮਾਨਸਿਕਤਾ ਦੇ ਅਮਲ ਵਿਚ ਹੈ।

ਮੁੱਖ ਮੰਤਰੀ ਕਿਸੇ ਸਾਧ ਦੇ ਡੇਰੇ ਜਾਂਦੇ ਜਾਂ ਮਠ ਵਿਚ। ਉਹ ਮੁਖੀ ਸਾਧ ਦੇ ਪੈਰਾਂ ਵਿਚ ਬੈਠਦੇ।ਬਾਦਲ ਪਰਿਵਾਰ ਵੀ ਸੌਦਾ ਸਾਧ ਦੇ ਚਰਨਾਂ ਵਿਚ ਬੈਠਿਆ ਹੈ। ਪਰ ਸਿੱਖ ਧਰਮ ਬਰਾਬਰੀ ਪਖੋਂ ਉਤਮ ਹੈ। ਇਸ ਦਾ ਮੁਕਾਬਲਾ ਹੋਰ ਕੋਈ ਧਰਮ ਨਹੀਂ ਕਰ ਸਕਦਾ। ਚੰਨੀ ਸਾਹਿਬ ਜਥੇਦਾਰ ਦੇ ਪੈਰ ਛੂੰਹਦੇ ਹਨ। ਪਰ ਜਥੇਦਾਰ ਤੁਰੰਤ ਆਪਣੀ ਛਾਤੀ ਨਾਲ ਲਗਾਉਂਦੇ ਹਨ ਕਿ ਤੇਰੀ ਥਾਂ ਸਾਡੇ ਹਿਰਦੇ ਵਿਚ ਹੈ। ਇਹੀ ਸਿੱਖੀ ਤੇ ਮਨੂਵਾਦ ਵਿਚ ਅੰਤਰ ਹੈ।



**ਜਥੇਦਾਰ ਤੇ ਚੰਨੀ ਦੀ ਮੁਲਾਕਾਤ**

ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨੂੰ ਅਪੀਲ ਕੀਤੀ ਕਿ ਸ਼੍ਰੋਮਣੀ ਕਮੇਟੀ ਨੂੰ ਹਰਿਮੰਦਰ ਸਾਹਿਬ ਤੋਂ ਗੁਰਬਾਣੀ ਕੀਰਤਨ ਦੇ ਸਿੱਧੇ ਪ੍ਰਸਾਰਨ ਲਈ ਸਾਰੇ ਟੀਵੀ ਅਤੇ ਰੇਡੀਓ ਚੈਨਲਾਂ ਨੂੰ ਅਧਿਕਾਰ ਦੇਣ ਦੇ ਆਦੇਸ਼ ਦਿੱਤੇ ਜਾਣ। ਇਸ ਦਾ ਉਦੇਸ਼ ਗੁਰਬਾਣੀ ਕੀਰਤਨ ਦੀ ਪਹੁੰਚ ਵੱਧ ਤੋਂ ਵੱਧ ਯਕੀਨੀ ਬਣਾਉਣਾ ਹੈ ਤਾਂ ਕਿ ਕੋਈ ਵੀ ਸ਼ਰਧਾਲੂ ਕੀਰਤਨ ਸਰਵਣ ਕਰਨ ਤੋਂ ਵਿਰਵਾ ਨਾ ਰਹੇ।

ਤਖਤ ਸ੍ਰੀ ਦਮਦਮਾ ਸਾਹਿਬ ਵਿਖੇ ਜਥੇਦਾਰ ਸਾਹਿਬ ਨੂੰ ਨਿੱਜੀ ਤੌਰ 'ਤੇ ਪੱਤਰ ਸੌਂਪਦੇ ਹੋਏ ਮੁੱਖ ਮੰਤਰੀ ਚੰਨੀ ਨੇ ਜਿਵੇਂ ਸਿੱਖ ਸੰਗਤ ਪਾਕਿਸਤਾਨ ਵਿੱਚ ਰਹਿ ਗਏ ਪਾਵਨ ਗੁਰਧਾਮਾਂ ਦੇ 'ਖੁੱਲੇ ਦਰਸ਼ਨ ਦੀਦਾਰਾਂ' ਲਈ ਤਾਂਘ ਰਹੀ ਹੈ, ਉਸੇ ਤਰਾਂ ਹੀ ਸਿੱਖ ਸੰਗਤ ਦੀ ਹਰਿਮੰਦਰ ਸਾਹਿਬ ਤੋਂ ਹਰ ਸਮੇਂ 'ਖੁੱਲੇ ਪ੍ਰਸਾਰਨ' ਦੀ ਵੀ ਹਮੇਸ਼ਾ ਤੀਬਰ ਇੱਛਾ ਰਹੀ ਹੈ। ਇਸ ਦੌਰਾਨ ਮੁੱਖ ਮੰਤਰੀ ਨੇ ਜਥੇਦਾਰ ਸਾਹਿਬ ਨੂੰ ਭਰੋਸਾ ਦਿੱਤਾ ਕਿ ਇਸ ਕਾਰਜ ਲਈ ਲੋੜੀਂਦਾ ਢਾਂਚਾ ਬਣਾਉਣ ਜਾਂ ਆਉਣ ਵਾਲੇ ਹੋਰਨਾਂ ਖਰਚਿਆਂ ਲਈ ਲੋੜੀਂਦੀ ਰਾਸ਼ੀ ਪੰਜਾਬ ਸਰਕਾਰ ਸਹਿਣ ਨੂੰ ਤਿਆਰ ਹੈ।

ਇਸ ਸਮੇਂ ਸਿਰਫ ਇੱਕ ਚੈਨਲ ਨੂੰ ਗੁਰਬਾਣੀ ਕੀਰਤਨ ਦੇ ਸਿੱਧੇ ਪ੍ਰਸਾਰਨ ਦੇ ਹੱਕ ਦੇ ਕੇ ਸ਼੍ਰੋਮਣੀ ਕਮੇਟੀ ਆਪ ਹੀ ਗੁਰਬਾਣੀ ਦੇ ਚਾਨਣ ਨੂੰ ਕੀਰਤਨ ਰਾਹੀਂ ਘਰ ਘਰ ਪਹੁੰਚਣ ਦੇ ਰਾਹ ਵਿਚ ਰੋੜਾ ਬਣ ਰਹੀ ਹੈ । ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਇਸ ਵੇਲੇ ਸ਼੍ਰੋਮਣੀ ਕਮੇਟੀ ਵਲੋਂ ਸਿਰਫ ਇਕ ਸੀਮਤ ਪ੍ਰਸਾਰਨ ਘੇਰੇ ਵਾਲੇ ਅਤੇ ਇਕ ਪਰਿਵਾਰ ਦੀ ਮਾਲਕੀ ਵਾਲੇ ਪੰਜਾਬੀ ਚੈਨਲ ਨੂੰ ਕੁਝ ਰਕਮ ਬਦਲੇ ਹਰਿਮੰਦਰ ਸਾਹਿਬ ਤੋਂ ਹੁੰਦੇ ਕੀਰਤਨ ਦੇ ਸਿੱਧੇ ਪ੍ਰਸਾਰਣ ਦੇ ਹੱਕ ਦਿੱਤੇ ਹੋਏ ਹਨ ਅਤੇ ਇਹ ਫੈਸਲਾ ਇਹ ਫੈਸਲਾ ਕਿਸੇ ਤਰਾਂ ਵੀ ਦਰੁਸਤ ਨਹੀਂ ਮੰਨਿਆ ਜਾ ਸਕਦਾ।

ਮੁੱਖ ਮੰਤਰੀ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦਾ ਸ਼੍ਰੋਮਣੀ ਕਮੇਟੀ ਦੇ ਜਨਰਲ ਹਾਊਸ ਵਿੱਚ ਬਹੁਮਤ ਹੈ ਅਤੇ ਉਸ ਨੇ 1996 ਅਤੇ 2004 ਵਿੱਚ ਹੋਈ ਸ਼੍ਰੋਮਣੀ ਕਮੇਟੀ ਦੀ ਚੋਣ ਲਈ ਜਾਰੀ ਕੀਤੇ ਗਏ ਆਪਣੇ ਚੋਣ ਮੈਨੀਫੈਸਟੋ ਵਿੱਚ ਸਿੱਖ ਸੰਗਤ ਨਾਲ ਇਹ ਵਾਅਦਾ ਕੀਤਾ ਸੀ ਕਿ ਗੁਰਬਾਣੀ ਕੀਰਤਨ ਦੇ ਸਿੱਧੇ ਪ੍ਰਸਾਰਨ ਲਈ ਸ਼੍ਰੋਮਣੀ ਕਮੇਟੀ ਆਪਣਾ ਟੀਵੀ ਚੈਨਲ ਸਥਾਪਤ ਕਰੇਗੀ। ਮੁੱਖ ਮੰਤਰੀ ਨੇ ਜਥੇਦਾਰ ਸਾਹਿਬ ਨੂੰ ਇਸ ਅਤਿ ਗੰਭੀਰ ਤੇ ਅਹਿਮ ਮਾਮਲੇ ਸਬੰਧੀ ਸ਼੍ਰੋਮਣੀ ਕਮੇਟੀ ਨੂੰ ਲੋੜੀਂਦੀਆਂ ਹਦਾਇਤਾਂ ਦੇਣ ਦੀ ਸਨਿਮਰ ਬੇਨਤੀ ਕੀਤੀ।

# ਕਿਸਾਨਾਂ ਦੀ ਇਤਿਹਾਸਕ ਜਿੱਤ, ਝੁਕਾਈ ਮੋਦੀ ਸਰਕਾਰ

## ✪ ਦਿੱਲੀ ਦੀਆਂ ਹੱਦਾਂ ਤੋਂ ਮੋਰਚਾ ਚੁੱਕਣ ਦਾ ਐਲਾਨ ✪ ਦਰਬਾਰ ਸਾਹਿਬ ਵਿਚ 13 ਨੂੰ ਸ਼ੁਕਰਾਨੇ ਦੀ ਅਰਦਾਸ

**ਨਵੀਂ ਦਿੱਲੀ/ਏ.ਟੀ.ਨਿਊਜ਼ :** ਸੰਯੁਕਤ ਕਿਸਾਨ ਮੋਰਚੇ ਨੇ ਦਿੱਲੀ ਦੇ ਬਾਰਡਰਾਂ 'ਤੇ ਇਕ ਸਾਲ ਤੋਂ ਜ਼ਿਆਦਾ ਸਮੇਂ ਤੋਂ ਚੱਲ ਰਹੇ ਆਪਣੇ ਮੋਰਚੇ ਨੂੰ ਚੁੱਕਣ ਦਾ ਰਸਮੀ ਐਲਾਨ ਕਰ ਦਿੱਤਾ ਹੈ। ਮੋਰਚੇ ਵੱਲੋਂ ਦਿੱਲੀ ਦੇ ਸਿੰਘੂ, ਟਿਕਰੀ ਅਤੇ ਗਾਜ਼ੀਪੁਰ ਸਮੇਤ ਪੰਜਾਬ ਤੋਂ ਬਾਹਰ ਲੱਗੇ ਹੋਰ ਮੋਰਚੇ ਤੋਂ ਖਾਲੀ ਕਰ ਦਿਤੇ ਜਾਣਗੇ। ਫ਼ਤਹਿ ਮਾਰਚ ਨਾਲ ਕਿਸਾਨਾਂ ਦੀ ਘਰਾਂ ਨੂੰ ਵਾਪਸੀ ਹੋਵੇਗੀ। ਕਿਸਾਨਾਂ ਦੀਆਂ ਬਕਾਇਆ ਮੰਗਾਂ ਸਵੀਕਾਰ ਕਰਨ ਬਾਰੇ ਕੇਂਦਰ ਸਰਕਾਰ ਦੇ ਖੇਤੀਬਾੜੀ ਸੱਕਤਰ ਸੰਜੈ ਅਗਰਵਾਲ ਦੇ ਦਸਤਖ਼ਤਾਂ ਵਾਲਾ ਪੱਤਰ ਮਿਲਣ ਮਗਰੋਂ ਸੰਯੁਕਤ ਕਿਸਾਨ ਮੋਰਚੇ ਨੇ ਇਹ ਐਲਾਨ ਕੀਤਾ ਜਿਨਾਂ ਵਿਚ ਅੰਦੋਲਨਕਾਰੀਆਂ ਖ਼ਿਲਾਫ਼ ਪੁਲਿਸ ਕੇਸ ਬਿਨਾਂ ਸ਼ਰਤ ਤੋਂ ਵਾਪਸ ਲੈਣ ਦੀ ਮੰਗ ਵੀ ਸ਼ਾਮਲ ਹੈ। ਕਿਸਾਨ ਆਗੂਆਂ ਨੇ ਕਿਹਾ ਕਿ ਉਹ 15 ਜਨਵਰੀ ਨੂੰ ਮੁੜ ਮੀਟਿੰਗ ਕਰਕੇ ਇਸ ਗੱਲ ਦਾ ਜਾਇਜ਼ਾ ਲੈਣਗੇ ਕਿ ਸਰਕਾਰ ਨੇ ਉਨਾਂ ਦੀਆਂ ਮੰਗਾਂ ਮੰਨੀਆਂ ਹਨ ਜਾਂ ਨਹੀਂ। ਉਨਾਂ ਕਿਹਾ ਕਿ ਇਹ ਅੰਦੋਲਨ ਦੀ ਸਮਾਪਤੀ ਨਹੀਂ ਹੈ ਅਤੇ ਜੇਕਰ ਸਰਕਾਰ ਨੇ ਕੁਝ ਗੜਬੜ ਕੀਤੀ ਤਾਂ ਉਹ ਮੁੜ ਅੰਦੋਲਨ ਕਰਨਗੇ। ਸਰਕਾਰ ਨੇ ਕਿਸਾਨਾਂ ਨੂੰ ਇਹ ਵੀ ਭਰੋਸਾ ਦਿੱਤਾ ਹੈ ਕਿ ਘੱਟੋ ਘੱਟ ਸਮਰਥਨ ਮੁੱਲ ਬਾਰੇ ਇਕ ਕਮੇਟੀ ਬਣਾਈ ਜਾਵੇਗੀ ਜਿਸ ਵਿਚ ਸੰਯੁਕਤ ਕਿਸਾਨ ਮੋਰਚੇ ਦੇ ਮੈਂਬਰ ਵੀ ਸ਼ਾਮਲ ਹੋਣਗੇ। ਮੋਰਚੇ ਨੇ ਐਲਾਨ ਕੀਤਾ ਕਿ 13 ਦਸੰਬਰ ਨੂੰ ਹਰਿਮੰਦਰ ਸਾਹਿਬ, ਅੰਮ੍ਰਿਤਸਰ ਵਿਚ ਉਹ ਵਿਸ਼ੇਸ਼ ਤੌਰ 'ਤੇ ਮੱਥਾ ਟੇਕਣ ਲਈ ਜਾਣਗੇ। ਮੋਰਚੇ ਦੀ ਕੋਰ ਕਮੇਟੀ ਦੇ ਮੈਂਬਰ ਬਲਬੀਰ ਸਿੰਘ ਰਾਜੇਵਾਲ ਨੇ ਕਿਹਾ 'ਇਹ ਅੰਦੋਲਨ ਦੀ ਸਮਾਪਤੀ ਨਹੀਂ ਹੈ ਬਲਕਿ ਇਸ ਨੂੰ ਮੁਲਤਵੀ ਕੀਤਾ ਗਿਆ ਹੈ। ਅਸੀਂ 15 ਜਨਵਰੀ ਨੂੰ ਮੁੜ ਬੈਠਕ ਕਰਨ ਦਾ ਫ਼ੈਸਲਾ ਲਿਆ ਹੈ।' ਮੋਰਚੇ ਦੇ ਇਕ ਹੋਰ ਮੈਂਬਰ ਗੁਰਨਾਮ ਸਿੰਘ ਚੜੂਨੀ ਨੇ ਕਿਹਾ ਕਿ 15 ਜਨਵਰੀ ਨੂੰ ਮੀਟਿੰਗ ਕਰਕੇ ਇਹ ਦੇਖਿਆ ਜਾਵੇਗਾ ਕਿ ਕੀ ਸਰਕਾਰ ਨੇ ਕਿਸਾਨਾਂ ਦੀਆਂ ਸਾਰੀਆਂ ਮੰਗਾਂ ਮੰਨ ਲਈਆਂ ਹਨ ਜਾਂ ਨਹੀਂ। 'ਜੇਕਰ ਸਰਕਾਰ ਨੇ ਮੰਗਾਂ ਨਾ ਮੰਨੀਆਂ ਤਾਂ ਅਸੀਂ ਅੰਦੋਲਨ ਸ਼ੁਰੂ ਕਰਨ ਦਾ ਮੁੜ ਸੱਦਾ ਦੇ ਸਕਦੇ ਹਾਂ।' ਕਿਸਾਨ ਆਗੂ ਰਾਕੇਸ਼ ਟਿਕੈਤ ਨੇ ਕਿਹਾ ਕਿ ਦਿੱਲੀ ਦੇ ਬਾਰਡਰਾਂ ਤੋਂ ਮੋਰਚੇ ਚੁੱਕਣ 'ਚ ਅਜੇ ਸਮਾਂ ਲੱਗ ਸਕਦਾ ਹੈ। ਉਨਾਂ ਕਿਹਾ ਕਿ ਸੰਯੁਕਤ ਕਿਸਾਨ ਮੋਰਚਾ ਕਾਇਮ ਰਹੇਗਾ।

**ਕਿਸਾਨਾਂ ਦਾ ਸਵਾਗਤ**

ਕਿਸਾਨਾਂ ਵੱਲੋਂ ਮੋਰਚਿਆਂ ਤੋਂ ਸਮਾਨ ਸਮੇਟਣਾ ਸ਼ੁਰੂ ਕਰ ਦਿੱਤਾ ਗਿਆ ਹੈ। ਪੰਜਾਬ ਤੇ ਹੋਰ ਰਾਜਾਂ ਤੋਂ ਖਾਲੀ ਟਰਾਲੀਆਂ ਮੋਰਚਿਆਂ 'ਤੇ ਪੁੱਜਣੀਆਂ ਸ਼ੁਰੂ ਹੋ ਗਈਆਂ ਹਨ। ਮੋਰਚਾ ਜਿੱਤ ਕੇ ਆਉਣ ਵਾਲੇ ਕਿਸਾਨਾਂ ਦੇ ਸਵਾਗਤ ਲਈ ਸਜਾਵਟੀ ਦੁਆਰ ਬਣਾਏ ਜਾ ਰਹੇ ਹਨ। ਸੰਯੁਕਤ ਕਿਸਾਨ ਮੋਰਚੇ ਨੇ ਟਰੇਡ ਯੂਨੀਅਨਾਂ, ਮਹਿਲਾ ਸੰਗਠਨਾਂ, ਨੌਜਵਾਨ ਅਤੇ ਵਿਦਿਆਰਥੀ ਸੰਗਠਨਾਂ ਦਾ ਵੀ ਧੰਨਵਾਦ ਕੀਤਾ ਜਿਨਾਂ ਇਸ ਅੰਦੋਲਨ ਵਿੱਚ ਕਿਸਾਨਾਂ ਨਾਲ ਸੰਘਰਸ਼ ਕੀਤਾ। ਕਾਨੂੰਨੀ ਸਹਾਇਤਾ ਅਤੇ ਏਕਤਾ ਵਧਾਉਣ ਵਾਲੇ ਵਕੀਲਾਂ, ਮੈਡੀਕਲ ਕੈਂਪ ਲਗਾਉਣ ਵਾਲੇ ਅਤੇ ਆਪਣੀਆਂ ਅਣਥੱਕ ਸੇਵਾਵਾਂ ਦੇਣ ਵਾਲੇ ਡਾਕਟਰਾਂ, ਵੱਖ-ਵੱਖ ਧਾਰਮਿਕ ਸੰਸਥਾਵਾਂ ਜਿਨਾਂ ਨੇ ਲੰਗਰ ਲਗਾਏ, ਵੱਖ-ਵੱਖ ਅਗਾਂਹਵਧੂ ਜਥੇਬੰਦੀਆਂ, ਕਲਾਕਾਰਾਂ, ਜਥੇਬੰਦਕ ਮੀਟਿੰਗਾਂ ਚਲਾਉਣ ਲਈ ਜਗਾ ਦੇਣ ਵਾਲੇ ਲੋਕਾਂ, ਪਰਵਾਸੀ ਭਾਰਤੀਆਂ ਅਤੇ ਅੰਤਰਰਾਸ਼ਟਰੀ ਕਿਸਾਨ ਸੰਗਠਨਾਂ ਦਾ ਵੀ ਧੰਨਵਾਦ ਕੀਤਾ ਗਿਆ।

ਬਾਕੀ ਸਫ਼ਾ 28 'ਤੇ

## ਕਿਸਾਨ ਅੰਦੋਲਨ ਦੀ ਫਤਿਹ

26 ਨਵੰਬਰ 2020 ਨੂੰ ਦਿੱਲੀ ਗਏ ਕਿਸਾਨ ਅੰਦੋਲਨਕਾਰੀਆਂ ਨੇ ਠੰਢ, ਬਰਸਾਤਾਂ ਅਤੇ ਗਰਮੀ ਸਹਿੰਦਿਆਂ ਅਤੇ ਤਮਾਮ ਤਰਾਂ ਦੀਆਂ ਫੁੱਟਪਾਊ ਕੋਸ਼ਿਸ਼ਾਂ ਦੇ ਬਾਵਜੂਦ ਸਬਰ, ਸੰਤੋਖ, ਦ੍ਰਿੜਤਾ ਅਤੇ ਭਾਈਚਾਰੇ ਦੇ ਜਜ਼ਬਿਆਂ 'ਤੇ ਪਹਿਰਾ ਦਿੰਦਿਆਂ ਨਵਾਂ ਇਤਿਹਾਸ ਸਿਰਜਿਆ। ਪ੍ਰਧਾਨ ਮੰਤਰੀ ਨੇ ਗੁਰੂ ਨਾਨਕ ਸਾਹਿਬ ਦੇ 552ਵੇਂ ਪ੍ਰਕਾਸ਼ ਦਿਹਾੜੇ ਉੱਤੇ ਤਿੰਨ ਖੇਤੀ ਕਾਨੂੰਨ ਵਾਪਸ ਲੈਣ ਦਾ ਐਲਾਨ ਕਰ ਦਿੱਤਾ ਸੀ। ਸੰਸਦ ਦੇ ਦੋਵਾਂ ਸਦਨਾਂ ਅਤੇ ਰਾਸ਼ਟਰਪਤੀ ਵੱਲੋਂ ਕਾਨੂੰਨ ਵਾਪਸੀ ਵਾਲੇ ਬਿਲ ਨੂੰ ਮਨਜ਼ੂਰੀ ਦੇਣ ਪਿੱਛੋਂ ਜਿੱਤ ਸਥਾਈ ਹੋ ਗਈ।

ਪ੍ਰਧਾਨ ਮੰਤਰੀ ਦੇ ਬਿਆਨ ਤੋਂ ਬਾਅਦ ਘੱਟੋ-ਘੱਟ ਸਮਰਥਨ ਮੁੱਲ 'ਤੇ ਫ਼ਸਲਾਂ ਦੀ ਖ਼ਰੀਦ ਬਾਰੇ ਕਾਨੂੰਨੀ ਗਾਰੰਟੀ ਸਬੰਧੀ ਕਮੇਟੀ ਦਾ ਗਠਨ, ਅੰਦੋਲਨ ਦੌਰਾਨ ਪਏ ਮੁਕੱਦਮੇ ਵਾਪਸ ਲੈਣ, 700 ਤੋਂ ਵੱਧ ਜਾਨਾਂ ਦੇ ਗਏ ਕਿਸਾਨ ਪਰਿਵਾਰਾਂ ਨੂੰ ਮੁਆਵਜ਼ਾ ਦੇਣ, ਪਰਾਲੀ ਦੇ ਜੁਰਮਾਨੇ ਤੇ ਬਿਜਲੀ ਕਾਨੂੰਨ ਦੇ ਦਾਇਰੇ ਵਿਚੋਂ ਕਿਸਾਨੀ ਨੂੰ ਕੱਢਣ ਸਮੇਤ ਮੰਗਾਂ ਬਾਰੇ ਸਹਿਮਤੀ ਹੁਣ ਹੋਈ ਹੈ। ਕਾਰਪੋਰੇਟ ਵਿਕਾਸ ਦੇ ਮਾਡਲ ਅਤੇ ਕੇਂਦਰ ਸਰਕਾਰ ਦੇ ਦੇਸ਼ ਦੇ ਫੈਡਰਲ ਢਾਂਚੇ ਨੂੰ ਕਮਜ਼ੋਰ ਕਰਕੇ ਖੇਤੀ ਬਾਰੇ ਕਾਨੂੰਨ ਬਣਾਉਣ ਨੂੰ ਚੁਣੌਤੀ ਕਿਸਾਨ ਅੰਦੋਲਨ ਦੀ ਵਿਚਾਰਧਾਰਕ ਸਮਝਦਾਰੀ ਦਾ ਪ੍ਰਗਟਾਵਾ ਹੈ। ਮੋਰਚੇ ਦੇ ਆਗੂਆਂ ਨੇ ਇਹ ਵੀ ਕਿਹਾ ਹੈ ਕਿ ਕਾਰਪੋਰੇਟ ਅਤੇ ਫ਼ਿਰਕੂ ਲੀਹਾਂ ਉੱਤੇ ਚੱਲਣ ਵਾਲੀ ਪਾਰਟੀ ਹੋਣ ਕਰਕੇ ਭਾਜਪਾ ਦਾ ਸੱਤਾ ਵਿਚ ਰਹਿਣਾ ਦੇਸ਼ ਦੇ ਹਿੱਤ ਵਿਚ ਨਹੀਂ ਹੈ। ਕਿਸਾਨ ਅੰਦੋਲਨ ਦੀ ਜਿੱਤ ਸਾਰੇ ਦੇਸ਼ ਵਾਸੀਆਂ ਅਤੇ ਖ਼ਾਸ ਕਰਕੇ ਪੰਜਾਬੀਆਂ ਦੀ ਵੱਡੀ ਜਿੱਤ ਹੈ। ਇਸ ਨਾਲ ਆਗੂਆਂ ਉੱਤੇ ਜ਼ਿੰਮੇਵਾਰੀ ਦਾ ਬੋਝ ਪਹਿਲਾਂ ਨਾਲੋਂ ਵੀ ਵਧ ਗਿਆ ਹੈ। ਪੰਜਾਬ ਨਾਲ ਸਬੰਧਤ 32 ਅਤੇ ਦੋ ਹੋਰ ਜਥੇਬੰਦੀਆਂ ਲਈ ਵਿਧਾਨ ਸਭਾ ਚੋਣਾਂ ਦੀ ਸਿਆਸਤ ਨੂੰ ਜਵਾਬ ਦੇਣ ਦੀ ਚੁਣੌਤੀ ਵੀ ਦਰਪੇਸ਼ ਹੈ। ਪੰਜਾਬ ਨੂੰ ਚੌਤਰਫ਼ਾ ਸੰਕਟ ਵਿਚੋਂ ਕੱਢਣ ਲਈ ਠੋਸ ਏਜੰਡੇ ਦੀ ਲੋੜ ਹੈ।

## ਅੰਦੋਲਨ ਵਾਲੀ ਥਾਂ ਤੋਂ ਮੁੜੀਆਂ ਗੁਰੂ ਦੀਆਂ ਲਾਡਲੀਆਂ ਫ਼ੌਜਾਂ



**ਸੋਨੀਪਤ/ਏ.ਟੀ.ਨਿਊਜ਼ :** ਖੇਤੀ ਸੁਧਾਰ ਕਾਨੂੰਨ ਵਿਰੋਧੀ ਪ੍ਰਦਰਸ਼ਨ 'ਚ ਸ਼ੁਰੂ ਤੋਂ ਹੀ ਡਟੇ ਰਹੇ ਨਿਹੰਗ ਸਿੰਘਾਂ ਨੇ ਹੁਣ ਘਰ ਵਾਪਸੀ ਸ਼ੁਰੂ ਕਰ ਦਿੱਤੀ ਹੈ। ਇਕ ਦਿਨ ਪਹਿਲਾਂ ਹੀ ਸੰਯੁਕਤ ਕਿਸਾਨ ਮੋਰਚੇ ਵੱਲੋਂ ਅੰਦੋਲਨ ਜਾਰੀ ਰੱਖਣ ਦੇ ਐਲਾਨ ਦੇ ਬਾਵਜੂਦ ਕੁੰਡਲੀ ਬੈਰੀਅਰ 'ਤੇ ਮਹੀਨਿਆਂ ਤੋਂ ਛਾਉਣੀਆਂ ਪਾਈ ਬੈਠੇ ਨਿਹੰਗ ਸਿੰਘਾਂ ਨੇ ਬੀਤੇ ਐਤਵਾਰ ਨੂੰ ਦੋ ਟਰੱਕਾਂ 'ਚ ਸਾਮਾਨ ਤੇ ਆਪਣੇ ਘੋੜਿਆਂ ਨੂੰ ਲੱਦ ਕੇ ਵਾਪਸੀ ਸ਼ੁਰੂ ਕਰ ਦਿੱਤੀ ਹੈ। ਉਨਾਂ ਦਾ ਕਹਿਣਾ ਹੈ ਕਿ ਤਿੰਨ ਖੇਤੀ ਕਾਨੂੰਨਾਂ ਨੂੰ ਵਾਪਸ ਲੈ ਕੇ ਸਰਕਾਰ ਨੇ ਉਨਾਂ ਦੀ ਮੰਗ ਮੰਨ ਲਈ ਹੈ। ਹੋਰਨਾਂ ਛੋਟੀਆਂ-ਮੋਟੀਆਂ ਮੰਗਾਂ 'ਤੇ ਸੰਯੁਕਤ ਕਿਸਾਨ ਮੋਰਚਾ ਫ਼ੈਸਲਾ ਲਵੇਗਾ।

ਐਤਵਾਰ ਨੂੰ ਕੁੰਡਲੀ ਦੇ ਟੀਡੀਆਈ ਮਾਲ ਕੋਲ ਧਰਨਾ ਦੇ ਰਹੇ ਗੁਰਦਾਸਪੁਰ ਦੇ ਪੰਥ ਅਕਾਲੀ ਗੁਰੂ ਨਾਨਕ ਨਾਂ ਦੀ ਨਿਹੰਗ ਜਥੇਬੰਦੀ ਨੇ ਵਾਪਸੀ ਦਾ ਐਲਾਨ ਕਰ ਦਿੱਤਾ। ਨਿਹੰਗ ਜਥੇਦਾਰਾਂ ਨੇ ਨਾ ਸਿਰਫ਼ ਆਪਣਾ ਸਾਮਾਨ ਟਰੱਕਾਂ ਵਿਚ ਲੱਦ ਲਿਆ ਬਲਕਿ ਘੋੜਿਆਂ ਨੂੰ ਵੀ ਟਰੱਕਾਂ ਵਿਚ ਚੜਾ ਕੇ ਵਾਪਸੀ ਸ਼ੁਰੂ ਕਰ ਦਿੱਤੀ। ਉਨਾਂ ਨੇ ਘਟਨਾ ਸਥਾਨ 'ਤੇ ਬਣਾਏ ਆਪਣੇ ਆਰਜ਼ੀ ਆਸ਼ਿਆਨੇ ਤੋਂ ਪੂਰਾ ਸਮਾਨ ਸਮੇਟ ਲਿਆ ਤੇ ਤੰਬੂ ਵੀ ਪੁੱਟ ਲਏ। ਨਿਹੰਗਾਂ ਨੇ ਇਕ ਟਰੱਕ 'ਚ ਸਾਮਾਨ ਲੋਡ ਕੀਤਾ

ਬਾਕੀ ਸਫ਼ਾ 28 'ਤੇ

TRANS-ALLIANCE
TOGETHER WE SAVE

FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

FUEL CARDS
NO CREDIT - NO PROBLEM
BEST CUSTOMER SERVICE




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

YOU BREAK DOWN
WE SHOW UP
24-HOUR ROADSIDE ASSISTANCE

TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035

# ਸਰਕਾਰ ਝੁਕੀ, ਕਿਸਾਨ ਜਿੱਤੇ, ਮੰਗਾਂ ਹੋਈਆਂ ਪ੍ਰਵਾਨ

## ✪ 11 ਤੋਂ ਕਿਸਾਨਾਂ ਦੀ ਘਰ ਵਾਪਸੀ ✪ 11 ਨੂੰ ਸਿੰਘੂ ਅਤੇ ਟਿਕਰੀ ਤੇ ਫਤਹਿ ਮਾਰਚ, 15 ਨੂੰ ਮੁੜ ਮੀਟਿੰਗ ✪ ਸਰਹੱਦਾਂ 'ਤੇ ਖੁਸ਼ੀ ਦਾ ਮਾਹੌਲ

**ਨਵੀਂ ਦਿੱਲੀ/ਮਨਪ੍ਰੀਤ ਸਿੰਘ ਖਾਲਸਾ:-** ਕਿਸਾਨਾਂ ਨੇ ਇੱਕ ਸਾਲ ਤੋਂ ਵੱਧ ਸਮੇਂ ਤੋਂ ਚੱਲ ਰਿਹਾ ਆਪਣਾ ਅੰਦੋਲਨ ਖਤਮ ਕਰਨ ਦਾ ਐਲਾਨ ਕਰ ਦਿੱਤਾ ਹੈ ਅਤੇ 11 ਦਸੰਬਰ ਤੋਂ ਕਿਸਾਨ ਆਪਣੀ ਵਾਪਸੀ ਸ਼ੁਰੂ ਕਰਨਗੇ। ਕੇਂਦਰ ਸਰਕਾਰ ਵੱਲੋਂ ਮੰਗਾਂ ਮੰਨੇ ਜਾਣ ਤੋਂ ਬਾਅਦ ਕਿਸਾਨ ਜਥੇਬੰਦੀਆਂ ਵੱਲੋਂ 9 ਦਸੰਬਰ ਨੂੰ ਸ਼ਾਮ 5:30 ਵਜੇ ਫਤਹਿ ਅਰਦਾਸ ਅਤੇ 11 ਦਸੰਬਰ ਨੂੰ ਸਿੰਘੂ ਤੇ ਟਿੱਕਰੀ ਧਰਨੇ ਵਾਲੀ ਥਾਂ 'ਤੇ ਫਤਹਿ ਮਾਰਚ ਕਢਿਆ ਜਾਵੇਗਾ। ਅੰਦੋਲਨ ਖਤਮ ਕਰਨ ਤੋਂ ਬਾਅਦ ਆਉਣ ਵਾਲੀ 15 ਦਸੰਬਰ ਨੂੰ ਕਿਸਾਨ ਆਗੂ ਅੰਮ੍ਰਿਤਸਰ ਦੇ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਲਈ ਜਾਣਗੇ। 15 ਜਨਵਰੀ ਨੂੰ ਦਿੱਲੀ ਵਿੱਚ ਸੰਯੁਕਤ ਕਿਸਾਨ ਮੋਰਚਾ ਦੀ ਮੁੜ ਮੀਟਿੰਗ ਹੋਵੇਗੀ। ਜ਼ਿਕਰਯੋਗ ਹੈ ਕਿ ਸਰਕਾਰ ਵੱਲੋਂ ਕਿਸਾਨ ਜਥੇਬੰਦੀਆਂ ਨੂੰ ਭੇਜੇ ਪੱਤਰ ਵਿਚ ਇਹ ਗੱਲਾਂ ਦੀ ਸਹਿਮਤੀ ਦਿੱਤੀ ਗਈ ਹੈ ਕਿ ਸਰਕਾਰ ਘੱਟੋ-ਘੱਟ ਸਮਰਥਨ ਮੁੱਲ ਦੀ ਗਰੰਟੀ 'ਤੇ ਇੱਕ ਕਮੇਟੀ ਬਣਾਏਗੀ ਜਿਸ ਵਿੱਚ ਐਸਕੇਐਮ ਦੇ ਕਿਸਾਨ ਆਗੂ ਸ਼ਾਮਲ ਹੋਣਗੇ। ਦੇਸ਼ ਭਰ ਦੇ ਕਿਸਾਨਾਂ ਵਿਰੁੱਧ ਕੇਸ ਵਾਪਸ ਕੀਤੇ ਜਾਣਗੇ।



**ਮ੍ਰਿਤਕ ਕਿਸਾਨਾਂ ਨੂੰ ਸਰਕਾਰ ਮੁਆਵਜ਼ਾ ਦੇਵੇਗੀ**

ਸਰਕਾਰ ਬਿਜਲੀ ਬਿੱਲ ਨੂੰ ਐਸਕੇਐਮ ਨਾਲ ਚਰਚਾ ਕਰਨ ਤੋਂ ਬਾਅਦ ਸੰਸਦ ਵਿਚ ਲਿਆਵੇਗੀ। ਪਰਾਲੀ ਸਾੜਨ ਵਾਲੇ ਕਿਸਾਨਾਂ ਖਿਲਾਫ ਕੋਈ ਕਾਰਵਾਈ ਨਹੀਂ ਕੀਤੀ ਜਾਵੇਗੀ। ਜ਼ਿਕਰਯੋਗ ਹੈ ਕਿ ਕੇਂਦਰ ਸਰਕਾਰ ਦੀ ਦੂਜੀ ਤਜਵੀਜ਼ 'ਤੇ ਕਿਸਾਨ ਜਥੇਬੰਦੀਆਂ ਵਿਚਾਲੇ ਸਮਝੌਤਾ ਹੋਣ ਤੋਂ ਬਾਅਦ ਕਿਸਾਨ ਅੰਦੋਲਨ ਦੇ ਖ਼ਤਮ ਹੋਣ ਦੀ ਉਮੀਦ ਕੀਤੀ ਗਈ ਸੀ। ਸਰਕਾਰ ਕਿਸਾਨ ਅੰਦੋਲਨ ਦੌਰਾਨ ਵੱਖ-ਵੱਖ ਰਾਜਾਂ ਵਿੱਚ ਦਰਜ ਐਫਆਈਆਰਜ਼ ਨੂੰ ਤੁਰੰਤ ਪ੍ਰਭਾਵ ਨਾਲ ਰੱਦ ਕਰਨ ਲਈ ਵੀ ਸਹਿਮਤ ਹੋ ਗਈ ਹੈ। ਸਰਕਾਰ ਅਤੇ ਕਿਸਾਨ ਜਥੇਬੰਦੀਆਂ ਵਿਚਾਲੇ ਇਸ ਗੱਲ 'ਤੇ ਵੀ ਸਹਿਮਤੀ ਬਣੀ ਹੈ ਕਿ ਘੱਟੋ-ਘੱਟ ਸਮਰਥਨ ਮੁੱਲ ਐੱਮ. ਐੱਸ. ਪੀ. 'ਤੇ ਬਣੀ ਕਮੇਟੀ ਵਿਚ ਸੰਯੁਕਤ ਕਿਸਾਨ ਮੋਰਚਾ ਦੇ ਨੁਮਾਇੰਦੇ ਬਣੇ ਰਹਿਣਗੇ। ਬਿਜਲੀ ਬਿੱਲ 'ਤੇ ਸੰਯੁਕਤ ਕਿਸਾਨ ਮੋਰਚਾ ਦੇ ਨੁਮਾਇੰਦਿਆਂ ਨਾਲ ਗੱਲ ਕਰਕੇ ਹੀ ਸਰਕਾਰ ਅੱਗੇ ਵਧੇਗੀ। ਇਸ ਦੇ ਨਾਲ ਹੀ ਹਰਿਆਣਾ ਅਤੇ ਯੂ.ਪੀ. ਸਰਕਾਰ ਵੀ ਮੁਆਵਜ਼ੇ ਦੇਣ ਵਾਸਤੇ ਤਿਆਰ ਹਨ।

ਬਾਕੀ ਸਫ਼ਾ 28 'ਤੇ

# ਮਾਨਵੀ ਹੱਕਾਂ ਨੂੰ ਲੈ ਕੇ ਅਮਰੀਕਾ ਵੱਲੋਂ ਬੀਜਿੰਗ ਉਲੰਪਿਕਸ ਵਿਚ ਸਰਕਾਰੀ ਤੌਰ 'ਤੇ ਵਫਦ ਨਾ ਭੇਜਣ ਦਾ ਫੈਸਲਾ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ:-** ਬਾਈਡਨ ਪ੍ਰਸ਼ਾਸਨ ਨੇ ਚੀਨ ਵਿਚ ਮਾਨਵੀ ਹੱਕਾਂ ਦੀ ਉਲੰਘਣਾ ਨੂੰ ਲੈ ਕੇ ਸਖਤ ਰੁਖ ਅਪਣਾਉਂਦਿਆਂ ਬੀਜਿੰਗ ਵਿਚ ਅਗਲੇ ਸਾਲ ਹੋ ਰਹੀਆਂ '2022 ਵਿੰਟਰ ਉਲੰਪਿਕਸ ਤੇ ਪੈਰਾਲਿੰਪਿਕਸ' ਖੇਡਾਂ ਵਿਚ ਸਰਕਾਰੀ ਤੌਰ 'ਤੇ ਵਫਦ ਨਾ ਭੇਜਣ ਦਾ ਐਲਾਨ ਕੀਤਾ ਹੈ। ਬਾਈਡਨ ਪ੍ਰਸ਼ਾਸਨ ਦਾ ਇਹ 'ਡਿਪਲੋਮੈਟਿਕ ਬਾਈਕਾਟ' ਕਰਨ ਦਾ ਫੈਸਲਾ ਦੋਨਾਂ ਦੇਸ਼ਾਂ ਵਿਚਾਲੇ ਵਧੇ ਤਣਾਅ ਦੇ ਦਰਮਿਆਨ ਆਇਆ ਹੈ। ਵਾਈਟ ਹਾਊਸ ਦੀ ਪ੍ਰੈਸ ਸਕੱਤਰ ਜੇਨ ਪਸਾਕੀ ਨੇ ਕਿਹਾ ਹੈ ਕਿ ਖਿਡਾਰੀਆਂ ਨੂੰ ਸਾਡਾ ਪੂਰਾ ਸਮਰਥਨ ਹੈ ਤੇ ਅਸੀਂ ਘਰ ਬੈਠ ਕੇ ਹੀ ਉਨਾਂ ਦੀ ਹੌਸਲਾ ਅਫਜਾਈ ਕਰਾਂਗੇ। ਉਨਾਂ ਕਿਹਾ ਕਿ ਇਹ ਫੈਸਲਾ ਸਿਨਜਿਆਂਗ ਵਿਚ ਨਸਲਕੁਸ਼ੀ ਤੇ ਮਨੁੱਖਤਾ ਵਿਰੁੱਧ ਅਪਰਾਧਾਂ ਦੇ ਵਿਰੋਧ ਵਿਚ ਲਿਆ ਗਿਆ ਹੈ। ਪਸਾਕੀ ਨੇ ਕਿਹਾ ਕਿ ਬਾਈਡਨ ਪ੍ਰਸ਼ਾਸਨ ਆਪਣੇ ਖਿਡਾਰੀਆਂ ਨੂੰ ਖੇਡਾਂ ਵਿਚ ਹਿੱਸਾ ਲੈਣ ਤੋਂ ਰੋਕਣਾ ਨਹੀਂ ਚਾਹੁੰਦਾ, ਪਰੰਤੂ ਇਸ ਦੇ ਨਾਲ ਹੀ ਅਸੀਂ ਚੀਨ ਦੀ ਕਾਰਵਾਈ ਨੂੰ ਮਾਨਤਾ ਨਹੀਂ ਦਿੰਦੇ। ਰਵਾਇਤੀ ਤੌਰ 'ਤੇ ਅਮਰੀਕਾ ਉਲੰਪਿਕਸ ਖੇਡਾਂ ਵਿਚ ਉੱਚ ਪੱਧਰੀ ਵਫਦ ਭੇਜਦਾ ਹੈ ਜਿਸ ਵਿਚ ਮੌਜੂਦਾ ਉਪ ਰਾਸ਼ਟਰਪਤੀ ਜਾਂ ਫਸਟ ਲੇਡੀ ਵੀ ਸ਼ਾਮਿਲ ਹੁੰਦੀ ਹੈ ਪ੍ਰੰਤੂ ਅਗਲੇ ਸਾਲ 4 ਫਰਵਰੀ ਤੋਂ ਬੀਜਿੰਗ ਵਿਚ ਸ਼ੁਰੂ ਹੋ ਰਹੀਆਂ ਉਲੰਪਿਕਸ ਤੇ ਪੈਰਾਉਲੰਪਿਕਸ ਖੇਡਾਂ ਵਿਚ ਇਹ ਵਫਦ ਨਜ਼ਰ ਨਹੀਂ ਆਵੇਗਾ। ਹਾਲ ਹੀ ਵਿਚ ਟੋਕੀਓ ਵਿਚ ਹੋਈਆਂ ਸਮਰ ਉਲੰਪਿਕਸ ਵਿਚ ਪ੍ਰਥਮ ਮਹਿਲਾ ਜਿਲ ਬਾਈਡਨ ਨੇ ਅਮਰੀਕੀ ਵਫਦ ਦੀ ਅਗਵਾਈ ਕੀਤੀ ਸੀ। ਇਥੇ ਜ਼ਿਕਰਯੋਗ ਹੈ ਕਿ ਮਾਨਵੀ ਹੱਕਾਂ ਬਾਰੇ ਗਰੁੱਪਾਂ ਨੇ ਬੀਜਿੰਗ ਵਿੰਟਰ ਉਲੰਪਿਕਸ ਦਾ ਮੁਕੰਮਲ ਬਾਈਕਾਟ ਕਰਨ ਉਪਰ ਜ਼ੋਰ ਦਿੱਤਾ ਸੀ ਪ੍ਰੰਤੂ ਯੂ ਐਸ ਉਲੰਪਿਕਸ ਤੇ ਪੈਰਾਉਲੰਪਿਕ ਕਮੇਟੀ ਨੇ ਇਸ ਵਿਚਾਰ ਨੂੰ ਰੱਦ ਕਰ ਦਿੱਤਾ ਸੀ।



**ਮੁਕਾਬਲੇ ਦੌਰਾਨ ਘੋੜ ਸਵਾਰ ਮੈਡੀਨਾ ਸਪਿਰਟ ਦੀ ਮੌਤ**

ਦੱਖਣੀ ਕੈਲੀਫੋਰਨੀਆ ਵਿਚ ਸਾਂਟਾ ਐਨਿਟਾ ਰੇਸਟਰੈਕ ਵਿਚ ਮੁਕਾਬਲੇ ਦੌਰਾਨ ਕੈਨਟਕੀ ਡਰਬੀ ਦੌੜ ਦੀ ਜੇਤੂ ਘੋੜ ਸਵਾਰ ਮੈਡੀਨਾ ਸਪਿਰਟ ਦੀ ਮੌਤ ਹੋ ਗਈ। ਕੈਲੀਫੋਰਨੀਆ ਹੌਰਸ ਰੇਸਿੰਗ ਬੋਰਡ ਅਨੁਸਾਰ ਮੈਡੀਨਾ ਸਪਿਰਟ ਆਖਰੀ ਰੇਖਾ ਨੇੜੇ ਢਹਿ ਢੇਰੀ ਹੋ ਗਈ ਤੇ ਉਸ ਦੀ ਤੁਰੰਤ ਮੌਤ ਹੋ ਗਈ। ਬੋਰਡ ਅਨੁਸਾਰ ਸੰਭਾਵੀ ਤੌਰ 'ਤੇ ਮੈਡੀਨਾ ਦੀ ਮੌਤ ਦਿਲ ਦੇ ਦੌਰੇ ਕਾਰਨ ਹੋਈ ਹੋ ਸਕਦੀ ਹੈ ਪ੍ਰੰਤੂ ਮੌਤ ਦੇ ਅਸਲ ਕਾਰਨ ਦੀ ਪਤਾ ਪੋਸਟ ਮਾਰਟਮ ਹੋਣ ਉਪਰੰਤ ਹੀ ਪਤਾ ਲੱਗੇਗਾ।

# ਹਰ ਮਹੀਨੇ ਕੈਨੇਡਾ ਦਾ ਇਮੀਗ੍ਰੇਸ਼ਨ ਵਿਭਾਗ ਪੀ.ਆਰ. ਦੀਆਂ 14000 ਅਰਜ਼ੀਆਂ ਦਾ ਨਿਪਟਾਰਾ ਕਰਨ ਲਗਾ

**ਟੋਰਾਂਟ/ਏ.ਟੀ.ਨਿਊਜ਼:-** ਕੈਨੇਡਾ ਦੇ ਇਮੀਗ੍ਰੇਸ਼ਨ ਵਿਭਾਗ ਵਲੋਂ ਬੀਤੇ ਮਹੀਨਿਆਂ ਦੌਰਾਨ 'ਪਰਮਾਨੈਂਟ ਰੈਜ਼ੀਡੈਂਸ' (ਪੀ.ਆਰ) ਦੀਆਂ ਪ੍ਰਾਪਤ ਕੀਤੀਆਂ (ਲਗਭਗ 1 ਲੱਖ) ਅਰਜ਼ੀਆਂ ਦਾ ਨਿਪਟਾਰਾ ਤੇਜ਼ ਕਰ ਦਿੱਤਾ ਗਿਆ ਹੈ। ਇਮੀਗ੍ਰੇਸ਼ਨ ਮੰਤਰੀ ਸੀਨ ਫਰੇਜ਼ਰ ਨੇ ਆਖਿਆ ਹੈ ਕਿ ਅਰਜ਼ੀਆਂ ਦਾ ਨਿਪਟਾਰਾ ਤੇਜ਼ ਕਰਨ ਲਈ ਹੀ ਐਕਸਪ੍ਰੈਸ ਐਂਟਰੀ ਵਿਚੋਂ ਨਵੇਂ ਡਰਾਅ ਕੱਢਣੇ ਬੰਦ ਕੀਤੇ ਗਏ ਹਨ ਕਿਉਂਕਿ 2021 ਦੌਰਾਨ 401000 ਵਿਦੇਸ਼ੀ ਪੱਕੇ ਕਰਨ ਦਾ ਟੀਚਾ ਲਗਭਗ ਪੂਰਾ ਹੋ ਚੁੱਕਾ ਹੈ। ਇਸ ਮਹੀਨੇ ਦੌਰਾਨ ਵੀ ਦੇਸ਼ ਅਤੇ ਵਿਦੇਸ਼ਾਂ ਤੋਂ 40000 ਦੇ ਕਰੀਬ ਵਿਦੇਸ਼ੀਆਂ ਨੂੰ ਪੱਕੀ ਪੀ.ਆਰ ਮਿਲਣ ਦੀ ਸੰਭਾਵਨਾ ਹੈ। ਹੁਣ ਕੈਨੇਡੀਅਨ ਐਕਸਪੀਰੀਐਂਸ ਕਲਾਸ (ਸੀ.ਈ.ਸੀ) ਸਕਿਲਡ ਵਰਕਰਜ਼ ਕੈਟਗਰੀ ਵਿਚੋਂ 2022 ਦਗਰ ਡਰਾਅ ਕੱਢੇ ਜਾਣਗੇ। ਪਤਾ ਲੱਗਾ ਹੈ ਕਿ ਇਮੀਗ੍ਰੇਸ਼ਨ ਅਧਿਕਾਰੀਆਂ ਵਲੋਂ ਬੀਤੇ ਮਹੀਨਿਆਂ ਤੋਂ ਹਰੇਕ ਮਹੀਨੇ ਸੀ.ਈ.ਸੀ. ਵਿਚੋਂ ਲਗਭਗ 14000 ਅਤੇ ਸਕਿਲਡ ਵਰਕਰਜ਼ ਦੀਆਂ 600 ਦੇ ਕਰੀਬ ਅਰਜ਼ੀਆਂ ਦਾ ਫੈਸਲਾ ਕੀਤਾ ਜਾ ਰਿਹਾ ਹੈ ਅਤੇ ਦਸੰਬਰ ਦੌਰਾਨ ਇਸੇ ਰਫਤਾਰ ਨਾਲ ਅਰਜ਼ੀਆਂ ਨਿਪਟਾਏ ਜਾਣ ਦਾ ਸਿਲਸਿਲਾ ਜਾਰੀ ਹੈ। ਇਹ ਵੀ ਕਿ ਇਸ ਸਮੇਂ ਖੇਤੀਬਾੜੀ, ਸਿਹਤ ਸਹੂਲਤਾਂ ਦੇ ਕਿੱਤਿਆਂ ਵਿਚ ਕੰਮ ਕਰਨ ਵਾਲੇ ਕਾਮਿਆਂ ਦੇ ਵਰਕ ਪਰਮਿਟ ਅਤੇ ਕੈਨੇਡਾ ਦੇ ਅਦਾਰਿਆਂ ਵਿਚ ਪੜਾਈ ਕਰਨ ਦੇ ਚਾਹਵਾਨ ਵਿਦਿਆਰਥੀਆਂ ਦੀਆਂ ਸਟੱਡੀ ਪਰਮਿਟ ਲਈ ਅਰਜ਼ੀਆਂ ਦਾ ਨਿਪਟਾਰਾ ਪਹਿਲ ਦੇ ਆਧਾਰ 'ਤੇ ਕੀਤਾ ਜਾਂਦਾ ਹੈ, ਜਦਕਿ ਸੁਪਰ ਵੀਜ਼ਾ ਅਤੇ ਮੇਲ-ਮਿਲਾਪ ਜਾਂ ਸੈਰ ਦੇ ਵੀਜ਼ਾ ਦੀਆਂ ਅਰਜ਼ੀਆਂ ਨੂੰ ਤਰਜ਼ੀਹ ਨਹੀਂ ਦਿੱਤੀ ਜਾ ਰਹੀ।

# ਟਾਈਗਰਸ ਫੋਰਸ ਆਫ਼ ਖ਼ਾਲਿਸਤਾਨ ਨੇ ਨਾਮਧਾਰੀ ਗੁਰੂ ਉਦੇ ਸਿੰਘ ਨੂੰ ਦਿੱਤੀ ਧਮਕੀ

**ਜਲੰਧਰ/ਏ.ਟੀ.ਨਿਊਜ਼ :** ਭਿੰਡਰਾਂਵਾਲਾ ਟਾਈਗਰਸ ਫੋਰਸ ਆਫ਼ ਖ਼ਾਲਿਸਤਾਨ ਨੇ ਨਾਮਧਾਰੀ ਗੁਰੂ ਉਦੇ ਸਿੰਘ ਅਤੇ ਹੋਰਨਾਂ ਨੂੰ ਧਮਕੀ ਭਰਿਆ ਪੱਤਰ ਜਾਰੀ ਕੀਤਾ ਹੈ। ਪੱਤਰ 'ਤੇ 30 ਨਵੰਬਰ 2021 ਦੀ ਤਾਰੀਖ਼ ਲਿਖੀ ਹੋਈ ਹੈ ਅਤੇ ਇਹ ਪੱਤਰ ਪੰਜਾਬੀ ਭਾਸ਼ਾ ਵਿਚ ਲਿਖਿਆ ਗਿਆ ਹੈ। ਸੰਗਠਨ ਦੇ ਦਿਲਬਾਗ ਸਿੰਘ ਵੱਲੋਂ ਜਾਰੀ ਕੀਤੇ ਗਏ ਧਮਕੀ ਭਰੇ ਪੱਤਰ ਵਿਚ ਨਾਮਧਾਰੀ ਗੁਰੂ ਉਦੇ ਸਿੰਘ ਨੂੰ ਚਿਤਾਵਨੀ ਦਿੱਤੀ ਗਈ ਹੈ ਕਿ ਉਹ ਗੁਰੂਡਮ ਨੂੰ ਬੰਦ ਕਰਕੇ ਸਿੱਖਾਂ ਦੀ ਮੁੱਖ ਧਾਰਾ ਵਿਚ ਸ਼ਾਮਲ ਹੋਣ। ਪੱਤਰ ਵਿਚ ਉਨੑਾਂ ਨੂੰ ਸੰਤ ਭਿੰਡਰਾਂਵਾਲੇ ਦੀ ਖ਼ਾਲਸਾਈ ਸੋਚ ਨੂੰ ਅਪਨਾਉਣ 'ਤੇ ਜ਼ੋਰ ਦਿੰਦੇ ਹੋਏ ਕਿਹਾ ਗਿਆ ਕਿ ਇਸ ਵਿਚ ਸਾਰਿਆਂ ਦੀ ਭਲਾਈ ਹੋ ਸਕਦੀ ਹੈ। ਪੱਤਰ ਵਿਚ ਕਿਹਾ ਗਿਆ ਹੈ ਕਿ ਸੁਰੱਖਿਆ ਦੇ ਨਾਲ ਉਨੑਾਂ ਦਾ ਬਚਾਅ ਨਹੀਂ ਹੋ ਸਕਦਾ ਹੈ। ਪੱਤਰ ਵਿਚ ਖ਼ਾਲਿਸਤਾਨੀ ਸੰਗਠਨ ਨੇ ਉਦੇ ਸਿੰਘ ਤੋਂ ਇਲਾਵਾ ਜਗਤਾਰ ਸਿੰਘ, ਹਰਵਿੰਦਰ ਸਿੰਘ, ਬਲਵਿੰਦਰ ਸਿੰਘ, ਸੁਰਿੰਦਰ ਸਿੰਘ, ਐਡਵੋਕੇਟ ਰੰਧਾਵਾ ਅਤੇ ਅੰਬਾ ਨੇ ਆਖ਼ਰੀ ਵਾਰ ਚਿਤਾਵਨੀ ਦਿੰਦੇ ਹੋਏ ਕਿਹਾ ਗਿਆ ਹੈ ਕਿ ਸਿੱਖਾਂ ਦੇ ਸਿਰਫ਼ 10 ਗੁਰੂ ਹੀ ਹਨ।

# ਅਜੇ ਬੰਗਾ 'ਜਨਰਲ ਐਟਲਾਂਟਿਕ' ਦੇ ਉੱਪ ਚੇਅਰਮੈਨ ਨਿਯੁਕਤ



**ਸੈਕਰਾਮੈਂਟੋ/ਹੁਸਨ ਲੜੋਆ ਬੰਗਾ:-** ਪ੍ਰਮੁੱਖ ਕੌਮਾਂਤਰੀ ਇਕੁਇਟੀ ਫਰਮ 'ਜਨਰਲ ਐਟਲਾਂਟਿਕ' ਨੇ ਮਾਸਟਰ ਕਾਰਡ ਦੇ ਸਾਬਕਾ ਸੀ ਈ ਓ ਅਜੇ ਬੰਗਾ ਨੂੰ ਆਪਣਾ ਉੱਪ ਚੇਅਰਮੈਨ ਨਿਯੁਕਤ ਕਰਨ ਦਾ ਐਲਾਨ ਕੀਤਾ ਹੈ। ਫਰਮ ਨੇ ਜਾਰੀ ਪ੍ਰੈਸ ਬਿਆਨ ਵਿਚ ਕਿਹਾ ਹੈ ਕਿ ਸ੍ਰੀ ਬੰਗਾ ਉਪ ਚੇਅਰਮੈਨ ਵਜੋਂ ਆਪਣੀਆਂ ਸੇਵਾਵਾਂ ਦੇਣ ਲਈ ਸਾਡੇ ਵਿਚ ਸ਼ਾਮਿਲ ਹੋ ਗਏ ਹਨ। ਫਰਮ ਅਨੁਸਾਰ ਸ੍ਰੀ ਬੰਗਾ ਵਿਸ਼ਵ ਭਰ ਵਿਚ ਉਸ ਦੀਆਂ 165 ਕੰਪਨੀਆਂ ਲਈ ਨੀਤੀਗਤ ਮਾਮਲਿਆਂ ਤੇ ਨਿਵੇਸ਼ ਟੀਮਾਂ ਨੂੰ ਆਪਣੀਆਂ ਸੇਵਾਵਾਂ ਦੇਣਗੇ। ਪ੍ਰੈਸ ਬਿਆਨ ਵਿਚ ਕਿਹਾ ਗਿਆ ਹੈ ਕਿ ਸ੍ਰੀ ਬੰਗਾ ਤਕਨੀਕ, ਡੈਟਾ ਤੇ ਵਿੱਤੀ ਸੇਵਾਵਾਂ ਵਿਚ ਵਿਸ਼ਵ ਵਿਆਪੀ ਜਾਣੇ ਪਛਾਣੇ ਮਾਹਿਰ ਹਨ, ਉਨਾਂ ਦਾ ਸਰਕਾਰੀ ਕੰਪਨੀਆਂ ਤੇ ਹਰ ਕਿਸਮ ਦੀ ਸੰਸਥਾਵਾਂ ਵਿਚ ਇਕ ਸਲਾਹਕਾਰ ਵਜੋਂ ਸੇਵਾਵਾਂ ਦੇਣ ਦਾ ਲੰਬਾ ਰਿਕਾਰਡ ਹੈ ਜਿਸ ਦਾ ਫਰਮ ਨੂੰ ਲਾਭ ਪੁੱਜੇਗਾ। ਇੱਥੇ ਜ਼ਿਕਰਯੋਗ ਹੈ ਕਿ ਸ੍ਰੀ ਬੰਗਾ ਮਾਸਟਰ ਕਾਰਡ ਦੇ ਇਕ ਦਹਾਕੇ ਤੋਂ ਵੱਧ ਸਮਾਂ ਪ੍ਰਧਾਨ ਤੇ ਸੀ ਈ ਓ ਰਹੇ ਹਨ। ਉਨਾਂ ਨੇ ਮਾਸਟਰ ਕਾਰਡ ਵਿਚ ਆਪਣੇ 12 ਸਾਲਾਂ ਦੇ ਕਾਰਜਕਾਲ ਦੌਰਾਨ ਇਸ ਦੇ ਚੇਅਰਮੈਨ ਵਜੋਂ ਵੀ ਸੇਵਾਵਾਂ ਨਿਭਾਈਆਂ ਹਨ।

# ਕੈਲਗਰੀ ਪੁਲਿਸ ਵਲੋਂ ਨਸ਼ੇ, ਹਥਿਆਰ ਤੇ ਹਿੰਸਾ ਦੇ ਮਾਮਲੇ ਵਿਚ 6 ਪੰਜਾਬੀ ਗਭਰੂਆਂ ਸਮੇਤ 9 ਗ੍ਰਿਫ਼ਤਾਰ

**ਕੈਲਗਰੀ :ਏ.ਟੀ.ਨਿਊਜ਼ :-** ਕੈਲਗਰੀ ਪੁਲਿਸ ਵਲੋਂ ਪਿਛਲੇ 18 ਮਹੀਨਿਆਂ ਤੋਂ ਕੀਤੀ ਜਾ ਰਹੀ ਜਾਂਚ ਤੋਂ ਬਾਅਦ 6 ਪੰਜਾਬੀ ਨੌਜਵਾਨਾਂ ਸਮੇਤ 9 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਜਿਨਾਂ ਕੋਲੋਂ ਨਕਦੀ, ਹਥਿਆਰ ਅਤੇ ਨਸ਼ੀਲੇ ਪਦਾਰਥ ਬਰਾਮਦ ਹੋਏ ਹਨ। ਗ੍ਰਿਫ਼ਤਾਰ ਕੀਤੇ ਗਏ ਦੋਸ਼ੀਆਂ 'ਤੇ ਕੁੱਲ 73 ਦੋਸ਼ ਅਤੇ 20 ਦੋਸ਼ ਹਿੰਸਾ ਦੇ ਲਗਾਏ ਗਏ ਹਨ। ਪੁਲਿਸ ਨੇ ਆਪਣੀ ਸਾਰੀ ਕੀਤੀ ਪੜਤਾਲ ਤੋਂ ਬਾਅਦ ਅਮਨਦੀਪ ਸੱਗੂ (31), ਰਵਨੀਤ ਗਿੱਲ (25), ਪ੍ਰਭਜੋਤ ਭੱਟੀ (22), ਜਰਮਨਜੀਤ ਦੇਤਵਾਸ (23), ਜਸਕਰਨ ਸਿੱਧੂ (22), ਜਸਮਨ ਧਾਲੀਵਾਲ (6 ਪੰਜਾਬੀ) ਸਮੇਤ ਸਟੀਵਨ ਵਹਾਈਟ (27), ਸਫਵਾਨ ਰਿਆਜ਼ (22) ਅਤੇ ਇਰਖਮ ਫਾਰੂਕ (23) ਸਾਲ ਨੂੰ ਗ੍ਰਿਫ਼ਤਾਰ ਕੀਤਾ ਹੈ। ਇਸ ਸਾਰੀ ਪੜਤਾਲ 'ਚ ਸਸਕੈਟੂਨ ਪੁਲਿਸ ਅਤੇ ਸਸਕੈਚਵਨ ਆਰ. ਸੀ. ਐਮ. ਪੀ. ਪੁਲਿਸ ਵੀ ਸ਼ਾਮਿਲ ਹੈ। ਦੋਸ਼ੀਆਂ ਕੋਲੋਂ 3 ਲੱਖ ਡਾਲਰ ਤੋਂ ਵੱਧ ਨਗਦੀ, 55 ਹਜ਼ਾਰ ਤੋਂ ਵੱਧ ਦੀਆਂ ਨਸ਼ੀਲੀਆਂ ਦਵਾਈਆਂ, ਜਿਸ ਵਿਚ ਕੋਕੀਨ, ਮੈਥਾਮਫੇਟਾਮਾਈਨ, ਫੈਂਟਾਨਾਈਲ ਗੋਲੀਆਂ ਅਤੇ ਪੇਚ, ਕਰੈਕ ਕੋਕੀਨ, ਮਾਰਿਜੁਆਨਾ, ਫੇਨਾਸੇਟਿਨ, ਬੈਂਜ਼ੋਡਾਇਆਜ਼ੇਪੀਨ ਅਤੇ ਹੋਰ ਗੋਲੀਆਂ ਸ਼ਾਮਿਲ ਹਨ। ਪੁਲਿਸ ਦਾ ਕਹਿਣਾ ਹੈ ਕਿ ਇਹ ਕੈਲਗਰੀ ਵਾਸੀਆਂ ਦੀ ਸੁਰੱਖਿਆ ਲਈ ਇਕ ਵੱਡਾ ਕਦਮ ਹੈ। ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਨੂੰ 17 ਦਸੰਬਰ 2021, 7 ਜਨਵਰੀ 2022, 17 ਜਨਵਰੀ 2022, 28 ਫਰਵਰੀ 2022, 3 ਅਕਤੂਬਰ 2022 ਅਦਾਲਤ ਵਿਚ ਪੇਸ਼ ਕੀਤਾ ਜਾਣਾ ਹੈ। ਇਹ ਗੈਂਗ ਪਿਛਲੇ ਸਮੇਂ ਤੋਂ ਅਲਬਰਟਾ, ਸਸਕੈਚਵਨ ਅਤੇ ਬੀ.ਸੀ. ਵਿਚ ਨਸ਼ਿਆਂ ਦਾ ਧੰਦਾ ਚਲਾ ਰਿਹਾ ਸੀ।

# ਸੰਘੀ ਅਪੀਲ ਕੋਰਟ ਵਲੋਂ ਟਰੰਪ ਨੂੰ ਝਟਕਾ, ਸਦਨ ਦੀ ਜਾਂਚ ਕਮੇਟੀ ਨੂੰ ਰਿਕਾਰਡ ਦੇਣ ਵਿਰੁੱਧ ਦਾਇਰ ਅਪੀਲ ਰੱਦ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ:-** ਇਕ ਸੰਘੀ ਅਦਾਲਤ ਨੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ 6 ਜਨਵਰੀ 2020 ਦੀ ਘਟਨਾ ਦੀ ਜਾਂਚ ਕਰ ਰਹੀ ਸਦਨ ਦੀ ਕਮੇਟੀ ਨੂੰ ਵਾਇਟ ਹਾਊਸ ਦਾ ਰਿਕਾਰਡ ਦੇਣ ਵਿਰੁੱਧ ਦਾਇਰ ਅਪੀਲ ਰੱਦ ਕਰ ਦਿੱਤੀ ਹੈ, ਹਾਲਾਂਕਿ ਅਦਾਲਤ ਨੇ ਸੁਪਰੀਮ ਕੋਰਟ ਜਾਣ ਲਈ ਸਾਬਕਾ ਰਾਸ਼ਟਰਪਤੀ ਨੂੰ ਦੋ ਹਫਤਿਆਂ ਦਾ ਸਮਾਂ ਦਿੱਤਾ ਹੈ। ਜਾਂਚ ਕਮੇਟੀ ਨੇ 6 ਜਨਵਰੀ ਨੂੰ ਵਾਇਟ ਹਾਊਸ ਉਪਰ ਹਮਲੇ ਸਮੇਂ ਦੀਆਂ ਈ ਮੇਲਾਂ ਤੇ ਹੋਰ ਰਿਕਾਰਡ ਆਪਣੇ ਕਬਜ਼ੇ ਵਿਚ ਕਰ ਲਿਆ ਹੈ। ਜੱਜ ਪੈਟਰੀਸੀਆ ਮਿਲੈਟ ਜਿਸ ਦੀ ਨਿਯੁਕਤੀ ਸਾਬਕਾ ਰਾਸ਼ਟਰਪਤੀ ਬਰਾਕ ਉਬਾਮਾ ਨੇ ਕੀਤੀ ਸੀ, ਨੇ ਆਪਣੇ ਫੈਸਲੇ ਵਿਚ ਲਿਖਿਆ ਹੈ ਕਿ 6 ਜਨਵਰੀ ਦੀਆਂ ਘਟਨਾਵਾਂ ਨੇ ਲੋਕਤੰਤਰਿਕ ਸੰਸਥਾਵਾਂ ਤੇ ਰਵਾਇਤਾਂ ਦੀ ਨਾਜ਼ੁਕਤਾ ਨੂੰ ਉਜਾਗਰ ਕੀਤਾ ਹੈ ਜਿਨਾਂ ਨੂੰ ਅਸੀਂ ਇਕ ਗਰੰਟੀ ਵਜੋਂ ਲੈਂਦੇ ਹਾਂ। ਇਥੇ ਜ਼ਿਕਰਯੋਗ ਹੈ ਕਿ ਰਾਸ਼ਟਰਪਤੀ ਜੋਅ ਬਾਈਡਨ ਤੇ ਕਾਂਗਰਸ ਨੇ 6 ਜਨਵਰੀ ਦੀਆਂ ਘਟਨਾਵਾਂ ਦੀ ਜਾਂਚ ਲਈ ਤਤਕਾਲ ਰਾਸ਼ਟਰਪਤੀ ਵੱਲੋਂ ਭੇਜੀਆਂ ਈ ਮੇਲਾਂ ਤੇ ਹੋਰ ਸੰਦੇਸ਼ਾਂ ਦੀ ਪੜਤਾਲ ਲਈ ਹਰੀ ਝੰਡੀ ਦਿੰਦਿਆਂ ਕਿਹਾ ਸੀ ਕਿ ਇਕ ਅਹਿਮ ਮਾਮਲੇ ਵਿੱਚ ਸਿੱਟੇ 'ਤੇ ਪੁੱਜਣ ਲਈ ਅਜਿਹਾ ਕਰਨਾ ਜਰੂਰੀ ਹੈ। ਜੱਜ ਨੇ ਕਿਹਾ ਹੈ ਕਿ ਸਾਬਕਾ ਰਾਸ਼ਟਰਪਤੀ ਨੇ ਵਾਈਟ ਹਾਊਸ ਦਾ ਰਿਕਾਰਡ ਜਾਂਚ ਕਮੇਟੀ ਨੂੰ ਦੇਣ ਵਿਰੁੱਧ ਕੋਈ ਕਾਨੂੰਨੀ ਕਾਰਨ ਨਹੀਂ ਦੱਸਿਆ। ਇਸੇ ਦੌਰਾਨ ਸੂਤਰਾਂ ਨੇ ਦੱਸਿਆ ਕਿ ਵਾਈਟ ਹਾਊਸ ਸਟਾਫ ਦੇ ਸਾਬਕਾ ਮੁਖੀ ਮਾਰਕ ਮੀਡੋਅਜ਼ ਵੱਲੋਂ ਸਦਨ ਦੀ ਕਮੇਟੀ ਨੂੰ ਸੌਂਪੇ ਟੈਕਸਟ ਸੰਦੇਸ਼ ਤੇ ਈ ਮੇਲਾਂ ਤੋਂ ਪਤਾ ਲੱਗਾ ਹੈ ਕਿ 6 ਜਨਵਰੀ ਦੀ ਘਟਨਾ ਸਮੇਂ ਸਾਬਕਾ ਰਾਸ਼ਟਰਪਤੀ ਬਹੁਤ ਸਾਰੇ ਲੋਕਾਂ ਨਾਲ ਵਿਅਕਤੀਗਤ ਤੌਰ 'ਤੇ ਸੰਪਰਕ ਵਿਚ ਸੀ।

# ਅਮਰੀਕਾ ਦੇ 3 ਹੋਰ ਰਾਜਾਂ ਵਿਚ ਓਮੀਕਰੋਨ ਵਾਇਰਸ ਦੇ ਮਾਮਲਿਆਂ ਦੀ ਹੋਈ ਪੁਸ਼ਟੀ

## ਪਹਿਲਾਂ ਵਾਂਗ 'ਨਿੱਜੀ ਬਚਾਅ' ਦੀ ਨੀਤੀ ਅਪਣਾਉਣ 'ਤੇ ਜੋਰ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ:-** ਅਮਰੀਕਾ ਦੇ 3 ਹੋਰ ਰਾਜਾਂ ਨਿਊਜਰਸੀ, ਪੈਨਸਿਲਵੇਨੀਆ ਤੇ ਮਿਸੌਰੀ ਵਿਚ ਕੋਰੋਨਾ ਦੇ ਨਵੇਂ ਰੂਪ ਓਮੀਕਰੋਨ ਦੇ ਮਾਮਲਿਆਂ ਦੀ ਪੁਸ਼ਟੀ ਹੋਈ ਹੈ। ਹੁਣ ਤੱਕ ਅਮਰੀਕਾ ਦੇ ਘੱਟੋ ਘੱਟ 12 ਰਾਜਾਂ ਵਿਚ ਓਮੀਕਰੋਨ ਵਾਇਰਸ ਦਸਤਕ ਦੇ ਚੁੱਕਾ ਹੈ। ਇਨਾਂ ਵਿਚ ਕੈਲੀਫੋਰਨੀਆ, ਕੋਲੋਰਾਡੋ, ਹਵਾਈ, ਲੁਸਿਆਨਾ, ਮੈਰੀਲੈਂਡ, ਮਿਨੀਸੋਟਾ, ਮਿਸੌਰੀ, ਨੇਬਰਾਸਕਾ, ਨਿਊਜਰਸੀ, ਨਿਊਯਾਰਕ, ਪੈਨਸਿਲਵੇਨੀਆ ਤੇ ਉਟਾਹ ਸ਼ਾਮਿਲ ਹਨ।

ਨਿੱਜੀ ਬਚਾਅ ਦੀ ਨੀਤੀ-ਇਸ ਦੇ ਨਾਲ ਹੀ ਸਿਹਤ ਵਿਭਾਗ ਦੇ ਮਾਹਿਰਾਂ ਤੇ ਰਾਜਸੀ ਆਗੂਆਂ ਵੱਲੋਂ ਵਾਇਰਸ ਦੇ ਨਵੇਂ ਰੂਪ ਓਮੀਕਰੋਨ ਬਾਰੇ ਭੇਜੇ ਜਾ ਰਹੇ ਸੰਦੇਸ਼ਾਂ ਵਿਚ ਲੋਕਾਂ ਨੂੰ ਕਿਹਾ ਜਾ ਰਿਹਾ ਹੈ ਕਿ ਘਬਰਾਉਣ ਦੀ ਲੋੜ ਨਹੀਂ ਹੈ ਕਿਉਂਕਿ ਅਸੀਂ ਕੋਵਿਡ ਤੋਂ ਬਚਣ ਲਈ ਢੰਗ-ਤਰੀਕੇ ਬਾਰੇ ਭਲੀਭਾਂਤ ਜਾਣਦੇ ਹਾਂ ਤੇ ਓਮੀਕਰੋਨ ਦੇ ਮਾਮਲੇ ਵਿਚ ਪਹਿਲਾਂ ਵਾਂਗ ਹੀ ਨਿੱਜੀ ਬਚਾਅ ਦਾ ਢੰਗ-ਤਰੀਕਾ ਅਪਣਾਉਣਾ ਪਵੇਗਾ।

ਨਿਊਜਰਸੀ ਦੇ ਗਵਰਨਰ ਫਿਲ ਮਰਫੀ ਨੇ ਰਾਜ ਵਿਚ ਓਮੀਕਰੋਨ ਆਉਣ ਦੀ ਪੁਸ਼ਟੀ ਕਰਦਿਆਂ ਲੋਕਾਂ ਨੂੰ ਮਾਸਕ ਪਾਉਣ, ਵੈਕਸੀਨ ਲਵਾਉਣ ਤੇ ਬੂਸਟਰ ਖੁਰਾਕ ਲੈਣ ਲਈ ਕਿਹਾ ਹੈ ਤਾਂ ਜੋ ਵਾਇਰਸ ਨੂੰ ਅੱਗੇ ਫੈਲਣ ਤੋਂ ਰੋਕਿਆ ਜਾ ਸਕੇ। ਓਮੀਕਰੋਨ ਦੇ ਇਕ ਮਾਮਲੇ ਦਾ ਜਿਕਰ ਕਰਦਿਆਂ ਸਿਹਤ ਵਿਭਾਗ ਤੇ ਸੀਨੀਅਰ ਨਾਗਰਿਕਾਂ ਦੀਆਂ ਸੇਵਾਵਾਂ ਬਾਰੇ ਮਿਸੌਰੀ




ਦੇ ਮੁੱਖੀ ਨੇ ਕਿਹਾ ਹੈ 'ਨਿੱਜੀ ਬਚਾਅ' ਦੀ ਨੀਤੀ ਪਹਿਲਾਂ ਵਾਂਗ ਹੀ ਕੋਵਿਡ ਨਾਲ ਲੜਨ ਲਈ ਕਾਰਗਰ ਹੈ।' ਪੈਨਸਿਲਵਾਨੀਆ ਦੇ ਸਿਹਤ ਵਿਭਾਗ ਦੇ ਇਕ ਬੁਲਾਰੇ ਨੇ ਕਿਹਾ ਹੈ ਕਿ ਰਾਜ ਵਿਚ ਕੋਰੋਨਾ ਦਾ ਨਵਾਂ ਰੂਪ ਆ ਗਿਆ ਹੈ ਪਰੰਤੂ ਪ੍ਰੇਸ਼ਾਨ ਹੋਣ ਦੀ ਲੋੜ ਨਹੀਂ ਹੈ ਕਿਉਂਕਿ ਸਾਨੂੰ ਵਾਇਰਸ ਨੂੰ ਕਾਬੂ ਕਰਨਾ ਆਉਂਦਾ ਹੈ। ਟੀਕਾਕਰਣ ਕਰਵਾਉਣਾ, ਬੂਸਟਰ ਖੁਰਾਕ ਲੈਣਾ ਤੇ ਆਪਣੇ ਪੰਜ ਸਾਲ ਤੋਂ ਉਪਰ ਦੇ ਬੱਚਿਆਂ ਨੂੰ ਵੈਕਸੀਨ ਲਵਾ ਕੇ ਅਸੀਂ ਆਪਣੇ ਆਪ ਤੇ ਹੋਰਨਾਂ ਨੂੰ ਸੁਰੱਖਿਅਤ ਰੱਖ ਸਕਦੇ ਹਾਂ।

ਇਸੇ ਦੌਰਾਨ ਵਿਸ਼ਵ ਸਿਹਤ ਸੰਗਠਨ ਦੇ ਸਿਹਤ ਬਾਰੇ ਹੰਗਾਮੀ ਪ੍ਰੋਗਰਾਮ ਦੇ ਡਾਇਰੈਕਟਰ ਡਾਕਟਰ ਮਾਈਕ ਰਿਆਨ ਨੇ ਕਿਹਾ ਹੈ ਕਿ 'ਜੇਕਰ ਅਸੀਂ ਜਾਰੀ ਕੀਤੀਆਂ ਜਾ ਰਹੀਆਂ ਹਦਾਇਤਾਂ ਅਨੁਸਾਰ ਵਿਚਰਦੇ ਹਾਂ ਤਾਂ ਮੇਰਾ ਵਿਚਾਰ ਹੈ ਕਿ ਅਸੀਂ ਓਮੀਕਰੋਨ ਤੋਂ ਬਚਾਅ ਲਈ ਉਚਿੱਤ ਰਾਹ ਉਪਰ ਚੱਲ ਰਹੇ ਹਾਂ। ਬਚਾਅ ਲਈ ਵੈਕਸੀਨ ਲਵਾਉਣਾ ਪਹਿਲੀ ਲੋੜ ਹੈ।'

# ਯੁਕਰੇਨ ਦੀ ਸਰਹੱਦ ਤੋਂ ਰੂਸ ਪਿੱਛੇ ਨਾ ਹਟਿਆ ਤਾਂ ਖੇਤਰ ਵਿਚ ਹੋਰ ਫੌਜਾਂ ਤਾਇਨਾਤ ਕੀਤੀਆਂ ਜਾਣਗੀਆਂ : ਬਾਈਡਨ

**ਸੈਕਰਾਮੈਂਟ/ਹੁਸਨ ਲੜੋਆ ਬੰਗਾ;-** ਰਾਸ਼ਟਰਪਤੀ ਜੋਅ ਬਾਈਡਨ ਨੇ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੂੰ ਇਕ ਵੀਡੀਓ ਕਾਨਫਰੰਸ ਰਾਹੀਂ ਸਖਤ ਸੰਦੇਸ਼ ਦਿੰਦਿਆਂ ਕਿਹਾ ਹੈ ਕਿ ਜੇਕਰ ਰੂਸ ਯੁਕਰੇਨ ਵਿਰੁੱਧ ਆਪਣੀਆਂ ਹਮਲਾਵਰ ਗਤੀਵਿਧੀਆਂ ਬੰਦ ਨਹੀਂ ਕਰਦਾ ਤਾਂ ਉਸ ਵਿਰੁੱਧ ਅਮਰੀਕਾ ਤੇ ਉਸ ਦੇ ਭਾਈਵਾਲ ਦੇਸ਼ਾਂ ਵੱਲੋਂ ਸਖਤ ਆਰਥਕ ਪਾਬੰਦੀਆਂ ਲਾਉਣ ਦੇ ਨਾਲ ਨਾਲ ਖੇਤਰ ਵਿਚ ਹੋਰ ਫੌਜਾਂ ਤਾਇਨਾਤ ਕੀਤੀਆਂ ਜਾਣਗੀਆਂ। ਬਾਈਡਨ ਨੇ ਕਿਹਾ ਕਿ ਉਹ ਯੁਕਰੇਨ ਵਿਚਲੇ ਸੰਕਟ ਦਾ ਕੂਟਨੀਤਿਕ ਹੱਲ ਲੱਭਣ ਨੂੰ ਤਰਜੀਹ ਦਿੰਦੇ ਹਨ ਪਰ ਇਸ ਦੇ ਨਾਲ ਹੀ ਉਨਾਂ ਚਿਤਾਵਨੀ ਦਿੱਤੀ ਕਿ ਉਹ ਯੁਕਰੇਨ ਨੂੰ ਪਹਿਲਾਂ ਦਿੱਤੇ ਜਾ ਰਹੇ ਰਖਿਆ ਸਾਜ਼-ਸਮਾਨ ਤੋਂ ਇਲਾਵਾ ਹਿਫਾਜ਼ਤ ਲਈ ਹੋਰ ਲੋੜੀਂਦੇ ਸਾਧਨ ਵੀ ਦੇਵੇਗਾ ਤੇ ਖੇਤਰ ਦੀ ਨਾਟੋ ਦੁਆਰਾ ਕਿਲਾਬੰਦੀ ਲਈ ਹੋਰ ਫੌਜਾਂ ਭੇਜੀਆਂ ਜਾਣਗੀਆਂ। ਵਾਈਟ ਹਾਊਸ ਦੇ ਕੌਮੀ ਸੁਰੱਖਿਆ ਸਲਾਹਕਾਰ ਜੇਕ ਸੁਲੀਵਾਨ ਨੇ ਕਿਹਾ ਹੈ ਕਿ ਦੋਨਾਂ ਆਗੂਆਂ ਵਿਚਾਲੇ ਦੋ ਘੰਟੇ ਦੇ ਕਰੀਬ ਗੱਲਬਾਤ ਹੋਈ। ਵੀਡੀਓ ਕਾਲ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸੁਲੀਵਾਨ ਨੇ ਕਿਹਾ ਕਿ 'ਇਹ ਕੁੱਛ ਛੱਡਣ ਤੇ ਕੁੱਝ ਲੈਣ ਦਾ ਮਾਮਲਾ ਹੈ।



ਰਾਸ਼ਟਰਪਤੀ ਯੁਕਰੇਨ ਬਾਰੇ ਸਾਰੇ ਮੁੱਦਿਆਂ ਉਪਰ ਸਪੱਸ਼ਟ ਹਨ।' ਰੂਸ ਵੱਲੋਂ ਯੁਕਰੇਨ ਦੀ ਸਰਹੱਦ ਉਪਰ ਭਾਰੀ ਤਾਦਾਦ ਵਿਚ ਫੌਜਾਂ ਤਾਇਨਾਤ ਕਰਨ ਸਬੰਧੀ ਖੁਫੀਆ ਰਿਪੋਰਟਾਂ ਵਿਚ ਯੁਕਰੇਨ ਉਪਰ ਹਮਲੇ ਦੀ ਪ੍ਰਗਟਾਈ ਗਈ ਸੰਭਾਵਨਾ ਉਪਰੰਤ ਬਾਈਡਨ ਤੇ ਪੂਤਿਨ ਵਿਚਾਲੇ ਵੀਡੀਓ ਕਾਨਫਰੰਸ ਰਾਹੀਂ ਲੰਬੀ ਗੱਲਬਾਤ ਹੋਈ ਹੈ। ਸੁਲੀਵਾਨ ਨੇ ਕਿਹਾ ਕਿ ਅਮਰੀਕਾ ਦਾ ਵਿਸ਼ਵਾਸ਼ ਹੈ ਕਿ ਪੂਤਿਨ ਨੇ ਅਜੇ ਯੁਕਰੇਨ ਉਪਰ ਹਮਲੇ ਦਾ ਨਿਰਨਾ ਨਹੀਂ ਲਿਆ ਪ੍ਰੰਤੂ ਅਮਰੀਕੀ ਅਧਿਕਾਰੀਆਂ ਦੀ ਰਾਏ ਹੈ ਕਿ ਰੂਸ ਨੇ ਯੁਕਰੇਨ ਦੀ ਸਰਹੱਦ ਉਪਰ ਲੋੜੀਂਦੀ ਸਮਰੱਥਾ ਅਨੁਸਾਰ ਯੁੱਧ ਸਮੱਗਰੀ ਇਕੱਠੀ ਕਰ ਲਈ ਹੈ ਤਾਂ ਜੋ ਹਮਲਾ ਕਰਨ ਦੀ ਹਾਲਤ ਵਿਚ ਵਰਤੀ ਜਾ ਸਕੇ। ਹਾਲਾਂਕਿ ਸਲੀਵਾਨ ਨੇ ਇਹ ਨਹੀਂ ਦੱਸਿਆ ਕਿ ਕਿਸ ਕਿਸਮ ਦੀਆਂ ਆਰਥਕ ਪਾਬੰਦੀਆਂ ਲਾਈਆਂ ਜਾਣਗੀਆਂ ਪ੍ਰੰਤੂ ਉਨਾਂ ਜ਼ੋਰ ਦੇ ਕੇ ਕਿਹਾ ਕਿ ਜੇਕਰ ਰੂਸ ਪਿੱਛੇ ਨਹੀਂ ਹੱਟਦਾ ਤਾਂ ਅਮਰੀਕਾ ਤੇ ਉਸ ਦੇ ਮਿੱਤਰ ਦੇਸ਼ ਮਾਸਕੋ ਦੀ ਆਰਥਕ ਨਾਕਾਬੰਦੀ ਜ਼ੂਰਰ ਕਰਨਗੇ। ਵੀਡੀਓ ਕਾਨਫਰੰਸ ਦੌਰਾਨ ਪੂਤਿਨ ਨੇ ਕਿਹਾ ਕਿ ਰੂਸ ਉਪਰ ਸਾਰੀ ਜਿੰਮੇਵਾਰੀ ਸੁੱਟਣੀ ਗਲਤ ਹੈ ਕਿਉਂਕਿ ਇਹ ਨਾਟੋ ਹੈ ਜੋ ਯੁਕਰੇਨ ਦੇ ਖੇਤਰ ਵਿਚ ਆਪਣੀ ਸਥਿਤੀ ਮਜਬੂਤ ਕਰਨ ਲਈ ਖਤਰਨਾਕ ਕੋਸ਼ਿਸ਼ਾਂ ਕਰ ਰਿਹਾ ਹੈ ਤੇ ਰੂਸ ਦੀਆਂ ਸਰਹੱਦਾਂ ਨੇੜੇ ਆਪਣੀ ਫੌਜੀ ਤਾਕਤ ਵਧਾਉਣ ਦੀ ਕੋਸ਼ਿਸ਼ ਵਿਚ ਹੈ।

# ਲੁਟੇਰਿਆਂ ਵੱਲੋਂ ਦਿਨ ਦਿਹਾੜੇ ਜਾਰਜੀਆ ਵਿਚ ਭਾਰਤੀ ਮੂਲ ਦੇ ਗੈਸ ਸਟੇਸ਼ਨ ਮਾਲਕ ਦੀ ਹੱਤਿਆ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ:-** ਜਾਰਜੀਆ ਵਿਚ ਦਿਨ ਦਿਹਾੜੇ ਭਾਰਤੀ ਮੂਲ ਦੇ ਅਮਰੀਕੀ ਗੈਸ ਸਟੇਸ਼ਨ ਮਾਲਕ ਦੀ ਲੁਟੇਰਿਆਂ ਨੇ ਲੁੱਟਮਾਰ ਦੌਰਾਨ ਹੱਤਿਆ ਕਰ ਦਿੱਤੀ। 45 ਸਾਲਾ ਅਮਿਤ ਪਟੇਲ ਦੀ



ਪਟੇਲ ਦੀ ਹੱਤਿਆ ਉਪਰੰਤ ਖੇਤਰ ਦੀ ਪੁਲਿਸ ਵੱਲੋਂ ਕੀਤੀ ਨਾਕਾਬੰਦੀ

ਹੱਤਿਆ ਉਸ ਸਮੇਂ ਕੀਤੀ ਗਈ ਜਦੋਂ ਉਹ ਕੋਲੰਬਸ ਸ਼ਹਿਰ ਵਿਚ ਗੈਸ ਸਟੇਸ਼ਨ ਦੇ ਨਾਲ ਹੀ ਸਥਿਤ ਬੈਂਕ ਵਿਚ ਪੈਸੇ ਜਮਾਂ ਕਰਵਾਉਣ ਜਾ ਰਿਹਾ ਸੀ। ਇਸੇ ਇਮਾਰਤ ਵਿਚ ਪੁਲਿਸ ਥਾਣਾ ਵੀ ਹੈ। ਪਟੇਲ ਦੀ ਧੀ ਦਾ ਉਸੇ ਦਿਨ ਜਨਮ ਦਿਨ ਵੀ ਸੀ। ਉਸ ਦੇ ਭਾਈਵਾਲ ਵੈਨੀ ਪਟੇਲ ਨੇ ਦੱਸਿਆ ਕਿ ਪੈਸੇ ਜਮਾਂ ਕਰਵਾਉਣ ਉਪੰਰਤ ਅਮਿਤ ਪਟੇਲ ਆਪਣੀ ਤਿੰਨ ਸਾਲ ਦੀ ਧੀ ਦਾ ਜਨਮ ਦਿਨ ਮਨਾਉਣਾ ਚਾਹੁੰਦਾ ਸੀ। ਵੈਨੀ ਪਟੇਲ ਨੇ ਕਿਹਾ ਕਿ ਲੁਟੇਰੇ ਸਾਰੇ ਪੈਸੇ ਵੀ ਲੁੱਟ ਕੇ ਲੈ ਗਏ ਹਨ। ਕੋਲੰਬਸ ਦੇ ਮੇਅਰ ਸਕਿਪ ਹੈਂਡਰਸਨ ਨੇ ਕਿਹਾ ਹੈ ਕਿ ਦੋਸ਼ੀਆਂ ਨੂੰ ਛੇਤੀ ਫੜ ਲਿਆ ਜਾਵੇਗਾ।

# ਪਿੰਡ ਭੁੱਲਰ ਵਿਚ ਡਰੱਗ ਤਸਕਰਾਂ ਦਾ ਬਾਈਕਾਟ ਦਾ ਫੈਸਲਾ



**ਦੋਦਾ/ਏ.ਟੀ.ਨਿਊਜ਼ :** ਜ਼ਿਲਾ ਮੁਕਤਸਰ ਦੇ ਪਿੰਡ ਭੁੱਲਰ ਦੀ ਸਮੂਹ ਪੰਚਾਇਤ ਅਤੇ ਪਿੰਡ ਵਾਸੀਆਂ ਨੇ ਡੇਰਾ ਬਾਬਾ ਲੱਖਣਦਾਸ ਵਿਚ ਮੀਟਿੰਗ ਕੀਤੀ, ਜਿਸ ਵਿੱਚ ਨਸ਼ਿਆਂ ਦੀ ਵਿਕਰੀ ਅਤੇ ਵਰਤੋਂ ਨੂੰ ਠੱਲਣ ਲਈ ਸਰਬਸੰਮਤੀ ਨਾਲ ਇੱਕ ਕਮੇਟੀ ਬਣਾਈ ਗਈ। ਇਹ ਕਮੇਟੀ ਨਸ਼ੇ ਵੇਚਣ ਤੇ ਇਸ ਵਿੱਚ ਸਹਿਯੋਗ ਕਰਨ ਵਾਲਿਆਂ 'ਤੇ ਅੱਖ ਰੱਖੇਗੀ। ਇਸ ਮੌਕੇ ਸਰਪੰਚ ਹਰਭਗਵਾਨ ਸਿੰਘ ਤੇ ਸਮੂਹ ਪਿੰਡ ਵਾਸੀ ਮੌਜੂਦ ਸਨ। ਹਾਜ਼ਰ ਪਤਵੰਤਿਆਂ ਨੇ ਸਰਬਸੰਮਤੀ ਨਾਲ ਫੈਸਲਾ ਲਿਆ ਕਿ ਜੋ ਵੀ ਵਿਅਕਤੀ ਪਿੰਡ ਵਿੱਚ ਨਸ਼ਾ ਵੇਚੇਗਾ ਜਾਂ ਇਸ ਵਿੱਚ ਸਹਿਯੋਗ ਕਰੇਗਾ, ਉਸ ਦਾ ਸਮਾਜਿਕ ਬਾਈਕਾਟ ਕੀਤਾ ਜਾਵੇਗਾ। ਪਿੰਡੋਂ ਬਾਹਰਲੇ ਕਿਸੇ ਸ਼ੱਕੀ ਵਿਅਕਤੀ ਦੀ ਵੀ ਪਿੰਡ ਵਿੱਚ ਦਾਖ਼ਲ ਹੋਣ ਮੌਕੇ ਤਲਾਸ਼ੀ ਲਈ ਜਾਵੇਗੀ। ਉਨਾਂ ਪਿੰਡ ਦੇ ਦੁਕਾਨਦਾਰਾਂ ਤੇ ਮੈਡੀਕਲ ਪ੍ਰੈਕਟਿਸ ਕਰਨ ਵਾਲਿਆਂ ਨੂੰ ਕਿਸੇ ਵੀ ਤਰਾਂ ਦੇ ਨਸ਼ੇ ਨਾ ਵੇਚਣ ਨੂੰ ਕਿਹਾ। ਇਸ ਦੌਰਾਨ ਨਸ਼ਿਆਂ ਦੇ ਸਬੰਧ 'ਚ ਫੜੇ ਵਿਅਕਤੀਆਂ ਦੀ ਕਾਨੂੰਨੀ ਤੌਰ 'ਤੇ ਜ਼ਮਾਨਤ ਤੇ ਸ਼ਨਾਖਤ ਆਦਿ ਨਾ ਕਰਨ ਦਾ ਵੀ ਪ੍ਰਣ ਲਿਆ ਗਿਆ।

# ਆਕਸਫੋਰਡ ਹਾਈ ਸਕੂਲ ਵਿਚ ਗੋਲੀ ਚਲਾਉਣ ਵਾਲੇ ਵਿਦਿਆਰਥੀ ਦੇ ਮਾਪਿਆਂ ਵਿਰੁੱਧ ਗੈਰ ਇਰਾਦਾ ਹੱਤਿਆਵਾਂ ਦਾ ਮਾਮਲਾ ਦਰਜ, ਹੋਏ ਭਗੌੜੇ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ:-** ਇਸ ਹਫਤੇ ਮੰਗਲਵਾਰ ਨੂੰ ਓਕਲੈਂਡ ਕਾਊਂਟੀ, ਮਿਸ਼ੀਗਨ ਦੇ ਆਕਸਫੋਰਡ ਹਾਈ ਸਕੂਲ ਵਿਚ ਗੋਲੀਬਾਰੀ ਕਰਕੇ 4 ਵਿਦਿਆਰਥੀਆਂ ਨੂੰ ਮੌਤ ਦੇ ਘਾਟ ਉਤਾਰਨ ਤੇ 8 ਹੋਰਨਾਂ ਨੂੰ ਜ਼ਖਮੀ ਕਰਨ ਵਾਲੇ ਵਿਦਿਆਰਥੀ ਐਥਨ ਦੇ ਮਾਪਿਆਂ ਨੂੰ ਪੁਲਿਸ ਲੱਭ ਰਹੀ ਹੈ ਜਿਨਾਂ ਵਿਰੁੱਧ ਗੈਰ ਇਰਾਦਾ ਹੱਤਿਆਵਾਂ ਕਰਨ ਦੇ ਦੋਸ਼ ਲਾਏ ਗਏ ਹਨ। ਪੁਲਿਸ ਅਧਿਕਾਰੀਆਂ ਦੇ ਦਾਅਵੇ ਅਨੁਸਾਰ ਐਥਨ ਦੀ ਮਾਂ ਤੇ ਪਿਤਾ ਜੈਨੀਫਰ ਅਤੇ ਜੇਮਜ ਕਰਮਬਲੇ ਘਰ ਤੋਂ ਫਰਾਰ ਹੋ ਗਏ ਹਨ। ਅਦਾਲਤ ਵਿਚ ਸੁਣਵਾਈ ਦੌਰਾਨ ਇਸਤਗਾਸਾ ਪੱਖ ਦੇ ਵਕੀਲ ਨੇ ਕਿਹਾ ਕਿ ਜੈਨੀਫਰ ਤੇ ਜੇਮਜ ਨੇ ਆਪਣੇ ਪੁੱਤਰ ਨੂੰ ਕ੍ਰਿਸਮਿਸ ਤੋਹਫੇ ਵਜੋਂ ਗੰਨ ਖਰੀਦ ਕੇ ਦਿੱਤੀ ਸੀ ਜਿਸ ਗੰਨ ਨੂੰ ਗੋਲੀਬਾਰੀ ਵਿਚ ਵਰਤਿਆ ਗਿਆ। ਸੁਣਵਾਈ ਦੌਰਾਨ ਓਕਲੈਂਡ ਕਾਊਂਟੀ ਦੇ ਪੁਲਿਸ ਮੁਖੀ ਦੇ ਦਫਤਰ ਦੇ ਇਕ ਅਧਿਕਾਰੀ ਨੇ ਦੱਸਿਆ ਕਿ ਐਥਨ ਦੇ ਮਾਪੇ ਪੁਲਿਸ ਹਿਰਾਸਤ ਵਿਚ ਨਹੀਂ ਹਨ ਜਿਨਾਂ ਨੂੰ ਲੱਭਣ ਲਈ ਕਈ ਏਜੰਸੀਆਂ ਦੀ ਮਦਦ ਲਈ ਜਾ ਰਹੀ ਹੈ। ਇਸੇ ਦੌਰਾਨ ਪੁਲਿਸ ਮੁੱਖੀ ਮਾਈਕਲ ਬੋਚਰਡ ਨੇ ਜਾਰੀ ਇਕ ਪ੍ਰੈਸ ਬਿਆਨ ਵਿਚ ਕਿਹਾ ਹੈ ਕਿ ਘਰੋਂ ਦੌੜ ਜਾਣ ਤੋਂ ਸਾਫ ਹੈ ਕਿ ਜੈਨੀਫਰ ਤੇ ਜੇਮਜ ਵਿਰੁੱਧ ਲਾਏ ਦੋਸ਼ ਗਲਤ ਨਹੀਂ ਹਨ। ਉਨਾਂ ਕਿਹਾ ਕਿ ਗੋਲੀਬਾਰੀ ਵਿਚ ਨਿਭਾਈ ਭੂਮਿਕਾ ਤੋਂ ਉਹ ਬਚ ਨਹੀਂ ਸਕਦੇ। ਦੂਸਰੇ ਪਾਸੇ ਪਰਿਵਾਰ ਦੇ ਵਕੀਲ ਨੇ ਕਿਹਾ ਹੈ ਕਿ ਉਹ ਭੱਜੇ ਨਹੀਂ ਹਨ ਤੇ ਉਹ ਥੋੜਾ ਸਮਾਂ ਘਰੋਂ ਬਾਹਰ ਗਏ ਸਨ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Editor: **Malkeet Singh** Manager: **Pardeep Singh** Asst. Editor: **Balwinderpal Singh, Sarbjeet Kaur Sarb** Online Interview Host: **Balraj Pannu** Proof Editor: **Prabhjot Kaur**
Designer: **Balbir Singh** Content Composer: **Amritpal Singh** US Distributor: **Amritsar Times Inc** Owner: **Amritsar Times Pvt Ltd.**

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.
All legal disputes must be handled in the courts of State of Punjab in India.

# ਬੀਜੇਪੀ ਦਾ ਨਵਾਂ 'ਚੱਕਰਵਿਊ'

## ਤਿੰਨ ਕਾਲੇ ਕਾਨੂੰਨ ਵਾਪਿਸ ਲੈਣਾ, ਮੋਦੀ ਨੂੰ ਗਲਤੀ ਦਾ ਅਹਿਸਾਸ ਹੋਣਾ ਘੱਟ ਤੇ ਸਿਆਸੀ ਪੈਂਤੜੇਬਾਜ਼ੀ ਵੱਧ

**ਨਵੀਂ ਦਿੱਲੀ/ਮਨਪ੍ਰੀਤ ਸਿੰਘ ਖਾਲਸਾ :-** ਦਲ ਖਾਲਸਾ ਦੇ ਜਲਾਵਤਨੀ ਆਗੂ ਭਾਈ ਗਜਿੰਦਰ ਸਿੰਘ ਨੇ ਭਾਜਪਾ ਵਲੋਂ ਚੋਣਾਂ ਲਈ ਕੀਤੇ ਜਾ ਪ੍ਰਾਪੇਗੰਡੇ ਬਾਰੇ ਆਪਣੇ ਵਿਚਾਰ ਪ੍ਰਗਟ ਕਰਦੇ ਕਿਹਾ ਕਿ ਬੀਜੇਪੀ ਦੀ ਇਹ ਕੋਸ਼ਿਸ਼ ਪਿਛਲੇ ਕਾਫੀ ਸਮੇਂ ਤੋਂ ਰਹੀ ਹੈ ਕਿ ਪੰਜਾਬ ਵਿੱਚ ਆਪਣੀ ਹਕੂਮਤ ਬਣਾਈ ਜਾਵੇ। ਇਸੇ ਕੋਸ਼ਿਸ਼ ਵਿੱਚ ਉਨਾਂ ਸਿੱਖ ਚਿਹਰਿਆਂ ਨੂੰ ਬੀਜੇਪੀ ਵਿੱਚ ਸ਼ਾਮਿਲ ਕਰਨਾ ਸ਼ੁਰੂ ਕੀਤਾ ਸੀ। ਹੁਣ ਉਹ ਇਸ ਸਿਲਸਿਲੇ ਵਿੱਚ ਵੱਡਾ ਹੰਭਲਾ ਮਾਰਨ ਦੇ ਮੂਡ ਵਿੱਚ ਲੱਗਦੇ ਹਨ। ਕੈਪਟਨ ਉਨਾਂ ਨੂੰ ਮਿਲ ਗਿਆ ਹੈ ਤੇ ਢੀਂਡਸਾ ਵੀ ਮਿਲੇ ਵਰਗਾ ਹੀ ਲੱਗ ਰਿਹਾ ਹੈ ਤੇ ਹੋਰ ਵੀ ਕਈ 'ਲੀਡਰ' ਸਮਾਨ ਬੰਨਦੇ ਮਹਿਸੂਸ ਹੁੰਦੇ ਹਨ।

ਤਿੰਨ ਕਾਲੇ ਕਾਨੂੰਨ ਵਾਪਿਸ ਲੈਣਾ, ਮੋਦੀ ਨੂੰ ਗਲਤੀ ਦਾ ਅਹਿਸਾਸ ਹੋਣਾ ਘੱਟ ਅਤੇ ਸਿਆਸੀ ਪੈਂਤੜੇਬਾਜ਼ੀ ਵੱਧ ਸੀ। ਇਸ ਨਾਲ ਇੱਕ ਪਾਸੇ ਉਹ ਪੰਜਾਬ ਵਿੱਚ ਆਪਣੀ ਟੀਮ ਤਕੜੀ ਕਰਨ ਵੱਲ ਧਿਆਨ ਦੇਣਾ ਚਾਹੁੰਦੇ ਹਨ ਤੇ ਦੂਜਾ ਯੂ.ਪੀ. ਆਦਿ ਸੂਬਿਆਂ ਵਿੱਚ ਕਿਸਾਨ ਵੋਟ ਦੀ ਨਰਾਜ਼ਗੀ ਦੂਰ ਕਰਨ ਦੀ ਕੋਸ਼ਿਸ਼ ਵਿੱਚ ਹਨ।

ਜੇਲ ਬੰਦੀ ਸਿੰਘਾਂ ਦੀ ਰਿਹਾਈ ਨੂੰ ਵੀ ਬੀਜੇਪੀ ਦੀ ਇਸੇ ਨੀਤੀ ਨਾਲ ਜੋੜ ਕੇ ਦੇਖਿਆ ਜਾ ਸਕਦਾ ਹੈ। ਇਹ ਚਿਹਮਗੋਈਆਂ ਵੀ ਚੱਲ ਰਹੀਆਂ ਹਨ ਕਿ ਚੋਣਾਂ ਦੇ ਨੇੜੇ ਪਹੁੰਚ ਕੇ ਇੱਕ ਦੋ ਨਾਮਵਰ ਜੇਲ ਬੰਦੀਆਂ ਦੀ ਰਿਹਾਈ ਨਾਲ ਆਖਰੀ ਪੱਤਾ ਖੇਡਿਆ ਜਾ ਸਕਦਾ ਹੈ।

ਯੂਰਪ ਰਹਿੰਦੇ ਕੁੱਝ ਪੁਰਾਣੇ ਖਾਲਿਸਤਾਨੀ, ਜੋ ਦੋ ਕੁ ਸਾਲ ਪਹਿਲਾਂ ਬੀਜੇਪੀ ਸਰਕਾਰ ਨਾਲ 'ਸਮਝੌਤੇ' ਦੇ ਰੂਪ ਵਿੱਚ ਸਾਹਮਣੇ ਆਏ ਸਨ, ਉਹ ਨਾਮਵਰ ਜੇਲ ਬੰਦੀਆਂ ਦੀ ਰਿਹਾਈ ਬਾਅਦ ਆਪਣੇ 'ਸਮਝੌਤੇ' ਨੂੰ ਸਹੀ ਠਹਿਰਾਉਣ ਜੋਗੇ ਹੋ ਜਾਣ ਤੇ ਬੀਜੇਪੀ ਦੀ ਹਕੂਮਤ ਬਣਾਉਣ ਦਾ ਰਾਹ ਪੱਧਰਾ ਕਰਨ ਦੀ ਸੇਵਾ ਵੀ ਨਿਭਾਅ ਸਕਦੇ ਹਨ।

ਇਹ ਸਾਰਾ ਕੁੱਝ ਬੀਜੇਪੀ, ਪੰਥ ਅਤੇ ਪੰਜਾਬ ਦੇ ਭਲੇ ਲਈ ਨਹੀਂ, ਆਪਣਾ ਹਿੰਦੂਤਵੀ ਏਜੰਡਾ ਅੱਗੇ ਵਧਾਉਣ ਲਈ ਕਰ ਰਹੀ ਹੈ। ਖਾਲਿਸਤਾਨ ਲਹਿਰ ਨੂੰ ਉਹ ਆਪਣਾ ਵੱਡਾ ਦੁਸ਼ਮਣ ਤੇ ਆਪਣੇ ਰਾਹ ਦੀ ਵੱਡੀ ਰੁਕਾਵਟ ਸਮਝਦੀ ਹੈ ਤੇ ਇਹ ਸਾਰਾ ਕੁੱਝ ਖਾਲਿਸਤਾਨ



ਲਹਿਰ ਨਾਲ ਨਜਿੱਠਣ ਲਈ ਹੀ ਕਰ ਰਹੀ ਹੈ। ਅਗਰ ਬੀਜੇਪੀ ਪੰਜਾਬ ਵਿੱਚ ਹਕੂਮਤ ਬਣਾਉਣ ਵਿੱਚ ਕਾਮਯਾਬ ਹੋ ਜਾਂਦੀ ਹੈ ਤਾਂ ਉਸ ਦੇ ਅਸਲ ਨਿਸ਼ਾਨੇ ਉਤੇ ਕਸ਼ਮੀਰ ਅਤੇ ਨਾਗਾਲੈਂਡ ਵਾਂਗ ਪੰਜਾਬ ਦੇ ਅਜ਼ਾਦੀ ਪਸੰਦ ਹੀ ਹੋਣਗੇ ਤੇ 'ਪੱਕੇ ਖਾਲਿਸਤਾਨੀਆਂ' ਦੇ ਝੂਠੇ ਮੁਕਾਬਲਿਆਂ ਦੇ ਇੱਕ ਨਵੇਂ ਦੌਰ ਦੀਆਂ ਸੰਭਾਵਨਾਵਾਂ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ।

ਕਿਸਾਨ ਮੋਰਚੇ ਦੀ ਜਿੱਤ, ਸਿੱਧੇ ਅਸਿੱਧੇ ਖਾਲਿਸਤਾਨ ਲਹਿਰ ਦੀਆਂ ਹਰ ਪਾਸਿਓਂ ਆ ਰਹੀਆਂ ਚੜਦੀ ਕਲਾ ਦੀਆਂ ਖਬਰਾਂ ਨਾਲ ਹੀ ਜੁੜਦੀ ਹੈ। ਪੰਜਾਬ, ਤੋਂ ਲੰਡਨ ਤੱਕ ਹਰ ਪਾਸਿਓਂ ਉਠ ਰਹੀ ਖਾਲਿਸਤਾਨ ਦੀ ਗੂੰਜ ਭਾਰਤੀ ਹਾਕਮਾਂ ਦੀ ਨੀਂਦ ਹਰਾਮ ਕਰ ਰਹੀ ਲੱਗਦੀ ਹੈ। ਜੇਲ ਬੰਦੀ ਸਿੰਘਾਂ ਦੀ ਰਿਹਾਈ ਸਮੁੱਚੇ ਪੰਥ ਨੂੰ ਯਕੀਨਨ ਖੁਸ਼ੀਆਂ ਬਖਸ਼ਦੀ ਹੈ, ਪਰ ਇਸ ਪੱਖੋਂ ਵੀ ਸੁਚੇਤ ਰਹਿਣ ਦੀ ਲੋੜ ਹੈ ਕਿ ਕੌਮ ਹਾਕਮਾਂ ਦੇ ਕਿਸੇ ਨਵੇਂ ਜਾਲ ਵਿੱਚ ਨਾ ਫੱਸੇ। ਅੰਤ ਵਿਚ ਉਨਾਂ ਕਿਹਾ ਕਿ ਦੇਖਦੇ ਹਾਂ, ਪੰਥ ਅਤੇ ਪੰਜਾਬ ਦੇ ਲੋਕ ਬੀਜੇਪੀ ਦੇ ਇਸ 'ਚੱਕਰਵਿਊ' ਨੂੰ ਸਮਝ ਕੇ ਉਸ ਦਾ ਮੂੰਹ ਮੋੜਦੇ ਹਨ ਜਾਂ ਇਸ ਵਿੱਚ ਫਸਦੇ ਹਨ।

# ਪੰਜਾਬ ਦੀ ਨੈਸ਼ਨਲ ਸ਼ੂਟਰ ਖੁਸ਼ਸੀਰਤ ਨੇ ਖ਼ੁਦ ਨੂੰ ਗੋਲ਼ੀ ਮਾਰੀ

## ਈਜ਼ਿਪਟ 'ਚ ਮੈਡਲ ਨਾ ਮਿਲਣ ਕਾਰਨ ਸੀ ਪ੍ਰੇਸ਼ਾਨ

**ਫ਼ਰੀਦਕੋਟ/ਏ.ਟੀ.ਨਿਊਜ਼ :** ਪੰਜਾਬ ਦੀ ਹੋਣਹਾਰ ਸ਼ੂਟਰ ਨੇ ਆਪਣੀ ਹੀ ਸ਼ੂਟਿੰਗ ਗਨ ਨਾਲ ਖ਼ੁਦ ਨੂੰ ਗੋਲ਼ੀ ਮਾਰ ਦਿੱਤੀ, ਜਿਸ ਨਾਲ ਉਸਦੀ ਮੌਤ ਹੋ ਗਈ। 19 ਸਾਲਾ ਖੁਸ਼ਸੀਰਤ ਕੁਝ ਸਮਾਂ ਪਹਿਲਾਂ ਈਜ਼ਿਪਟ (ਮਿਸਰ) 'ਚ ਹੋਣ ਵਾਲੇ ਸ਼ੂਟਿੰਗ ਵਰਲਡ ਕੱਪ 'ਚ ਹਿੱਸਾ ਲੈਣ ਗਈ ਸੀ। ਉਥੇ ਉਹ ਮੈਡਲ ਹਾਸਿਲ ਕਰਨ 'ਚ ਅਸਫ਼ਲ ਰਹੀ। ਬੀਤੇ ਦਿਨੀਂ ਪਟਿਆਲਾ ਵਿਚ ਵੀ ਨੈਸ਼ਨਲ ਸ਼ੂਟਿੰਗ ਚੈਂਪੀਅਨਸ਼ਿਪ 'ਚ ਉਸ ਨੂੰ ਨਿਰਾਸ਼ਾ ਹਾਸਿਲ ਹੋਈ। ਇਥੇ ਵੀ ਉਹ ਕੋਈ ਮੈਡਲ ਨਹੀਂ ਜਿੱਤ ਸਕੀ। ਇਸਦੇ ਕਾਰਨ ਉਹ ਮਾਨਸਿਕ ਤਣਾਅ 'ਚ ਸੀ। ਦੱਸਿਆ ਜਾ ਰਿਹਾ ਹੈ ਕਿ ਇਸੇ ਪ੍ਰੇਸ਼ਾਨੀ ਦੇ ਕਾਰਨ ਉਸਨੇ ਦੇਰ ਰਾਤ ਆਪਣੀ ਹੀ ਸ਼ੂਟਿੰਗ ਗਨ ਨਾਲ ਸਿਰ ਵਿਚ ਗੋਲ਼ੀ ਮਾਰ ਲਈ। ਸੂਚਨਾ 'ਤੇ ਪਹੁੰਚੀ ਪੁਲਿਸ ਨੇ ਲਾਸ਼ ਨੂੰ ਕਬਜ਼ੇ



ਵਿਚ ਲੈ ਕੇ ਪੋਸਟਮਾਰਟਮ ਲਈ ਭੇਜ ਦਿੱਤਾ ਹੈ

ਪਰਿਵਾਰ ਦੇ ਕਰੀਬੀ ਹਾਕੀ ਕੋਚ ਹਰਬੰਸ ਸਿੰਘ ਨੇ ਦੱਸਿਆ ਕਿ ਖੁਸ਼ਸੀਰਤ ਨੇ ਪਿਛਲੀਆਂ ਨੈਸ਼ਨਲ ਖੇਡਾਂ ਵਿੱਚ ਨਿਸ਼ਾਨੇਬਾਜ਼ੀ ਵਿੱਚ 11 ਤਮਗੇ ਜਿੱਤੇ ਸਨ। ਇਸ ਤੋਂ ਬਾਅਦ ਉਸ ਦੀ ਚੋਣ ਮਿਸਰ (ਈਜ਼ਿਪਟ) ਵਿਚ ਹੋਏ ਵਿਸ਼ਵ ਕੱਪ ਵਿਚ ਹੋਈ ਪਰ ਖੁਸ਼ਸੀਰਤ ਉੱਥੇ ਕੋਈ ਤਮਗਾ ਹਾਸਲ ਨਹੀਂ ਕਰ ਸਕੀ। ਇਸ ਕਾਰਨ ਉਹ ਕਾਫੀ ਨਿਰਾਸ਼ ਸੀ। ਪਟਿਆਲਾ ਵਿੱਚ ਹੋਈ ਨੈਸ਼ਨਲ ਸ਼ੂਟਿੰਗ ਚੈਂਪੀਅਨਸ਼ਿਪ ਵਿੱਚ ਵੀ ਉਸ ਨੂੰ ਨਿਰਾਸ਼ਾ ਹੀ ਹੱਥ ਲੱਗੀ। ਜਦੋਂ ਤੋਂ ਖੁਸ਼ਸੀਰਤ ਪਟਿਆਲਾ ਵਿੱਚ ਹੋਏ ਮੁਕਾਬਲੇ ਵਿੱਚ ਹਿੱਸਾ ਲੈ ਕੇ ਵਾਪਸ ਆਈ ਸੀ, ਉਦੋਂ ਤੋਂ ਉਹ ਚੁੱਪ ਸੀ। ਉਹ ਇਸ ਗੱਲ ਤੋਂ ਪ੍ਰੇਸ਼ਾਨ ਸੀ ਕਿ ਉਹ ਮੈਡਲ ਨਹੀਂ ਜਿੱਤ ਸਕੀ। ਪਰਿਵਾਰਕ ਮੈਂਬਰਾਂ ਨੇ ਉਸ ਨੂੰ ਕਈ ਵਾਰ ਸਮਝਾਇਆ ਪਰ ਉਸ ਦਾ ਤਣਾਅ ਘੱਟ ਨਹੀਂ ਹੋਇਆ। ਇਸੇ ਤਣਾਅ ਵਿਚ ਉਸ ਨੇ ਦੇਰ ਰਾਤ ਆਪਣੀ ਗੋਲੀ ਨਾਲ ਖੁਦ ਨੂੰ ਗੋਲੀ ਮਾਰ ਲਈ।

ਥਾਣਾ ਮੁਖੀ ਐਸਐਚਓ ਹਰਜਿੰਦਰ ਸਿੰਘ ਨੇ ਦੱਸਿਆ ਕਿ ਵੀਰਵਾਰ ਸਵੇਰੇ ਉਨਾਂ ਨੂੰ ਸੂਚਨਾ ਮਿਲੀ ਸੀ ਕਿ ਇੱਕ ਲੜਕੀ ਖੁਸ਼ਸੀਰਤ ਕੌਰ ਪੁੱਤਰੀ ਜਸਵਿੰਦਰ ਸਿੰਘ ਨੇ ਆਪਣੇ ਆਪ ਨੂੰ ਗੋਲੀ ਮਾਰ ਲਈ ਹੈ। ਇਸ ਤੋਂ ਬਾਅਦ ਉਹ ਮੌਕੇ 'ਤੇ ਪਹੁੰਚ ਗਏ। ਲਾਸ਼ ਨੂੰ ਪੋਸਟਮਾਰਟਮ ਲਈ ਮੈਡੀਕਲ ਹਸਪਤਾਲ ਭੇਜ ਦਿੱਤਾ ਗਿਆ ਹੈ। ਮਾਮਲੇ ਸਬੰਧੀ ਪਰਿਵਾਰ ਦੇ ਬਿਆਨ ਵੀ ਲਏ ਜਾ ਰਹੇ ਹਨ।

# ਮੋਦੀ ਸਰਕਾਰ ਸਿੱਖਾਂ ਨੂੰ ਜੇਲਾਂ ਵਿਚ ਰੋਲ ਕੇ ਸਿੱਖੀ ਨਾਲ ਸਦੀਆਂ ਪੁਰਾਣਾ ਵੈਰ ਕੱਢ ਰਹੀ ਹੈ : ਖਾਲੜਾ ਮਿਸ਼ਨ

## ਖਾਲੜਾ ਮਿਸ਼ਨ ਨੇ ਭਾਈ ਹਵਾਰਾ ਸਮੇਤ ਸਾਰੇ ਸਿੱਖਾਂ ਦੀ ਰਿਹਾਈ ਦੀ ਮੰਗ ਕੀਤੀ

**ਅੰਮ੍ਰਿਤਸਰ/ਏ.ਟੀ.ਨਿਊਜ਼ :** ਖਾਲੜਾ ਮਿਸ਼ਨ ਆਰਗੇਨਾਈਜੇਸ਼ਨ ਅਤੇ ਮਨੁੱਖੀ ਅਧਿਕਾਰ ਇਨਸਾਫ਼ ਸੰਘਰਸ਼ ਕਮੇਟੀ ਨੇ ਮੰਨੂਵਾਦੀ ਧਿਰਾਂ 'ਤੇ ਤਿੱਖਾ ਹਮਲਾ ਬੋਲਦਿਆਂ ਕਿਹਾ ਕਿ ਹੁਣ ਜਦੋਂ ਦਿੱਲੀ ਨਾਗਪੁਰ ਮਾਡਲ ਪੂਰੀ ਤਰਾਂ ਬੇਨਕਾਬ ਹੋ ਚੁੱਕਾ ਹੈ ਤਾਂ ਕਾਂਗਰਸ ਭਾਜਪਾ, ਬਾਦਲਕੇ, ਕੇਜਰੀਵਾਲ ਨਕਲੀ ਪੰਜਾਬ ਮਾਡਲ ਰਾਹੀਂ ਪੰਜਾਬ ਨਾਲ ਰਾਜਨੀਤਕ ਠੱਗੀ ਮਾਰਨਾ ਚਾਹੁੰਦੇ ਹਨ। ਗੁਰਾਂ ਦਾ ਪੰਜਾਬ ਦਿੱਲੀ ਨਾਗਪੁਰ ਵਾਲਿਆਂ ਦੀ ਅਸਲੀਅਤ ਪਛਾਣ ਚੁੱਕਾ ਹੈ ਕਿਵੇਂ ਇਨਾਂ ਧਿਰਾਂ ਨੇ ਸ੍ਰੀ ਦਰਬਾਰ ਸਾਹਿਬ ਤੇ ਫ਼ੌਜਾਂ ਚਾੜ ਕੇ ਹਜ਼ਾਰਾ ਨਿਰਦੋਸ਼ ਸਿੱਖਾਂ ਦਾ ਕਤਲੇਆਮ ਕੀਤਾ, ਕਿਵੇਂ ਇਨਾਂ ਪੰਜਾਬ ਦੀ ਧਰਤੀ ਤੇ ਹਜ਼ਾਰਾ ਨਿਰਦੋਸ਼ ਸਿੱਖਾਂ ਦੇ ਝੂਠੇ ਮੁਕਾਬਲੇ ਬਣਾਏ।

ਬੀਬੀ ਪਰਮਜੀਤ ਕੌਰ ਖਾਲੜਾ ਸਮੇਤ ਖਾਲੜਾ ਮਿਸ਼ਨ ਨੇ ਸਿੱਖ ਪੰਥ ਦੀ ਚੜਦੀ ਕਲਾ ਦੀ ਅਰਦਾਸ ਕੀਤੀ ਤੇ ਕਿਹਾ ਕਿ ਕਿਵੇਂ ਇਨਾਂ ਨਸ਼ਿਆਂ ਰਾਹੀਂ ਪੰਜਾਬ ਦੀਆਂ ਕਈ ਪੀੜੀਆਂ ਬਰਬਾਦ ਕੀਤੀਆਂ, ਕਿਵੇਂ ਇਨਾਂ ਧਿਰਾਂ ਨੇ ਜਾਇਦਾਦਾਂ ਦੇ ਅੰਬਾਰ ਲਾ ਕੇ ਆਪ ਮਾਲਾਮਾਲ ਹੋਏ ਅਤੇ ਪੰਜਾਬ ਨੂੰ ਕੰਗਾਲ ਕੀਤਾ। ਇਨਾਂ ਦਾ ਪੰਜਾਬ ਮਾਡਲ ਸਿੱਧੂ ਮੂਸੇਵਾਲਾ ਦੀ ਕਾਂਗਰਸ ਵਿਚ ਸ਼ਮੂਲੀਅਤ ਨਾਲ ਨੰਗਾ ਹੋਣਾ ਸ਼ੁਰੂ ਹੋ ਗਿਆ ਹੈ।

ਪੰਜਾਬ ਅਤੇ ਲੋਕਾਂ ਨੇ ਇਨਾਂ ਦਾ ਪੰਜਾਬ ਮਾਡਲ ਪਹਿਲਾਂ ਵੀ ਵੇਖਿਆ ਜਦੋਂ ਝੂਠੇ ਮੁਕਾਬਲਿਆਂ ਵਿਚ ਜਵਾਨੀ ਦਾ ਕਤਲ ਕਰਕੇ ਭੰਗੜੇ ਪਾਏ ਗਏ। ਚੰਨੀ ਸਰਕਾਰ ਨੂੰ ਸੰਸਕ੍ਰਿਤ ਲਾਗੂ ਕਰਨ ਦਾ ਚੇਤਾ ਆ ਗਿਆ ਪਰ ਗੁਰਬਾਣੀ ਦੀ ਪੜਾਈ ਪਹਿਲੀ ਜਮਾਤ ਤੋਂ ਸ਼ੁਰੂ ਕਰਨ ਦਾ ਚੇਤਾ ਨਹੀਂ ਆਇਆ। ਕੇਜਰੀਵਾਲ ਦੀ ਤਿਰੰਗਾ ਯਾਤਰਾ, ਪੰਜਾਬ ਦੀਆਂ ਧੀਆਂ-ਭੈਣਾਂ ਦੇ ਖਾਤਿਆਂ ਵਿਚ 1000-1000 ਰੁਪਏ ਪਾਉਣ ਦੀਆਂ ਗੱਲਾਂ ਪੰਜਾਬ ਨੂੰ ਬੇਪੱਤ ਕਰ ਕੇ ਸਿੱਖੀ ਨੂੰ ਮਨਫ਼ੀ ਕਰਨ ਦੀਆਂ ਹਨ।



ਖਾਲੜਾ ਮਿਸ਼ਨ ਨੇ ਕਿਹਾ ਕਿ ਜੀਜਿਆਂ-ਸਾਲਿਆਂ, ਚਾਚਿਆਂ-ਭਤੀਜਿਆਂ ਵਲੋਂ ਪੰਜਾਬ ਦੀ ਲੁੱਟ ਕਰਨ ਤੋਂ ਬਾਅਦ ਕੇਜਰੀਵਾਲ ਨਕਲੀ ਭਰਾ ਬਣ ਕੇ ਰਾਜਨੀਤਕ ਠੱਗੀ ਮਾਰਨਾ ਚਾਹੁੰਦਾ ਹੈ।

ਉਨਾਂ ਭਾਈ ਜਗਤਾਰ ਸਿੰਘ ਹਵਾਰਾ ਸਮੇਤ ਸਾਰੇ ਬੰਦੀ ਸਿੱਖਾਂ ਦੀ ਰਿਹਾਈ ਦੀ ਮੰਗ ਕਰਦਿਆਂ ਕਿਹਾ ਕਿ ਮੰਨੂਵਾਦੀਆਂ ਵਿਚ ਭੋਰਾ ਵੀ ਇਨਸਾਨੀਅਤ ਨਹੀਂ ਹੈ ਅਤੇ ਲਗਤਾਰ ਗ਼ੈਰ-ਕਾਨੂੰਨੀ ਤੌਰ 'ਤੇ ਸਿੱਖਾਂ ਨੂੰ ਜੇਲਾਂ ਵਿਚ ਰੋਲ ਕੇ ਸਿੱਖੀ ਨਾਲ 5 ਸਦੀਆਂ ਪੁਰਾਣਾ ਵੈਰ ਕੱਢ ਰਹੇ ਹਨ। ਇਸ ਮੌਕੇ ਵਿਰਸਾ ਸਿੰਘ ਬਹਿਲਾ, ਪ੍ਰਵੀਨ ਕੁਮਾਰ, ਬਾਬਾ ਦਰਸ਼ਨ ਸਿੰਘ, ਐਡਵੋਕੇਟ ਜਗਦੀਪ ਸਿੰਘ ਰੰਧਾਵਾ ਤੇ ਹੋਰ ਹਾਜ਼ਰ ਸਨ।

# ਭਾਈ ਜਗਤਾਰ ਸਿੰਘ ਹਵਾਰਾ ਡੇਂਗੂ ਤੋਂ ਹੋਏ ਠੀਕ

## ਪਲੇਟਲੈਟਸ ਦੀ ਗਿਣਤੀ 2.2 ਲੱਖ ਹੋਈ

**ਨਵੀਂ ਦਿੱਲੀ/ਮਨਪ੍ਰੀਤ ਸਿੰਘ ਖਾਲਸਾ :-** ਦਿੱਲੀ ਦੀ ਤਿਹਾੜ ਜੇਲ ਅੰਦਰ ਬੰਦ ਭਾਈ ਜਗਤਾਰ ਸਿੰਘ ਹਵਾਰਾ ਜੋ ਕਿ ਡੇਂਗੂ ਨਾਲ ਪੀੜਿਤ ਹੋ ਗਏ ਸਨ, ਹੁਣ ਉਨਾਂ ਦੀ ਹਾਲਾਤ ਠੀਕ ਹੋ ਗਈ ਹੈ। ਅਦਾਲਤ ਅੰਦਰ ਉਨਾਂ ਦੇ ਮਾਮਲੇ ਦੀ ਪੈਰਵਾਈ ਕਰ ਰਹੇ ਪੰਥਕ ਵਕੀਲ ਹਰਪ੍ਰੀਤ ਸਿੰਘ ਹੋਰਾਂ ਨੇ ਦਸਿਆ ਕਿ 3 ਦਸੰਬਰ 2021 ਨੂੰ ਭਾਈ ਹਵਾਰਾ ਨੂੰ ਏਮਜ਼ ਲਿਜਾਣ ਲਈ ਹਾਈ ਕੋਰਟ ਨੇ ਹੁਕਮ ਜਾਰੀ ਕੀਤੇ ਸਨ। ਇਸ ਤੋਂ ਪਹਿਲਾਂ ਭਾਈ ਹਵਾਰੇ ਦੀ ਸਿਹਤ ਖਰਾਬ ਹੋਣ ਤੇ ਉਨਾਂ ਨੂੰ ਜੇਲ ਦੇ ਨਜ਼ਦੀਕੀ ਦੀਨ ਦਿਆਲ ਹਸਪਤਾਲ



ਵਿਚ ਲੈ ਕੇ ਗਏ ਸਨ ਜਿਥੇ ਇਲਾਜ ਕਰਵਾ ਕੇ ਮੁੜ ਜੇਲ ਪ੍ਰਸ਼ਾਸ਼ਨ ਵਲੋਂ ਜੇਲ ਦੇ ਅੰਦਰ ਬਣੇ ਹਸਪਤਾਲ ਵਿਚ ਦਾਖਲ ਕਰਕੇ ਇਲਾਜ ਕੀਤਾ ਗਿਆ ਸੀ। ਬੀਤੇ ਦਿਨ ਅਦਾਲਤ ਅੰਦਰ ਸਰਕਾਰ ਨੇ ਆਪਣੀ ਦਾਖਿਲ ਕੀਤੀ ਮੈਡੀਕਲ ਰਿਪੋਰਟ ਵਿਚ ਕਿਹਾ ਹੈ ਕਿ ਉਸ ਦੇ ਪਲੇਟਲੇਟਸ 1 ਲੱਖ ਤੋਂ ਵੱਧ ਹੋ ਗਏ ਹਨ ਅਤੇ ਹੁਣ ਉਸ ਦੇ ਪਲੇਟਲੇਟਸ ਦੀ ਗਿਣਤੀ ਵੱਧ ਕੇ 2.2 ਲੱਖ ਹੋ ਗਈ ਹੈ। ਇਸਦੇ ਨਾਲ ਹੀ ਭਾਈ ਹਵਾਰਾ ਨੇ ਵੀ ਜੇਲ ਪ੍ਰਸ਼ਾਸਨ ਨੂੰ ਲਿਖਤੀ ਤੌਰ 'ਤੇ ਪੱਤਰ ਦਿੱਤਾ ਸੀ ਕਿ ਉਨਾਂ ਦੀ ਹਾਲਤ ਹੁਣ ਬਿਹਤਰ ਹੈ। ਜ਼ਿਕਰਯੋਗ ਹੈ ਕਿ ਭਾਈ ਹਵਾਰਾ ਦੀ ਸਿਹਤਯਾਬੀ ਲਈ ਸੰਸਾਰ ਭਰ ਵਿਚ ਅਰਦਾਸਾਂ ਜੋਦੜੀਆਂ ਕੀਤੀਆਂ ਜਾ ਰਹੀਆਂ ਸਨ ਅਤੇ ਅਖੰਡ ਕੀਰਤਨੀ ਜੱਥਾ ਦਿੱਲੀ ਵਲੋਂ ਉਨਾਂ ਦੀ ਸਿਹਤਯਾਬੀ ਲਈ ਉਚੇਚੇ ਤੌਰ 'ਤੇ ਕੀਰਤਨੀ ਸਮਾਗਮ ਕੀਤੇ ਗਏ ਸਨ।

# ਜੁਝਾਰੂ ਪੱਤਰਕਾਰ ਯੋਧਾ ਵਿਨੋਦ ਦੂਆ ਚਲ ਵਸੇ

## ਕੁਝ ਦਿਨਾਂ ਤੋਂ ਲੀਵਰ ਦੀ ਬਿਮਾਰੀ ਕਾਰਨ ਅਪੋਲੋ ਹਸਪਤਾਲ ਵਿਚ ਸਨ ਦਾਖ਼ਲ

## ਹਕੂਮਤੀ ਦਬਾਓ ਨੂੰ ਚੁਣੌਤੀ ਦੇਣ ਦੀ ਹਿੰਮਤ ਰਖਦਾ ਸੀ ਦੂਆ

**ਨਵੀਂ ਦਿੱਲੀ/ਏ.ਟੀ.ਨਿਊਜ਼ :** ਬਲੈਕ ਐਂਡ ਵਾਈਟ ਦੇ ਯੁੱਗ ਵਿਚ ਦੂਰਦਰਸ਼ਨ ਤੋਂ ਆਪਣਾ ਕਰੀਅਰ ਸ਼ੁਰੂ ਕਰਨ ਅਤੇ ਬਾਅਦ ਦੇ ਦਹਾਕਿਆਂ ਵਿਚ ਡਿਜੀਟਲ ਦੁਨੀਆ ਵਿਚ ਆਪਣੀ ਖਾਸ ਪਛਾਣ ਬਣਾਉਣ ਵਾਲੇ ਮਸ਼ਹੂਰ ਪੱਤਰਕਾਰ ਵਿਨੋਦ ਦੂਆ ਦਾ ਦਿੱਲੀ ਦੇ ਅਪੋਲੋ ਹਸਪਤਾਲ ਵਿਚ ਦੇਹਾਂਤ ਹੋ ਗਿਆ। ਉਹ 67 ਸਾਲਾਂ ਦੇ ਸਨ। ਵਿਨੋਦ ਦੂਆ ਨੇ ਕਈ ਪੁਰਸਕਾਰ ਜਿੱਤੇ। ਸਾਲ 2008 ਵਿਚ ਵਿਨੋਦ ਦੂਆ ਨੂੰ ਪੱਤਰਕਾਰੀ ਲਈ ਪਦਮਸ੍ਰੀ ਨਾਲ ਸਨਮਾਨਿਆ ਗਿਆ ਸੀ। ਇਸ ਤੋਂ ਇਲਾਵਾ ਉਹ ਪੱਤਰਕਾਰੀ ਵਿਚ ਰਾਮਨਾਥ ਗੋਇਨਕਾ ਐਕਸੀਲੈਂਸ ਪੁਰਸਕਾਰ ਹਾਸਲ ਕਰਨ ਵਾਲੇ ਇਲੈਕਟ੍ਰੌਨਿਕ ਮੀਡੀਆ ਦੇ ਪਹਿਲੇ ਪੱਤਰਕਾਰ ਸਨ।

ਉਨਾਂ ਦੀ ਧੀ ਮਲਿਕਾ ਅਦਾਕਾਰਾ-ਹਾਸ ਕਲਾਕਾਰ ਹੈ। ਇਸ ਸਾਲ ਦੀ ਸ਼ੁਰੂਆਤ ਵਿਚ ਕੋਵਿਡ ਕਾਰਨ ਉਨਾਂ ਨੂੰ ਹਸਪਤਾਲ ਵਿਚ ਭਰਤੀ ਕਰਵਾਇਆ ਗਿਆ ਸੀ ਅਤੇ ਕਰੋਨਾਵਾਇਰਸ ਕਾਰਨ ਇਸੇ ਸਾਲ ਜੂਨ ਮਹੀਨੇ ਵਿਚ ਉਨਾਂ ਨੇ ਆਪਣੀ ਪਤਨੀ, ਰੇਡੀਓਲੌਜਿਸਟ ਪਦਮਾਵਤੀ 'ਚਿੰਨਾ' ਦੂਆ ਨੂੰ ਗੁਆ ਦਿੱਤਾ ਸੀ। ਹਸਪਤਾਲ ਦੇ ਸੂਤਰਾਂ ਨੇ ਦੱਸਿਆ ਕਿ ਅਪੋਲੋ ਹਸਪਤਾਲ ਦੇ ਆਈਸੀਯੂ ਵਿਚ ਭਰਤੀ ਵਿਨੋਦ ਦੂਆ ਲਿਵਰ ਦੀ ਪੁਰਾਣੀ ਬਿਮਾਰੀ ਤੋਂ ਪੀੜਤ ਸਨ।

**ਵਿਨੋਦ ਦੂਆ ਦਾ ਵੰਡ ਦੇ ਸ਼ਰਨਾਰਥੀ ਕੈਂਪਾਂ ਤੋਂ ਲੈ ਕੇ ਦੇਸ਼ ਦੇ ਨਾਮੀ ਚੈਨਲਾਂ ਤੱਕ ਦਾ ਸਫ਼ਰ**

ਉੱਘੇ ਟੀਵੀ ਐਂਕਰ ਵਿਨੋਦ ਦੂਆ ਦਾ ਜਾਣਾ ਟੀ ਵੀ ਪੱਤਰਕਾਰੀ ਦੇ ਇੱਕ ਯੁੱਗ ਦਾ ਅੰਤ ਹੈ। ਖ਼ਾਸ ਤੌਰ 'ਤੇ ਟੀਵੀ ਪੱਤਰਕਾਰੀ ਲਈ। ਉਨਾਂ ਕਰਕੇ ਹਿੰਦੀ ਪੱਤਰਕਾਰੀ ਪਹਿਲੀ ਵਾਰ ਜਗਮਗਾਈ ਸੀ। ਦੂਰਦਰਸ਼ਨ ਉੱਪਰ ਉਨਾਂ ਦੀ ਸ਼ੁਰੂਆਤ, ਗ਼ੈਰ ਖ਼ਬਰੀ ਪ੍ਰੋਗਰਾਮਾਂ ਦੀ ਮੇਜ਼ਬਾਨੀ ਤੋਂ ਹੋਈ ਸੀ ਪਰ ਬਾਅਦ ਵਿੱਚ ਉਹ ਖ਼ਬਰਾਂ ਬਾਰੇ ਪ੍ਰੋਗਰਾਮਾਂ ਦੀ ਦੁਨੀਆਂ ਵਿੱਚ





ਦਾਖ਼ਲ ਹੋਏ ਅਤੇ ਛਾ ਗਏ। ਚੋਣ ਵਿਸ਼ਲੇਸ਼ਣ ਨੇ ਉਨਾਂ ਦੀ ਪ੍ਰਸਿੱਧੀ ਨੂੰ ਅਸਮਾਨ ਤੱਕ ਪਹੁੰਚਾ ਦਿੱਤਾ ਸੀ।

ਜਨਵਾਣੀ ਪ੍ਰੋਗਰਾਮ ਵਿੱਚ ਉਹ ਮੰਤਰੀਆਂ ਤੋਂ ਜਿਸ ਤਰਾਂ ਦੇ ਸਵਾਲ ਪੁੱਛਦੇ ਸਨ ਜਾਂ ਉਨਾਂ ਦੀ ਕਲਪਨਾ ਕਰਨਾ ਉਸ ਜ਼ਮਾਨੇ ਵਿੱਚ ਅਸੰਭਵ ਜਿਹੀ ਗੱਲ ਸੀ। ਮੰਤਰੀ ਦੇ ਮੂੰਹ 'ਤੇ ਆਲੋਚਨਾ ਕਰਨ ਦੀ ਹਿੰਮਤ ਸਰਕਾਰੀ ਕੰਟਰੋਲ ਵਾਲੇ ਦੂਰਦਰਸ਼ਨ ਵਿੱਚ ਕੋਈ ਐਂਕਰ ਸ਼ਕਤੀਸ਼ਾਲੀ ਮੰਤਰੀ ਨੂੰ ਇਹ ਕਹੇ ਕਿ ਉਨਾਂ ਦੇ ਕੰਮਕਾਜ ਦੇ ਅਧਾਰ ਉੱਪਰ ਉਹ ਉਨਾਂ ਨੂੰ ਦਸ ਵਿੱਚੋਂ ਤਿੰਨ ਨੰਬਰ ਦਿੰਦੇ ਹਨ ਅਤੇ ਇਹ ਉਸ ਲਈ ਬਹੁਤ ਸ਼ਰਮਨਾਕ ਗੱਲ ਸੀ। ਦੂਆ ਵਿੱਚ ਅਜਿਹਾ ਕਹਿਣ ਦੀ ਹਿੰਮਤ ਸੀ ਅਤੇ ਉਹ ਵਾਰ-ਵਾਰ ਅਜਿਹਾ ਕਰਦੇ ਸਨ। ਇਸ ਲਈ ਮੰਤਰੀਆਂ ਨੇ ਪ੍ਰਧਾਨ ਮੰਤਰੀ ਕੋਲ ਇਸ ਦੀ ਸ਼ਿਕਾਇਤ ਕਰਕੇ ਪ੍ਰੋਗਰਾਮ ਬੰਦ ਕਰਵਾਉਣ ਦੀ ਵਾਹ ਲਾਈ ਪਰ ਸਫ਼ਲ ਨਹੀਂ ਹੋ ਸਕੇ।ਉਨਾਂ ਨੇ ਕਦੇ ਇਸ ਗੱਲ ਦੀ ਫਿਕਰ ਨਹੀਂ ਕੀਤੀ ਕਿ ਸੱਤਾ ਉਨਾਂ ਨੇ ਨਾਲ ਕੀ ਸਲੂਕ ਕਰੇਗੀ। ਸੱਤਾਧਾਰੀ ਦਲ ਨੇ ਉਨਾਂ ਨੂੰ ਦੇਸ਼ਧ੍ਰੋਹ ਦੇ ਕੇਸ ਵਿੱਚ ਫ਼ਸਾਉਣ ਦੀ ਕੋਸ਼ਿਸ਼ ਕੀਤੀ, ਪਰ ਉਨਾਂ ਨੇ ਲੜਾਈ ਲੜੀ ਅਤੇ ਸੁਪਰੀਮ ਕੋਰਟ ਵਿੱਚੋਂ ਜਿੱਤ ਹਾਸਲ ਕੀਤੀ। ਉਨਾਂ ਦਾ ਮੁਕੱਦਮਾ ਮੀਡੀਆ ਲਈ ਵੀ ਇੱਕ ਰਾਹਤ ਸਾਬਤ ਹੋਇਆ।

ਇਹ ਸਹੀ ਹੈ ਕਿ ਉਹ ਘਟਨਾਵਾਂ ਦੀ ਰਿਪੋਰਟਿੰਗ ਲਈ ਸ਼ੁਰੂਆਤੀ ਦੌਰ ਤੋਂ ਇਲਾਵਾ (ਨਿਊਜ਼ ਲਾਈਨ) ਕਦੇ ਫ਼ੀਲਡ ਵਿੱਚ ਨਹੀਂ ਉੱਤਰੇ (ਖਾਣ-ਪਾਨ ਦੇ ਪ੍ਰੋਗਰਾਮ, ਜ਼ਾਇਕਾ ਇੰਡੀਆ ਨੂੰ ਛੱਡ ਕੇ ਅਤੇ ਨਾ ਹੀ ਅਖ਼ਬਾਰ-ਰਸਾਲਿਆਂ ਵਿੱਚ ਲੇਖ ਵਗੈਰਾ ਲਿਖਦੇ ਸਨ ਪਰ ਦੇਸ਼-ਦੁਨੀਆਂ ਦੀਆਂ ਹਲਚਲਾਂ ਦੇ ਬਾਰੇ ਬਹੁਤ ਚੇਤੰਨ ਰਹਿੰਦੇ ਸਨ। ਇਹ ਉਨਾਂ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ।ਇਹੀ ਕਾਰਨ ਹੈ ਕਿ ਉਨਾਂ ਦੀ ਐਂਕਰਿੰਗ ਪੱਤਰਕਾਰੀ ਦੀ ਸੂਝ ਅਤੇ ਜਾਣਕਾਰੀਆਂ ਨਾਲ ਭਰੀ ਹੁੰਦੀ ਸੀ।

ਉਨਾਂ ਵੱਲੋਂ ਪੇਸ਼ ਕੀਤਾ ਜਾਣ ਵਾਲਾ ਪ੍ਰੋਗਰਾਮ ਪ੍ਰਤੀਦਿਨ ਵੀ ਸੀ।ਇਸ ਪ੍ਰੋਗਰਾਮ ਵਿੱਚ ਉਹ ਪੱਤਰਕਾਰਾਂ ਨਾਲ ਮਿਲ ਕੇ ਉਸ ਦਿਨ ਦੀਆਂ ਅਖ਼ਬਾਰੀ ਸੁਰਖੀਆਂ ਦੀ ਚਰਚਾ ਕਰਦੇ ਸਨ।ਇਸ ਪ੍ਰੋਗਰਾਮ ਵਿੱਚ ਉਨਾਂ ਨੂੰ ਦੇਖ ਕੇ ਕੋਈ ਨਹੀਂ ਕਹਿ ਸਕਦਾ ਸੀ ਕਿ ਇਸ ਐਂਕਰ ਵਿੱਚ ਪੱਤਰਕਾਰੀ ਨਹੀਂ ਹੈ।

ਵਿਨੋਦ ਦੂਆ ਟੀ ਵੀ ਪੱਤਰਕਾਰੀ ਦੀ ਪਹਿਲੀ ਪੀੜੀ ਦੇ ਐਂਕਰ ਸਨ। ਉਨਾਂ ਨੇ ਉਸ ਦੌਰ ਵਿੱਚ ਪੱਤਰਕਾਰੀ ਸ਼ੁਰੂ ਕੀਤੀ ਸੀ ਜਦੋਂ ਸਿੱਧਾ ਪ੍ਰਸਾਰਣ ਨਾ ਦੇ ਬਰਾਬਰ ਹੁੰਦਾ ਸੀ। ਯੁਵਾ ਮੰਚ (1974) ਅਤੇ ਆਪਕੇ ਲੀਏ (1981) ਵਰਗੇ ਪ੍ਰੋਗਰਾਮ ਰਿਕਾਰਡ ਹੁੰਦੇ ਸਨ।

ਬਹੁਤ ਬਾਅਦ ਵਿੱਚ, 1985 ਵਿੱਚ ਚੋਣ ਵਿਸ਼ਲੇਸ਼ਣ 'ਤੇ ਅਧਾਰਿਤ ਪ੍ਰੋਗਰਾਮ ਦਾ ਸਿੱਧਾ ਪ੍ਰਸਾਰਣ ਸ਼ੁਰੂ ਹੋਇਆ। ਇਸ ਵਿੱਚ ਵੀ ਵਿਨੋਦ ਉਨਾਂ ਦੇ ਸਵਾਲਾਂ ਵਿੱਚ ਇਸ ਦੀ ਛਾਪ ਨਜ਼ਰ ਆਉਂਦੀ ਸੀ।

ਵਿਨੋਦ ਦੂਆ ਦੀ ਪੱਤਰਕਾਰੀ ਨਾਲ ਜੁੜੀ ਸਮਝ ਦੀ ਇੱਕ ਮਿਸਾਲ ਸਹਾਰਾ ਵਨ ਉੱਪਰ ਦੂਆ ਨੇ ਆਪਣੀ ਮੁਹਾਰਤ ਸਾਬਤ ਕਰ ਦਿੱਤੀ ਸੀ।

ਬਾਅਦ ਵਿੱਚ ਜਦੋਂ ਖ਼ਬਰੀ ਚੈਨਲਾਂ ਦਾ ਦੌਰ ਆਇਆ, ਜਿਸ ਵਿੱਚ ਲਾਈਵ ਹੀ ਲਾਈਵ ਸੀ। ਉਸ ਵਿੱਚ ਸਮਤੋਲ ਬਣਾਉਣ ਵਿੱਚ ਉਨਾਂ ਨੂੰ ਕੋਈ ਮੁਸ਼ਕਲ ਨਹੀਂ ਆਈ ਅਤੇ ਜਦੋਂ ਡਿਜੀਟਲ ਪੱਤਰਕਾਰੀ ਦਾ ਦੌਰ ਆਇਆ ਤਾਂ ਉਹ ਇਸ ਵਿੱਚ ਵੀ ਆਪਣੀ ਵਿਲੱਖਣ ਪਛਾਣ ਬਣਾਉਣ ਵਿੱਚ ਸਫ਼ਲ ਰਹੇ। ਦਿ ਵਾਇਰ ਅਤੇ ਐੱਚਡਬਲਿਊ ਉੱਪਰ ਉਨਾਂ ਦੇ ਸ਼ੋਅ ਦੇ ਦਰਸ਼ਕਾਂ ਦੀ ਸੰਖਿਆ ਲੱਖਾਂ ਵਿੱਚ ਸੀ।ਸਾਹਿਤ ਤੋਂ ਇਲਾਵਾ ਹੋਰ ਵਿਸ਼ਿਆ ਬਾਰੇ ਵੀ ਉਨਾਂ ਦਾ ਅਧਿਐਨ ਚਲਦਾ ਰਹਿੰਦਾ ਸੀ। ਕਿਤਾਬਾਂ ਉਨਾਂ ਦੀਆਂ ਅਨਿਖੜ ਦੋਸਤ ਸਨ।

ਵਿਨੋਦ ਦੂਆ ਜ਼ਮੀਨ ਨਾਲ ਜੁੜੇ ਹੋਏ ਵਿਅਕਤੀ ਸੀ। ਉਨਾਂ ਦਾ ਪਰਿਵਾਰ ਵੰਡ ਸਮੇਂ ਪਾਕਿਸਤਾਨ ਦੇ ਡੇਰਾ ਇਸਮਾਈਲ ਖ਼ਾਨ ਤੋਂ ਹਿਜ਼ਰਤ ਕਰਕੇ ਆਇਆ ਸੀ। ਉਸ ਅਰਸੇ ਦੌਰਾਨ ਉਨਾਂ ਨੇ ਉਹ ਸਾਰੀਆਂ ਦੁਸ਼ਵਾਰੀਆਂ ਆਪਣੇ ਪਿੰਡੇ 'ਤੇ ਹੰਢਾਈਆਂ ਹੋਣਗੀਆਂ ਜੋ ਵੰਡ ਦੇ ਮਾਰੇ ਹੋਰ ਪਰਿਵਾਰਾਂ ਦੇ ਨੌਨਿਹਾਲਾਂ ਨੇ ਝੱਲੀਆਂ ਹੋਣਗੀਆਂ। ਇਸ ਲਈ ਉਨਾਂ ਵਿੱਚ ਹਲੀਮੀ ਸੀ। ਖ਼ੈਰ, ਵਿਨੋਦ ਦੂਆ ਦਾ ਇਸ ਤਰਾਂ ਅਜਿਹੇ ਸਮੇਂ ਤੁਰ ਜਾਣਾ ਪੱਤਰਕਾਰੀ ਦਾ ਨਹੀਂ, ਲੋਕਤੰਤਰ ਲਈ ਇੱਕ ਬਹੁਤ ਵੱਡਾ ਘਾਟਾ ਹੈ। ਉਨਾਂ ਦੀ ਮੌਜੂਦਗੀ ਸਾਡੇ ਵਰਗੇ ਬਹੁਤ ਸਾਰੇ ਪੱਤਰਕਾਰਾਂ ਨੂੰ ਪ੍ਰੇਰਣਾ ਦਿੰਦੀ ਹੀ ਸੀ, ਉਨਾਂ ਲੜਾਕਿਆਂ ਨੂੰ ਵੀ ਲੜਨ ਅਤੇ ਹਕੂਮਤੀ ਦਬਾਵਾਂ ਨੂੰ ਚੁਣੌਤੀ ਦੇਣ ਦੀ ਹਿੰਮਤ ਦਿੰਦੀ ਸੀ, ਜੋ ਲੋਕਤੰਤਰ ਅਤੇ ਸਾਂਝੀ ਵਿਰਾਸਤ ਨੂੰ ਬਚਾਉਣ ਲਈ ਕੋਸ਼ਿਸ਼ ਵਿੱਚ ਹਨ।

# ਹਥਿਆਰਾਂ ਨੂੰ ਗੀਤਾਂ ਵਿਚ ਪਰਮੋਟ ਕਰਨ ਵਾਲਾ ਸਿੱਧੂ ਮੂਸੇਵਾਲਾ ਕਾਂਗਰਸ ਵਿਚ ਕਿਉਂ ਗਿਆ

**ਚੰਡੀਗੜ/ਏ.ਟੀ.ਨਿਊਜ਼ :** *ਸਾਡਾ ਚੱਲਦਾ ਹੈ ਧੱਕਾ ਅਸੀਂ ਤਾਂ ਕਰਦੇ' 'ਗੱਭਰੂ 'ਤੇ ਕੇਸ ਜਿਹੜਾ ਸੰਜੇ ਦੱਤ 'ਤੇ...'*

*'ਡਾਲਰਾਂ ਵਾਗੂ ਨੀਂ ਨਾਮ ਸਦਾ ਚੱਲਦਾ, ਅਸੀਂ ਪੁੱਤ ਡਾਕੂਆਂ ਦੇ...'*

ਅਜਿਹੇ ਕਈ ਹਿੱਟ ਗਾਣੇ ਗਾਉਣ ਵਾਲੇ ਪੰਜਾਬੀ ਸਿੰਗਰ ਸਿੱਧੂ ਮੂਸੇਵਾਲਾ ਬੀਤੇ ਦਿਨੀਂ ਕਾਂਗਰਸ ਵਿੱਚ ਸ਼ਾਮਲ ਹੋਏ ਸਨ।ਗਨ ਕਲਚਰ ਨੂੰ ਉਤਸ਼ਾਹਿਤ ਕਰਨ ਦੇ ਇਲਜ਼ਾਮਾਂ ਨੂੰ ਝੱਲ ਰਹੇ ਮੂਸੇਵਾਲਾ ਦੇ ਖਿਲਾਫ਼ ਤੇ ਹੱਕ ਵਿੱਚ ਸੋਸ਼ਲ ਮੀਡੀਆ 'ਤੇ ਵੀ ਖਾਸੀ ਚਰਚਾ ਹੋਈ ਸੀ।

ਤਿੰਨ ਦਸੰਬਰ ਨੂੰ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਅਤੇ ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੀ ਹਾਜ਼ਰੀ ਵਿਚ ਸਿੱਧੂ ਮੂਸੇਵਾਲਾ ਨੂੰ ਪਾਰਟੀ ਵਿੱਚ ਸ਼ਾਮਲ ਕਰਵਾਇਆ ਗਿਆ। ਉਸ ਤੋਂ ਬਾਅਦ ਕਾਂਗਰਸ ਹਾਈ ਕਮਾਂਡ ਨਾਲ ਸਿੱਧੂ ਮੂਸੇਵਾਲਾ ਦੀ ਮੁਲਾਕਾਤ ਕਰਵਾਈ ਗਈ। ਕਾਂਗਰਸ ਦਾ ਹੱਥ ਫੜਨ ਵੇਲੇ ਸਿੱਧੂ ਮੂਸੇਵਾਲਾ ਨੇ ਕਿਹਾ, 'ਅੱਜ ਤੋਂ 3-4 ਸਾਲ ਪਹਿਲਾਂ ਮੈਂ ਸੰਗੀਤ ਸ਼ੁਰੂ ਕੀਤਾ ਸੀ। ਅੱਜ ਚਾਰ ਸਾਲਾਂ ਬਾਅਦ ਮੈਂ ਆਪਣੀ ਜ਼ਿੰਦਗੀ ਵਿੱਚ ਇੱਕ ਨਵਾਂ ਕਦਮ ਚੁੱਕਣ ਜਾ ਰਿਹਾ ਹਾਂ ਅਸੀਂ ਆਮ ਪਰਿਵਾਰਾਂ ਵਿਚੋਂ ਉੱਠੇ ਹੋਏ ਲੋਕ ਹਾਂ। ਮੇਰੇ ਪਿਤਾ ਜੀ ਫੌਜ ਵਿੱਚ ਰਹੇ ਹਨ ਤੇ ਅਜੇ ਵੀ ਅਸੀਂ ਉਸੇ ਪਿੰਡ ਵਿੱਚ ਰਹਿ ਰਹੇ ਹਾਂ।ਕਾਂਗਰਸ ਵਿਚ ਸ਼ਾਮਲ ਹੋਣ ਪਹਿਲਾਂ ਵੱਡਾ ਕਾਰਨ ਹੈ ਇਹ ਕਿ ਜਿਹੜੀ ਪੰਜਾਬ ਕਾਂਗਰਸ ਹੈ, ਇਸ ਵਿੱਚ ਉਹ ਲੋਕ ਨੇ ਜਿਹੜੇ ਆਮ ਘਰਾਂ ਤੋਂ ਉੱਠੇ ਹੋਏ ਹਨ। ਮੁੱਖ ਵਜਾ ਇਹ ਹੈ ਕਿ ਇੱਥੇ ਕੋਈ ਵੀ ਮਿਹਨਤਕਸ਼ ਆਪਣੀ ਆਵਾਜ਼ ਬੁਲੰਦ ਕਰ ਸਕਦਾ ਹੈ ਤੇ ਵਿਕਾਸ ਕਰ ਸਕਦਾ ਹੈ।'

**ਕੌਣ ਹੈ ਸਿੱਧੂ ਮੂਸੇਵਾਲਾ**

ਤਕਰੀਬਨ ਚਾਰ ਸਾਲ ਪਹਿਲਾਂ ਪੰਜਾਬੀ ਮਨੋਰੰਜਨ ਜਗਤ ਵਿੱਚ ਆਏ ਸ਼ੁਭਦੀਪ ਸਿੰਘ ਸਿੱਧੂ ਬੜੀ ਤੇਜ਼ੀ ਨਾਲ ਸਿੱਧੂ ਮੂਸੇਵਾਲਾ ਦੇ ਨਾਂ ਨਾਲ ਮਸ਼ਹੂਰ ਹੋਏ।

ਸਿੱਧੂ ਮੂਸੇਵਾਲਾ ਦਾ ਪਿੰਡ ਜ਼ਿਲਾ ਮਾਨਸਾ ਵਿੱਚ ਪੈਂਦਾ ਮੂਸਾ ਹੈ। ਸਿੱਧੂ ਮੂਸੇਵਾਲਾ ਦੀ ਚਰਚਾ ਸਾਲ 2018 ਤੋਂ ਜ਼ਿਆਦਾ ਹੋਣ ਲੱਗੀ ਜਦੋਂ ਬੰਦੂਕ ਸੱਭਿਆਚਾਰ ਸਬੰਧੀ ਕਈ ਗੀਤ ਆਏ।ਸਿੱਧੂ ਮੂਸੇਵਾਲਾ ਦੀ ਮਾਤਾ ਚਰਨਜੀਤ ਕੌਰ ਮੂਸਾ ਪਿੰਡ ਦੇ ਸਰਪੰਚ ਹਨ। ਸਰਪੰਚੀ ਦੀਆਂ ਚੋਣਾਂ ਦੌਰਾਨ ਸਿੱਧੂ ਮੂਸੇਵਾਲਾ ਨੇ ਆਪਣੀ ਮਾਂ ਲਈ ਜ਼ੋਰਾਂ-ਸ਼ੋਰਾਂ ਨਾਲ ਪ੍ਰਚਾਰ ਕੀਤਾ ਸੀ। ਹੁਣ ਸਿੱਧੂ ਮੂਸੇਵਾਲਾ ਨੇ ਆਪ ਸਿਆਸਤ ਵਿੱਚ ਪੈਰ ਧਰ ਲਿਆ



ਹੈ।ਸਿੱਧੂ ਨੇ ਸਰਦਾਰ ਚੇਤਨ ਸਿੰਘ ਸਰਵਹਿੱਤਕਾਰੀ ਵਿੱਦਿਆ ਮੰਦਰ ਮਾਨਸਾ ਤੋਂ ਬਾਰਵੀਂ ਤੱਕ ਦੀ ਪੜਾਈ ਨਾਨ ਮੈਡੀਕਲ ਨਾਲ ਕੀਤੀ ਹੈ। ਇਸ ਮਗਰੋਂ ਉਨਾਂ ਨੇ ਗ੍ਰੈਜੂਏਸ਼ਨ ਕੀਤੀ ਅਤੇ ਬਾਅਦ ਵਿੱਚ ਇੱਕ ਸਾਲ ਦਾ ਡਿਪਲੋਮਾ ਕੈਨੇਡਾ ਵਿੱਚ ਕੀਤਾ।

**ਗਾਣੇ ਅਤੇ ਫਿਲਮਾਂ**

ਸਿੱਧੂ ਮੂਸੇਵਾਲਾ ਦੇ ਕਈ ਗੀਤ ਸੁਪਰਹਿੱਟ ਹੋਏ। ਸੋ ਹਾਈ, ਧੱਕਾ, ਓਲਡ ਸਕੂਲ, ਸੰਜੂ ਵਰਗੇ ਗਾਣੇ ਤਾਂ ਯੂਟਿਊਬ ਉੱਤੇ ਕਰੋੜਾਂ ਵਾਰ ਦੇਖੇ ਗਏ।ਇਨਾਂ ਗਾਣਿਆਂ ਰਾਹੀਂ ਬੰਦੂਕ ਸੱਭਿਆਚਾਰ ਨੂੰ ਹੱਲਾਸ਼ੇਰੀ ਦੇਣ ਦੇ ਇਲਜ਼ਾਮਾਂ ਤਹਿਤ ਮੂਸੇਵਾਲਾ ਦੀ ਆਲੋਚਨਾ ਵੀ ਹੋਈ ਅਤੇ ਕੇਸ ਵੀ ਦਰਜ ਹੋਏ। ਮੂਸੇਵਾਲਾ ਦੀਆਂ ਫਿਲਮਾਂ ਹਨ 'ਯਸ ਆਈ ਐਮ ਸਟੂਡੈਂਟ' , 'ਤੇਰੀ ਮੇਰੀ ਜੋੜੀ', 'ਗੁਨਾਹ', 'ਮੂਸਾ ਜੱਟ' ਅਤੇ ਆਉਣ ਵਾਲੀ ਫਿਲਮ ਹੈ 'ਜੱਟਾਂ ਦਾ ਮੁੰਡਾ ਗਾਉਣ ਲੱਗਾ'।ਸਿੱਧੂ ਮੂਸੇਵਾਲਾ ਦੇ ਗਾਣਿਆਂ ਦੀ ਧਮਕ ਬਾਲੀਵੁੱਡ ਤੱਕ ਵੀ ਹੈ। ਫਿਲਮ ਸਟਾਰ ਰਣਵੀਰ ਸਿੰਘ ਅਤੇ ਵਿੱਕੀ ਕੌਸ਼ਲ ਨੇ ਸੋਸ਼ਲ ਮੀਡੀਆ 'ਤੇ ਸਿੱਧੂ ਦੇ ਗਾਣਿਆਂ ਦੀਆਂ ਸਟੋਰੀਆਂ ਵੀ ਪਾਈਆਂ।




**ਸਿੱਧੂ ਮੂਸੇਵਾਲਾ 'ਤੇ ਪਏ ਕੇਸ ਅਤੇ ਵਿਵਾਦ**

ਸਿੱਧੂ ਮੂਸੇਵਾਲਾ ਦੇ ਫਾਇਰਿੰਗ ਕਰਨ ਦੇ ਦੋ ਵੀਡੀਓ ਵਾਇਰਲ ਹੋਏ ਸਨ। ਇਨਾਂ ਵਿੱਚੋਂ ਇੱਕ ਵੀਡੀਓ ਸਿੱਧੂ ਮੂਸੇਵਾਲਾ ਵੱਲੋਂ ਬਰਨਾਲਾ ਦੀ ਬਡਬਰ ਫਾਇਰਿੰਗ ਰੇਂਜ ਵਿੱਚ ਕਥਿਤ ਤੌਰ 'ਤੇ ਅਸਾਲਟ ਰਾਈਫਲ ਨਾਲ ਫਾਇਰਿੰਗ ਕਰਦੇ ਦੀ ਸੀ।ਸਿੱਧੂ ਮੂਸੇਵਾਲਾ ਸਣੇ 9 ਲੋਕਾਂ ਖ਼ਿਲਾਫ ਸੰਗਰੂਰ ਅਤੇ ਬਰਨਾਲਾ ਵਿੱਚ ਮਈ 2020 ਵਿੱਚ ਮਾਮਲਾ ਦਰਜ ਕੀਤਾ ਗਿਆ ਸੀ।ਇੱਕ ਹੋਰ ਵੀਡੀਓ ਵਿੱਚ ਸਿੱਧੂ ਮੂਸੇਵਾਲਾ ਸੰਗਰੂਰ ਦੀ ਲੱਡਾ ਕੋਠੀ ਰੇਂਜ ਵਿੱਚ ਇੱਕ ਪਿਸਟਲ ਨਾਲ ਫਾਇਰਿੰਗ ਕਰਦੇ ਵੇਖੇ ਗਏ ਸੀ।ਇਹ ਦੋਵੇਂ ਵੀਡੀਓ ਲੌਕਡਾਊਨ ਵੇਲੇ ਦੇ ਸਨ। ਪੁਲਿਸ ਨੇ ਪਹਿਲਾਂ ਆਪਦਾ ਪ੍ਰਬੰਧਨ ਐਕਟ ਤਹਿਤ ਮਾਮਲਾ ਦਰਜ ਕੀਤਾ ਸੀ। ਬਾਅਦ ਵਿੱਚ ਇਨਾਂ ਦੋਵੇਂ ਮਾਮਲਿਆਂ ਵਿੱਚ ਆਰਮਜ਼ ਐਕਟ ਵੀ ਜੋੜਿਆ ਗਿਆ।ਇਸ ਤੋਂ ਪਹਿਲਾਂ ਵੀ ਹਥਿਆਰਾਂ ਨੂੰ ਉਤਸ਼ਾਹਿਤ ਕਰਨ ਵਾਲੇ ਗੀਤਾਂ ਕਾਰਨ ਮੂਸੇਵਾਲਾ 'ਤੇ ਫ਼ਰਵਰੀ 2020 ਵਿੱਚ ਮਾਨਸਾ ਪੁਲਿਸ ਵੱਲੋਂ ਕੇਸ ਦਰਜ ਕੀਤਾ ਗਿਆ ਸੀ।

ਆਪਣੇ ਗੀਤ 'ਗੱਭਰੂ 'ਤੇ ਕੇਸ ਜਿਹੜਾ ਸੰਜੇ ਦੱਤ 'ਤੇ' ਕਰਕੇ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਵਿਵਾਦਾਂ ਵਿੱਚ ਆਏ।ਇਸ ਗੀਤ ਕਰਕੇ ਪੰਜਾਬ ਦੀ ਕ੍ਰਾਈਮ ਬਰਾਂਚ ਨੇ ਬੰਦੂਕ ਕਲਚਰ ਤੇ ਹਿੰਸਾ ਨੂੰ ਉਤਸ਼ਾਹਿਤ ਕਰਨ ਕਰਕੇ ਮਾਮਲਾ ਦਰਜ ਕੀਤਾ ਸੀ।

ਸਿੱਧੂ ਮੂਸੇ ਵਾਲਾਉਸ ਵੇਲੇ ਓਲੰਪਿਕ ਨਿਸ਼ਾਨੇਬਾਜ਼ ਅਤੇ ਸੀਨੀਅਰ ਪੁਲਿਸ ਅਫਸਰ ਅਵਨੀਤ ਕੌਰ ਸਿੱਧੂ ਵੱਲੋਂ ਆਪਣੇ ਫੇਸਬੁੱਕ ਅਕਾਊਂਟ ਰਾਹੀਂ ਸਿੱਧੂ ਮੂਸੇਵਾਲਾ ਨੂੰ ਨਸੀਹਤ ਵੀ ਦਿੱਤੀ ਗਈ ਸੀ।

ਅਵਨੀਤ ਨੇ ਆਪਣੀ ਫੇਸਬੁੱਕ ਪੋਸਟ 'ਚ ਲਿਖਿਆ, 'ਲੰਘੇ ਦਿਨੀਂ ਜੋ ਗੀਤ ਸਿੱਧੂ ਮੂਸੇਵਾਲਾਂ ਵੱਲੋਂ ਪੇਸ਼ ਕੀਤਾ ਗਿਆ ਹੈ ਉਸ ਵਿੱਚ ਉਹ ਖ਼ੁਦ ਨੂੰ ਸੰਜੇ ਦੱਤ ਨਾਲ ਜੋੜ ਰਿਹਾ ਹੈ। ਉਹ ਆਪਣੇ ਉੱਤੇ ਲੱਗੇ ਕੇਸਾਂ ਨੂੰ ਬਹੁਤ ਮਾਣ ਵਾਲੀ ਗੱਲ ਸਮਝ ਰਿਹਾ ਹੈ। ਸਿੱਧੂ ਗੀਤ ਵਿੱਚ ਕਹਿ ਰਿਹਾ ਹੈ ਕਿ ਜਿਨਾਂ ਉੱਤੇ ਕੇਸ ਹੁੰਦਾ ਹੈ ਉਹੀ ਮਰਦ ਹੁੰਦਾ ਹੈ ਬਾਕੀ ਤਾਂ ਐਵੇਂ ਹੀ....'

**ਨਵਜੋਤ ਸਿੱਧੂ ਨੇ ਸਿੱਧੂ ਮੂਸੇਵਾਲਾ ਦਾ ਇੰਝ ਕੀਤਾ ਬਚਾਅ**

ਪਾਰਟੀ ਵਿੱਚ ਸ਼ਾਮਲ ਹੋਣ ਤੋਂ ਬਾਅਦ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੱਧੂ ਨੂੰ ਪੱਤਰਕਾਰਾਂ ਨੇ ਸਿੱਧੂ ਮੂਸੇਵਾਲਾ ਦੇ ਗਨ ਕਲਚਰ ਵਾਲੇ ਗਾਣਿਆਂ ਬਾਰੇ ਸਵਾਲ ਕੀਤੇ ਤਾਂ ਉਨਾਂ ਕਿਹਾ ਕਿ ਇਸ ਬਾਰੇ ਫ਼ੈਸਲਾ ਪੰਜਾਬ ਦੇ ਲੋਕ ਕਰਨਗੇ। ਸਿੱਧੂ ਮੂਸੇਵਾਲਾ 'ਤੇ ਚੱਲਦੇ ਕੇਸਾਂ ਬਾਰੇ ਨਵਜੋਤ ਸਿੱਧੂ ਨੇ ਕਿਹਾ, 'ਇਸ ਗੱਲ ਨੂੰ ਸਮਝੋ ਕਿ ਕੇਸ ਪੈਣ ਦਾ ਮਤਲਬ ਇਹ ਨਹੀਂ ਹੁੰਦਾ ਕਿ ਬੰਦਾ ਦੋਸ਼ੀ ਹੋ ਗਿਆ। ਮੇਰੇ 'ਤੇ ਕੇਸ ਪਏ ਸੀ, ਫਿਰ ਲੋਕਾਂ ਨੇ ਛੇ ਚੋਣਾਂ ਜਿੱਤਵਾ ਦਿੱਤੀਆਂ।'

ਲਾਕਡਾਊਨ ਦੌਰਾਨ ਸਿੱਧੂ ਮੂਸੇਵਾਲਾ ਨੇ ਪੰਜਾਬ ਪੁਲਿਸ ਦੀ ਡਾਕਟਰਾਂ ਨੂੰ ਸਨਮਾਨਿਤ ਕਰਨ ਦੀ ਮੁਹਿੰਮ ਦਾ ਹਿੱਸਾ ਵੀ ਰਹੇ ਸਨ।

# ਗੁਰਦੁਆਰਾ ਪ੍ਰਬੰਧ ਵਿਚ ਸੁਧਾਰਾਂ ਦੇ ਮੱਦੇਨਜ਼ਰ ਨਵੇਂ ਪ੍ਰਧਾਨ ਨੂੰ ਦਰਪੇਸ਼ ਚੁਣੌਤੀਆਂ



**ਬਘੇਲ ਸਿੰਘ ਪੱਤਰਕਾਰ**

**99142-58142**

ਬਿਨਾਂ ਸ਼ੱਕ ਸ਼੍ਰੋਮਣੀ ਕਮੇਟੀ ਦਾ ਕੰਮ ਸਿੱਖੀ ਸਿਧਾਂਤਾਂ ਦੀ ਰੌਸ਼ਨੀ ਵਿੱਚ ਗੁਰਦੁਆਰਾ ਪ੍ਰਬੰਧਾਂ ਵਿੱਚ ਆਈਆਂ ਕਮੀਆਂ, ਪੇਸ਼ੀਆਂ ਅਤੇ ਤਰੁੱਟੀਆਂ ਨੂੰ ਸੁਧਾਰਨ ਦੇ ਨਾਲ ਨਾਲ ਸਿੱਖੀ ਦੇ ਪ੍ਰਚਾਰ ਅਤੇ ਪਾਸਾਰ ਦੀ ਵੱਡੀ ਜਿੰਮੇਵਾਰੀ ਹੈ। ਪ੍ਰੰਤੂ ਲੰਮੇ ਸਮੇਂ ਤੋਂ ਸਿੱਖੀ ਸਿਧਾਂਤਾਂ ਦੀ ਅਣਦੇਖੀ ਅਤੇ ਰਹਿਤ ਮਰਯਾਦਾ ਨੂੰ ਨਜ਼ਰਅੰਦਾਜ਼ ਕੀਤਾ ਜਾ ਰਿਹਾ ਹੈ। ਇਸ ਦਾ ਕਾਰਨ ਇਹ ਰਿਹਾ ਹੈ ਕਿ ਸ਼੍ਰੋਮਣੀ ਕਮੇਟੀ ’ਤੇ ਕਾਬਜ ਧਿਰ ਦਾ ਖੁਦ ਆਪਣਾ ਕਿਰਦਾਰ ਹੀ ਸਿੱਖੀ ਸਿਧਾਂਤਾਂ ਨਾਲ ਮੇਲ ਨਹੀਂ ਖਾਂਦਾ। ਇਸ ਲਈ ਸ਼੍ਰੋਮਣੀ ਕਮੇਟੀ ਦੇ ਨਵੇਂ ਚੁਣੇ ਗਏ ਪ੍ਰਧਾਨ ਦੀ ਨਿਯੁਕਤੀ ਨੂੰ ਵੀ ਕੋਈ ਬਹੁਤ ਵੱਡੀ ਤਬਦੀਲੀ ਵਜੋਂ ਨਹੀਂ ਦੇਖਿਆ ਜਾ ਸਕਦਾ। ਕਿਉਂਕਿ ਬਹੁਤ ਲੰਮੇ ਸਮੇਂ ਤੋਂ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ’ਤੇ ਇੱਕੋ ਪਰਿਵਾਰ ਦਾ ਮੁਕੰਮਲ ਕਬਜਾ ਹੈ। ਇਥੇ ਹੀ ਬੱਸ ਨਹੀ ਉਕਤ ਪਰਿਵਾਰ ਦੇ ਮੁਖੀ ਨੇ ਸਾਰੀਆਂ ਹੀ ਪ੍ਰਮੁੱਖ ਸਿੱਖ ਜਥੇਬੰਦੀਆਂ ਅਤੇ ਸੰਸਥਾਵਾਂ, ਉਹ ਭਾਵੇਂ ਦਮਦਮੀ ਟਕਸਾਲ ਹੋਵੇ ਜਾਂ 06 ਕਰੋੜੀ ਬੁੱਢਾ ਦਲ ਹੋਵੇ, ਸੰਤ ਸਮਾਜ ਹੋਵੇ, ਭਾਵੇ ਸਿੱਖ ਕੌਮ ਦੇ ਹਰਿਆਵਲ ਦਸਤੇ ਵਜੋਂ ਜਾਣੀ ਜਾਂਦੀ ਸਿੱਖ ਸਟੂਡੈਂਟਸ ਫੈਡਰੇਸ਼ਨ ਹੋਵੇ, ਇਨਾਂ ਸਾਰੀਆਂ ਸੰਸਥਾਵਾਂ, ਜਥੇਬੰਦੀਆਂ ਨੂੰ ਦੋਫਾੜ ਕਰਕੇ ਆਪਣੇ ਵਫਾਦਾਰਾਂ ਨੂੰ ਕਾਬਜ ਕਰਵਾਇਆ ਹੋਇਆ ਹੈ। ਇਨਾਂ ਸਾਰੀਆਂ ਸੰਸਥਾਵਾਂ ਵਿਚੋਂ ਜਿਹੜੀ ਸੰਸਥਾ ਨੂੰ ਉਕਤ ਪਰਿਵਾਰ ਆਪਣੇ ਨਿੱਜੀ ਮੁਫਾਦਾਂ ਲਈ, ਨਿੱਜੀ ਹਿਤਾਂ ਲਈ ਸਭ ਤੋਂ ਵੱਧ ਵਰਤਦਾ ਰਿਹਾ ਹੈ ਉਹ ਮਿੰਨੀ ਪਾਰਲੀਮੈਂਟ ਵਜੋਂ ਜਾਣੀ ਜਾਂਦੀ ਸ਼੍ਰੋਮਣੀ ਕਮੇਟੀ ਹੈ, ਜਿਸ ਦਾ ਲਾਹਾ ਵਿਰੋਧੀਆਂ ਨੂੰ ਚਿੱਤ ਕਰਕੇ ਰਾਜਸੀ ਕੁਰਸੀ ਦੀ ਪ੍ਰਾਪਤੀ ਲਈ ਉਕਤ ਪਰਿਵਾਰ ਖੂਬ ਉਠਾਉਂਦਾ ਰਿਹਾ ਹੈ ਤੇ ਹੁਣ ਵੀ ਲਗਾਤਾਰ ਉਠਾ ਰਿਹਾ ਹੈ। ਇਹੋ ਕਾਰਨ ਹੈ ਕਿ ਉਕਤ ਪਰਿਵਾਰ ਦੇ ਵਫਾਦਾਰ ਅਤੇ ਚਾਪਲੂਸ ਹੀ ਸ਼੍ਰੋਮਣੀ ਕਮੇਟੀ



ਦੇ ਪ੍ਰਧਾਨ ਅਤੇ ਸ੍ਰੀ ਅਕਾਲ ਤਖਤ ਸਹਿਬ ਸਮੇਤ ਦੂਸਰੇ ਦੋਨੋਂ ਤਖਤਾਂ ਦੇ ਜਥੇਦਾਰ ਬਣਦੇ ਰਹੇ ਹਨ। ਮੌਜੂਦ ਹਾਲਾਤ ਇਹ ਬਣੇ ਹੋਏ ਹਨ ਕਿ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਦੇ ਵਕਾਰੀ ਅਹੁਦੇ ’ਤੇ ਇਸ ਪਰਿਵਾਰ ਦੇ ਵਫਾਦਾਰ ਤੋਂ ਬਿਨਾ ਕਿਸੇ ਹੋਰ ਦਾ ਬਿਰਾਜਮਾਨ ਹੋਣਾ ਅਸੰਭਵ ਹੈ। ਤਖਤਾਂ ਦੇ ਜਥੇਦਾਰਾਂ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀ ਨੱਥ ਇਹ ਪਰਿਵਾਰ ਆਪਣੇ ਹੱਥ ਵਿੱਚ ਰੱਖਦਾ ਹੈ ਤਾਂ ਕਿ ਲੋੜ ਪੈਣ ਤੇ ਇਨਾਂ ਨੂੰ ਆਪਣੀ ਮਰਜੀ ਨਾਲ ਤੋਰਿਆ ਤੇ ਮੋੜਿਆ ਜਾ ਸਕੇ। ਅਜਿਹੇ ਹਾਲਾਤਾਂ ਵਿੱਚ ਪ੍ਰਧਾਨਗੀ ਸਾਂਭਣ ਵਾਲੇ ਭਾਈ ਹਰਜਿੰਦਰ ਸਿੰਘ ਧਾਮੀ ਗੁਰਦੁਆਰਾ ਪ੍ਰਬੰਧ ਵਿੱਚ ਕਿੰਨਾ ਕੁ ਸੁਧਾਰ ਕਰ ਸਕਣਗੇ, ਇਸ ਵਾਰੇ ਕਿਸੇ ਨੂੰ ਕੋਈ ਭੁਲੇਖਾ ਨਹੀਂ ਹੋਣਾ ਚਾਹੀਦਾ। ਬਿਨਾਂ ਸ਼ੱਕ ਧਾਮੀ ਨਿਤਨੇਮੀ ਗੁਰਸਿੱਖ ਅਤੇ ਸਿੱਖੀ ਸਿਧਾਂਤਾਂ ’ਤੇ ਪਹਿਰਾ ਦੇਣ ਵਾਲੇ ਗੁਰਸਿੱਖ ਸਮਝੇ ਜਾਂਦੇ ਹਨ, ਪਰ ਉਨਾਂ ਵੱਲੋਂ ਬਤੌਰ ਸ਼੍ਰੋਮਣੀ ਕਮੇਟੀ ਮੈਂਬਰ, ਬੇਅਦਬੀਆਂ ਦੇ ਮਾਮਲਿਆਂ ’ਤੇ ਧਾਰੀ ਚੁੱਪ ਗੁਰੂ ਪ੍ਰਤੀ ਵਫਾਦਾਰੀ ਅਤੇ ਗੁਰਸਿੱਖੀ ਜੀਵਨ ਤੇ ਪ੍ਰਸ਼ਨ ਚਿੰਨ ਲਾਉਂਦੀ ਹੈ। ਦੂਸਰਾ ਜੇਕਰ ਗੱਲ ਗੁਰਦੁਆਰਾ ਪ੍ਰਬੰਧ ਵਿੱਚ ਸੁਧਾਰਾਂ ਦੀ ਅਤੇ ਸਿੱਖੀ ਸਿਧਾਂਤਾਂ ਨੂੰ ਲੱਗ ਰਹੀ ਢਾਹ ਦੀ ਕੀਤੀ ਜਾਵੇ ਤਾਂ ਉਥੇ ਵੀ ਭਾਈ ਧਾਮੀ ਕੋਈ ਸਾਰਥਿਕ ਨਤੀਜੇ ਨਹੀਂ ਦੇ ਸਕਣਗੇ, ਕਿਉਂਕਿ ਉਕਤ ਪਰਿਵਾਰ ਦੀ ਮਰਜੀ ਖਿਲਾਫ ਕੋਈ ਛੋਟੇ ਤੋਂ ਛੋਟਾ ਫੈਸਲਾ ਲੈਣਾ ਵੀ ਭਾਈ ਧਾਮੀ ਦੇ ਬੱਸ ਵਿੱਚ ਨਹੀਂ ਹੋਵੇਗਾ। ਕੁੱਝ ਸਮਾਂ ਪਹਿਲਾਂ ਜਦੋਂ ਸ੍ਰੀ ਅਨੰਦਪੁਰ ਸਹਿਬ ਦੇ ਸਥਾਪਨਾ ਦਿਵਸ ਮੌਕੇ ਸ੍ਰੀ ਅਕਾਲ ਤਖਤ ਸਹਿਬ ਸਮੇਤ ਦੂਸਰੇ ਜਥੇਦਾਰਾਂ ਨੇ ਸ੍ਰ. ਪਰਕਾਸ਼ ਸਿੰਘ ਬਾਦਲ ਨੂੰ ਫਖਰ ਏ ਕੌਮ ਦਾ ਉੱਚਾ ਸੁੱਚਾ ਪੁਰਸਕਾਰ ਦੇ ਕੇ ਅਪਣੀਆਂ ਜਥੇਦਾਰੀਆਂ ਦਾ ਮੁੱਲ ਮੋੜਿਆ ਤੇ ਆਪਣੀ ਗੁਲਾਮ ਮਾਨਸਿਕਤਾ ਦਾ ਮੁਜ਼ਾਹਰਾ ਕੀਤਾ ਸੀ ਤਾਂ ਦੇਸ਼ ਵਿਦੇਸ਼ ਵਿੱਚ ਵਸਦੇ ਸਿੱਖ ਭਾਈਚਾਰੇ ਨੇ ਇਨਾਂ ਜਥੇਦਾਰਾਂ ਨੂੰ ਪੁੱਜ ਕੇ ਲਾਹਣਤਾਂ ਪਾਈਆਂ ਸਨ, ਪਰ ਇਸ ਦੇ ਬਾਵਜੂਦ ਵੀ ਅਜਿਹੇ ਵਰਤਾਰੇ ਲਗਾਤਾਰ ਵਾਪਰਦੇ ਰਹੇ। ਅਜਿਹੇ ਵਰਤਾਰੇ ਵਾਪਰਦੇ ਰਹਿਣ ਦਾ ਵੀ ਇੱਕੋ ਇੱਕ ਕਾਰਨ ਹੈ ਸਮੁੱਚੇ ਗੁਰਦੁਆਰਾ ਪ੍ਰਬੰਧ ਦੀ ਨੱਥ ਦਾ ਉਸ ਪਰਿਵਾਰ ਦੇ ਹੱਥ ਵਿੱਚ ਹੋਣਾ, ਜਿਨਾਂ ਦੀ ਆਪਣੀ ਨੱਥ ਨਾਗਪੁਰ ਦੇ ਹੱਥਾਂ ਵਿੱਚ ਹੈ। ਇਸ ਲਈ ਉਹ ਜਿਸ ਨੂੰ ਵੀ ਚਾਹੁਣ ਪੰਥ ਵਿਚੋਂ ਖਾਰਜ ਕਰਵਾ ਦਿੰਦੇ ਹਨ ਅਤੇ ਜਿਸ ਨੂੰ ਚਾਹੁਣ ਸਨਮਾਨ ਦਿਵਾ ਦਿੰਦੇ ਹਨ, ਕੋਈ ਰੋਕਣ ਟੋਕਣ ਵਾਲਾ ਨਹੀ। ਕੌਮ ਦਾ ਬੱਚਾ ਬੱਚਾ ਇਨਾਂ ਸਵਾਲਾਂ ਦੇ ਉੱਤਰ ਜਾਣਦਾ ਹੈ। ਸਮੁੱਚਾ ਸਿੱਖ ਭਾਈਚਾਰਾ ਜਾਣਦਾ ਹੈ ਕਿ ਸ੍ਰੀ ਅਕਾਲ ਤਖਤ ਸਾਹਿਬ ਤੋਂ ਦਿੱਤਾ ਗਿਆ ਸਨਮਾਨ ਕੌਮ ਦੀ ਸੇਵਾ ਬਦਲੇ ਨਹੀਂ, ਬਲਕਿ ਬਾਦਲ ਪਰਿਵਾਰ ਦੀ ਵਫਾਦਾਰੀ ਦੇ ਇਵਜ ਵਜੋਂ ਦਿੱਤਾ ਗਿਆ ਹੈ। ਜਦੋਂ ਕੋਈ ਵਿਦਵਾਨ ਅਤੇ ਫੈਸਲੇ ਲੈਣ ਦੇ ਸਮਰੱਥ ਵਿਅਕਤੀ ਵਜੋਂ ਜਾਣੇ ਜਾਣ ਵਾਲੇ ਅਤੇ ਸਵੈ-ਇੱਛਾ ਨਾਲ ਪ੍ਰਧਾਨਗੀ ਤੋਂ ਲਾਂਭੇ ਹੋਣ ਵਾਲੇ ਕਿਰਪਾਲ ਸਿੰਘ ਬਡੂੰਗਰ ਵਰਗੇ ਵਿਅਕਤੀ ਨੂੰ ਵੀ ਅਜਿਹੇ ਫੈਸਲੇ ਲੈਣ ਲਈ ਮਜਬੂਰ ਹੋਣਾ ਪੈ ਸਕਦਾ ਹੈ ਤਾਂ ਫਿਰ ਭਾਈ ਧਾਮੀ ਤੋਂ ਪੰਥਪ੍ਰਸਤੀ ਦੀ ਆਸ ਰੱਖਣਾ ਕਿਵੇਂ ਵਾਜਬ ਹੋ ਸਕਦਾ ਹੈ? ਹੁਣ ਜਦੋਂ ਪ੍ਰਧਾਨ ਬਣਦਿਆਂ ਹੀ ਭਾਈ ਹਰਜਿੰਦਰ ਸਿੰਘ ਧਾਮੀ ਤੇ ਬੇਅਦਬੀਆਂ ਦੇ ਮਾਮਲੇ ਵਿੱਚ ਧਾਰੀ ਚੁੱਪ ਦੇ ਦੋਸ਼ ਲਗਣੇ ਸ਼ੁਰੂ ਹੋ ਗਏ ਹਨ ਅਤੇ ਉਧਰ ਉਕਤ ਪਰਿਵਾਰ ਦੀ ਸਿੱਧੀ ਦਖਲਅੰਦਾਜ਼ੀ ਦੀ ਤਲਵਾਰ ਵੀ ਪ੍ਰਧਾਨ ਦੀ ਗਰਦਨ ਤੇ ਲਟਕਦੀ ਰਹੇਗੀ ਤਾਂ ਅਜਿਹੇ ਦਬਾਅ ਵਾਲੇ ਹਾਲਾਤਾਂ ਵਿੱਚ ਗੁਰਦੁਆਰਾ ਪ੍ਰਬੰਧ ਅਤੇ ਸਿੱਖੀ ਸੰਭਾਲ ਲਈ, ਉਹ ਕਿਸ ਤਰਾਂ ਦੇ ਉਪਰਾਲੇ ਕਰਨਗੇ ਜਾਂ ਉਹ ਇਨਾਂ ਹਾਲਾਤਾਂ ਦੇ ਮੱਦੇਨਜਰ ਕੋਈ ਸਾਰਥਿਕ ਨਤੀਜੇ ਦੇਣ ਦੀ ਇਛਾ ਰੱਖਦੇ ਹਨ? ਇਨਾਂ ਗੱਲਾਂ ਦਾ ਅਸਲ ਅਨੁਮਾਨ ਤਾਂ ਆਉਣ ਵਾਲੇ ਦਿਨਾਂ ਵਿੱਚ ਉਨਾਂ ਦੀ ਕਾਰਜਸ਼ੈਲੀ ਦੇਖ ਕੇ ਹੀ ਲਾਇਆ ਜਾ ਸਕੇਗਾ।

## ਮਾਮਲਾ ਬੇਅਦਬੀ ਦੇ ਇਨਸਾਫ ਵਾਸਤੇ ਪੰਥ ਨਾਲ ਧੋਖਾ ਕਰਨ ਦਾ

**✪ ਮੁਤਵਾਜ਼ੀ ਜਥੇਦਾਰ ਨੇ ਇਸ ਦੋਸ਼ ’ਚ ਸੁਣਾਇਆ ਫੈਸਲਾ ✪ ਸਾਬਕਾ ਮੁੱਖ ਮੰਤਰੀ ਕੈਪਟਨ ਤਨਖਾਹੀਆ ਕਰਾਰ**



**ਅੰਮ੍ਰਿਤਸਰ/ਏ.ਟੀ ਨਿਊਜ਼ :** ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਮੁਤਵਾਜ਼ੀ ਜਥੇਦਾਰ ਭਾਈ ਧਿਆਨ ਸਿੰਘ ਮੰਡ ਨੇ ਪੰਜ ਸਿੰਘਾਂ ਦੀ ਇਕੱਤਰਤਾ ਕਰਕੇ ਬੇਅਦਬੀ ਦੇ ਇਨਸਾਫ ਵਾਸਤੇ ਚੱਲਦੇ ਬਰਗਾੜੀ ਮੋਰਚੇ ਨੂੰ ਪੰਜਾਬ ਸਰਕਾਰ ਵੱਲੋਂ ਝੂਠਾ ਭਰੋਸਾ ਦੇ ਕੇ ਖ਼ਤਮ ਕਰਵਾਉਣ ਦੇ ਸਬੰਧ ਵਿਚ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਸਾਜ਼ਿਸ਼ ਕਰਨ ਦੇ ਦੋਸ਼ ਹੇਠ ਤਨਖਾਹੀਆ ਕਰਾਰ ਦਿੱਤਾ ਹੈ।

ਭਾਈ ਧਿਆਨ ਸਿੰਘ ਮੰਡ ਨੇ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੇਅਦਬੀਆਂ ਦੇ ਇਨਸਾਫ ਲਈ ਬਰਗਾੜੀ ਮੋਰਚਾ ਲਗਾਇਆ ਗਿਆ ਸੀ। ਜਿਸ ਨੂੰ ਪੰਜਾਬ ਸਰਕਾਰ ਵੱਲੋਂ ਝੂਠਾ ਭਰੋਸਾ ਦੇ ਕੇ ਮੋਰਚੇ ਨੂੰ ਖਤਮ ਕਰਵਾਉਣ ਲਈ ਪੰਜਾਬ ਸਰਕਾਰ ਦੇ ਤਿੰਨ ਵਿਧਾਇਕ ਹਰਮਿੰਦਰ ਸਿੰਘ ਗਿੱਲ, ਕੁਲਬੀਰ ਸਿੰਘ ਜ਼ੀਰਾ ਤੇ ਕੁਸ਼ਲਦੀਪ ਸਿੰਘ ਕਿੱਕੀ ਢਿੱਲੋਂ ਅਤੇ ਦੋ ਮੰਤਰੀ ਤ੍ਰਿਪਤਰਜਿੰਦਰ ਸਿੰਘ ਬਾਜਵਾ ਤੇ ਸੁਖਜਿੰਦਰ ਸਿੰਘ ਰੰਧਾਵਾ ਨੂੰ ਭੇਜ ਕੇ ਇਨਸਾਫ ਦਾ ਭਰੋਸਾ ਦਿੱਤਾ ਸੀ।

ਇਨਸਾਫ਼ ਨਾ ਮਿਲਣ ਤੇ ਇਨਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਪੇਸ਼ ਹੋਣ ਲਈ ਕਿਹਾ ਗਿਆ ਤਾਂ ਇਨਾਂ ਨੇ ਪੇਸ਼ ਹੋ ਕੇ ਤੇ ਲਿਖਤੀ ਰੂਪ ਵਿਚ ਕੈਪਟਨ ਅਮਰਿੰਦਰ ਸਿੰਘ ਵੱਲੋਂ ਭੇਜੇ ਜਾਣ ਦੀ ਗੱਲ ਕਹੀ ਸੀ ਅਤੇ ਮੋਰਚਾ ਖਤਮ ਕਰਵਾਉਂਣ ਲਈ ਮੁੱਖ ਭੂਮਿਕਾ ਕੈਪਟਨ ਅਮਰਿੰਦਰ ਸਿੰਘ ਦੀ ਹੀ ਦੱਸੀ ਸੀ ਜਿਸ ’ਤੇ ਕੈਪਟਨ ਅਮਰਿੰਦਰ ਸਿੰਘ ਨੂੰ ਸੱਦਿਆ ਗਿਆ ਸੀ, ਪਰ ਕੈਪਟਨ ਨੇ ਪੇਸ਼ ਹੋ ਕੇ ਆਪਣਾ ਸਪੱਸ਼ਟੀਕਰਨ ਨਹੀਂ ਦਿੱਤਾ। ਇਸ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਇਨਸਾਫ ਲਈ ਝੂਠਾ ਭਰੋਸਾ ਦੇ ਕੇ ਮੋਰਚਾ ਖ਼ਤਮ ਕਰਾਉਣ ਦੇ ਮੁੱਖ ਦੋਸ਼ੀ ਉਕਤ ਹਵਾਹਾਂ ਦੇ ਅਨੁਸਾਰ ਕੈਪਟਨ ਅਮਰਿੰਦਰ ਸਿੰਘ ਨੂੰ ਮੰਨਿਆ ਹੈ। ਜਿਸ ਲਈ ਕੈਪਟਨ ਅਮਰਿੰਦਰ ਸਿੰਘ ਸਪੱਸ਼ਟੀਕਰਨ ਦੇਣ ਲਈ ਨਹੀਂ ਪਹੁੰਚੇ। ਇਸ ਲਈ ਕੈਪਟਨ ਨੂੰ ਤਨਖਾਹੀਆ ਕਰਾਰ ਦਿੱਤਾ ਜਾਂਦਾ ਹੈ।

ਜਦ ਤਕ ਕੈਪਟਨ ਅਮਰਿੰਦਰ ਸਿੰਘ ਖੁਦ ਪੇਸ਼ ਹੋ ਕੇ ਆਪਣਾ ਸਪੱਸ਼ਟੀਕਰਨ ਪੰਜ ਸਿੰਘਾਂ ਦੇ ਸਨਮੁੱਖ ਨਹੀਂ ਦਿੰਦੇ, ਓਨੀ ਦੇਰ ਤੱਕ ਕੈਪਟਨ ਅਮਰਿੰਦਰ ਸਿੰਘ ਨੂੰ ਕਿਸੇ ਵੀ ਗੁਰਦੁਆਰਾ ਸਾਹਿਬ ਜਾਂ ਸੰਗਤੀ ਇਕੱਠ ਵਿਚ ਬੋਲਣ ਨਾ ਦਿੱਤਾ ਜਾਵੇ ਅਤੇ ਨਾ ਹੀ ਕਿਸੇ ਕਿਸਮ ਦਾ ਸਹਿਯੋਗ ਅਤੇ ਮਾਣ ਸਨਮਾਨ ਨਾ ਦਿੱਤਾ ਜਾਵੇ।ਉਨਾਂ ਕਿਹਾ ਕਿ ਸੰਗਤ ਨੂੰ ਬੇਨਤੀ ਹੈ ਕਿ ਇਸ ਹੁਕਮਨਾਮੇ ਦੀ ਪਾਲਣਾ ਕੀਤੀ ਜਾਵੇ। ਧਿਆਨ ਸਿੰਘ ਮੰਡ ਨੇ ਕਿਹਾ ਕਿ ਪੰਜਾਬ ਸਰਕਾਰ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਜਲਦ ਤੋਂ ਜਲਦ ਬੇਅਦਬੀਆਂ ਦੇ ਦੋਸ਼ੀਆਂ ਨੂੰ ਸਜ਼ਾ ਦੇ ਮੁਕਾਮ ਤੱਕ ਪਹੁੰਚਾਇਆ ਜਾਵੇ। ਉਨਾਂ ਕਿਹਾ ਕਿ ਜੇਕਰ ਸਰਕਾਰ ਰਹਿੰਦੇ ਕਾਰਜਕਾਲ ਵਿਚ ਬੇਅਦਬੀਆਂ ਦੇ ਦੋਸ਼ੀਆਂ ’ਤੇ ਕਾਰਵਾਈ ਨਹੀਂ ਕਰਦੀ ਤਾਂ ਮੰਤਰੀਆਂ ਦੇ ਖ਼ਿਲਾਫ਼ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਗੁਰਮਤੇ ਰਾਹੀਂ ਸਖ਼ਤ ਫ਼ੈਸਲਾ ਲਿਆ ਜਾਵੇਗਾ। ਇਸ ਮੌਕੇ ਬਾਬਾ ਹਰਬੰਸ ਸਿੰਘ, ਬਾਬਾ ਨਛੱਤਰ ਸਿੰਘ, ਭਾਈ ਹਰਦੀਪ ਸਿੰਘ, ਬਾਬਾ ਗੁਰਸੇਵਕ ਸਿੰਘ, ਭਾਈ ਜਰਨੈਲ ਸਿੰਘ ਸ਼ਖੀਰਾ ਆਦਿ ਮੌਜੂਦ ਸਨ।

## ਦਿੱਲੀ ਹਿੰਸਾ ਵਿਚ ਦਿਨੇਸ਼ ਯਾਦਵ ਦੋਸ਼ੀ ਕਰਾਰ

**22 ਦਸੰਬਰ ਨੂੰ ਸੁਣਾਈ ਜਾਵੇਗੀ ਸਜ਼ਾ**

**ਨਵੀਂ ਦਿੱਲੀ/ਏ.ਟੀ.ਨਿਊਜ਼ :** ਦਿੱਲੀ ਦੰਗਿਆਂ ਦੇ ਮਾਮਲੇ ਵਿਚ ਪਹਿਲੀ ਵਾਰ ਅਦਾਲਤ ਨੇ ਇਕ ਦੰਗਾਕਾਰੀ ਨੂੰ ਦੋਸ਼ੀ ਕਰਾਰ ਦਿੱਤਾ ਹੈ। ਗੋਕਲਪੁਰੀ ਵਿਚ ਲੁੱਟ-ਖੋਹ ਤੋਂ ਬਾਅਦ ਘਰ ਸਾੜਨ ਦੇ ਮਾਮਲੇ ਵਿਚ ਵਧੀਕ ਜੱਜ ਵਰੇਂਦਰ ਭੱਟ ਦੀ ਅਦਾਲਤ ਨੇ ਦੋਸ਼ੀ ਦਿਨੇਸ਼ ਯਾਦਵ ਉਰਫ਼ ਮਾਈਕਲ ਨੂੰ ਦੋਸ਼ੀ ਠਹਿਰਾਇਆ ਹੈ। ਉਸ ਦੀ ਸਜ਼ਾ ’ਤੇ ਸੁਣਵਾਈ 22 ਦਸੰਬਰ ਨੂੰ ਹੋਵੇਗੀ। ਨਾਗਰਿਕਤਾ ਸੋਧ ਕਾਨੂੰਨ ਤੇ ਰਾਸ਼ਟਰੀ ਨਾਗਰਿਕਤਾ ਰਜਿਸਟਰ ਨੂੰ ਲੈ ਕੇ ਚੱਲ ਰਹੇ ਵਿਰੋਧ ਪ੍ਰਦਰਸ਼ਨ ਦੌਰਾਨ ਪਿਛਲੇ ਸਾਲ ਫਰਵਰੀ ਵਿਚ ਉੱਤਰ ਪੂਰਬੀ ਦਿੱਲੀ ਵਿਚ ਦੰਗੇ ਭੜਕ ਗਏ ਸਨ। ਦੰਗਿਆਂ ਦੌਰਾਨ 25 ਫਰਵਰੀ 2020 ਨੂੰ ਗੋਕਲਪੁਰੀ ਇਲਾਕੇ ਦੇ ਭਾਗੀਰਥੀ ਵਿਹਾਰ ਡੀ-ਬਲਾਕ ਵਿਚ 73 ਸਾਲਾ ਮਨੋਰੀ ਦੇ ਘਰ ਉਤੇ ਗੁੰਡਿਆਂ ਨੇ ਹਮਲਾ ਕਰ ਦਿੱਤਾ ਸੀ। ਉਸ ਸਮੇਂ ਘਰ ਵਿਚ ਕੋਈ ਨਹੀਂ ਸੀ। ਗੁੰਡੇ ਉਨਾਂ ਦੇ ਘਰ ਦਾ ਸਮਾਨ ਲੁੱਟ ਕੇ ਲੈ ਗਏ ਤੇ ਘਰ ਨੂੰ ਅੱਗ ਲਗਾ ਦਿੱਤੀ ਸੀ।

## ਅੰਬੇਡਕਰਵਾਦੀ ਚਿੰਤਕ ਪ੍ਰੋ. ਗੁਰਨਾਮ ਸਿੰਘ ਮੁਕਤਸਰ ਚਲ ਵਸੇ



**ਸ੍ਰੀ ਮੁਕਤਸਰ ਸਾਹਿਬ/ਏ.ਟੀ.ਨਿਊਜ਼ :** ਬਹੁਜਨ ਸਮਾਜ ਦੀ ਲਹਿਰ ਨੂੰ ਦੇਸ਼ ਵਿਦੇਸ਼ ਵਿੱਚ ਪਹੁੰਚਾਉਣ ਵਾਲੇ ਪ੍ਰਸਿੱਧ ਅੰਬੇਡਕਰਵਾਦੀ ਦਲਿਤ ਚਿੰਤਕ ਅਤੇ ਲਿਖਾਰੀ ਪ੍ਰੋ. ਗੁਰਨਾਮ ਸਿੰਘ ਮੁਕਤਸਰ (72) ਬੀਤੇ ਦਿਨੀਂ ਪੀਜੀਆਈ ਚੰਡੀਗੜ ਵਿਖੇ ਅਕਾਲ ਚਲਾਣਾ ਕਰ ਗਏ ਹਨ। ਉਹ ਪਿਛਲੇ ਕੁਝ ਦਿਨਾਂ ਤੋਂ ਇੱਥੇ ਜ਼ੇਰੇ ਇਲਾਜ ਸਨ। ਉਹ ਆਪਣੇ ਪਿੱਛੇ ਅਧਿਆਪਕ ਪਤਨੀ ਤੇ ਦੋ ਸ਼ਾਦੀਸ਼ੁਦਾ ਬੇਟੀਆਂ ਛੱਡ ਗਏ ਹਨ। ਉਹ ਬਹੁਜਨਾਂ ਦਾ ਇਤਿਹਾਸ ਖੂਬਸੂਰਤ ਢੰਗ ਨਾਲ ਪੇਸ਼ ਕਰਨ ਵਾਲੇ ਪੰਜਾਬ ਦੇ ਪਹਿਲੇ ਵਿਦਵਾਨ ਸਨ। ਉਨਾਂ ਦੀਆਂ ਪੁਸਤਕਾਂ ਗਰਮ ਜਲੇਬੀ ਵਾਂਗ ਵਿਕਦੀਆਂ ਸਨ। ਜਦੋਂ ਸਮਾਗਮ ਕਰਦੇ ਤਿੰਨ ਹਜ਼ਾਰ ਦੇ ਕਰੀਬ ਲੋਕ ਉਨਾਂ ਨੂੰ ਗੰਭੀਰਤਾ ਨਾਲ ਸੁਣਦੇ। ਖੱਬੇਪੱਖੀ ਵਿਦਵਾਨਾਂ ਦੇ ਸੰਮੇਲਨਾਂ ਨੂੰ ਉਨਾਂ ਮਾਤ ਪਾ ਦਿੱਤਾ ਸੀ। ਖੱਬੇਪਖੀ ਆਪਣੇ ਸਮਾਗਮਾਂ ਵਿਚ ਸੌ ਤੋਂ ਵਧ ਪਾਠਕਾਂ ਦਾ ਇਕਠ ਨਹੀਂ ਕਰ ਸਕਦੇ ਸਨ। ਖੱਬੇਪੱਖੀ ਸਾਹਿਤਕਾਰਾਂ ਨੇ ਕਦੇ ਗੁਰਨਾਮ ਸਿੰਘ ਨੂੰ ਸਾਹਿਤਕਾਰ ਨਹੀਂ ਮੰਨਿਆ, ਨਾ ਹੀ ਬਹੁਜਨ ਲਿਖਤਾਂ ਨੂੰ ਸਾਹਿਤ।ਪਰ ਗੁਰਨਾਮ ਸਿੰਘ ਨੇ ਕਦੇ ਪ੍ਰਵਾਹ ਨਹੀਂ ਕੀਤੀ। ਉਨਾਂ ਆਪਣਾ ਮੰਚ ਤੇ ਸਾਹਿਤ ਖੁਦ ਸਿਰਜਿਆ। ਉਹ ਬਿਪਰਨੀ ਵਿਚਾਰਧਾਰਾ ਦੇ ਕਟੜ ਵਿਰੋਧੀ ਸਨ। ਭਾਰਤੀ ਲੋਕ ਨੀਚ ਕਿਵੇ ਬਣੇ ਉਨਾਂ ਦੀ ਪੁਸਤਕ ਖਾਲਸਾ ਪੰਥ ਤੇ ਬਹੁਜਨ ਵਿਚ ਸਵੀਕਾਰੀ ਗਈ।

# ਤਾਮਿਲਨਾਡੂ ਦੇ ਸੰਘਣੇ ਜੰਗਲ ਵਿਚ ਤਬਾਹ ਹੋਇਆ ਚੌਪਰ

## ✪ ਜਨਰਲ ਬਿਪਿਨ ਰਾਵਤ, ਉਨਾਂ ਦੀ ਪਤਨੀ ਸਮੇਤ 13 ਮੌਤਾਂ ✪ ਇਕੋ-ਇਕ ਬਚੇ ਗਰੁੱਪ ਕੈਪਟਨ ਦੀ ਹਾਲਤ ਗੰਭੀਰ

**ਕੁਨੂਰ (ਤਾਮਿਲਨਾਡੂ)/ਏ.ਟੀ.ਨਿਊਜ਼ :** ਕੁਨੂਰ ਨੇੜੇ ਵਾਪਰੇ ਹੈਲੀਕਾਪਟਰ ਹਾਦਸੇ ਵਿਚ ਸੀ.ਡੀ.ਐਸ. ਜਨਰਲ ਬਿਪਿਨ ਰਾਵਤ, ਉਨਾਂ ਦੀ ਪਤਨੀ ਤੇ 11 ਹੋਰਾਂ ਦੀ ਮੌਤ ਹੋ ਗਈ ਹੈ । ਇਸ ਸਬੰਧੀ ਹਵਾਈ ਫ਼ੌਜ ਤੇ ਹੋਰ ਅਧਿਕਾਰੀਆਂ ਨੇ ਦੱਸਿਆ ਕਿ ਜਨਰਲ ਰਾਵਤ ਤੇ ਉਨਾਂ ਦੇ ਦਲ ਨੂੰ ਲਿਜਾ ਰਿਹਾ ਹੈਲੀਕਾਪਟਰ ਧੁੰਦ ਕਾਰਨ ਹਾਦਸਾਗ੍ਰਸਤ ਹੋ ਗਿਆ, ਜਿਸ ਕਾਰਨ 13 ਲੋਕਾਂ ਦੀ ਮੌਤ ਹੋ ਗਈ । ਹਵਾਈ ਸੈਨਾ ਨੇ ਘਟਨਾ ਦੀ ਕੋਰਟ ਆਫ਼ ਇਨਕੁਆਰੀ ਦਾ ਆਦੇਸ਼ ਦਿੱਤਾ ਹੈ । ਹੈਲੀਕਾਪਟਰ ਵਿਚ ਬ੍ਰਿਗੇਡੀਅਰ ਐੱਲ. ਐੱਸ. ਲਿੱਦੜ, ਲੈਫ. ਕਰਨਲ ਹਰਜਿੰਦਰ ਸਿੰਘ, ਨਾਇਕ ਗੁਰਸੇਵਕ ਸਿੰਘ, ਨਾਇਕ ਜਤਿੰਦਰ, ਨਾਇਕ ਵਿਵੇਕ ਕੁਮਾਰ, ਨਾਇਕ ਬੀ.ਸਾਈ ਤੇਜਾ ਤੇ ਹੌਲਦਾਰ ਸਤਪਾਲ ਵੀ ਸਵਾਰ ਸਨ । ਇਹ ਹਾਦਸਾ ਉਸ ਵੇਲੇ ਵਾਪਰਿਆ ਜਦੋਂ ਜਨਰਲ ਰਾਵਤ ਵੈਲਿੰਗਟਨ ਵਿਖੇ ਡਿਫੈਂਸ ਸਰਵਿਸ ਸਟਾਫ ਕਾਲਜ ਦੇ ਵਿਦਿਆਰਥੀਆਂ ਤੇ ਅਧਿਆਪਕਾਂ ਨੂੰ ਸੰਬੋਧਨ ਕਰਨ ਲਈ ਜਾ ਰਹੇ ਸਨ। ਹਵਾਈ ਫ਼ੌਜ ਨੇ ਦੱਸਿਆ ਹਾਦਸੇ ਵਿਚ ਇਕਲੌਤੇ ਜੀਵਤ ਬਚੇ ਗਰੁੱਪ ਕੈਪਟਨ ਵਰੁਨ ਸਿੰਘ ਐਸ.ਸੀ., ਜੋ ਕਿ ਡੀ.ਐਸ.ਐਸ.ਸੀ. ਵਲੋਂ ਨਿਰਦੇਸ਼ਕ ਸਟਾਫ ਵਜੋਂ ਨਾਲ ਸਨ, ਨੂੰ ਵੈਲਿੰਗਟਨ ਦੇ ਮਿਲਟਰੀ ਹਸਪਤਾਲ ਵਿਖੇ ਭਰਤੀ ਕਰਵਾਇਆ ਗਿਆ ਹੈ । ਸੂਤਰਾਂ ਤੇ ਸਥਾਨਕ ਪ੍ਰਤੱਖਦਰਸ਼ੀਆਂ ਅਨੁਸਾਰ ਕੁਨੂਰ ਨੇੜੇ ਵਾਦੀ ਵਿਚ ਰੁੱਖਾਂ ਨਾਲ ਟਕਰਾਉਣ ਤੋਂ



ਪਹਿਲਾਂ ਹੈਲੀਕਾਪਟਰ ਧੁੰਦ ਦੇ ਚਲਦਿਆਂ ਕਾਫੀ ਘੱਟ ਉਚਾਈ 'ਤੇ ਉੱਡ ਰਿਹਾ ਸੀ । ਰੁੱਖਾਂ ਨਾਲ ਟਕਰਾਉਣ ਕਾਰਨ ਹੈਲੀਕਾਪਟਰ ਨੂੰ ਅੱਗ ਲੱਗ ਗਈ ਤੇ ਇਹ ਜ਼ਮੀਨ 'ਤੇ ਡਿਗ ਗਿਆ । ਹੈਲੀਕਾਪਟਰ ਨੇ ਡਿਗਦੇ ਸਮੇਂ ਇਕ ਘਰ ਨੂੰ ਵੀ ਟੱਕਰ ਮਾਰੀ, ਪਰ ਘਰ ਵਿਚ ਕੋਈ ਵਿਅਕਤੀ ਮੌਜੂਦ ਨਹੀਂ ਸੀ । ਇਸ ਸਬੰਧੀ ਸਥਾਨਕ ਵਾਸੀ ਪੇਰੂਮੱਲ ਨੇ ਦੱਸਿਆ ਕਿ ਅੱਗ ਲੱਗਣ ਕਾਰਨ ਹੈਲੀਕਾਪਟਰ ਵਿਚੋਂ 2 ਵਿਅਕਤੀ ਹੇਠਾਂ ਡਿਗ ਗਏ । ਹਵਾਈ ਫੌਜ ਨੇ ਹਵਾਈ ਫੌਜ ਦੇ ਹੈਲੀਕਾਪਟਰ ਐਮ. ਆਈ.-17ਵੀ. ਐਚ. ਨਾਲ ਵਾਪਰੇ ਹਾਦਸੇ ਦੀ ਜਾਂਚ ਲਈ 'ਕੋਰਟ ਆਫ ਇਨਕੁਆਇਰੀ' ਦੇ ਆਦੇਸ਼ ਦਿੱਤੇ ਗਏ ਹਨ ।

ਜ਼ਿਕਰਯੋਗ ਹੈ ਕਿ ਤਾਮਿਲਨਾਡੂ ਦੇ ਕੁਨੂਰ ਵਿਚ ਹਾਦਸਾਗ੍ਰਸਤ ਹੋਇਆ ਹਵਾਈ ਫ਼ੌਜ ਦਾ ਐਮ.ਆਈ.17ਵੀ ਹੈਲੀਕਾਪਟਰ ਸਭ ਤੋਂ ਆਧੁਨਿਕ ਮਿਲਟਰੀ ਆਵਾਜਾਈ ਹੈਲੀਕਾਪਟਰ ਹੈ, ਜੋ ਕਿ 2012 ਵਿਚ ਹਵਾਈ ਫੌਜ ਵਿਚ ਸ਼ਾਮਿਲ ਹੈ। ਰੂਸ ਦੀ ਹੈਲੀਕਾਪਟਰ ਇਕਾਈ ਕਾਜ਼ਾਨ ਵਲੋਂ ਬਣਾਏ ਗਏ ਇਸ ਹੈਲੀਕਾਪਟਰ ਵਿਚ ਇਕ ਮੌਸਮੀ ਰਾਡਾਰ ਹੈ ਤੇ ਇਹ ਨਵੀਂ ਪੀੜੀ ਦੇ ਨਾਈਟ ਵਿਜ਼ਨ ਉਪਕਰਨਾਂ ਨਾਲ ਲੈਸ ਹੈ । ਹਾਲਾਂਕਿ ਇਸ ਹੈਲੀਕਾਪਟਰ ਨਾਲ ਪਿਛਲੇ ਦਹਾਕਿਆਂ ਵਿਚ ਕੁਝ ਹਾਦਸੇ ਵਾਪਰ ਚੁੱਕੇ ਹਨ । ਇਸ ਤੋਂ ਪਹਿਲਾਂ ਪਿਛਲੇ ਮਹੀਨੇ ਅਰੁਣਾਚਲ ਪ੍ਰਦੇਸ਼ ਵਿਚ ਵੀ ਇਹ ਹੈਲੀਕਾਪਟਰ ਹਾਦਸਾਗ੍ਰਸਤ ਹੋ ਗਿਆ ਸੀ। ਇਹ ਇਕ ਮੀਡੀਅਮ ਲਿਫਟ ਹੈਲੀਕਾਪਟਰ ਹੈ, ਜਿਸ ਨੂੰ ਜਵਾਨਾਂ ਤੇ ਫੌਜ ਦੀ ਆਵਾਜਾਈ, ਰਾਹਤ ਤੇ ਤਲਾਸ਼ੀ ਅਭਿਆਨਾਂ ਲਈ ਵਰਤਿਆ ਜਾਂਦਾ ਹੈ । ਇਸ ਨੂੰ ਹਵਾਈ ਫ਼ੌਜ ਦਾ ਕਾਫੀ ਤਾਕਤਵਰ ਹੈਲੀਕਾਪਟਰ ਮੰਨਿਆ ਜਾਂਦਾ ਹੈ। ਇਸ ਵਿਚ ਦੋ ਇੰਜਣ ਹਨ ਤੇ ਵੱਡੀਆਂ ਸ਼ਖ਼ਸੀਅਤਾਂ ਵਲੋਂ ਇਸ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਵਿਚ ਲਗਭਗ 36 ਹਥਿਆਰਬੰਦ ਜਵਾਨਾਂ ਨੂੰ ਲਿਜਾਇਆ ਜਾ ਸਕਦਾ ਹੈ । ਇਹ ਕਈ ਤਰਾਂ ਦੇ ਹਥਿਆਰਾਂ ਨਾਲ ਲੈਸ ਹੈ ।

**ਮੋਦੀ ਰਾਜ ਦੌਰਾਨ ਦਸੰਬਰ 2016 ਵਿਚ ਬਿਪਿਨ ਰਾਵਤ ਦੀ ਥਲ ਸੈਨਾ ਮੁਖੀ ਵਜੋਂ ਉਸ ਦੀ ਨਿਯੁਕਤੀ ਵਿਵਾਦਾਂ ਵਿਚ ਰਹੀ, ਕਿਉਂਕਿ ਉਸ ਨੂੰ ਦੋ ਸੀਨੀਅਰ ਅਫਸਰਾਂ ਨੂੰ ਨਜ਼ਰਅੰਦਾਜ਼ ਕਰਕੇ ਥਲ ਸੈਨਾ ਮੁਖੀ ਬਣਾਇਆ ਗਿਆ । ਰਾਵਤ ਨੇ ਵਰਦੀ ਵਿਚ ਨਾਗਪੁਰ ਵਿਚ ਆਰ ਐੱਸ ਐੱਸ ਮੁਖੀ ਮੋਹਨ ਭਾਗਵਤ ਨਾਲ ਮੁਲਾਕਾਤ ਕੀਤੀ ਤੇ ਵਿਵਾਦ ਹੋਣ 'ਤੇ ਕਿਹਾ ਕਿ ਬਜ਼ੁਰਗਾਂ ਨੂੰ ਆਦਰ ਦੇਣ ਵਿਚ ਕੋਈ ਗਲਤ ਗੱਲ ਨਹੀਂ, ਇਹ ਤਾਂ ਸਾਡੀ ਸੰਸਕ੍ਰਿਤੀ ਦਾ ਹਿੱਸਾ ਹੈ। ਅਪ੍ਰੈਲ 2017 ਵਿਚ ਜਨਰਲ ਰਾਵਤ ਨੇ ਮੇਜਰ ਲੀਤੁਲ ਗੋਗੋਈ ਦਾ ਬਚਾਅ ਕੀਤਾ, ਜਿਸ ਨੇ ਘਿਰ ਜਾਣ 'ਤੇ ਨੌਜਵਾਨ ਕਸ਼ਮੀਰੀ ਦਸਤਕਾਰ ਫਾਰੂਕ ਅਹਿਮਦ ਡਾਰ ਨੂੰ ਜੀਪ ਦੇ ਬੋਨੇਟ 'ਤੇ ਬੰਨ ਕੇ ਮਨੁੱਖੀ ਢਾਲ ਵਜੋਂ ਵਰਤਦਿਆਂ ਜੀਪ ਦੌੜਾਈ ।ਇਸ ਅਣਮਨੁੱਖੀ ਕਾਰੇ ਦੀ ਵਿਆਪਕ ਨਿੰਦਾ ਹੋਈ ਸੀ । ਜਨਰਲ ਰਾਵਤ ਕਸ਼ਮੀਰੀਆਂ ਬਾਰੇ ਬਹੁਤ ਬੇਕਿਰਕ ਸੀ। ਇਕ ਵਾਰ ਤਾਂ ਉਸ ਨੇ ਕਿਹਾ ਸੀ ਜੇ ਇਹ ਕਸ਼ਮੀਰੀ ਸਾਡੇ 'ਤੇ ਪੱਥਰ ਮਾਰਨ ਦੀ ਥਾਂ ਗੋਲੀਆਂ ਚਲਾਉਣ ਤਾਂ ਫਿਰ ਦੱਸਾਂ । ਜਨਰਲ ਰਾਵਤ ਨੇ ਫੌਜੀ ਵਰਦੀ ਵਿਚ ਆਪਣੀ ਸਿਆਸੀ ਸੋਚ ਦਾ ਪ੍ਰਗਟਾਵਾ ਅੰਗਰੇਜ਼ੀ ਅਖ਼ਬਾਰ 'ਦੀ ਟੈਲੀਗਰਾਫ' ਨੂੰ ਦਿੱਤੀ ਇੰਟਰਵਿਊ ਵਿਚ ਖੁੱਲ ਕੇ ਕੀਤਾ ਸੀ, ਜਦੋਂ ਉਸ ਨੇ ਸਤਿਆਪਾਲ ਮਲਿਕ ਨੂੰ ਜੰਮੂ-ਕਸ਼ਮੀਰ ਦਾ ਰਾਜਪਾਲ ਨਿਯੁਕਤ ਕੀਤੇ ਜਾਣ 'ਤੇ ਕਿਹਾ ਸੀ, ਕਸ਼ਮੀਰ ਵਿਚ ਅਸੀਂ ਨਵੇਂ ਰਾਜਪਾਲ ਨੂੰ ਕੁਝ ਸਮਾਂ ਦੇਣਾ ਚਾਹੁੰਦੇ ਹਾਂ । (ਯਾਨੀ ਕਿ ਰਾਜਪਾਲ ਨੇ ਨਹੀਂ, ਅਸੀਂ ਦੇਖਣਾ ਕਿ ਕਰਨਾ ਕੀ ਹੈ !) ਜਨਰਲ ਰਾਵਤ ਨੇ ਫਰਵਰੀ 2018 ਵਿਚ ਗੁਹਾਟੀ ਵਿਚ ਇਕ ਸੈਮੀਨਾਰ ਨੂੰ ਸੰਬੋਧਨ ਕਰਦਿਆਂ ਇਹ ਹੈਰਾਨ ਕਰਨ ਵਾਲੀ ਗੱਲ ਕਹੀ ਸੀ ਕਿ ਉੱਤਰ-ਪੂਰਬ ਵਿਚ ਘੱਟ ਗਿਣਤੀਆਂ ਦੇ ਹੱਕਾਂ ਲਈ ਲੜਨ ਵਾਲੀ ਬਦਰੁਦੀਨ ਅਜਮਲ ਦੀ ਪਾਰਟੀ ਆਲ ਇੰਡੀਆ ਯੂਨਾਇਟਿਡ ਡੈਮੋਕਰੇਟਿਕ ਫਰੰਟ ਉੱਤਰ-ਪੂਰਬ ਵਿਚ ਭਾਜਪਾ ਨਾਲੋਂ ਵੀ ਤੇਜ਼ੀ ਨਾਲ ਵਧ-ਫੁਲ ਗਈ ।ਉਸ ਨੇ ਆਪਣੀ ਸਿਆਸੀ ਸੋਚ ਦਾ ਇਥੇ ਵੀ ਪ੍ਰਗਟਾਵਾ ਕਰਦਿਆਂ ਕਿਹਾ ਸੀ ਕਿ ਉੱਤਰ-ਪੂਰਬ ਵਿਚ ਬੰਗਲਾਦੇਸ਼ੀਆਂ ਦੀ ਯੋਜਨਾਬੱਧ ਘੁਸਪੈਠ ਹੋਈ ਹੈ । 2019 ਵਿਚ ਆਪਣੇ ਰਿਟਾਇਰ ਹੋਣ ਵਾਲੇ ਸਾਲ ਉਸ ਨੇ ਨਾਗਰਿਕਤਾ ਸੋਧ ਕਾਨੂੰਨ ਵਿਰੁੱਧ ਦੇਸ਼-ਭਰ ਵਿਚ ਹੋ ਰਹੇ ਪ੍ਰੋਟੈਸਟਾਂ ਉੱਤੇ ਚਿਤਾਵਨੀ ਵਾਲੀ ਉਂਗਲ ਚੁੱਕਦਿਆਂ ਕਿਹਾ ਸੀ ਕਿ ਸਿਆਸੀ ਆਗੂਆਂ ਨੂੰ ਲੋਕਾਂ ਦੇ ਅੱਗੇ ਲੱਗ ਕੇ ਅਗਜ਼ਨੀ ਤੇ ਹਿੰਸਾ ਨਹੀਂ ਕਰਾਉਣੀ ਚਾਹੀਦੀ ।ਇਸ ਚਿਤਾਵਨੀ ਨੂੰ ਕਾਂਗਰਸ ਨੂੰ ਚਿਤਾਵਨੀ ਵਜੋਂ ਲਿਆ ਗਿਆ ਸੀ ਤੇ ਕਾਂਗਰਸ ਆਗੂ ਪੀ ਚਿਦੰਬਰਮ ਸਣੇ ਕਈ ਕਾਂਗਰਸੀ ਆਗੂਆਂ ਨੇ ਮੋੜਵਾਂ ਜਵਾਬ ਦਿੰਦਿਆਂ ਕਿਹਾ ਸੀ ਕਿ ਜਨਰਲ ਰਾਵਤ ਨੂੰ ਸਿਆਸੀ ਪਾਰਟੀਆਂ ਨੂੰ ਇਹ ਸਮਝਾਉਣ ਦੀ ਲੋੜ ਨਹੀਂ ਕਿ ਉਨਾਂ ਨੂੰ ਕੀ ਕਰਨਾ ਚਾਹੀਦਾ ਹੈ ਤੇ ਕੀ ਨਹੀਂ।ਜਦੋਂ ਜਨਰਲ ਰਾਵਤ ਨੂੰ ਸੈਨਾ ਦੇ ਤਿੰਨਾਂ ਅੰਗਾਂ ਦਾ ਮੁਖੀ (ਚੀਫ ਆਫ ਡਿਫੈਂਸ ਸਟਾਫ) ਨਿਯੁਕਤ ਕੀਤਾ ਗਿਆ ਤਾਂ ਮੋਦੀ ਸਰਕਾਰ ਦੇ ਫੈਸਲੇ ਤੋਂ ਕਿਸੇ ਨੂੰ ਹੈਰਾਨੀ ਨਹੀਂ ਹੋਈ ਸੀ । ਜਨਰਲ ਰਾਵਤ ਦੇ ਬਿਆਨ ਸੱਤਾਧਾਰੀ ਭਾਜਪਾ ਤੇ ਸੰਘ ਦੀ ਸੋਚ ਮੁਤਾਬਕ ਹੁੰਦੇ ਸਨ, ਜਦੋਂਕਿ ਪਹਿਲੇ ਜਨਰਲ ਸਿਆਸਤਦਾਨਾਂ ਤੋਂ ਦੂਰੀ ਬਣਾ ਕੇ ਰੱਖਦੇ ਸਨ ।**

### ਜਨਰਲ ਰਾਵਤ ਦੇ ਬਾਰੇ ਇਤਰਾਜ਼ਯੋਗ ਪੋਸਟ ਕਰਨ ਵਾਲਾ ਗ੍ਰਿਫ਼ਤਾਰ

ਜੈਪੁਰ : ਇੰਟਰਨੈੱਟ ਮੀਡੀਆ 'ਤੇ ਚੀਫ ਆਫ ਡਿਫੈਂਸ (ਸੀਡੀਐੱਸ) ਬਿਪਿਨ ਰਾਵਤ ਦੇ ਬਾਰੇ ਇਤਰਾਜ਼ਯੋਗ ਟਿੱਪਣੀ ਕਰਨ ਵਾਲੇ ਨੌਜਵਾਨ ਨੂੰ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ ਹੈ। ਮੁਲਜ਼ਮ ਨੌਜਵਾਨ ਜਾਵਾਦ (21) ਰਾਜਸਥਾਨ ਵਿਚ ਟੋਂਕ ਸ਼ਹਿਰ ਦਾ ਰਹਿਣ ਵਾਲਾ ਹੈ। ਉਸਨੇ ਕਰੀਬ ਇਕ ਘੰਟੇ ਬਾਅਦ ਪੋਸਟ ਨੂੰ ਇੰਟਰਨੈੱਟ ਮੀਡੀਆ ਤੋਂ ਹਟਾ ਦਿੱਤਾ।

### ਹੈਲੀਕਾਪਟਰ ਹਾਦਸੇ ਮਾਰੇ ਗਏ ਨਾਇਕ ਗੁਰਸੇਵਕ ਸਿੰਘ ਦੇ ਪਿੰਡ ਵਿਚ ਸੋਗ ਦਾ ਮਾਹੌਲ



ਤਰਨਤਾਰਨ : ਦੇਸ਼ ਦੇ ਚੀਫ ਆਫ ਡਿਫੈਂਸ ਸਟਾਫ ਬਿਪਿਨ ਰਾਵਤ ਦੇ ਹੈਲੀਕਾਪਟਰ ਨੂੰ ਵਾਪਰੇ ਹਾਦਸੇ ਵਿਚ ਤਰਨਤਾਰਨ ਜ਼ਿਲੇ ਦੇ ਪਿੰਡ ਦੋਦੇ ਸੋਢੀਆਂ ਨਿਵਾਸੀ ਨਾਇਕ ਗੁਰਸੇਵਕ ਸਿੰਘ ਦੇ ਦੇਹਾਂਤ ਨਾਲ ਉਸ ਪਿੰਡ ਹੀ ਨਹੀਂ ਬਲਕਿ ਸਮੁੱਚੇ ਜ਼ਿਲੇ ਵਿਚ ਸੋਗ ਦਾ ਮਾਹੌਲ ਬਣ ਗਿਆ ਹੈ। ਇਸ ਹਾਦਸੇ ਵਿਚ ਜਾਨ ਗਵਾਉਣ ਵਾਲਾ ਨਾਇਕ ਗੁਰਸੇਵਕ ਸਿੰਘ ਬਿਪਿਨ ਰਾਵਤ ਦੇ ਸੁਰੱਖਿਆ ਦਸਤੇ ਦਾ ਹਿੱਸਾ ਸੀ।

ਗੁਰਸੇਵਕ ਸਿੰਘ ਫੌਜ ਦੀ 9 ਪੈਰਾ ਸਪੈਸ਼ਲ ਫੋਰਸ ਯੂਨਿਟ ਵਿਚ ਤਾਇਨਾਤ ਸੀ ਅਤੇ ਪੀਐੱਸਓ ਵਜੋਂ ਸੀਡੀਐੱਸਨਾਲ ਡਿਊਟੀ ਨਿਭਾਅ ਰਿਹਾ ਸੀ। ਗੁਰਸੇਵਕ ਸਿੰਘ ਦੋ ਬੱਚੀਆਂ ਸਿਮਰਤਦੀਪ ਕੌਰ (9), ਗੁਰਲੀਨ ਕੌਰ (5) ਤੇ ਲੜਕੇ ਗੁਰਫਤਿਹ ਸਿੰਘ (4) ਦਾ ਪਿਤਾ ਸੀ। ਨਾਇਕ ਗੁਰਸੇਵਕ ਸਿੰਘ ਦੇ ਪਿਤਾ ਕਾਬਲ ਸਿੰਘ ਨੇ ਦੱਸਿਆ ਕਿ ਗੁਰਸੇਵਕ ਸਿੰਘ ਸਾਲ 2004 ਵਿਚ ਭਾਰਤੀ ਫੌਜ ਵਿਚ ਭਰਤੀ ਹੋਇਆ ਸੀ ਅਤੇ ਉਹ 9 ਪੈਰਾ ਮਿਲਟਰੀ ਵਿਚ ਦਿੱਲੀ ਵਿਖੇ ਡਿਊਟੀ ਕਰਦਾ ਸੀ। ਗੁਰਸੇਵਕ ਦਾ ਵਿਆਹ ਸਾਲ 2011 ਵਿਚ ਜਸਪ੍ਰੀਤ ਕੌਰ ਨਾਲ ਹੋਇਆ ਅਤੇ ਉਹ ਤਿੰਨ ਬੱਚਿਆਂ ਦਾ ਪਿਤਾ ਸੀ। ਗੁਰਸੇਵਕ ਸਿੰਘ ਦਾ ਇਕ ਛੋਟਾ ਭਰਾ ਵੀ ਹੈ ਜਦੋਂਕਿ ਉਸਦੀ ਮਾਤਾ ਗੁਰਮੀਤ ਕੌਰ ਦਾ ਦੇਹਾਂਤ ਵੀ ਸਾਲ 2010 ਵਿਚ ਹੋ ਗਿਆ ਸੀ। ਗੁਰਸੇਵਕ ਸਿੰਘ ਦੀ ਮੌਤ ਦੀ ਖਬਰ ਤੋਂ ਬਾਅਦ ਪਰਿਵਾਰ ਭਾਰੀ ਸਦਮੇ ਵਿਚ ਹੈ। ਜਦੋਂ ਉਸਦੀ ਪਤਨੀ ਦਾ ਵੀ ਰੋ ਰੋ ਕੇ ਬੁਰਾ ਹਾਲ ਹੈ।

ਇਸ ਮੌਕੇ ਪਿੰਡ ਦੇ ਸਰਪੰਚ ਗੁਰਬਾਜ਼ ਸਿੰਘ ਨੇ ਕਿਹਾ ਕਿ ਗੁਰਸੇਵਕ ਸਿੰਘ ਬਹੁਤ ਹੀ ਸਧਾਰਨ ਪਰਿਵਾਰ ਵਿਚੋਂ ਉੱਠ ਕੇ ਫੌਜ ਵਿਚ ਪਹੁੰਚਿਆ ਸੀ ਅਤੇ ਬਿਪਿਨ ਰਾਵਤ ਨਾਲ ਲੰਮੇ ਸਮੇਂ ਤੋਂ ਸੁਰੱਖਿਆ ਦਸਤੇ ਵਿਚ ਤਾਇਨਾਤ ਸੀ। ਇਸ ਮੌਕੇ ਥਾਣਾ ਖਾਲੜਾ ਦੇ ਮੁਖੀ ਕੰਵਲਜੀਤ ਰਾਏ ਤੋਂ ਇਲਾਵਾ ਇਲਾਕੇ ਭਰ ਤੋਂ ਪਹੁੰਚੇ ਹੋਰ ਮੋਹਤਬਰ ਵੀ ਮੌਜੂਦ ਸਨ।

# ਮੁੱਖ ਮੰਤਰੀ ਚੰਨੀ ਨੇ ਰੱਬੋਂ ਉੱਚੀ ਵਿਖੇ ਬਾਬਾ ਮਹਾਰਾਜ ਸਿੰਘ ਜੀ ਦੇ ਬੁੱਤ ਦਾ ਕੀਤਾ ਉਦਘਾਟਨ

## ਬਾਬਾ ਮਹਾਰਾਜ ਸਿੰਘ ਨੇ ਪਹਿਲੀ ਸਿੱਖ-ਅੰਗਰੇਜ਼ ਜੰਗ ਪਿੱਛੋਂ ਪੰਜਾਬ ਵਿੱਚ ਅੰਗਰੇਜ਼ ਵਿਰੋਧੀ ਲਹਿਰ ਦੀ ਅਗਵਾਈ ਕੀਤੀ : ਚੰਨੀ

**ਰੱਬੋਂ ਉੱਚੀ (ਲੁਧਿਆਣਾ)/ਏ.ਟੀ.ਨਿਊਜ਼ :** ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਬੀਤੇ ਦਿਨੀਂ ਪ੍ਰਸਿੱਧ ਸਿੱਖ ਕ੍ਰਾਂਤੀਕਾਰੀ ਬਾਬਾ ਮਹਾਰਾਜ ਸਿੰਘ ਜੀ, ਜੋ ਕਿ ਜੰਗ-ਏ-ਅਜ਼ਾਦੀ ਦੇ ਪਹਿਲੇ ਸ਼ਹੀਦ ਸਨ, ਦੇ ਬੁੱਤ ਦਾ ਉਦਘਾਟਨ ਜ਼ਿਲਾ ਲੁਧਿਆਣਾ ਦੇ ਪਿੰਡ ਰੱਬੋਂ ਉੱਚੀ ਵਿਖੇ ਕੀਤਾ।

ਇਸ ਮੌਕੇ ਆਪਣੇ ਸੰਬੋਧਨ ਵਿੱਚ ਮੁੱਖ ਮੰਤਰੀ ਨੇ ਕਿਹਾ ਕਿ ਬਾਬਾ ਮਹਾਰਾਜ ਸਿੰਘ ਨੇ ਪਹਿਲੀ ਸਿੱਖ-ਅੰਗਰੇਜ਼ ਜੰਗ ਪਿੱਛੋਂ ਪੰਜਾਬ ਵਿੱਚ ਅੰਗਰੇਜ਼ ਵਿਰੋਧੀ ਲਹਿਰ ਦੀ ਅਗਵਾਈ ਕੀਤੀ। ਮੁੱਖ ਮੰਤਰੀ ਨੇ ਲੋਕਾਂ ਨੂੰ ਦੇਸ਼ ਦੀ ਏਕਤਾ ਤੇ ਅਖੰਡਤਾ ਲਈ ਜੂਝਣ ਹਿੱਤ ਪ੍ਰੇਰਦੇ ਹੋਏ ਅਜ਼ਾਦੀ ਦੀ ਜੰਗ ਦੇ ਇਸ ਪਹਿਲੇ ਸ਼ਹੀਦ ਦੁਆਰਾ ਦਿਖਾਏ ਰਸਤੇ ਉੱਤੇ ਚੱਲਣ ਲਈ ਕਿਹਾ।ਉਨਾਂ ਅੱਗੇ ਕਿਹਾ ਕਿ 1857 ਦੇ ਵਿਦਰੋਹ ਨੂੰ ਦੇਸ਼ ਦੀ ਅਜ਼ਾਦੀ ਦੀ ਜੰਗ ਦੀ ਸ਼ੁਰੂਆਤ ਵਜੋਂ ਪੇਸ਼ ਕਰਨ ਦੀਆਂ ਕੋਸ਼ਿਸ਼ਾਂ ਹੋਈਆਂ ਪਰ ਇਤਿਹਾਸ ਨੇ ਇਹ ਸਾਬਿਤ ਕਰ ਦਿੱਤਾ ਕਿ ਬਾਬਾ ਮਹਾਰਾਜ ਸਿੰਘ ਨੇ ਉਸੇ ਸਮੇਂ ਦੇਸ਼ ਨੂੰ ਅਜ਼ਾਦ ਕਰਾਉਣ ਲਈ ਸੰਘਰਸ਼ ਸ਼ੁਰੂ ਕਰ ਦਿੱਤਾ ਸੀ ਜਦੋਂ ਉਨਾਂ ਨੇ ਆਖਰੀ ਸਿੱਖ ਹੁਕਮਰਾਨ ਮਹਾਰਾਜਾ ਦਲੀਪ ਸਿੰਘ ਨੂੰ ਅੰਗਰੇਜ਼ਾਂ ਦੇ ਚੁੰਗਲ ਤੋਂ ਛੁਡਾਉਣ ਦੀ ਕੋਸ਼ਿਸ਼ ਕੀਤੀ ਸੀ। ਪਰ, ਅੰਗਰੇਜ਼ਾਂ ਨੂੰ ਬਾਬਾ ਮਹਾਰਾਜ ਸਿੰਘ ਵੱਲੋਂ ਆਪਣੇ ਸਾਥੀਆਂ ਨਾਲ ਮਿਲ ਕੇ ਕੀਤੀ ਗਈ ਯੋਜਨਾਬੰਦੀ ਦੀ ਸੂਹ ਮਿਲ ਗਈ ਜਿਸ ਦੇ ਸਿੱਟੇ ਵਜੋਂ ਉਨਾਂ ਨੇ ਬਾਬਾ ਮਹਾਰਾਜ ਸਿੰਘ ਨੂੰ ਕੈਦ ਕਰ ਕੇ ਸਿੰਗਾਪੁਰ ਭੇਜ ਦਿੱਤਾ ਜਿੱਥੇ ਬਾਬਾ ਮਹਾਰਾਜ ਸਿੰਘ ਜੀ ਕਈ ਤੰਗੀਆਂ ਨਾਲ ਜੂਝਦੇ ਹੋਏ 5 ਜੁਲਾਈ, 1856 ਨੂੰ ਸ਼ਹੀਦ ਹੋ ਗਏ।

**ਕੌਣ ਨੇ ਬਾਬਾ ਮਹਾਰਾਜ ਸਿੰਘ**

ਬਾਬਾ ਮਹਾਰਾਜ ਸਿੰਘ ਦਾ ਜਨਮ ਲੁਧਿਆਣੇ ਜ਼ਿਲੇ ਦੇ ਪਿੰਡ ਰੱਬੋਂ ਉਚੀ ਵਿੱਚ 13 ਜਨਵਰੀ 1780 ਵਿੱਚ ਹੋਇਆ। ਬਚਪਨ ਵਿੱਚ ਉਨਾਂ ਦਾ ਨਾਂ ਨਿਹਾਲ ਸਿੰਘ ਰੱਖਿਆ ਗਿਆ। ਉਹ ਹਰ ਇਕ ਨੂੰ 'ਮਹਾਰਾਜ ਜੀ' ਕਹਿ ਕੇ ਬੁਲਾਉਂਦੇ ਸਨ ਜਿਸ ਕਾਰਣ ਉਨਾਂ ਦਾ ਨਾਂ ਬਾਬਾ ਮਹਾਰਾਜ ਸਿੰਘ ਪੈ ਗਿਆ।ਨੇੜਲੇ ਪਿੰਡ ਠੀਕਰੀਵਾਲਾ ਦੇ ਡੇਰੇ ਵਿੱਚ ਕੁਝ ਸਮਾਂ ਰਹਿਣ ਤੋਂ ਬਾਅਦ ਭਾਈ ਸੁਮੰਦ ਸਿੰਘ ਨੌਰੰਗਾਬਾਦੀ ਨਾਲ ਮੇਲ ਹੋਇਆ ਜਿਨਾਂ ਰਾਹੀਂ ਉਹ ਬਾਬਾ ਬੀਰ ਸਿੰਘ ਨੌਰੰਗਾਬਾਦੀ ਦੇ ਸੇਵਕ ਬਣ ਗਏ।

ਬਾਬਾ ਬੀਰ ਸਿੰਘ ਅੰਗਰੇਜ਼ ਸਰਕਾਰ ਨਾਲ ਹੋਈ ਲੜਾਈ ਵਿਚ ਮੁੱਠਿਆਂ ਵਾਲੇ (ਖੇਮਕਰਨ ਲਾਗੇ) ਵਿਖੇ ਸ਼ਹੀਦ ਹੋ ਗਏ। ਸ਼ਹੀਦੀ ਉਪਰੰਤ ਗੱਦੀ ਦੇ ਵਾਰਸ ਭਾਈ ਮਹਾਰਾਜ ਸਿੰਘ ਨੇ ਦੇਸ਼ ਵਾਸੀਆਂ ਨੂੰ ਅੰਗਰੇਜ਼ਾਂ ਤੇ ਡੋਗਰਿਆਂ ਦੀਆਂ ਕੁਚਾਲਾਂ ਤੋਂ ਸੁਚੇਤ ਰਹਿ ਕੇ ਅਜ਼ਾਦੀ ਦੀ ਲੜਾਈ ਜਾਰੀ ਰੱਖਣ ਲਈ ਕਿਹਾ।ਬਾਬਾ ਮਹਾਰਾਜ ਸਿੰਘ ਨੇ ਨੌਰੰਗਾਬਾਦ ਦਾ ਸਾਰਾ ਪ੍ਰਬੰਧ ਬਾਬਾ ਖੁਦਾ ਸਿੰਘ ਨੂੰ ਸੰਭਾਲ ਕੇ ਖੇਮਕਰਨ ਲਾਗੇ ਮੁੱਠਿਆਂ ਵਾਲੇ ਬਾਬਾ ਬੀਰ ਸਿੰਘ ਨੌਰੰਗਾਬਾਦੀ ਦੇ ਸ਼ਹੀਦੀ ਅਸਥਾਨ 'ਤੇ ਗੁਰਦੁਆਰਾ ਬਣਾਇਆ। ਫਿਰ ਅੰਮ੍ਰਿਤਸਰ ਜਾ ਕੇ ਲੋਕਾਂ ਨੂੰ ਲਾਮਬੰਦ ਕਰਨ ਲੱਗੇ।



ਉਨਾਂ ਅੰਗਰੇਜ਼ਾਂ ਖਿਲਾਫ ਲੜਾਈ ਸ਼ੁਰੂ ਕਰ ਦਿੱਤੀ ਸੀ ਤੇ ਉਨਾਂ ਮੁਤਾਬਿਕ, ਹਰ ਕੱਟੜ ਕੌਮਪ੍ਰਸਤ ਲਈ ਸਭ ਤੋਂ ਪਹਿਲਾ ਮੰਤਵ ਇਹ ਹੈ ਕਿ ਵਿਦੇਸ਼ੀ ਅਧਿਕਾਰ ਤੋਂ ਮੁਕਤੀ ਪ੍ਰਾਪਤ ਕਰਨ ਅਤੇ ਹੋਰ ਕੋਈ ਮਿਸ਼ਨ ਚਾਹੇ ਉਹ ਸੱਭਿਆਚਾਰਕ ਜਾਂ ਧਾਰਮਿਕ ਸੁਧਾਰ ਦੀ ਹੀ ਕਿਉਂ ਨਾ ਹੋਵੇ, ਉਸ ਦਾ ਧਿਆਨ ਬਾਅਦ ਵਿੱਚ ਖਿੱਚੋ। ਅੰਗਰੇਜ਼ ਰੈਜੀਡੈਂਟ ਹੈਨਰੀ ਲਾਰੰਸ ਨੂੰ 21-4-1847 ਨੂੰ ਸ਼ਾਲੀਮਾਰ ਬਾਗ ਦੀ ਮੀਟਿੰਗ ਸਮੇਂ ਕਤਲ ਕਰਨ ਲਈ ਪਰੇਮਾ ਤੇ ਮੋਹਰਾ ਜੋ ਗੁਲਾਬ ਸਿੰਘ ਡੋਗਰਾ ਕੋਲ ਕੰਮ ਕਰ ਚੁੱਕੇ ਸਨ, ਨੂੰ ਬਾਬਾ ਜੀ ਨੇ ਚੁਣਿਆ। ਉਨਾਂ ਨੂੰ 1-1 ਸਿਰੀ ਸਾਹਿਬ ਵੀ ਭੇਟ ਕੀਤੀ। ਬਦਕਿਸਮਤੀ ਨਾਲ ਅੰਗਰੇਜ਼ਾਂ ਨੂੰ ਪਹਿਲਾਂ ਪਤਾ ਲੱਗ ਗਿਆ ਤੇ ਸਾਜਿਸ਼ ਕਰਨ ਅਤੇ ਪਨਾਹ ਦੇਣ ਵਾਲਿਆ ਦੀਆਂ ਜਾਇਦਾਦਾਂ ਜ਼ਬਤ ਕਰ ਲਈਆਂ। ਜੰਮੂ ਤੋਂ ਪ੍ਰੇਮਾ ਫੜੇ ਜਾਣ ਤੇ ਬਾਬਾ ਜੀ ਦੇ ਕਈ ਸਾਥੀ ਫੜੇ ਗਏ। ਉਨਾਂ ਦੀ ਜਾਇਦਾਦ ਜ਼ਬਤ ਕਰਕੇ ਦਸ ਹਜ਼ਾਰ ਰੁਪਏ ਇਨਾਮ ਰੱਖਿਆ ਗਿਆ। ਪ੍ਰੇਮਾ ਮਿਸ਼ਨ ਫ਼ੇਲ ਹੋਣ ਪਿੱਛੋਂ ਦੀਵਾਨ ਮੂਲ ਰਾਜ ਨੇ ਅੰਗਰੇਜ਼ਾਂ ਖਿਲਾਫ ਬਗਾਵਤ ਕਰ ਦਿੱਤੀ, ਜਿਸ ਦੀ ਮਹਾਰਾਣੀ ਜਿੰਦਾਂ ਤੇ ਬਾਬਾ ਜੀ ਨੇ ਪੂਰੀ ਮਦਦ ਕੀਤੀ ਪਰ ਉਸ ਨਾਲ ਮਤਭੇਦ ਹੋਣ 'ਤੇ ਬਾਬਾ ਜੀ ਨੇ ਵੱਖਰਾ ਦਲ ਬਣਾ ਲਿਆ। ਕਿਸੇ ਨੇ ਸਰ ਜਾਨ ਲਾਰੰਸ ਗਵਰਨਰ ਜਨਰਲ ਕੋਲ ਚੁਗਲੀ ਕੀਤੀ ਕਿ ਬਾਬਾ ਮਹਾਰਾਜ ਸਿੰਘ ਤੇ ਨਿਹੰਗ ਗੰਡਾ ਸਿੰਘ ਉਸਨੂੰ ਮਾਰਨਾ ਚਾਹੁੰਦੇ ਹਨ।

ਅੰਗਰੇਜ਼ਾਂ ਨੇ ਗੰਡਾ ਸਿੰਘ ਨੂੰ ਫੜ ਕੇ ਫਾਂਸੀ ਦੇ ਦਿੱਤੀ ਤੇ ਬਾਬਾ ਜੀ ਨੂੰ ਲਾਰੰਸ ਨਾਲ ਮੁਲਾਕਾਤ ਲਈ

**ਬਾਕੀ ਸਫ਼ਾ 28 'ਤੇ**

# ਪੰਜਾਬੀ ਕਿਸਾਨਾਂ ਨੇ ਘਿਰਾਓ ਕਰਕੇ ਝੁਕਾਈ ਕੰਗਨਾ ਰਣੌਤ

## ਕਰੀਬ ਦੋ ਘੰਟੇ ਬਾਅਦ ਅਦਾਕਾਰਾ ਨੇ ਕਿਸਾਨ ਬੀਬੀਆਂ ਕੋਲੋਂ ਮੁਆਫ਼ੀ ਮੰਗ ਕੇ ਖਹਿੜਾ ਛੁਡਾਇਆ

ਫਿਲਮ ਅਦਾਕਾਰਾ ਕੰਗਨਾ ਰਣੌਤ ਜੋ ਕਿ ਆਪਣੀਆਂ ਸੋਸ਼ਲ ਮੀਡੀਆ ਪੋਸਟਾਂ ਅਤੇ ਬਿਆਨਾਂ ਕਾਰਨ ਹਮੇਸ਼ਾ ਵਿਵਾਦਾਂ ਤੇ ਮੀਡੀਆ ਦੀਆਂ ਸੁਰਖ਼ੀਆਂ ਵਿਚ ਰਹਿੰਦੀ ਹੈ, ਦੇ ਕਾਫਲੇ ਨੂੰ ਬੀਤੇ ਦਿਨੀਂ ਜ਼ਿਲਾ ਰੂਪਨਗਰ ਦੇ ਥਾਣਾ ਕੀਰਤਪੁਰ ਸਾਹਿਬ ਅਧੀਨ ਪੈਂਦੇ ਪਿੰਡ ਬੁੰਗਾ ਸਾਹਿਬ ਵਿੱਚ ਕਿਸਾਨ ਜਥੇਬੰਦੀਆਂ ਨੇ ਘੇਰ ਲਿਆ।ਜਾਣਕਾਰੀ ਅਨੁਸਾਰ ਕੰਗਨਾ ਆਪਣੀ ਗੱਡੀ ਵਿੱਚ ਆਪਣੀ ਸਕਿਓਰਿਟੀ ਸਮੇਤ ਮਨਾਲੀ ਤੋਂ ਚੰਡੀਗੜ ਵੱਲ ਜਾ ਰਹੀ ਸੀ। ਇਸ ਦੌਰਾਨ ਜਦੋਂ ਉਹ ਬਾਅਦ ਦੁਪਹਿਰ ਬੁੰਗਾ ਸਾਹਿਬ ਨੇੜੇ ਪੁੱਜੀ ਤਾਂ ਉਸ ਦੇ ਕਾਫਲੇ ਨੂੰ ਕਿਰਤੀ ਕਿਸਾਨ ਮੋਰਚਾ ਰੂਪਨਗਰ ਦੇ ਪ੍ਰਧਾਨ ਬੀਰ ਸਿੰਘ ਬੜਵਾ ਤੇ ਭਾਰਤੀ ਕਿਸਾਨ ਮਜ਼ਦੂਰ ਯੂਨੀਅਨ, ਆਨੰਦਪੁਰ ਸਾਹਿਬ ਦੇ ਆਗੂਆਂ ਤੇ ਹੋਰ ਕਿਸਾਨਾਂ ਨੇ ਘੇਰ ਲਿਆ। ਕੰਗਨਾ ਰਣੌਤ ਦੇ ਕਾਫਲੇ ਦੇ ਘਿਰਾਓ ਦੀ ਸੂਚਨਾ ਮਿਲਦੇ ਹੀ ਪੁਲਿਸ ਅਮਲਾ ਪੁੱਜ ਗਿਆ। ਕੰਗਣਾ ਦੇ ਘਿਰਾਓ ਦੀ ਗੱਲ ਸੋਸ਼ਲ ਮੀਡੀਆ ’ਤੇ ਵਾਇਰਲ ਹੋਣ ਕਾਰਨ ਵੱਖ-ਵੱਖ ਪਿੰਡਾਂ ਦੇ ਕਿਸਾਨ ਤੇ ਵੱਡੀ ਗਿਣਤੀ ਨੌਜਵਾਨ ਬੁੰਗਾ ਸਾਹਿਬ ਪਹੁੰਚ ਗਏ। ਇਸ ਦੌਰਾਨ ਕਿਸਾਨਾਂ ਨੇ ਕੰਗਨਾ ਤੇ ਭਾਜਪਾ ਵਿਰੋਧੀ ਨਾਅਰੇ ਲਗਾਏ। ਕਿਰਤੀ ਕਿਸਾਨ ਮੋਰਚਾ ਰੂਪਨਗਰ ਦੀ ਮਹਿਲਾ ਵਿੰਗ ਦੀ ਆਗੂ ਬੀਬੀ ਜਰਨੈਲ ਕੌਰ ਨੇ ਕਿਹਾ ਕਿ ਕੰਗਨਾ ਰਣੌਤ ਨੇ ਕਿਸਾਨ ਅੰਦੋਲਨ ਦੌਰਾਨ ਆਪਣੇ ਬਿਆਨ ਵਿਚ ਕਿਹਾ ਸੀ ਕਿ ਦਿੱਲੀ ਵਿੱਚ ਜਿਹੜੀਆਂ ਔਰਤਾਂ ਧਰਨੇ ਵਿੱਚ ਸ਼ਾਮਲ ਹਨ, ਉਹ 200-200 ਰੁਪਏ ਦੇ ਕੇ ਲਿਆਂਦੀਆਂ ਗਈਆਂ ਹਨ ਅਤੇ ਉਸ ਨੇ ਕਿਸਾਨਾਂ ਬਾਰੇ ਵੀ ਬਹੁਤ ਘਟੀਆ ਸ਼ਬਦਾਵਲੀ ਵਰਤਦੇ ਹੋਏ ਕਿਸਾਨਾਂ ਨੂੰ ਅਤਿਵਾਦੀ ਤੇ ਖਾਲਿਸਤਾਨੀ ਕਿਹਾ ਸੀ, ਜਿਸ ਕਰ ਕੇ ਪ੍ਰਦਰਸ਼ਨਕਾਰੀ ਕੰਗਨਾ ਨੂੰ ਮੁਆਫ਼ੀ ਮੰਗਣ ਲਈ ਕਹਿ ਰਹੇ ਹਨ। ਇਸ ਮੌਕੇ ਪੁਲਿਸ ਅਧਿਕਾਰੀਆਂ ਨੇ ਕਿਸਾਨਾਂ ਅਤੇ ਕਿਸਾਨ ਬੀਬੀਆਂ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਪਰ ਉਹ ਕੰਗਨਾ ਰਣੌਤ ਤੋਂ ਮੁਆਫ਼ੀ ਮੰਗਵਾਉਣ ਦੀ ਮੰਗ ’ਤੇ ਅੜੇ ਰਹੇ। ਅਖੀਰ ਕਰੀਬ ਸਵਾ ਦੋ ਘੰਟੇ ਬਾਅਦ ਕੰਗਨਾ ਰਣੌਤ ਨੇ ਬੀਬੀ ਜਰਨੈਲ ਕੌਰ ਕੋਲੋਂ ਮੁਆਫ਼ੀ ਮੰਗਦੇ ਹੋਏ ਕਿਹਾ, ‘ਮੈਂ ਪੰਜਾਬ ਦੇ ਕਿਸਾਨਾਂ ਅਤੇ ਔਰਤਾਂ ਬਾਰੇ ਕੋਈ ਗਲਤ ਬਿਆਨ ਨਹੀਂ ਦਿੱਤਾ ਹੈ। ਉਹ ਤਾਂ ਮੇਰੀ ਮਾਂ ਵਰਗੀਆਂ ਹਨ।’ ਉਸ ਮਗਰੋਂ ਕਿਸਾਨਾਂ ਨੇ ਘਿਰਾਓ ਖ਼ਤਮ ਕਰ ਦਿੱਤਾ ਅਤੇ ਕੰਗਨਾ ਦੇ ਕਾਫਲੇ ਨੂੰ ਜਾਣ ਦਿੱਤਾ ਗਿਆ। ਚੇਤੇ ਰਹੇ ਕਿ ਕੰਗਨਾ ਨੇ ਦਿੱਲੀ ਵਿਚ ਕਿਸਾਨ ਅੰਦੋਲਨ ਵਿਚ ਆਈ ਇੱਕ ਬਜ਼ੁਰਗ ਔਰਤ ਮਹਿੰਦਰ ਕੌਰ ਨੂੰ ‘ਭਾੜੇ ਦੀ ਔਰਤ’ ਦੱਸਿਆ ਸੀ ਜਿਸ ਤੋਂ ਕਿਸਾਨ ਬੀਬੀਆਂ ਖ਼ਫ਼ਾ ਸਨ। ਘੇਰਾਬੰਦੀ ਨੂੰ ਬੜੀ ਸਮਝਦਾਰੀ ਨਾਲ ਇਨਾਂ ਬੀਬੀਆਂ ਨੇ ਅੰਜਾਮ ਦਿੱਤਾ। ਇਨਾਂ ਬੀਬੀਆਂ ਦਾ ਮਕਸਦ ਸਿਰਫ਼ ਮੁਆਫ਼ੀ ਮੰਗਵਾਉਣ ਤੱਕ ਹੀ ਸੀਮਤ ਸੀ। ਕੰਗਨਾ ਰਣੌਤ ਨੇ ਕਿਹਾ, ‘ਪੰਜਾਬ ਪਹੁੰਚਦਿਆਂ ਹੀ ਭੀੜ ਨੇ ਮੈਨੂੰ ਰੋਕ ਲਿਆ। ਉਹ ਖੁਦ ਨੂੰ ਕਿਸਾਨ ਕਹਿ ਰਹੇ ਹਨ। ਗੰਦੀਆਂ ਗਾਲਾਂ ਕੱਢ ਰਹੇ ਹਨ। ਜਾਨੋਂ ਮਾਰਨ ਦੀ ਧਮਕੀ ਦੇ ਰਹੇ ਹਨ। ਮੇਰੇ ਨਾਲ ਸੁਰੱਖਿਆ ਨਾ ਹੁੰਦੀ ਤਾਂ ਕੀ ਹੁੰਦਾ ? ਮੇਰੇ ਨਾਂ ’ਤੇ ਰਾਜਨੀਤੀ ਹੋ ਰਹੀ ਹੈ।’ ਕੰਗਨਾ ਰਣੌਤ ਨੇ ਦਾਅਵਾ ਕੀਤਾ ਕਿ ਉਸ ਨੇ ਕਦੇ ਵੀ ਕਿਸਾਨਾਂ ਤੋਂ ਮੁਆਫ਼ੀ ਨਹੀਂ ਮੰਗੀ ।ਉਸ ਨੇ ਦਾਅਵਾ ਕੀਤਾ ਕਿ ਜੋ ਲੋਕ ਸੱਚੇ ਦੇਸ਼ ਭਗਤ ਅਤੇ ਰਾਸ਼ਟਰਵਾਦੀ ਹਨ, ਉਹ ਉਸ ਦੀ ਗੱਲ ਦਾ ਬੁਰਾ ਨਹੀਂ ਮੰਨ ਸਕਦੇ ।



ਕੰਗਨਾ, ਸਾਫ ਝੂਠ ਬੋਲ ਰਹੀ ਹੈ। ਵੀਡੀਓ ਸਾਰਿਆਂ ਨੇ ਦੇਖੀ ਹੈ, ਕੋਈ ਗਾਲ ਨਹੀਂ ਕੱਢ ਰਿਹਾ। ਜਾਨੋਂ ਮਾਰਨ ਦੀ ਧਮਕੀ ਨਹੀਂ ਦੇ ਰਿਹਾ। ਹਾਂ, ਮਾਫ਼ੀ ਮੰਗਣ ਲਈ ਜ਼ਰੂਰ ਕਿਹਾ ਗਿਆ। ਮਿੱਟੀ ਨਾਲ ਮਿੱਟੀ ਹੋਣ ਵਾਲਿਆਂ ਕਿਰਤੀਆਂ ਨੂੰ ‘ਅੱਤਵਾਦੀ’ ਕਹੋਗੇ ਤਾਂ ਉਹ ਜਵਾਬ ਜ਼ਰੂਰ ਮੰਗਣਗੇ। ਇਹ ਪੰਜਾਬੀ ਇੱਜ਼ਤਾਂ ਦੇ ਰਾਖੇ ਹਨ। ਇਨਾਂ ਨੂੰ ਬਾਹਰ ਨਿਕਲ ਕੇ

**ਸੱਚੋ ਸੱਚ ਦਸ ਵੇ ਜੋਗੀਆ**

ਇੱਕ ਵਾਰ ਕਹਿ ਦਿੰਦੀ, ‘ਜੀਭ ਸਾਰਾ ਦਿਨ ਗਿੱਲੀ ਰਹਿੰਦੀ, ਤਿਲਕ ਗਈ। ਮਾਫ਼ ਕਰੋ। ਤੁਸੀਂ ਜੰਗ ਜਿੱਤੀ ਹੈ। ਮਾਣ ਹੈ। ਮੇਰੇ ਵੀਰ ਹੋ।’

ਇਹੀ ਪੰਜਾਬੀ ਕੰਗਨਾ ਨੂੰ ਹੱਥੀਂ ਛਾਵਾਂ ਕਰਦੇ। ਅਫ਼ਸੋਸ ਕੰਗਨਾ ਵਰਗੇ ਕਲਾਕਾਰ ਕਮਰੇ ’ਵਿਚ ਭਗਵੇਂਵਾਦੀ ਦੇ ਇਨਕਲਾਬ ਦੇ ਧੁਤੂ ਬਣੇ ਹਨ, ਘਟੀਆ ਵੀਡੀਓ ਬਣਾ ਕੇ, ਪੋਸਟਾਂ ਪਾ ਕੇ ਆਪਣਾ ਮਜਾਕ ਉਡਾ ਰਹੇ ਹਨ ।

**ਸ਼੍ਰੋਮਣੀ ਕਮੇਟੀ ਵੀ ਇਸਾਈਆਂ ਵਾਂਗ ਵੰਡੇਗੀ ਲਿਟਰੇਚਰ**

ਸਿੱਖੀ ਵਿਚ ਪਤਿਤਪੁਣੇ ਨੂੰ ਠੱਲ ਪਾਉਣ ਲਈ ਹੁਣ ਸ਼੍ਰੋਮਣੀ ਕਮੇਟੀ ਵੀ ਇਸਾਈਆਂ ਵਾਂਗ ਸਿੱਖ ਧਰਮ ਦੇ ਮਹਾਨ ਵਿਰਸੇ ਵਿਚ ਪਰੋਇਆ ਲਿਟਰੇਚਰ ਘਰ-ਘਰ ਵੰਡੇਗੀ। ਇਹ ਦਾਅਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕੀਤਾ । ਐਡਵੋਕੇਟ ਧਾਮੀ ਨੇ ਪਤਿੱਤਪੁਣੇ ਰਾਹੀਂ ਸਿੱਖੀ ਨੂੰ ਲੱਗ ਰਹੇ ਖੋਰੇ ’ਤੇ ਗੱਲ ਕਰਦਿਆਂ ਕਿਹਾ ਕਿ ਇਸ ਨੂੰ ਨਕਾਰਿਆ ਨਹੀ ਜਾ ਸਕਦਾ, ਪਰ ਜਿੰਨਾ ਪਤਿਤਪੁਣੇ ’ਤੇ ਪ੍ਰਚਾਰ ਹੋ ਰਿਹਾ ਹੈ ਅਜਿਹਾ ਅਜਿਹਾ ਕੁਝ ਵੀ ਨਹੀਂ। ਫਿਰ ਵੀ ਸ਼੍ਰੋਮਣੀ ਕਮੇਟੀ ਨੇ ਇਸ ਦੀ ਰੋਕਥਾਮ ਲਈ ਆਪਣੇ ਪ੍ਰਚਾਰ ਨੂੰ ਹੋਰ ਤੇਜ਼ ਕਰ ਦਿੱਤਾ ਹੈ। ਇਸ ਦੇ ਵਿੱਚ ਹੁਣ ਹਰ ਘਰ ਚਾਹੇ ਉਸ ਵਿੱਚ ਕਿਸੇ ਵੀ ਧਰਮ ਦਾ ਕੋਈ ਵਿਅਕਤੀ ਰਹਿੰਦਾ ਹੈ ਨੂੰ ਸਿੱਖ ਇਤਿਹਾਸ ਤੇ ਛਪਵਾਏ ਗਏ ਕਿਤਾਬਚੇ ਨੂੰ ਵੰਡਿਆ ਜਾਵੇਗਾ। ਇਸ ਦੇ ਨਾਲ ਹੀ ਸ਼੍ਰੋਮਣੀ ਕਮੇਟੀ ਦੇ ਗੁਰਦੁਆਰਿਆਂ ਦੇ ਗ੍ਰੰਥੀ ਸਿੰਘਾਂ ਵੱਲੋਂ ਬੱਚਿਆਂ ਨੂੰ ਧਾਰਮਿਕ ਸਿੱਖਿਆ ਦੇਣ ਦੇ ਉਪਰਾਲਿਆਂ ਤੇ ਦੋ ਦੋ ਹਜ਼ਾਰ ਰੁਪਏ ਦੇ ਇਨਾਮ ਦਿੱਤੇ ਜਾਣਗੇ। ਇਸ ਤੋਂ ਪਹਿਲਾਂ ਵੱਡੇ ਪੱਧਰ ਤੇ ਅੰਮ੍ਰਿਤ ਪਾਨ ਕਰਵਾਉਣ ਲਈ ਵੱਡੇ ਵੱਡੇ ਸਮਾਗਮਾਂ ਦੀ ਲੜੀ ਲਗਾਤਾਰ ਚੱਲ ਰਹੀ ਹੈ।

ਅਸਲੀਅਤ ਇਹ ਹੈ ਕਿ ਧਾਮੀ ਜੀ ਦੇ ਵਿਚਾਰ ਹਵਾਈ ਫਾਇਰ ਹਨ। ਪੰਜਾਬ ਵਿਚ ਕਿਸੇ ਗੁਰਦੁਆਰੇ ਵਿਚ ਸਿਖ ਲਹਿਰ ਨਹੀਂ ਹੈ।ਨਾਹੀ ਗਰੀਬ ਸਿਖ ਬਚਿਆਂ ਦੀ ਮੈਡੀਕਲ ਤੇ ਵਿਦਿਅਕ ਸਹੂਲਤ ਵਲ ਧਿਆਨ ਦਿੱਤਾ ਜਾ ਰਿਹਾ। ਗੁਰਦੁਆਰੇ ਬਹੁਤ ਘੱਟ ਸੰਗਤ ਹੁੰਦੀ ਹੈ ।ਬਹੁਤੇ ਸਿਖ ਬਚਿਆਂ ਨੂੰ ਸਿਖੀ ਤੇ ਗੁਰੂ ਸਾਹਿਬਾਨ ਬਾਰੇ ਗਿਆਨ ਨਹੀਂ ਹੈ।ਲਿਟਰੇਚਰ ਦੀ ਵੰਡ ਕੋਈ ਰੋਲ ਨਹੀਂ ਨਿਭਾ ਸਕੇਗੀ।ਸਿਖ ਲਹਿਰ ਚਲਾਉਣੀ ਪਵੇਗੀ ਤਾਂ ਈਸਾਈਕਰਨ ਤੇ ਪਤਿਤਪੁਣੇ ਨੂੰ ਠੱਲ ਪਵੇਗੀ।

**ਮੱਕੜ ਅਤੇ ਸਾਬਕਾ ਡੀਜੀਪੀ ਵਿਰਕ ਸਣੇ ਕਈ ਆਗੂ ਭਾਜਪਾ ਵਿਚ ਸ਼ਾਮਲ**

**ਮਿਸ਼ਨ ਪੰਜਾਬ ਤਹਿਤ ਭਾਜਪਾ ਸਿੱਖ ਚਿਹਰੇ ਤਲਾਸ਼ਣ ਲੱਗੀ**

ਭਾਰਤੀ ਜਨਤਾ ਪਾਰਟੀ ਨੇ ਆਗਾਮੀ ਚੋਣਾਂ ਤੋਂ ਪਹਿਲਾਂ ਪੰਜਾਬ ਵਿੱਚ ਸਿਆਸੀ ਪੈਰ ਜਮਾਉਣ ਲਈ ਸਿੱਖ ਚਿਹਰੇ ਤਲਾਸ਼ਣੇ ਸ਼ੁਰੂ ਕਰ ਦਿੱਤੇ ਹਨ। ਸੀਨੀਅਰ ਅਕਾਲੀ ਆਗੂ ਮਨਜਿੰਦਰ ਸਿੰਘ ਸਿਰਸਾ ਮਗਰੋਂ ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਵਿਧਾਇਕ ਸਰਬਜੀਤ ਸਿੰਘ ਮੱਕੜ, ਸਾਬਕਾ ਡੀਜੀਪੀ ਸਰਬਦੀਪ ਸਿੰਘ ਵਿਰਕ, ਸਹਿਕਾਰੀ ਬੈਂਕ ਦੇ ਸਾਬਕਾ ਚੇਅਰਮੈਨ ਤੇ ਅਕਾਲੀ ਆਗੂ ਅਵਤਾਰ ਸਿੰਘ ਜ਼ੀਰਾ, ਉਦਯੋਗਪਤੀ ਹਰਚਰਨ ਸਿੰਘ ਰਣੌਤਾ ਅਤੇ ‘ਆਪ’ ਆਗੂ ਗੁਰਪ੍ਰੀਤ ਸਿੰਘ ਭੱਟੀ ਆਦਿ ਭਾਜਪਾ ਵਿੱਚ ਸ਼ਾਮਲ ਹੋ ਗਏ। ਭਾਜਪਾ ਦੇ ਪੰਜਾਬ ਮਾਮਲਿਆਂ ਦੇ ਇੰਚਾਰਜ ਗਜੇਂਦਰ ਸਿੰਘ ਸ਼ੇਖਾਵਤ ਨੇ ਦਿੱਲੀ ਵਿਚ ਇਨਾਂ ਆਗੂਆਂ ਨੂੰ ਪਾਰਟੀ ਵਿਚ ਸ਼ਾਮਲ ਕਰਦਿਆਂ ਕਿਹਾ ਕਿ ਇਨਾਂ ਦੀ ਆਮਦ ਨਾਲ ਪੰਜਾਬ ਵਿਚ ਪਾਰਟੀ ਸੰਗਠਨ ਨੂੰ ਹੋਰ ਮਜ਼ਬੂਤੀ ਮਿਲੇਗੀ। ਦੱਸਣਯੋਗ ਹੈ ਕਿ ਜਲੰਧਰ ਕੈਂਟ ਤੋਂ ਚੋਣ ਲੜਨ ਵਾਲੇ ਸਰਬਜੀਤ ਸਿੰਘ ਮੱਕੜ ਸ਼੍ਰੋਮਣੀ ਅਕਾਲੀ ਦਲ ਨਾਲ ਉਦੋਂ ਤੋਂ ਨਾਰਾਜ਼ ਚੱਲੇ ਆ ਰਹੇ ਸਨ ਜਦੋਂ ਤੋਂ ਅਕਾਲੀ ਦਲ ਨੇ ਜਲੰਧਰ ਕੈਂਟ ਤੋਂ ਜਗਬੀਰ ਸਿੰਘ ਬਰਾੜ ਨੂੰ ਉਮੀਦਵਾਰ ਐਲਾਨਿਆ ਹੈ। ਮੱਕੜ ਨੇ ਕਿਹਾ ਕਿ ਉਹ ਜਲਦੀ ਹੀ ਜਲੰਧਰ ਕੈਂਟ ਵਿਚ ਵੱਡਾ ਸਮਾਗਮ ਕਰਕੇ ਆਪਣੇ ਸਾਥੀਆਂ ਨੂੰ ਭਾਜਪਾ ਵਿਚ ਸ਼ਾਮਲ ਕਰਨਗੇ। ਤਿੰਨ ਖੇਤੀ ਕਾਨੂੰਨਾਂ ਖ਼ਿਲਾਫ਼ ਚੱਲੇ ਕਿਸਾਨ ਅੰਦੋਲਨ ਕਰਕੇ ਭਾਜਪਾ ਪੰਜਾਬ ਵਿਚੋਂ ਪੂਰੀ ਤਰਾਂ ਉੱਖੜ ਚੁੱਕੀ ਸੀ। ਮਨਜਿੰਦਰ ਸਿੰਘ ਸਿਰਸਾ ਦੀ ਸ਼ਮੂਲੀਅਤ ਮਗਰੋਂ ਭਾਜਪਾ ਨੇ ਪੰਜਾਬ ਵਿਚ ਆਪਣੀ ਸਰਗਰਮੀ ਇਕਦਮ ਤੇਜ਼ ਕਰ ਦਿੱਤੀ ਹੈ। ਭਾਜਪਾ ਦੀ ਇਸ ਸਰਗਰਮੀ ਤੋਂ ਸ਼੍ਰੋਮਣੀ ਅਕਾਲੀ ਦਲ



ਅੰਦਰੋ-ਅੰਦਰੀ ਕਾਫ਼ੀ ਖ਼ੌਫ਼ ਵਿਚ ਜਾਪ ਰਿਹਾ ਹੈ। ਸੂਤਰਾਂ ਮੁਤਾਬਕ ਗਜੇਂਦਰ ਸ਼ੇਖਾਵਤ ਅਜੇ ਹੋਰ ਵੱਡੀ ਗਿਣਤੀ ਆਗੂਆਂ ਨੂੰ ਭਾਜਪਾ ਵਿਚ ਸ਼ਾਮਲ ਕਰਨਗੇ । ਭਾਜਪਾ ਨੇ ਸ਼੍ਰੋਮਣੀ ਅਕਾਲੀ ਦਲ ਤੋਂ ਨਾਰਾਜ਼ ਅਤੇ ਖ਼ਾਸ ਕਰਕੇ ਟਕਸਾਲੀ ਪਰਿਵਾਰਾਂ ’ਤੇ ਨਿਗਾ ਟਿਕਾ ਰੱਖੀ ਹੈ, ਜਿਨਾਂ ਨੂੰ ਪਾਰਟੀ ਦੇ ਸਿੱਖ ਚਿਹਰਿਆਂ ਵਜੋਂ ਚੋਣ ਮੈਦਾਨ ਵਿਚ ਪੇਸ਼ ਕੀਤਾ ਜਾ ਸਕਦਾ ਹੈ। ਸੂਤਰਾਂ ਅਨੁਸਾਰ ਭਾਜਪਾ ਸਿੱਖ ਭਾਈਚਾਰੇ ਵਿਚ ਬਣੀ ਨਾਰਾਜ਼ਗੀ ਨੂੰ ਦੂਰ ਕਰਨ ਲਈ ਪੂਰੀ ਵਾਹ ਲਾ ਰਹੀ ਹੈ। ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤਾਂ ਭਾਜਪਾ ਨਾਲੋਂ ਵੀ ਕਾਹਲੇ ਦਿਖ ਰਹੇ ਹਨ ਅਤੇ ਭਾਜਪਾ ਨਾਲ ਮਿਲ ਕੇ ਚੋਣ ਲੜਨ ਦਾ ਐਲਾਨ ਕਰ ਚੁੱਕੇ ਹਨ। ਕਾਂਗਰਸ ਦੀ ਸੰਸਦ ਮੈਂਬਰ ਪਰਨੀਤ ਕੌਰ ਨੇ ਵੀ ਅੱਜ ਦਿੱਲੀ ਵਿਚ ਰੱਖਿਆ ਮੰਤਰੀ ਰਾਜਨਾਥ ਸਿੰਘ ਨਾਲ ਮੁਲਾਕਾਤ ਕੀਤੀ ਹੈ। ਉਧਰ ਪੰਜਾਬ ਭਾਜਪਾ ਦੇ ਜਨਰਲ ਸਕੱਤਰ ਦਿਆਲ ਸੋਢੀ ਨੇ ਕਿਹਾ ਕਿ ਪਾਰਟੀ ਨੇ ਪੰਜਾਬ ਵਿਚ ਮੀਟਿੰਗਾਂ ਦਾ ਜ਼ਿਲਾ ਵਾਈਜ਼ ਅਤੇ ਹਲਕਾ ਵਾਈਜ਼ ਸਿਲਸਿਲਾ ਸ਼ੁਰੂ ਕਰ ਦਿੱਤਾ ਹੈ। ਭਾਜਪਾ ਦੀ ਸਮਸਿਆ ਪਿੰਡਾਂ ਵਿਚ ਆਪਣੀ ਪਾਰਟੀ ਮਜਬੂਤ ਕਰਨ ਦੀ ਹੈ।ਪਰ ਉਹ ਇਸ ਪਖੋਂ ਕਮਜੋਰ ਹੈ।ਪਰ ਭਾਜਪਾ ਦੇ ਇਸ ਕਦਮ ਨਾਲ ਅਕਾਲੀ ਦਲ ਨੂੰ ਵਡਾ ਨੁਕਸਾਨ ਹੋਵੇਗਾ।ਇਸ ਲਈ ਬਾਦਲ ਦਲ ਨੂੰ ਪੰਥ ਤੇ ਅਕਾਲੀ ਦਲ ਮਜਬੂਤ ਕਰਨਾ ਪਵੇਗਾ। ਇਹ ਚੋਣ ਅਕਾਲੀ ਦਲ ਦੇ ਭਵਿਖ ਲਈ ਚੈਲਿੰਜ ਹੈ।

---

# ਕਿਸਾਨ ਜਥੇਬੰਦੀਆਂ ਦੇ ਆਗੂਆਂ ’ਤੇ ਸਿਆਸੀ ਪਾਰਟੀਆਂ ਵੱਲੋਂ ਡੋਰੇ

**ਦਵਿੰਦਰ ਪਾਲ, ਪੱਤਰਕਾਰ**

ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਸਿਰ ’ਤੇ ਹਨ ਤੇ ਕਿਸਾਨ ਅੰਦੋਲਨ ਫਤਿਹ ਕਰਨ ਵਾਲੀਆਂ ਕਿਸਾਨ ਜਥੇਬੰਦੀਆਂ ਦੇ ਆਗੂਆਂ ’ਤੇ ਸਿਆਸੀ ਪਾਰਟੀਆਂ ਵੱਲੋਂ ਡੋਰੇ ਪਾਉਣੇ ਸ਼ੁਰੂ ਕਰ ਦਿੱਤੇ ਹਨ। ਸੱਤਾ ਦੇ ਭੁੱਖੇ ਸਿਆਸਤਦਾਨਾਂ ਵੱਲੋਂ ਸਰਕਾਰੀ ਖ਼ਜ਼ਾਨੇ ਨੂੰ ਆਪਣੇ ਹਿਤਾਂ ਲਈ ਚੱਟ ਕਰਨ ਕਰਕੇ ਪੰਜਾਬ ਵੱਡੀਆਂ ਸਮੱਸਿਆਵਾਂ ’ਚ ਘਿਰਿਆ ਹੋਇਆ ਹੈ। ਕੁਰਸੀ ਹਥਿਆਉਣ ਲਈ ਪੰਜਾਬ ਨੂੰ ਹਨੇਰੀ ਸੁਰੰਗ ’ਚ ਸੁੱਟਣ ਲਈ ਮੁਫ਼ਤ ਦੀਆਂ ਖੈਰਾਤਾਂ ਵੰਡਣ ਖਾਤਰ ਮੁਕਾਬਲੇਬਾਜੀ ਭਾਰੂ ਹੈ। ਕਿਸੇ ਵੀ ਸਿਆਸੀ ਧਿਰ ਕੋਲ ਅੱਧਮੋਏ ਪੰਜਾਬ ’ਚ ਜਾਨ ਪਾਉਣ ਦਾ ਏਜੰਡਾ ਨਹੀਂ ਹੈ। ਏਜੰਡਾਹੀਣ ਪਾਰਟੀਆਂ ਨਿਰਾਸ਼ ਨੌਜਵਾਨਾਂ, ਖੁਦਕੁਸ਼ੀਆਂ ਦੇ ਰਾਹ ਪਏ ਕਿਸਾਨਾਂ ਤੇ ਕਰਜ਼ਾਈ ਪੰਜਾਬ ਨੂੰ ਹੋਰ ਕੰਗਾਲ ਕਰਨ ਦੇ ਰਾਹ ਤਲਾਸ਼ ਰਹੀਆਂ ਦਿਖਾਈ ਦੇ ਰਹੀਆਂ ਹਨ। ਇਸ ਸਭ ਕਾਸੇ ਦੇ ਚਲਦਿਆਂ ਜੇਕਰ ਕਿਸਾਨ ਆਗੂ ਵੀ ਲੋਕਾਂ ਦੀ ਬਿਹਤਰੀ ਅਤੇ ਹਕੂਮਤਾਂ ਨੂੰ ਲੋਕ ਹਿਤੂ ਫੈਸਲੇ ਲੈਣ ਦਾ ਏਜੰਡਾ ਛੱਡ ਦੇਣਗੇ ਤਾਂ ਪੰਜਾਬ ਦਾ ਭਲਾ ਨਹੀਂ ਹੋ ਸਕਦਾ।

ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਨੇ ਪਹਿਲੀ ਅਕਤੂਬਰ ਤੋਂ ਖੇਤੀ ਕਾਨੂੰਨਾਂ ਖਿਲਾਫ਼ ਝੰਡਾ ਗੱਡ ਦਿੱਤਾ ਸੀ। ਇਸ ਅੰਦੋਲਨ ਦੀ ਕਾਮਯਾਬੀ ਨੇ ਪੰਜਾਬੀਆਂ ਦਾ ਸਿਰ ਪੂਰੀ



ਦੁਨੀਆਂ ਵਿੱਚ ਉੱਚਾ ਕੀਤਾ ਹੈ। ਪੰਜਾਬ ਤੋਂ ਉਠਿਆ ਇਹ ਅੰਦੋਲਨ 26 ਨਵੰਬਰ 2020 ਨੂੰ ਦਿੱਲੀ ਦੀਆਂ ਸਰਹੱਦਾਂ ’ਤੇ ਪਹੁੰਚਿਆ। ਇਸ ਇੱਕ ਸਾਲ ਦੇ ਸਮੇਂ ਦੌਰਾਨ ਅੰਦੋਲਨਕਾਰੀ ਕਿਸਾਨਾਂ ਨੇ ਦਿੱਲੀ ਤਖ਼ਤ ਨਾਲ ਮੱਥਾ ਲਾਉਂਦਿਆਂ ਕਈ ਤਰਾਂ ਦੀਆਂ ਚੁਣੌਤੀਆਂ, ਕਠਿਨਾਈਆਂ ਅਤੇ ਦੁੱਖਦਾਈ ਘਟਨਾਵਾਂ ਵਿੱਚੋਂ ਲੰਘਿਆ। ਜਿਹੜੀ ਹਕੂਮਤ ਅੰਦੋਲਨਕਾਰੀ ਕਿਸਾਨਾਂ ਨੂੰ ਖਾਲਿਸਤਾਨੀ, ਅਤਿਵਾਦੀ, ਵੱਖਵਾਦੀ, ਨਕਸਲਵਾੜੀ ਗਰਦਾਨਦੀ ਰਹੀ ਜਾਂ ਇਹ ਕਹਿ ਲਓ ਕਿਸਾਨੀ ਅੰਦੋਲਨ ਨੂੰ ਮੁੱਠੀ ਭਰ ਲੋਕਾਂ ਦਾ ਇਕੱਠ, ਪੰਜਾਬ ਦਾ ਅੰਦੋਲਨ ਜਾਂ ਸਿੱਖਾਂ ਦਾ ਅੰਦੋਲਨ ਕਹਿ ਕੇ ਮਾਮੂਲੀ ਕਰਾਰ ਦੇਣ ਦੇ ਯਤਨ ਕਰਦੀ ਰਹੀ ਉਸ ਸਰਕਾਰ ਨੂੰ ਅੰਤ ਝੁਕਣਾ ਪਿਆ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਨਾ ਸਿਰਫ਼ ਖੇਤੀ ਕਾਨੂੰਨ ਵਾਪਸ ਲੈਣ ਦਾ ਐਲਾਨ ਕਰਦਿਆਂ ਉਸ ਨੂੰ ਅਮਲੀਜਾਮਾ ਪਹਿਨਾਇਆ ਸਗੋਂ ਕਾਨੂੰਨ ਵਾਪਸੀ ਲਈ ਲੋੜੀਂਦੀਆਂ ਰਸਮਾਂ ਵੀ ਵੇਲੇ ਸਿਰ ਪੂਰ ਚਾੜੀਆਂ। ਸੰਸਦ ਵਿੱਚ ਸੰਘਰਸ਼ ਦੌਰਾਨ ਜਾਨਾਂ ਕੁਰਬਾਨ ਕਰਨ ਵਾਲੇ ਕਿਸਾਨਾਂ ਦਾ ਕੋਈ ਅੰਕੜਾ ਨਾ ਹੋਣ ਦਾ ਰਾਗ ਅਲਾਪ ਕੇ ਕੇਂਦਰ ਸਰਕਾਰ ਨੇ ਇਸ ਅੰਦੋਲਨ ਦੌਰਾਨ 700 ਤੋਂ ਵੱਧ ਕਿਸਾਨਾਂ ਦੀਆਂ ਸ਼ਹਾਦਤਾਂ ਨੂੰ ਕੇਂਦਰ ਸਰਕਾਰ ਨੇ ਪ੍ਰਵਾਨ ਕੀਤਾ। ਇਹੀ ਨਹੀਂ ਅੰਦੋਲਨ ਨੂੰ ਦਬਾਉਣ ਲਈ ਪੁਲਿਸ ਦੀ ਵਰਤੋਂ ਕਰਦਿਆਂ ਅੰਦੋਲਨਕਾਰੀ ਕਿਸਾਨਾਂ ’ਤੇ ਜੋ ਮਾਮਲੇ ਦਰਜ ਕੀਤੇ ਸਨ ਉਹ ਵੀ ਵਾਪਸ ਹੋ ਰਹੇ ਹਨ। ਇਸ ਅੰਦੋਲਨ ਦੀ ਸਭ ਤੋਂ ਵੱਡੀ ਕਾਮਬਾਬੀ ਦਾ ਰਾਜ ਅੰਦੋਲਨ ਦਾ ਸ਼ਾਂਤਮਈ ਰਹਿਣਾ ਹੈ। ਹਾਲਾਂਕਿ ਕੇਂਦਰ ਸਰਕਾਰ ਅਤੇ ਇਸ ਦੀਆਂ ਏਜੰਸੀਆਂ ਨੇ ਕਿਸਾਨਾਂ ਨੂੰ ਬਦਨਾਮ ਕਰਨ ਦੀ ਕੋਈ ਕਸਰ ਨਹੀਂ ਛੱਡੀ। ਸੰਯੁਕਤ ਕਿਸਾਨ ਮੋਰਚੇ ਲਈ ਭਖਿੱਖ ਦੀ ਵੱਡੀ ਚੁਣੌਤੀ ਏਕਤਾ ਬਣਾਈ ਰੱਖਣਾ ਹੋਵੇਗੀ। ਇਸ ਅੰਦੋਲਨ ਦੌਰਾਨ ਸ਼ਾਂਤੀ ਤੋਂ ਬਾਅਦ ਏਕਤਾ ਹੀ ਕਾਮਯਾਬੀ ਦਾ ਵੱਡਾ ਰਾਜ ਹੈ। ਇਸ ਸਮੇਂ ਦੌਰਾਨ 70 ਹਜ਼ਾਰ ਦੇ ਕਰੀਬ ਕਿਸਾਨਾਂ ’ਤੇ ਵੱਖ-ਵੱਖ ਸੂਬਿਆਂ ਵਿੱਚ ਪੁਲੀਸ ਨੇ ਕੇਸ ਦਰਜ ਕੀਤੇ। ਕਿਸਾਨ ਅੰਦੋਲਨ ਨੂੰ ਬਦਨਾਮ ਕਰਨ ਵਾਲੇ ਝੋਲੀਚੁੱਕ ਪੱਤਰਕਾਰਾਂ ਤੇ ਗੋਦੀ ਮੀਡੀਆ ਨੂੰ ਵੀ ਮੂੰਹ ਦੀ ਖਾਣੀ ਪਈ।

# ਪੰਜਾਬ ਚੋਣਾਂ : ਆਪਦਾ ਜਾਂ ਅਵਸਰ

## ਪੰਜਾਬ - ਸਾਨੂੰ ਕੀ ਮੁਫਤ ਚਾਹੀਦਾ ਹੈ। ; ਅਸਲ ਮੁੱਦੇ ਕੀ ਹਨ



**ਅਸ਼ੋਕ ਸੋਨੀ**
੯੮੭੨੨੭੦੫੦੭੮

ਇਸ ਸਮੇਂ ਪੰਜਾਬ ਵਿਚ ਵਿਧਾਨ ਸਭਾ ਦੀਆਂ ਚੋਣਾਂ ਦਾ ਗਰਮ ਮਾਹੌਲ, ਦਸੰਬਰ ਦੀ ਸਰਦੀ 'ਤੇ ਵੀ ਪੂਰੀ ਤਰਾਂ ਨਾਲ ਭਾਰੂ ਪੈ ਰਿਹਾ ਏ। ਕਹਿੰਦੇ-ਕਹਾਉਂਦੇ ਲੀਡਰ ਪਹਿਲੇ ਦਿਨ ਤੱਕ, ਜਿਸ ਪਾਰਟੀ ਨੂੰ ਤੇ ਉਸ ਪਾਰਟੀ ਦੇ ਜਿਨਾਂ ਲੀਡਰਾਂ ਨੂੰ ਗਾਲਾਂ ਕੱਢ ਰਹੇ ਹੁੰਦੇ ਹਨ, ਦੂਜੇ ਕੁ ਦਿਨ ਉਨਾਂ ਲੀਡਰਾਂ ਤੋਂ ਈ ਸਿਰੋਪਾ ਪੁਆ, ਉਨਾਂ ਮਹਾਂਪੁਰਖਾਂ ਨੂੰ ਈ ਜਿਸ ਬੇਸ਼ਰਮੀ ਨਾਲ ਆਪਣਾ ਆਦਰਸ਼ ਘੋਸ਼ਿਤ ਕਰ ਰਹੇ ਹਨ, ਉਹ ਕਿਸੇ ਵੀ ਅਣਖੀ ਵਿਅਕਤੀ ਦੇ ਵੱਸ ਦੀ ਗੱਲ ਨਹੀਂ ਹੈ। ਪੰਜਾਬ ਰਾਜਨੀਤਕ ਪੱਖੋਂ ਬਹੁਤ ਈ ਸਾਫ-ਸਪੱਸ਼ਟ ਤੇ ਚਿੱਟਾ-ਨੰਗਾ ਸੂਬਾ ਹੈ, ਜਿੱਥੇ ਹਮੇਸ਼ਾ ਚੋਣਾਂ ਤੋਂ ਪਹਿਲਾਂ ਹੀ ਪਤਾ ਲੱਗ ਜਾਂਦਾ ਹੈ ਕਿ ਕੌਣ ਸਰਕਾਰ ਬਣਾਉਣ ਜਾ ਰਿਹਾ ਹੈ ਤੇ ਕਿਹੜਾ ਬੁਰੀ ਤਰਾਂ ਨਾਲ ਹਾਰ ਰਿਹਾ ਹੈ। ਪਰ ਇਹ ਪਹਿਲੀ ਵਾਰ ਹੈ ਕਿ ਚੋਣਾਂ ਵਿਚ ਸਿਰਫ ਤਿੰਨ ਮਹੀਨੇ ਦਾ ਸਮਾਂ ਬਚਿਆ ਹੈ। ਪਰ ਕੋਈ ਵੀ ਖੱਬੀਖਾਨ ਦਾਅਵੇ ਨਾਲ ਨਹੀਂ ਕਹਿ ਸਕਦਾ ਕਿ ਕਿਹੜੀ ਪਾਰਟੀ ਸਰਕਾਰ ਬਣਾਵੇਗੀ। ਪਿੰਡਾਂ ਵਿਚ ਆਮ ਲੋਕ ਹੀ ਨਹੀਂ ਸਗੋਂ ਪੰਚ-ਸਰਪੰਚ ਤੇ ਸ਼ਹਿਰੀ ਆਗੂ ਵੀ ਸਾਰੀਆਂ ਪਾਰਟੀਆਂ ਵਿਚ ਲਿੰਕ ਬਣਾਈ ਬੈਠੇ ਹਨ ਤਾਂ ਜੋ ਚੋਣਾਂ ਦੇ ਜਮਾਂ ਲਾਗੇ ਛਾਲ ਮਾਰਨ ਵਿਚ ਦਿੱਕਤ ਨਾ ਆਵੇ। ਪੰਜਾਬ ਦੇ ਜਿਹੜੇ ਰਾਜਨੀਤਕ ਮਾਹਰਾਂ ਨੇ ਮਹੀਨਾ ਕੁ ਪਹਿਲਾਂ ਤੱਕ ਜਿਸ ਪਾਰਟੀ ਦੀ ਸਰਕਾਰ ਦੀ ਕਿਆਸਰਾਈ ਕੀਤੀ ਸੀ, ਹੁਣ ਤੁਰਤਾ-ਫੁਰਤੀ ਵਿਚ ਆਪਣੇ ਬਿਆਨ ਬਦਲ ਰਹੇ ਹਨ। ਦਰਅਸਲ ਪੰਜਾਬ ਦੇ ਲੋਕ ਹਮੇਸ਼ਾ ਤੋਂ ਭਾਵੁਕ ਰਹੇ ਹਨ ਤੇ ਰਹਿਣਗੇ। ਦਿਮਾਗੋਂ ਘੱਟ ਤੇ ਦਿਲੋਂ ਵੱਧ ਸੋਚਣ ਦੀ ਪ੍ਰਵਿਰਤੀ ਕਾਰਨ ਅਸੀਂ ਜਿਸ ਨੂੰ ਸਿਰ ਦਾ ਤਾਜ ਬਣਾ ਲੈਂਦੇ ਹਾਂ, ਉਸੇ ਨੂੰ ਹੀ ਪਲਾਂ ਵਿਚ ਕੱਖਾਂ ਤੋਂ ਵੀ ਹੌਲਾ ਕਰ ਦਿੰਦੇ ਹਾਂ, ਜੇ ਨਹੀਂ ਯਕੀਨ ਤਾਂ ਸਾਡੇ ਪੰਜਾਬ ਦੇ ਸਭ ਤੋਂ ਮੰਨੇ-ਪ੍ਰਮੰਨੇ, ਪ੍ਰਸਿੱਧ ਤੇ ਸ਼ਾਨਦਾਰ ਪੰਜਾਬੀ ਗਾਇਕ ਦਾ ਹਾਲ ਵੇਖ ਲਵੋ।



ਅੱਜ ਦੇ ਯੁੱਗ ਵਿਚ ਰਾਜਨੀਤੀ ਪੂਰੀ ਤਰਾਂ ਨਾਲ ਧੰਦੇ 'ਚ ਤਬਦੀਲ ਹੋ ਚੁੱਕੀ ਹੈ। ਜ਼ਿਆਦਾਤਰ ਲੋਕ ਆਪਣੇ ਨਿੱਜੀ ਮੰਤਵਾਂ ਦੀ ਪੂਰਤੀ ਲਈ ਰਾਜਨੀਤੀ ਵਿੱਚ ਪ੍ਰਵੇਸ਼ ਕਰਦੇ ਹਨ। ਕਿਸੇ ਦਾ ਮੰਤਵ ਦੌਲਤ ਹੈ ਤਾਂ ਕਿਸੇ ਦਾ ਸ਼ੋਹਰਤ। ਕੋਈ ਵਿਚਾਰਧਾਰਾ ਨਹੀਂ, ਕੋਈ ਵਿਜ਼ਨ ਨਹੀਂ ਪਰ ਅੱਜ ਪੰਜਾਬ ਵਿਚ ਹਰੇਕ ਅਖੌਤੀ ਲੀਡਰ ਐਮ ਐਲ ਏ ਬਣਨ ਲਈ ਬਹੁਤ ਕਾਹਲਾ ਹੈ। ਇਸ ਸਮੇਂ ਦਲ-ਬਦਲੀ ਦੀ ਫਸਲ ਪੂਰੀ ਤਰਾਂ ਪੱਕ ਕੇ ਤਿਆਰ ਹੈ, ਜਿੱਥੇ ਵੱਖ-ਵੱਖ ਰਾਜਨੀਤਕ ਪਾਰਟੀਆਂ ਇਨਾਂ ਲੀਡਰਾਂ ਰੂਪੀ ਫਸਲ ਨੂੰ ਆਪਣੀਆਂ-ਆਪਣੀਆਂ ਟਰਾਲੀਆਂ ਵਿਚ ਪੁਆਉਣ ਲਈ ਕਾਹਲੀਆਂ ਹਨ, ਉੱਥੇ ਈ ਮੌਕਾਪ੍ਰਸਤ ਲੀਡਰ ਵੀ ਪੱਗਾਂ ਦੇ ਰੰਗ ਬਦਲਣ ਲਈ ਪੱਬਾ ਭਾਰ ਹਨ। ਇਸ ਗੰਦੀ ਸਿਆਸਤ ਨਾਲ ਸਿਰਫ ਰਾਜਨੀਤਕ ਲੀਡਰ ਹੀ ਨਹੀਂ, ਵੱਡੀ ਗਿਣਤੀ ਵਿਚ ਅਸੀਂ ਆਮ ਲੋਕ ਵੀ ਆਪਣੇ ਸੌੜੇ ਹਿੱਤਾਂ ਨੂੰ ਪ੍ਰਮੁੱਖ ਰੱਖਣ ਕਾਰਨ ਭ੍ਰਿਸ਼ਟ ਹੋ ਚੁੱਕੇ ਹਾਂ। ਅਸੀਂ ਆਮ ਵੋਟਰ ਵੀ ਇਸ ਸਮੇਂ ਆਪਣੇ ਆਪ ਨੂੰ ਵਿਆਹ ਵਿਚ ਪ੍ਰਾਹੁਣੇ ਆਲੀ ਪੁਜੀਸ਼ਨ 'ਚ ਸਮਝ ਕੇ ਮੌਕੇ ਦਾ ਪੂਰਾ ਫ਼ਾਇਦਾ ਚੁੱਕਣ ਦੀ ਲਾਲਸਾ ਤਾਂ ਰੱਖਦੇ ਹਾਂ ਪਰ ਕੀ ਅਸੀਂ ਉਹ ਮੰਗ ਰਹੇ ਹਾਂ ਜਿਸ ਦੀ ਸਾਨੂੰ ਅਸਲੀਅਤ ਵਿ ਲੋੜ ਹੈ ?

ਮੌਜੂਦਾ ਸਮੇਂ ਜਿੱਥੇ ਰਾਜਨੀਤਕ ਦਲ ਥੋਕ ਵਿਚ ਅਹੁਦੇ ਵੰਡ, ਆਪਣੇ ਵਰਕਰਾਂ ਨੂੰ ਨਾਲ ਜੋੜੀ ਰੱਖਣ ਲਈ ਯਤਨਸ਼ੀਲ ਹਨ, ਉੱਥੇ ਹੀ ਕਿਸੇ ਨੂੰ ਅਸਲੇ ਦਾ ਲਾਇਸੈਂਸ ਮਿਲ ਰਿਹਾ ਹੈ, ਕਿਸੇ ਦੀ ਘਰ ਦੇ ਲਾਗੇ ਬਦਲੀ ਹੋ ਰਹੀ ਹੈ, ਕਿਸੇ ਦੀ ਗਲੀ ਬਣ ਰਹੀ ਹੈ ਤਾਂ ਕਿਸੇ ਦੀ ਨਾਲੀ, ਕੋਈ ਘਰ ਆਲਾ ਥੜਾ ਸਰਕਾਰੀ ਮਾਲ ਨਾਲ ਬਣਵਾ ਰਿਹਾ ਹੈ, ਕੋਈ ਔਰਤਾਂ ਆਲੇ 1000 ਰੁਪਈਆ ਮਹੀਨੇ ਆਲੇ ਫਾਰਮ ਭਰਵਾ ਰਿਹਾ ਹੈ, ਤਾਂ ਕੋਈ ਆਪਣੇ ਘਰ ਮੂਹਰੇ ਸਰਕਾਰੀ ਸੀਮਿੰਟ ਆਲੇ ਬੈਂਚ ਰੱਖਵਾ ਰਿਹਾ ਹੈ। ਮੁੱਕਦੀ ਗੱਲ ਏ ਕਿ ਪੂਰਾ ਪੰਜਾਬ ਈ ਰੱਜ ਕੇ ਮਸ਼ਰੂਫ ਹੈ।

ਸਰਕਾਰ ਕਿਸੇ ਵੀ ਪਾਰਟੀ ਦੀ ਹੋਵੇ ਪਰ ਸਾਢੇ ਕੁ ਚਾਰ ਸਾਲ ਤਾਂ ਖਜ਼ਾਨੇ ਦੀ ਮਾੜੀ ਸਥਿਤੀ ਦੇ ਨਾਮ ਤੇ ਸਭ ਕੁੱਝ ਰੋਕ ਕੇ ਹੀ ਰੱਖਿਆ ਜਾਂਦਾ ਹੈ ਪਰ ਅਖ਼ੀਰਲੇ ਕੁਝ ਕੁ ਮਹੀਨਿਆਂ ਵਿਚ ਪਤਾ ਨਹੀਂ ਕਿੱਥੋਂ ਪੈਸੇ ਦੀ ਵਰਖਾ ਹੁੰਦੀ ਹੈ, ਹਰੇਕ ਨੂੰ ਕੁੱਝ ਨਾ ਕੁੱਝ ਦੇ ਕੇ ਆਪਣੇ ਨਾਲ ਤੋਰਨ ਦੀ ਕੋਸ਼ਿਸ਼ ਹੁੰਦੀ ਹੈ। ਜਿੱਥੇ ਹੁਣ ਸਾਰੀਆਂ ਹੀ ਪਾਰਟੀਆਂ ਕੋਲ ਪੰਜਾਬ ਲਈ ਹਰ ਤਰਾਂ ਦੇ ਐਲਾਨਾਂ ਦੀ ਭਰਮਾਰ ਹੈ, ਉੱਥੇ ਹੀ ਮੁਫਤ ਦੀ ਹਨੇਰੀ ਵਿਚ ਲੋਕਾਂ 'ਚ ਵੀ ਵੱਧ ਤੋਂ ਵੱਧ ਤੇ ਮੁਫਤ ਸੁਵਿਧਾਵਾਂ ਪ੍ਰਾਪਤ ਕਰਨ ਦੀ ਖਤਰਨਾਕ ਤਾਂਘ ਵੱਧਦੀ ਹੀ ਜਾ ਰਹੀ ਹੈ।

ਹਾਂ, ਸਾਨੂੰ ਕੁੱਝ ਚੀਜ਼ਾਂ ਮੁਫਤ ਚਾਹੀਦੀਆਂ ਹਨ। ਸਾਨੂੰ ਮੁਫਤ ਵੰਡੋ ਸਿੱਖਿਆ, ਪਹਿਲੀ ਜਮਾਤ ਤੋਂ ਪੀ ਐਚ ਡੀ ਤੱਕ ਹਰੇਕ ਕੋਰਸ ਹੋਵੇ ਮੁਫਤ। ਸਾਨੂੰ ਮੁਫਤ ਵੰਡੋ ਇਲਾਜ, ਹਰੇਕ ਹਸਪਤਾਲ ਵਿਚ ਟਾਈਫਾਈਡ ਤੋਂ ਲੈ ਕੇ ਕੈਂਸਰ ਤੱਕ ਦਾ ਇਲਾਜ ਕਰੋ ਮੁਫਤ। ਸਾਨੂੰ ਮੁਫਤ ਵੰਡੋ ਸਰਕਾਰੀ ਰੁਜ਼ਗਾਰ, ਕਿਸੇ ਵੀ ਨੌਕਰੀ ਦੇ ਲਈ ਫਾਰਮ ਫੀਸ ਕਰੋ ਮੁਫਤ, ਹਰੇਕ ਪਿੰਡ ਵਿਚ ਖੋਲ ਦਿਓ ਸਰਕਾਰੀ ਮੁਫਤ ਲਾਇਬ੍ਰੇਰੀਆਂ, ਖੋਲੋ ਮੁਫਤ ਸਪੋਰਟਸ ਅਕੈਡਮੀਆਂ, ਜੇਕਰ ਇਹ ਸੁਵਿਧਾਵਾਂ ਮੁਫਤ ਮੁਹੱਈਆ ਹੋ ਜਾਣ ਤਾਂ ਭ੍ਰਿਸ਼ਟਾਚਾਰ 'ਤੇ ਵੀ ਲਗਾਮ ਲੱਗੇਗੀ ਤੇ ਵੱਧਦਾ ਜਾ ਰਿਹਾ ਆਰਥਿਕ ਪਾੜਾ ਵੀ ਘਟੇਗਾ। ਮੈਂ ਸਮੂਹ ਰਾਜਨੀਤਕ ਪਾਰਟੀਆਂ ਤੇ ਸਾਰੇ ਹੀ ਆਮ ਲੋਕਾਂ ਨੂੰ ਬੇਨਤੀ ਕਰਦਾ ਹਾਂ ਕਿ ਸਾਡੇ ਅਸਲ ਮੁੱਦੇ ਸਿੱਖਿਆ, ਸਿਹਤ ਤੇ ਰੁਜ਼ਗਾਰ ਹਨ। ਰਾਜਨੀਤੀ ਨੂੰ ਇਨਾਂ ਤਿੰਨ ਮੁੱਦਿਆਂ ਦੁਆਲੇ ਕੇਂਦਰਿਤ ਕਰਨ ਦੀ ਸਖਤ ਲੋੜ ਹੈ। ਸਿਹਤ, ਸਿੱਖਿਆ ਤੇ ਰੁਜ਼ਗਾਰ ਜੇਕਰ ਇਹ ਤਿੰਨ ਮਸਲੇ ਇਮਾਨਦਾਰੀ ਨਾਲ ਹੱਲ ਹੋ ਜਾਣ ਤਾਂ ਬਾਕੀ ਸਾਰੇ ਮਸਲੇ ਤਾਂ ਆਪਣੇ-ਆਪ ਹੀ ਨਿਬੜ ਜਾਣਗੇ।

# ਵਸੀਮ ਰਿਜ਼ਵੀ ਨੇ ਹਿੰਦੂ ਧਰਮ ਅਪਣਾਇਆ

## ✪ ਨਾਂ ਰੱਖਿਆ ਜਤੇਂਦਰ ਨਾਰਾਇਣ ਸਿੰਘ ਤਿਆਗੀ
## ✪ ਜਿਹਾਦੀਆਂ ਦੀਆਂ ਧਮਕੀਆਂ ਕਾਰਨ ਧਰਮ ਬਦਲੀ ਕੀਤਾ

**ਨਵੀਂ ਦਿੱਲੀ/ਏ.ਟੀ.ਨਿਊਜ਼ :** ਸ਼ੀਆ ਵਕਫ਼ ਬੋਰਡ ਦੇ ਸਾਬਕਾ ਚੇਅਰਮੈਨ ਵਸੀਮ ਰਿਜ਼ਵੀ ਨੇ ਇਸਲਾਮ ਨੂੰ ਅਲਵਿਦਾ ਕਹਿ ਕੇ ਹਿੰਦੂ ਧਰਮ ਅਪਣਾ ਲਿਆ। ਇਸ ਦੇ ਨਾਲ ਹੀ ਉਨਾਂ ਨੇ ਆਪਣਾ ਨਾਮ ਜਤੇਂਦਰ ਨਰਾਇਣ ਸਿੰਘ ਤਿਆਗੀ ਰੱਖਿਆ ਹੈ। ਗਾਜ਼ੀਆਬਾਦ ਵਿੱਚ ਬੀਤੇ ਸੋਮਵਾਰ ਸਵੇਰੇ ਯੇਤੀ ਨਰਸਿਮਹਾਨੰਦ ਸਰਸਵਤੀ ਨੇ ਉਸਨੂੰ ਸਨਾਤਨ ਧਰਮ ਵਿੱਚ ਵਾਪਸ ਆਉਣ ਲਈ ਕਿਹਾ। ਇਸ ਮੌਕੇ ਵਸੀਮ ਰਿਜ਼ਵੀ ਨੇ ਕਿਹਾ ਕਿ ਹਰ ਸ਼ੁੱਕਰਵਾਰ ਸਾਡੇ ਸਿਰ 'ਤੇ ਇਨਾਮ ਵਧਾਇਆ ਜਾਂਦਾ ਹੈ, ਇਸ ਲਈ ਮੈਂ ਸਨਾਤਨ ਧਰਮ ਅਪਣਾ ਰਿਹਾ ਹਾਂ।



ਦੇਸ਼ ਦੀ ਰਾਜਧਾਨੀ ਦਿੱਲੀ ਦੇ ਨਾਲ ਲੱਗਦੇ ਗਾਜ਼ੀਆਬਾਦ ਵਿੱਚ ਸਥਿਤ ਸ਼ਿਵ ਸ਼ਕਤੀ ਧਾਮ ਦਾਸਨਾ ਦੇ ਪੀਠਾਧੀਸ਼ਵਰ ਮਹੰਤ ਨਰਸਿਮਹਾਨੰਦ ਗਿਰੀ ਨੇ ਦਾਸਨਾ ਮੰਦਰ ਵਿੱਚ ਹੀ ਵਸੀਮ ਰਿਜ਼ਵੀ ਨੂੰ ਕਾਨੂੰਨ ਦੁਆਰਾ ਹਿੰਦੂ ਧਰਮ ਵਿੱਚ ਬਦਲਣ ਦੀ ਰਸਮ ਅਦਾ ਕੀਤੀ। ਦੱਸਿਆ ਜਾ ਰਿਹਾ ਹੈ ਕਿ ਧਰਮ ਪਰਿਵਰਤਨ ਤੋਂ ਬਾਅਦ ਉਹ ਤਿਆਗੀ ਭਾਈਚਾਰੇ ਵਿਚ ਸ਼ਾਮਲ ਹੋ ਗਏ ਹਨ।

ਦੱਸ ਦੇਈਏ ਕਿ ਪਿਛਲੇ ਮਹੀਨੇ 12 ਨਵੰਬਰ ਨੂੰ ਆਪਣੀ ਕਿਤਾਬ 'ਮੁਹੰਮਦ' ਦੇ ਰਿਲੀਜ਼ ਹੋਣ ਤੋਂ ਬਾਅਦ ਵਸੀਮ ਰਿਜ਼ਵੀ ਨੇ ਕਿਹਾ ਸੀ ਕਿ ਜੇਕਰ ਉਨਾਂ ਦਾ ਕਤਲ ਹੋ ਜਾਂਦਾ ਹੈ ਤਾਂ ਉਨਾਂ ਦਾ ਅੰਤਿਮ ਸੰਸਕਾਰ ਸਨਾਤਨ ਧਰਮ ਦੇ ਕਾਨੂੰਨ ਮੁਤਾਬਕ ਕੀਤਾ ਜਾਣਾ ਚਾਹੀਦਾ ਹੈ। ਮਹਾਮੰਡਲੇਸ਼ਵਰ ਸਵਾਮੀ ਨਰਸਿਮਹਾਨੰਦ ਗਿਰੀ ਨੂੰ ਅੰਤਿਮ ਸਸਕਾਰ ਦਾ ਅਧਿਕਾਰ ਦਿੰਦਿਆਂ ਕਿਹਾ ਗਿਆ ਕਿ ਜੇਕਰ ਉਨਾਂ ਨੂੰ ਜੇਹਾਦੀਆਂ ਵੱਲੋਂ ਮਾਰ ਦਿੱਤਾ ਜਾਂਦਾ ਹੈ ਤਾਂ ਇਸਲਾਮਕ ਰੀਤੀ-ਰਿਵਾਜ਼ਾਂ ਅਨੁਸਾਰ ਉਨਾਂ ਦਾ ਅੰਤਿਮ ਸਸਕਾਰ ਨਾ ਕਰਕੇ ਉਨਾਂ ਦੀ ਮ੍ਰਿਤਕ ਦੇਹ ਮਹਾਮੰਡਲੇਸ਼ਵਰ ਸਵਾਮੀ ਨਰਸਿੰਘਾਨੰਦ ਗਿਰੀ ਨੂੰ ਸੌਂਪ ਦਿੱਤੀ ਜਾਵੇਗੀ ਅਤੇ ਸਵਾਮੀ ਜੀ ਲੈ ਜਾਣਗੇ। ਉਨਾਂ ਦੀ ਗੱਲ 'ਤੇ ਮਹਾਮੰਡਲੇਸ਼ਵਰ ਸਵਾਮੀ ਨਰਸਿਮਹਾਨੰਦ ਗਿਰੀ ਨੇ ਵੀ ਕਿਹਾ ਸੀ ਕਿ ਜੇਕਰ ਇਸਲਾਮ ਦੇ ਜੇਹਾਦੀ ਵਸੀਮ ਰਿਜ਼ਵੀ ਨੂੰ ਮਾਰ ਦਿੰਦੇ ਹਨ ਤਾਂ ਉਹ ਆਪਣੇ ਹਥਿਆਰ ਚੁੱਕ ਕੇ ਇਸ ਦਾ ਬਦਲਾ ਲੈਣਗੇ।

ਵਸੀਮ ਰਿਜ਼ਵੀ ਨੇ ਹਾਲ ਹੀ ਵਿੱਚ ਇੱਕ ਵੀਡੀਓ ਜਾਰੀ ਕਰਕੇ ਕਿਹਾ ਸੀ ਕਿ ਉਸ ਨੂੰ ਮਾਰਨ ਦੀ ਸਾਜ਼ਿਸ਼ ਰਚੀ ਜਾ ਰਹੀ ਹੈ। ਕੱਟੜਪੰਥੀ ਉਸ ਦੀ ਗਰਦਨ ਕੱਟਣਾ ਚਾਹੁੰਦੇ ਹਨ। ਕੁਰਾਨ ਦੀਆਂ 26 ਆਇਤਾਂ ਵਿਰੁੱਧ ਸੁਪਰੀਮ ਕੋਰਟ ਵਿੱਚ ਪਟੀਸ਼ਨ ਦਾਇਰ ਕੀਤੇ ਜਾਣ ਤੋਂ ਬਾਅਦ ਅਜਿਹਾ ਹੋਇਆ ਹੈ।

ਧਿਆਨ ਯੋਗ ਹੈ ਕਿ ਪਿਛਲੇ ਕਈ ਸਾਲਾਂ ਤੋਂ ਵਸੀਮ ਰਿਜ਼ਵੀ ਲਗਾਤਾਰ ਵਿਵਾਦ ਵਿਚ ਹਨ। ਸਭ ਤੋਂ ਵੱਧ ਚਰਚਾ ਉਦੋਂ ਹੋਈ ਸੀ ਜਦੋਂ ਉਸ ਨੇ ਕੁਰਾਨ ਦੀਆਂ ਆਇਤਾਂ ਨੂੰ ਹਟਾਉਣ ਲਈ ਸੁਪਰੀਮ ਕੋਰਟ ਵਿੱਚ ਅਰਜ਼ੀ ਦਿੱਤੀ ਸੀ। ਇਸ 'ਤੇ ਕਈ ਘੱਟ ਗਿਣਤੀ ਸੰਗਠਨਾਂ ਵੱਲੋਂ ਉਨਾਂ ਦਾ ਵਿਰੋਧ ਕੀਤਾ ਗਿਆ ਸੀ। ਇਸ ਤੋਂ ਬਾਅਦ ਵਸੀਮ ਰਿਜ਼ਵੀ ਦੀ ਕਿਤਾਬ ਨੂੰ ਲੈ ਕੇ ਕਾਫੀ ਵਿਵਾਦ ਹੋਇਆ ਸੀ, ਇਸ ਵਿਚ ਕੁਝ ਹੈਰਾਨ ਕਰਨ ਵਾਲੀਆਂ ਗੱਲਾਂ ਹਨ।

# ਸੁੱਚਾ ਸਿੰਘ ਛੋਟੇਪੁਰ ਅਕਾਲੀ ਵਿਚ ਸ਼ਾਮਲ

## ਬਟਾਲਾ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਤੇ ਦਲ ਦੇ ਸੀਨੀਅਰ ਮੀਤ ਪ੍ਰਧਾਨ ਬਣੇ



**ਚੰਡੀਗੜ/ਏ.ਟੀ.ਨਿਊਜ਼ :** ਆਮ ਆਦਮੀ ਪਾਰਟੀ ਦੇ ਸਾਬਕਾ ਸੂਬਾ ਪ੍ਰਧਾਨ ਸੁੱਚਾ ਸਿੰਘ ਛੋਟੇਪੁਰ ਸ਼੍ਰੋਮਣੀ ਅਕਾਲੀ ਦਲ ਵਿਚ ਸ਼ਾਮਲ ਹੋ ਗਏ। ਉਨਾਂ ਨੂੰ ਬਟਾਲਾ ਤੋਂ ਪਾਰਟੀ ਦਾ ਉਮੀਦਵਾਰ ਬਣਾਇਆ ਗਿਆ ਹੈ ਤੇ ਨਾਲ ਹੀ ਦਲ ਦੇ ਸੀਨੀਅਰ ਮੀਤ ਪ੍ਰਧਾਨ ਦੀ ਜ਼ਿੰਮੇਵਾਰੀ ਵੀ ਸੌਂਪੀ ਗਈ ਹੈ। ਉਨਾਂ ਨੂੰ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸ਼ਾਮਲ ਕੀਤਾ। ਉਨਾਂ ਆਮ ਆਦਮੀ ਪਾਰਟੀ ਬਾਰੇ ਬੋਲਦਿਆਂ ਕਿਹਾ ਕਿ ਜੇ 'ਆਪ' ਵਿਚ ਲੋਕਤੰਤਰ ਹੁੰਦਾ ਤਾਂ ਜਿਹੜੇ 20 ਵਿਧਾਇਕ ਇਸ ਨੂੰ ਛੱਡ ਕੇ ਗਏ ਹਨ, ਉਹ ਛੱਡ ਕੇ ਨਾ ਜਾਂਦੇ। ਉਨਾਂ ਕੇਜਰੀਵਾਲ 'ਤੇ ਨਿਸ਼ਾਨਾ ਲਾਉਂਦਿਆਂ ਕਿਹਾ ਕਿ 'ਆਪ' ਵਿਚ ਕੇਜਰੀਵਾਲ ਦੀ ਹਾਂ ਵਿਚ ਹਾਂ ਮਿਲਾਉਣ ਵਾਲੇ ਲੋਕ ਹੀ ਪਾਰਟੀ ਵਿਚ ਰਹਿ ਗਏ ਹਨ, ਬਾਕੀ ਸਾਰੇ ਛੱਡ ਗਏ ਹਨ। ਉਨਾਂ ਕਿਹਾ ਕਿ ਇਨਾਂ ਦੇ ਪੰਜਾਬ ਵਿਚ ਪੈਰ ਨਹੀਂ ਲੱਗਣੇ। ਉਨਾਂ ਕਿਹਾ ਕਿ ਆਪ ਤੇ ਕਾਂਗਰਸ ਵਾਲਿਆਂ ਦੀ ਠੱਗੀ ਹੁਣ ਨਹੀਂ ਵੱਜਣੀ।

# ਗੁਰੂ ਨਾਨਕ ਸਾਹਿਬ ਬਾਰੇ ਅਪਸ਼ਬਦ ਬੋਲਣ ਵਾਲਾ ਹਿੰਦੂਤਵੀ ਗ੍ਰਿਫਤਾਰ

## ਅਦਾਲਤ ਲਿਜਾਂਦੇ ਸਮੇਂ ਇੱਕ ਨੌਜਵਾਨ ਨੇ ਮੁਲਜ਼ਮ ਵੱਲ ਸੁੱਟੀ ਜੁੱਤੀ

**ਲੁਧਿਆਣਾ/ਏ.ਟੀ.ਨਿਊਜ਼ :** ਸੋਸ਼ਲ ਮੀਡੀਆ ਦੇ ਕਲੱਬ ਹਾਊਸ ਗਰੁੱਪ ਵਿੱਚ ਗੁਰੂ ਨਾਨਕ ਦੇਵ ਅਤੇ ਉਨਾਂ ਦੇ ਪਿਤਾ ਖ਼ਿਲਾਫ਼ ਅਪਸ਼ਬਦ ਬੋਲਣ ਵਾਲੇ ਸਾਬਕਾ ਭਾਜਪਾ ਤੇ ਵਿਸ਼ਵ ਹਿੰਦੂ ਪਰਿਸ਼ਦ ਦੇ ਆਗੂ ਅਨਿਲ ਅਰੋੜਾ ਨੂੰ ਆਖ਼ਰ ਪੁਲਿਸ ਨੇ 52 ਦਿਨਾਂ ਬਾਅਦ ਜ਼ੀਰਕਪੁਰ ਕੋਲੋਂ ਗ੍ਰਿਫ਼ਤਾਰ ਕਰ ਲਿਆ ਹੈ। ਜਾਣਕਾਰੀ ਮੁਤਾਬਕ ਸੋਸ਼ਲ ਮੀਡੀਆ 'ਤੇ ਕਲੱਬ ਹਾਊਸ ਨਾਮ ਦਾ ਇੱਕ ਗਰੁੱਪ ਬਣਿਆ ਹੋਇਆ ਹੈ, ਜਿਸ ਵਿੱਚ ਅਨਿਲ ਅਰੋੜਾ ਤੇ ਉਸ ਦੇ ਕੁਝ ਸਾਥੀਆਂ ਨੇ ਗੁਰੂ ਨਾਨਕ ਦੇਵ ਅਤੇ ਉਨਾਂ ਦੇ ਪਿਤਾ ਬਾਰੇ ਅਪਸ਼ਬਦ ਬੋਲੇ ਸਨ। ਜਦੋਂ ਸਿੱਖ ਜਥੇਬੰਦੀਆਂ ਨੂੰ ਇਸ ਗੱਲ ਦਾ ਪਤਾ ਲੱਗਿਆ ਤਾਂ ਥਾਣਾ ਡਿਵੀਜ਼ਨ ਨੰਬਰ 3 ਵਿੱਚ ਅਨਿਲ ਅਰੋੜਾ ਖ਼ਿਲਾਫ਼ ਕੇਸ ਦਰਜ ਕਰਵਾਇਆ ਗਿਆ। ਮੁਲਜ਼ਮ ਦੀ ਗ੍ਰਿਫ਼ਤਾਰੀ ਦੀ ਮੰਗ ਸਬੰਧੀ ਸਿੱਖ ਜਥੇਬੰਦੀਆਂ ਵੱਲੋਂ ਸਮਰਾਲਾ ਚੌਕ 'ਤੇ ਪੱਕਾ ਧਰਨਾ ਲਗਾਇਆ ਹੋਇਆ ਸੀ। ਪੁਲਿਸ ਨੇ ਮੁਲਜ਼ਮ ਅਨਿਲ ਅਰੋੜਾ 'ਤੇ ਇੱਕ ਲੱਖ ਰੁਪਏ ਦਾ ਇਨਾਮ ਵੀ ਰੱਖਿਆ ਹੋਇਆ ਸੀ। ਇਸ ਤੋਂ ਇਲਾਵਾ ਇਸ ਮਾਮਲੇ 'ਚ ਹੁਣ ਤੱਕ 9 ਲੋਕਾਂ ਨੂੰ ਗ੍ਰਿਫ਼ਤਾਰ ਕਰ ਕੇ 10 ਲੱਖ ਦੀ ਰਕਮ ਵੀ ਬਰਾਮਦ ਕੀਤੀ ਗਈ ਹੈ। ਪੁਲੀਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਨੇ ਦੱਸਿਆ ਕਿ ਗੁਪਤ ਸੂਚਨਾ ਦੇ ਆਧਾਰ 'ਤੇ ਮੁਲਜ਼ਮ ਦੀ ਘੇਰਾਬੰਦੀ ਕਰ ਉਸ ਨੂੰ ਜ਼ੀਰਕਪੁਰ ਤੋਂ ਗ੍ਰਿਫ਼ਤਾਰ ਕੀਤਾ ਗਿਆ ਹੈ।

# ਖੇਤੀ ਆਮਦਨ ਨੂੰ ਦੁੱਗਣਾ ਕਿਵੇਂ ਕਰਨ ਕਿਸਾਨ



**ਡਾਕਟਰ ਐਸ ਐਸ ਛੀਨਾ**

ਭਾਵੇਂ ਕਿ ਵਿਸ਼ਾਲ ਭਾਰਤ ਵਿਚ ਦੁਨੀਆ ਦੇ ਕੁੱਲ ਖੇਤਰ ਦਾ 2.4 ਫ਼ੀਸਦੀ ਹਿੱਸਾ ਹੈ ਪਰ ਇਸ ਦੀ ਵਸੋਂ ਦੁਨੀਆ ਦੀ ਕੁੱਲ ਵਸੋਂ ਦਾ ਤਕਰੀਬਨ 18 ਫ਼ੀਸਦੀ ਹੈ। ਦੁਨੀਆ ਭਰ ਵਿਚ ਭਾਰਤ ਹੀ ਉਹ ਦੇਸ਼ ਹੈ ਜਿਸ ਕੋਲ ਪ੍ਰਤੀ ਇਕਾਈ ਵਾਹੀਯੋਗ ਘੱਟ ਭੂਮੀ ਦਾ ਆਕਾਰ ਹੈ। ਅਸੰਤੁਲਨ ਸਾਧਨਾਂ ਵਿਚ ਪਾਣੀ ਦੀ ਸਿਰਫ 4 ਫ਼ੀਸਦੀ ਮਾਤਰਾ ਅਤੇ ਦੇਸ਼ ਦੀ ਸਿਰਫ 46 ਫ਼ੀਸਦੀ ਉਹ ਧਰਤੀ ਜਿਸ ’ਤੇ ਖੇਤੀ ਹੋ ਸਕਦੀ ਹੈ, ਜਦੋਂ ਕਿ ਖੇਤੀਯੋਗ ਭੂਮੀ ਵਿਚ ਸਿਰਫ 42 ਫ਼ੀਸਦੀ ਹੀ ਉਹ ਖੇਤਰ ਹੈ, ਜਿਸ ਨੂੰ ਲਗਾਤਾਰ ਸਿੰਚਾਈ ਮਿਲ ਸਕਦੀ ਹੈ ਜਦੋਂ ਕਿ ਬਾਕੀ ਦੀ 58 ਫ਼ੀਸਦੀ ਜ਼ਮੀਨ ਸਿਰਫ ਬਾਰਿਸ਼ਾਂ ’ਤੇ ਹੀ ਨਿਰਭਰ ਕਰਦੀ ਹੈ ਜੋ ਹਮੇਸ਼ਾ ਅਨਿਸਚਿਤ ਹੁੰਦੀਆਂ ਹਨ। ਜਲਵਾਯੂ ਦੀ ਤਬਦੀਲੀ ਨੇ ਉਸ ਭੂਮੀ ’ਤੇ ਖੇਤੀ ਨੂੰ ਹੋਰ ਅਨਿਸਚਿਤ ਕਰ ਦਿੱਤਾ ਹੈ।

ਭਾਰਤ ਦੀ ਸੁਤੰਤਰਤਾ ਤੋਂ ਬਾਅਦ ਖੇਤੀ ਖੇਤਰ ਵਿਚ ਹੈਰਾਨੀ ਭਰਿਆ ਵਿਕਾਸ ਹੋਇਆ ਹੈ, ਭਾਵੇਂ ਕਿ 1947 ਵਿਚ ਭਾਰਤ ਦੀ ਕੁੱਲ ਵਸੋਂ ਸਿਰਫ 34 ਕਰੋੜ ਸੀ ਪਰ ਦੇਸ਼ ਬੁਰੀ ਤਰਾਂ ਅੰਨ ਸਮੱਸਿਆ ਦਾ ਸਾਹਮਣਾ ਕਰ ਰਿਹਾ ਸੀ। ਹਰੇ ਇਨਕਲਾਬ ਤੋਂ ਬਾਅਦ ਖੇਤੀ ਉਪਜ ਖ਼ਾਸ ਕਰਕੇ ਕਣਕ ਅਤੇ ਝੋਨੇ ਵਿਚ ਵੱਡਾ ਵਾਧਾ ਹੋਇਆ। ਇਸ ਕਰਕੇ ਭਾਵੇਂ 2020 ਵਿਚ ਭਾਰਤ ਦੀ ਵਸੋਂ ਤਾਂ ਵਧ ਕੇ 138 ਕਰੋੜ ਜਾਂ 4 ਗੁਣਾ ਤੋਂ ਜ਼ਿਆਦਾ ਵਧ ਗਈ ਪਰ ਇਸ ਹੀ ਸਮੇਂ ਵਿਚ ਕਣਕ 7 ਕਰੋੜ ਟਨ ਤੋਂ ਵਧ ਕੇ 109 ਕਰੋੜ ਟਨ ਜਾਂ 15 ਗੁਣਾ ਤੋਂ ਵੀ ਵਧ ਅਤੇ ਝੋਨਾ 26 ਕਰੋੜ ਤੋਂ ਵਧ ਕੇ 112 ਕਰੋੜ ਟਨ ਜਾਂ ਤਕਰੀਬਨ 5 ਗੁਣਾ ਵਧ ਗਿਆ। ਅਨਾਜ ਭੰਡਾਰ ਏਨੇ ਵੱਧ ਗਏ ਕਿ ਸੰਭਾਲਣ ਦੀ ਮੁਸ਼ਕਿਲ ਬਣ ਗਈ। ਕਣਕ ਅਤੇ ਝੋਨੇ ਦੀ ਬਰਾਮਦ ਦੇ ਮੌਕਿਆਂ ਦੇ ਸੀਮਤ ਹੋਣ ਕਰਕੇ ਤਕਰੀਬਨ ੧੩ ਕਰੋੜ ਦਾ ਅਨਾਜ ਖੁੱਲੇ ਅਸਮਾਨ ਹੇਠ ਤਰਪਾਲਾਂ ਅਧੀਨ ਰੱਖਿਆ ਜਾਂਦਾ ਹੈ, ਜਿਸ ਵਿਚੋਂ ਵੱਡੀ ਮਾਤਰਾ ਵਿਚ ਖ਼ਰਾਬ ਹੋ ਜਾਂਦਾ ਹੈ। ਹਰੇ ਇਨਕਲਾਬ ਦਾ ਪ੍ਰਭਾਵ ਸਿਰਫ ਉਸ ਖੇਤਰ ਵਿਚ ਹੀ ਹੋਇਆ ਜਿਥੇ ਪਾਣੀ ਦੀ ਪੂਰਤੀ ਕਾਫੀ ਸੀ। ਖੁਸ਼ਕ ਖੇਤੀ ਵਿਚ ਇਸ ਦਾ ਪ੍ਰਭਾਵ ਘੱਟ ਹੋਇਆ, ਜਿਸ ਲਈ ਅਜੇ ਵੀ ਮੌਕੇ ਲੱਭਣ ਲਈ ਖੋਜ ਜਾਰੀ ਹੈ।

ਪਰ ਕੀ ਏਨੀ ਉਪਜ ਵਧਣ ਨਾਲ ਕਿਸਾਨ ਦੀ ਆਮਦਨ ਵਿਚ ਵੀ ਵਾਧਾ ਹੋਇਆ ਹੈ, ਜਿਸ ਦਾ ਉੱਤਰ ਹੈ ਨਹੀਂ। ਸਗੋਂ ਕਿਸਾਨ ਦੀ ਹਾਲਤ ਹਰ ਸਾਲ ਪਹਿਲਾਂ ਤੋਂ ਕਮਜ਼ੋਰ ਹੁੰਦੀ ਗਈ। ਕਿਸਾਨ ਵੱਡੇ ਕਰਜ਼ੇ ਦੇ ਜਾਲ ਵਿਚ ਫਸਦਾ ਗਿਆ। ਹਰੇ ਇਨਕਲਾਬ ਦਾ ਸਾਭ ਤੋਂ ਵੱਡਾ ਪ੍ਰਭਾਵ ਪੰਜਾਬ ਵਿਚ ਪਿਆ ਸੀ ਪਰ ਪੰਜਾਬ ਹੀ ਉਹ ਪ੍ਰਾਂਤ ਹੈ ਜਿਥੋਂ ਦੇ 74 ਫ਼ੀਸਦੀ ਕਿਸਾਨ ਕਰਜ਼ੇ ਅਧੀਨ ਹਨ ਅਤੇ ਇਸ ਪ੍ਰਾਂਤ ਵਿਚ ਪ੍ਰਤੀ ਕਿਸਾਨ ਘਰ ਕਰਜ਼ਾ 1.50 ਲੱਖ ਜਾਂ ਭਾਰਤ ਭਰ ਵਿਚ ਸਭ ਤੋਂ ਜ਼ਿਆਦਾ ਹੈ। 2017 ਵਿਚ ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੇ 2022 ਜਾਂ ਪੰਜ ਸਾਲਾਂ ਵਿਚ ਖੇਤੀ ਆਮਦਨ ਨੂੰ ਦੁੱਗਣਾ ਕਰਨ ਦਾ ਸੰਕਲਪ ਲਿਆ ਸੀ ਜੋ ਉਤਸ਼ਾਹਜਨਕ ਸੀ ਪਰ ਹੁਣ 4 ਸਾਲ ਬੀਤ ਜਾਣ ਤੱਕ ਵੀ ਉਸ ਸਬੰਧੀ ਚੰਗੇ ਸਿੱਟੇ ਪ੍ਰਾਪਤ ਨਹੀਂ ਹੋਏ। ਖੇਤੀ ਆਮਦਨ ਨੂੰ ਦੁੱਗਣਾ ਕਰਨ ਸੰਬੰਧੀ ਕੋਈ ਢੁਕਵੀਂ ਨੀਤੀ ਜਾਂ ਤਾਂ ਅਪਣਾਈ ਨਹੀਂ ਗਈ ਜਾਂ ਉਸ ਦੇ ਸਾਰਥਕ ਸਿੱਟੇ ਸਾਹਮਣੇ ਨਹੀਂ ਆਏ।

ਖੇਤੀ ਆਮਦਨ ਦਾ ਦੁੱਗਣਾ ਹੋਣਾ ਤਾਂ ਹੀ ਸੰਭਵ ਹੈ ਜੇ ਖੇਤੀ ਉਪਜ ਦੁੱਗਣੀ ਹੋਵੇ, ਜਿਸ ਉਪਜ ਵਿਚ ਫ਼ਸਲਾਂ ਦੀ ਉਪਜ, ਪਸ਼ੂਆਂ ਦੀ ਆਮਦਨ ਅਤੇ ਖੇਤੀ ਆਧਾਰਿਤ ਜੰਗਲਾਂ ਦੀ ਆਮਦਨ ਵੀ ਆਉਂਦੀ ਹੈ ਪਰ ਇਸ ਆਮਦਨ ਦੇ ਵਧਣ ਵਿਚ ਸਭ ਤੋਂ ਵੱਡੀ ਰਕਾਵਟ ਹੈ ਭੂਮੀ ਦਾ ਘੱਟ ਆਕਾਰ। 1947 ਵਿਚ ਔਸਤ ਜੋਤ ਦਾ ਆਕਾਰ 7.5 ਏਕੜ ਸੀ ਜੋ 2010-11 ਵਿਚ ਘਟ ਕੇ 3 ਏਕੜ ਰਹਿ ਗਿਆ ਅਤੇ 2018-19 ਵਿਚ ਹੋਰ ਘਟ ਕੇ 2.08 ਏਕੜ ਰਹਿ ਗਿਆ। ਜਿਸ ਦਾ ਅਰਥ ਹੈ ਕਿ ਜਿੰਨੀ ਵਸੋਂ ਵਧੀ ਹੈ, ਉਸ ਕੋਲ ਹੋਰ ਰੁਜ਼ਗਾਰ ਨਾ ਹੋਣ ਕਰਕੇ ਉਹ ਖੇਤੀ ’ਤੇ ਨਿਰਭਰ ਕਰਦੀ ਰਹੀ ਹੈ, ਜਿਸ ਕਰਕੇ ਹਰ ਸਾਲ ਖੇਤੀ ਜੋਤ ਦਾ ਆਕਾਰ ਘਟਦਾ ਜਾ ਰਿਹਾ ਹੈ ਜੋ ਆਮਦਨ ਵਧਾਉਣ ਵਿਚ ਸਭ ਤੋਂ ਵੱਡੀ ਰੁਕਾਵਟ ਹੈ। ਹਰ ਸਾਲ ਬੇਰੁਜ਼ਗਾਰੀ ਹੋਰ ਵਧਦੀ ਜਾ ਰਹੀ ਹੈ ਅਤੇ ਉਸ ਵਸੋਂ ਵਲੋਂ ਖੇਤੀ ਨੂੰ ਰੁਜ਼ਗਾਰ ਵਜੋਂ ਅਪਣਾਉਣ ਕਰਕੇ, ਪ੍ਰਤੀ ਵਿਅਕਤੀ ਆਮਦਨ ਵਿਚ ਹੋਰ ਕਮੀ ਹੋ ਰਹੀ ਹੈ। 70 ਫ਼ੀਸਦੀ ਤੋਂ ਵੱਧ ਜੋਤਾਂ ਉਹ ਹਨ ਜੋ 2.5 ਏਕੜ ਤੋਂ ਵੀ ਘੱਟ ਹਨ ਜਿਹੜੀਆਂ ਆਪਣਾ ਗੁਜ਼ਾਰਾ ਵੀ ਇਸ ਪੇਸ਼ੇ ਵਿਚ ਨਹੀਂ ਕਰ ਸਕਦੀਆਂ।

ਨੈਸ਼ਨਲ ਸੈਂਪਲ ਸਰਵੇ ਅਨੁਸਾਰ ਖੇਤੀ ਘਰਾਂ ਦੀ ਪ੍ਰਤੀ ਘਰ ਆਮਦਨ ਸਿਰਫ 10218 ਰੁਪਏ ਹੈ ਜਿਹੜੀ ਉਸ ਘਰ ਨੂੰ ਸਾਰੇ ਸਾਧਨਾਂ ਤੋਂ ਮਿਲਦੀ ਹੈ ਪਰ ਇਸ ਆਮਦਨ ਵਿਚ ਜ਼ਿਆਦਾ ਹਿੱਸਾ ਕਿਰਤ ਦਾ ਹੈ ਜੋ ਪ੍ਰਤੀ ਘਰ 4063 ਰੁਪਏ ਹੈ ਜਦੋਂ ਕਿ ਫ਼ਸਲਾਂ ਦੀ ਆਮਦਨ ਇਸ ਤੋਂ ਘੱਟ 3989 ਰੁਪਏ ਪ੍ਰਤੀ ਘਰ ਹੈ, ਪਰ ਇਸ ਦੇ ਨਾਲ ਹੀ ਪਸ਼ੂ ਪਾਲਣ ਤੋਂ 1582 ਰੁਪਏ ਪ੍ਰਤੀ ਘਰ ਆਮਦਨ ਹੈ। ਖੇਤੀ ਅਤੇ ਗ਼ੈਰ-ਖੇਤੀ ਆਮਦਨ ਵਿਚ ਵੀ ਵੱਡਾ ਫ਼ਰਕ ਹੈ। ਦੇਸ਼ ਦੀ 60 ਫ਼ੀਸਦੀ ਖੇਤੀ ਵਿਚ ਲੱਗੀ ਹੋਈ ਵਸੋਂ ਦੀ ਆਮਦਨ 19 ਫ਼ੀਸਦੀ ਹੈ ਜਦੋਂ ਕਿ ਬਾਕੀ ਦੀ 40 ਫ਼ੀਸਦੀ ਵਸੋਂ ਦੇ ਹਿੱਸੇ 81 ਫ਼ੀਸਦੀ ਆਮਦਨ ਆਉਂਦੀ ਹੈ, ਜਿਹੜੀ ਇਹ ਗੱਲ ਸਾਬਤ ਕਰਦੀ ਹੈ ਕਿ ਖੇਤੀ ਦੀ ਬਜਾਏ ਹੋਰ ਪੇਸ਼ੇ ਜ਼ਿਆਦਾ ਆਮਦਨ ਦੇ ਰਹੇ ਹਨ। ਖੇਤੀ ਦੇ ਮੁੱਖ ਪੇਸ਼ਾ ਹੋਣ ਕਰਕੇ ਉਨਾਂ 9 ਕਰੋੜ 30 ਲੱਖ ਕਿਸਾਨ ਘਰਾਂ ਦੀ ਆਮਦਨ ਵਿਚ ਵਾਧਾ ਹੋਣਾ ਇਸ ਵਕਤ ਦੀ ਤਰਜੀਹ ਹੋਣਾ ਚਾਹੀਦਾ ਹੈ, ਜਿਸ ਸਬੰਧੀ ਢੁਕਵੀਂ ਨੀਤੀ ਬਣਾ ਕੇ ਲਾਗੂ ਕਰਨਾ ਸਭ ਤੋਂ ਵੱਧ ਜ਼ਰੂਰੀ ਹੈ।

ਸੀਮਤ ਭੂਮੀ ਅਤੇ ਵਧਦੀ ਵਸੋਂ, ਫਿਰ ਬਦਲਵੇਂ ਕੰਮਾਂ ਵਿਚ ਰੁਜ਼ਗਾਰ ਦੀ ਘਾਟ ਕਰਕੇ ਖੇਤੀ ਆਮਦਨ ਦਾ ਘੱਟ ਹੋਣਾ ਉਹ ਮੁੱਦਾ ਹੈ, ਜਿਸ ਦਾ ਹੱਲ ਲੱਭਣ ਦੀ ਲੋੜ ਹੈ, ਜਿਸ ਵਿਚ ਸਭ ਤੋਂ ਉੱਪਰ ਆਉਂਦਾ ਹੈ ਖੇਤੀ ਤੋਂ ਵਸੋਂ ਦਾ ਬੋਝ ਘੱਟ ਕਰਨਾ, ਜਿਸ ਤਰਾਂ ਦੁਨੀਆ ਦੇ ਵਿਕਸਿਤ ਦੇਸ਼ਾਂ ਵਿਚ ਹੈ, ਜਿਨਾਂ ਵਿਚ ਕਿਤੇ ਵੀ ਖੇਤੀ ਆਧਾਰਿਤ ਵਸੋਂ 3 ਫ਼ੀਸਦੀ ਤੋਂ ਵੱਧ ਨਹੀਂ। ਭਾਰਤ ਦੇ ਉਦਯੋਗਾਂ ਵਿਚ ਵਸੋਂ ਦਾ ਵਾਧਾ ਨਹੀਂ ਹੋਇਆ, ਖ਼ਾਸ ਕਰ 1990-91 ਵਿਚ ਜਦੋਂ ਤੋਂ ਨਿੱਜੀਕਰਨ, ਉਦਾਰੀਕਰਨ ਅਤੇ ਸੰਸਾਰੀਕਰਨ ਦੀ ਨੀਤੀ ਅਪਣਾਈ ਗਈ ਹੈ, ਉਦਯੋਗਿਕ ਵਸਤਾਂ ਨੂੰ ਦੁਨੀਆ ਭਰ ਦਾ ਮੁਕਾਬਲਾ ਕਰਨਾ ਪਿਆ, ਜਿਸ ਕਰਕੇ ਵਿਦੇਸ਼ਾਂ ਤੋਂ ਵਸਤਾਂ ਦੀ ਦਰਾਮਦ ਵਿਚ ਵੱਡਾ ਵਾਧਾ ਹੋ ਗਿਆ ਅਤੇ ਜਦੋਂ ਭਾਰਤ ਦੇ ਉਦਯੋਗਾਂ ਵਿਚ ਬਣੀਆਂ ਵਸਤਾਂ ਨਾ ਵਿਕੀਆਂ ਤਾਂ ਉਨਾਂ ਉਦਯੋਗਿਕ ਇਕਾਈਆਂ ਵਿਚ ਲੱਗੇ ਕਿਰਤੀ ਘਟਦੇ ਗਏ। ਨਵੇਂ ਕਿਰਤੀਆਂ ਦੀ ਲੋੜ ਨਾ ਪਈ। ਇਹੋ ਵਜਾ ਹੈ ਕਿ ਪਿਛਲੇ ਸਾਲ ਕੁੱਲ ਕਿਰਤ ਵਿਚ 6 ਫ਼ੀਸਦੀ ਬੇਰੁਜ਼ਗਾਰੀ ਸੀ। ਪਿਛਲੇ ਕਈ ਦਹਾਕਿਆਂ ਵਿਚ ਇਹ ਸਭ ਤੋਂ ਵੱਡੀ ਬੇਰੁਜ਼ਗਾਰੀ ਸੀ। ਉਦਯੋਗਿਕ ਬੇਰੁਜ਼ਗਾਰੀ ਵੀ ਖੇਤੀ ਦੀ ਆਮਦਨ ’ਤੇ ਪ੍ਰਭਾਵ ਪਾਉਂਦੀ ਹੈ ਕਿਉਂਕਿ ਇਸ ਨਾਲ ਖੇਤੀ ’ਤੇ ਨਿਰਭਰਤਾ ਹੋਰ ਵਧ ਜਾਂਦੀ ਹੈ।

ਖੇਤੀ ਆਮਦਨ ਵਿਚ ਵਾਧਾ ਕਰਨ ਲਈ ਖੇਤੀ ਦੀ ਲਾਗਤ ਨੂੰ ਘਟਾਉਣਾ ਇਕ ਪਾਸੇ ਜਦੋਂ ਕਿ ਫ਼ਸਲਾਂ ਦੇ ਨਾਲ ਹੋਰ ਖੇਤੀ ਆਧਾਰਿਤ ਕੰਮਾਂ ਤੋਂ ਆਮਦਨ ਵਧਾਉਣਾ ਦੂਸਰੇ ਪਾਸੇ ਉਹ ਮੁੱਦਾ ਹੈ, ਜਿਸ ’ਤੇ ਸਭ ਤੋਂ ਜ਼ਿਆਦਾ ਧਿਆਨ ਕੇਂਦਰਿਤ ਹੋਣਾ ਚਾਹੀਦਾ ਹੈ। ਵੱਡੀ ਮਸ਼ੀਨਰੀ ਦੀ ਵਰਤੋਂ ਨਾਲ ਪ੍ਰਤੀ ਇਕਾਈ ਲਾਗਤ ਘੱਟ ਆਉਂਦੀ ਹੈ ਪਰ ਦੇਸ਼ ਦੇ 83 ਫ਼ੀਸਦੀ ਉਹ ਕਿਸਾਨ ਜਿਨਾਂ ਦੀਆਂ ਜੋਤਾਂ ਸਿਰਫ 5 ਏਕੜ ਤੋਂ ਵੀ ਘੱਟ ਹਨ, ਉਹ ਉਹੋ ਜਿਹੀ ਮਸ਼ੀਨਰੀ ਖ਼ਰੀਦਣ ਅਤੇ ਉਸ ਨੂੰ ਵਰਤਣ ਦੀ ਸਮਰੱਥਾ ਨਹੀਂ ਰੱਖਦੇ। ਇਸ ਪੱਖ ਤੋਂ ਸਹਿਕਾਰੀ ਸੇਵਾ ਸਭਾਵਾਂ ਬਹੁਤ ਵੱਡੀ ਮਦਦ ਕਰ ਸਕਦੀਆਂ ਹਨ। ਪਹਿਲਾਂ ਹੀ ਸਹਿਕਾਰੀ ਖੇਤੀ ਸੇਵਾ ਸਭਾਵਾਂ ਨੇ ਖਾਦਾਂ, ਬੀਜਾਂ ਅਤੇ ਸੰਦਾਂ ਨੂੰ ਸਸਤੀਆਂ ਕੀਮਤਾਂ ’ਤੇ ਵੇਚ ਕੇ ਲਾਗਤ ਘਟਾਉਣ ਵਿਚ ਵੱਡੀ ਮਦਦ ਕੀਤੀ ਹੈ। ਡੇਅਰੀ ਸਹਿਕਾਰਤਾ ਨੇ ਡੇਅਰੀ ਕਰਨ ਵਾਲੇ ਕਿਸਾਨਾਂ ਦੀ ਆਮਦਨ ਵਧਾਉਣ ਅਤੇ ਸਥਿਰ ਰੱਖਣ ਵਿਚ ਵੱਡਾ ਯੋਗਦਾਨ ਪਾਇਆ ਹੈ। ਪਰ ਖੇਤੀ ਆਧਾਰਿਤ ਹੋਰ ਵਸਤਾਂ ਦੀ ਵਿਕਰੀ ਅਤੇ ਉਨਾਂ ਨੂੰ ਤਿਆਰ ਮਾਲ ਵਜੋਂ ਦੇਸ਼ ਅਤੇ ਪ੍ਰਦੇਸ਼ਾਂ ਵਿਚ ਵੇਚਣ ਸੰਬੰਧੀ ਉਹ ਦਿਲਚਸਪੀ ਨਹੀਂ ਵਿਖਾਈ, ਜਿਹੜੀ ਡੇਅਰੀ ਸਹਿਕਾਰਤਾ ਵਿਚ ਸਰਕਾਰ ਦੀ ਸਰਪ੍ਰਸਤੀ ਕਰਕੇ ਵਿਖਾਈ ਗਈ ਸੀ। ਰਵਾਇਤੀ ਫ਼ਸਲਾਂ ਦੇ ਨਾਲ ਉੱਚੇ ਮੁੱਲ ਵਾਲੀਆਂ ਫ਼ਸਲਾਂ ਨੂੰ ਸਿਰਫ ਇਸ ਕਰਕੇ ਨਹੀਂ ਬੀਜਿਆ ਜਾਂਦਾ ਕਿਉਂਕਿ ਉਨਾਂ ਦੇ ਮੁੱਲ ਅਤੇ ਵਿਕਰੀ ਦੀ ਅਨਿਸਚਿਤਤਾ ਹੈ। ਜੇ ਡੇਅਰੀ ਸਹਿਕਾਰਤਾ ਨਾ ਹੁੰਦੀ ਤਾਂ ਇਹੋ ਜਿਹੀ ਅਨਿਸਚਿਤਤਾ ਡੇਅਰੀ ਉਦਯੋਗ ਵਿਚ ਵੀ ਹੋਣੀ ਸੀ ਅਤੇ ਕਿਸਾਨਾਂ ਵਲੋਂ ਉਹ ਉਤਸ਼ਾਹ ਨਹੀਂ ਸੀ ਵਿਖਾਇਆ ਜਾਣਾ ਜਿਹੜਾ ਹੁਣ ਡੇਅਰੀ ਦਾ ਕੰਮ ਕਰਨ ਵਾਲੇ ਕਿਸਾਨਾਂ ਵਲੋਂ ਵਿਖਾਇਆ ਜਾਂਦਾ ਹੈ। ਫਲਾਂ ਅਤੇ ਸਬਜ਼ੀਆਂ ਦੀਆਂ ਵਸਤਾਂ ਵਿਚ ਵਿਕਰੀ ਮੁੱਲ ਅਤੇ ਉਨਾਂ ਫ਼ਸਲਾਂ ਦੀ ਕਟਾਈ ਦੇ ਸਮੇਂ ਵਿਚ ਬਹੁਤ ਵੱਡਾ ਫ਼ਰਕ ਹੈ ਅਤੇ ਕਈ ਵਾਰ ਉਹ ਫ਼ਰਕ ਤਿੰਨ ਜਾਂ ਚਾਰ ਗੁਣਾ ਹੁੰਦਾ ਹੈ। ਇਕ ਦਿਲਚਸਪ ਤੱਤ ਇਹ ਵੀ ਹੈ ਕਿ ਇਨਾਂ ਫ਼ਸਲਾਂ ਦੇ ਵਪਾਰੀ ਛੋਟੇ ਜਾਂ ਵੱਡੇ, ਕਦੀ ਵੀ ਘਾਟੇ ਵਿਚ ਨਹੀਂ ਜਾਂਦੇ। ਕੀਮਤਾਂ ਵੱਧ ਹੋਣ ਜਾਂ ਘੱਟ, ਉਪਜ ਘੱਟ ਹੋਵੇ ਜਾਂ ਵੱਧ, ਉਸ ਨਾਲ ਵਪਾਰੀਆਂ ਵਿਚ ਕੋਈ ਅਨਿਸਚਿਤਤਾ ਨਹੀਂ। ਇਸ ਤਰਾਂ ਦਾ ਯਕੀਨ ਕਿਸਾਨਾਂ ਵਿਚ ਸਹਿਕਾਰੀ ਸਭਾਵਾਂ ਨਾਲ ਬਣਾਇਆ ਜਾ ਸਕਦਾ ਹੈ ਅਤੇ ਇਨਾਂ ਫ਼ਸਲਾਂ ਦੇ ਮੁੱਲ ਵਿਚ ਕਿਸਾਨ ਦਾ ਹਿੱਸਾ ਬਣਾਇਆ ਜਾ ਸਕਦਾ ਹੈ, ਖ਼ਾਸ ਕਰਕੇ ਛੋਟੇ ਪੈਮਾਨੇ ਦੇ ਕਿਸਾਨਾਂ ਦਾ।

ਭੂਮੀ ਦੇ ਆਕਾਰ ਨੂੰ ਤਾਂ ਵਧਾਇਆ ਨਹੀਂ ਜਾ ਸਕਦਾ ਪਰ ਭੂਮੀ ਦੀ ਉਪਜ ਵਿਚ ਦਰੱਖਤ ਲਾ ਕੇ, ਭੂਮੀ ਦੇ ਆਕਾਰ ਵਿਚ ਉੱਪਰ ਵੱਲ ਵਾਧਾ ਕੀਤਾ ਜਾ ਸਕਦਾ ਹੈ। ਹਰ ਕਿਸਾਨ ਵਲੋਂ ਖੇਤੀ ਆਧਾਰਿਤ ਜੰਗਲਾਤ ਅਪਣਾ ਕੇ ਉਨਾਂ ਹੀ ਸਾਧਨਾਂ ਨਾਲ ਵਾਧੂ ਆਮਦਨ ਪੈਦਾ ਕਰਨ ਦੀ ਸਮਰੱਥਾ ਬਣਾਈ ਜਾ ਸਕਦੀ ਹੈ। ਭਾਰਤ ਅਜੇ ਵੀ ਲੱਕੜ ਦੇ ਉਤਪਾਦਨ ਵਿਚ ਆਤਮ-ਨਿਰਭਰ ਨਹੀਂ ਹੋਇਆ ਅਤੇ ਹਰ ਸਾਲ ਵਿਦੇਸ਼ਾਂ ਤੋਂ ਲੱਕੜ ਦਰਾਮਦ ਕਰ ਰਿਹਾ ਹੈ। ਲੱਕੜ ਦੀਆਂ ਕੀਮਤਾਂ ਵੀ ਹਰ ਸਾਲ ਵਧ ਰਹੀਆਂ ਹਨ। ਅਸਲ ਵਿਚ ਖੇਤੀ ਆਮਦਨ ਵਧਾਉਣ ਵਿਚ ਸੰਗਠਿਤ ਖੇਤੀ ਜਿਸ ਵਿਚ ਫ਼ਸਲਾਂ ਦਾ ਉਤਪਾਦਨ, ਪਸ਼ੂ ਪਾਲਣਾ ਅਤੇ ਖੇਤੀ ਆਧਾਰਿਤ ਜੰਗਲਾਤ ਤਿੰਨਾਂ ਨੂੰ ਜੋੜ ਕੇ ਆਮਦਨ ਦੀ ਸਮਰੱਥਾ ਪੈਦਾ ਕੀਤੀ ਜਾ ਸਕਦੀ ਹੈ। ਇਹ ਬਿਲਕੁਲ ਸਪੱਸ਼ਟ ਹੈ ਅਤੇ ਪ੍ਰਾਪਤ ਹੋ ਸਕਦੀ ਹੈ।



ਅੰਮ੍ਰਿਤਸਰ ਟਾਈਮਜ਼
AMRITSAR TIMES

**10 ਦਸੰਬਰ 2021 ਤੋਂ 16 ਦਸੰਬਰ 2021**

## ਇਸ ਵਾਰ ਦਿੱਲੀ ਤੋਂ ਕੀ ਲੈ ਕੇ ਪਰਤ ਰਿਹਾ ਪੰਜਾਬ ?

ਸੰਯੁਕਤ ਕਿਸਾਨ ਮੋਰਚੇ ਨੇ ਦਿੱਲੀ ਦੇ ਬਾਰਡਰਾਂ 'ਤੇ ਇਕ ਸਾਲ ਤੋਂ ਜ਼ਿਆਦਾ ਸਮੇਂ ਤੋਂ ਚੱਲ ਰਹੇ ਆਪਣੇ ਮੋਰਚੇ ਨੂੰ ਚੁੱਕਣ ਦਾ ਰਸਮੀ ਐਲਾਨ ਕਰ ਦਿੱਤਾ ਹੈ। ਮੋਰਚੇ ਵੱਲੋਂ ਦਿੱਲੀ ਦੇ ਸਿੰਘੂ, ਟਿਕਰੀ ਅਤੇ ਗਾਜ਼ੀਪੁਰ ਸਮੇਤ ਪੰਜਾਬ ਤੋਂ ਬਾਹਰ ਲੱਗੇ ਹੋਰ ਮੋਰਚੇ ਵੀ ੧੧ ਦਸੰਬਰ ਤੋਂ ਖਾਲੀ ਕੀਤੇ ਜਾਣੇ ਹਨ। ਦਿੱਲੀ ਦੇ ਮੋਰਚਿਆਂ ਤੋਂ ੧੧ ਦਸੰਬਰ ਨੂੰ ਫ਼ਤਹਿ ਮਾਰਚ ਨਾਲ ਕਿਸਾਨਾਂ ਦੀ ਘਰਾਂ ਨੂੰ ਵਾਪਸੀ ਹੋਵੇਗੀ। ਕਿਸਾਨਾਂ ਦੀਆਂ ਬਕਾਇਆ ਮੰਗਾਂ ਸਵੀਕਾਰ ਕਰਨ ਬਾਰੇ ਕੇਂਦਰ ਸਰਕਾਰ ਦੇ ਖੇਤੀਬਾੜੀ ਸੱਕਤਰ ਸੰਜੈ ਅਗਰਵਾਲ ਦੇ ਦਸਤਖ਼ਤਾਂ ਵਾਲਾ ਪੱਤਰ ਅੱਜ ਮਿਲਣ ਮਗਰੋਂ ਸੰਯੁਕਤ ਕਿਸਾਨ ਮੋਰਚੇ ਨੇ ਇਹ ਐਲਾਨ ਕੀਤਾ ਹੈ। ਕਿਸਾਨ ਆਗੂਆਂ ਨੇ ਕਿਹਾ ਹੈ ਕਿ ਉਹ ੧੫ ਜਨਵਰੀ ਨੂੰ ਮੁੜ ਮੀਟਿੰਗ ਕਰਕੇ ਇਸ ਗੱਲ ਦਾ ਜਾਇਜ਼ਾ ਲੈਣਗੇ ਕਿ ਸਰਕਾਰ ਨੇ ਉਨਾਂ ਦੀਆਂ ਮੰਗਾਂ ਮੰਨੀਆਂ ਹਨ ਜਾਂ ਨਹੀਂ। ਉਨਾਂ ਕਿਹਾ ਕਿ ਇਹ ਅੰਦੋਲਨ ਦੀ ਸਮਾਪਤੀ ਨਹੀਂ ਹੈ ਅਤੇ ਜੇਕਰ ਸਰਕਾਰ ਨੇ ਕੁਝ ਗੜਬੜ ਕੀਤੀ ਤਾਂ ਉਹ ਮੁੜ ਅੰਦੋਲਨ ਕਰਨਗੇ। ਮੋਰਚੇ ਨੇ ਐਲਾਨ ਕੀਤਾ ਹੈ ਕਿ ੧੩ ਦਸੰਬਰ ਨੂੰ ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ 'ਚ ਉਹ ਵਿਸ਼ੇਸ਼ ਤੌਰ 'ਤੇ ਨਤਮਸਤਕ ਹੋਣ ਲਈ ਜਾਣਗੇ। ਮੋਰਚੇ ਵੱਲੋਂ ਬੀਤੇ ਕੱਲ ਸ਼ਾਮ ਨੂੰ ਸਿੰਘੂ ਬਾਰਡਰ 'ਤੇ ਅਰਦਾਸ ਕੀਤੀ ਗਈ। ਕਿਸਾਨਾਂ ਵੱਲੋਂ ਮੋਰਚਿਆਂ ਤੋਂ ਸਮਾਨ ਸਮੇਟਣਾ ਸ਼ੁਰੂ ਕਰ ਦਿੱਤਾ ਗਿਆ ਹੈ।

੧੧ ਦਸਬੰਰ ਨੂੰ ਦਿੱਲੀ ਤੋਂ ਵਾਪਸੀ ਦੌਰਾਨ ਪੰਜਾਬ ਬਹੁਤ ਕੁਝ ਲੈ ਕੇ ਪਰਤ ਰਿਹਾ ਹੈ। 'ਆਰਨੌਲਡ ਤਾਇਨਬੀ' ਨੇ ਲਿਖਿਆ ਹੈ ਕਿ "ਕਿਸੇ ਬੰਦੇ, ਕੌਮ ਜਾਂ ਦੇਸ਼ ਨੂੰ ਜੇਕਰ ਪਰਖਣਾ ਹੋਵੇ ਤਾਂ ਉਦੋਂ ਪਰਖੋ ਜਦੋਂ ਉਹ ਸੰਕਟ 'ਚ ਹੋਵੇ, ਸੰਕਟ 'ਚ ਉਹ ਕਿਵੇਂ ਦਾ ਵਿਹਾਰ ਕਰਦਾ ਹੈ ਉਸ ਤੋਂ ਪਤਾ ਲੱਗ ਜਾਵੇਗਾ ਕਿ ਉਹ ਕਿਹੋ ਜਿਹਾ ਹੈ। " ਇਸ ਸੰਘਰਸ਼ ਵਿੱਚ ਪੰਜਾਬ ਦੇ ਵਿਹਾਰ ਨੇ ਸਭ ਨੂੰ ਦੱਸ ਦਿੱਤਾ ਹੈ ਕਿ ਅਸਲ ਪੰਜਾਬ ਕੀ ਹੈ। ਬਾਕੀ ਸੂਬਿਆਂ ਨੇ ਪੰਜਾਬ ਦੀ ਅਗਵਾਈ ਕਬੂਲੀ ਅਤੇ ਪੰਜਾਬ ਨੇ ਆਪਣੇ ਅਸਲ ਕਿਰਦਾਰ ਵਿੱਚ ਆ ਕੇ ਜ਼ੁਲਮ ਦੇ ਮੂਹਰੇ ਆਪਣੀ ਫੌਲਾਦੀ ਛਾਤੀ ਕਰ ਲਈ। ਛੋਲਿਆਂ ਨੂੰ ਬਦਾਮ ਕਹਿਣ ਵਾਲੇ, ਟੁੱਟੀਆਂ ਛੰਨਾਂ ਨੂੰ ਮਹਿਲ ਦੱਸਣ ਵਾਲੇ, ਬੇਹੀਆਂ ਰੋਟੀਆਂ ਨੂੰ ਮਿੱਠੇ ਪ੍ਰਸ਼ਾਦੇ ਕਹਿ ਕੇ ਛਕਣ ਵਾਲੇ ਇਕ ਵਾਰ ਫਿਰ ਇਸ ਚੜਦੀਕਲਾ ਦੇ ਦਰਸ਼ਨ ਕੁੱਲ ਦੁਨੀਆਂ ਨੂੰ ਕਰਵਾਏ। ਪੰਜਾਬ ਦੀ ਖ਼ੂਬਸੂਰਤੀ ਹੈ ਕਿ ਉਹ ਸੰਕਟ ਸਮੇਂ ਬਿਨਾਂ ਆਗੂ ਤੋਂ ਲੜ ਲੈਂਦਾ ਹੈ ਅਤੇ ਐਤਕੀਂ ਵੀ ਇਸੇ ਤਰਾਂ ਲੜਿਆ। ਇਸ ਜੰਗ ਵਿੱਚੋਂ ਹੋਈਆਂ ਪ੍ਰਾਪਤੀਆਂ ਨੂੰ ਮਤਾ ਕੋਈ ਸਮਝੇ ਕਿ ਇਹ ਕਿਸੇ ਇਕ ਵਿਅਕਤੀ ਵਿਸ਼ੇਸ਼ ਜਾਂ ਸਮੂਹ ਦੇ ਯਤਨਾਂ ਸਦਕਾ ਹੀ ਹੋਈਆਂ ਹਨ, ਇਹ ਗੁਰੂ ਪਾਤਸ਼ਾਹ ਦੀ ਕਲਾ ਵਰਤੀ ਹੈ ਅਤੇ ਦਹਾਕਿਆਂ ਤੋਂ ਹੁੰਦੀਆਂ ਅਰਦਾਸਾਂ ਨੇ ਇਹਨਾਂ ਪ੍ਰਾਪਤੀਆਂ ਨੂੰ ਜਨਮ ਦਿੱਤਾ ਹੈ।

ਜੂਨ ੧੯੮੪ ਵਿੱਚ ਦਿੱਲੀ ਤਖਤ ਵੱਲੋਂ ਦਰਬਾਰ ਸਾਹਿਬ ਉੱਤੇ ਟੈਂਕਾਂ ਤੋਪਾਂ ਨਾਲ ਕੀਤੇ ਹਮਲੇ ਤੋਂ ਬਾਅਦ ਪੰਜਾਬ ਵਿੱਚ ਵੱਡੀ ਗਿਣਤੀ ਵਿੱਚ ਨੌਜਵਾਨਾਂ ਦੇ ਝੂਠੇ ਮੁਕਾਬਲੇ ਬਣਾਏ ਗਏ, ਜੋ ਰਹਿ ਗਏ ਓਹਨਾ ਨੂੰ ਗਿਣੀ ਮਿਥੀ ਸਾਜਿਸ਼ ਤਹਿਤ ਨਸ਼ਿਆਂ ਅਤੇ ਲੱਚਰ ਸੰਗੀਤ ਵੱਲ ਝੋਕਿਆ ਗਿਆ। ਲਗਾਤਾਰ ਯਤਨ ਕੀਤੇ ਗਏ ਕਿ ਪੰਜਾਬ ਦੀ ਜਵਾਨੀ ਹੱਕਾਂ ਦੀ ਗੱਲ ਕਰਨਾ ਭੁੱਲ ਜਾਵੇ ਅਤੇ ਨਿੱਜੀ ਲਾਲਸਾਵਾਂ, ਨਸ਼ੇ ਅਤੇ ਲੱਚਰ ਸੰਗੀਤ ਵੱਲ ਹੀ ਕੇਂਦਰਿਤ ਰਹੇ। ਇਸ ਕਾਰਜ ਵਿੱਚ ਕਾਫੀ ਹੱਦ ਤੱਕ ਕਾਮਯਾਬੀ ਵੀ ਮਿਲੀ ਪਰ ਗੁਰੂ ਪਾਤਸ਼ਾਹ ਨੇ ਅਜਿਹੀ ਕਲਾ ਵਰਤਾਈ ਕਿ ਜਿਸ ਗੁਲਾਬ ਨੂੰ ਇੰਨੇ ਸਾਲਾਂ ਤੋਂ ਸੁਕਾਇਆ ਜਾ ਰਿਹਾ ਸੀ ਅਤੇ ਤਕਰੀਬਨ ਸਭ ਨੇ ਓਹਨੂੰ ਸੁੱਕਿਆ ਹੋਇਆ ਸਮਝ ਲਿਆ ਸੀ, ਉਹ ਰਾਤੋ ਰਾਤ ਖਿਲ ਗਿਆ ਅਤੇ ਮਹਿਕਾਂ ਵੰਡਣ ਲੱਗ ਪਿਆ। ਜਦੋਂ ਹੋਂਦ ਅਤੇ ਅਣਖ 'ਤੇ ਗੱਲ ਆਈ ਅਤੇ ਅੱਗੋਂ ਅੱਖਾਂ ਵੀ ਦਿਖਾਈਆਂ ਗਈਆਂ ਤਾਂ ਇਹੀ ਨੌਜਵਾਨ ਜਿਨਾਂ ਨੂੰ ਨਸ਼ੇੜੀ ਸਮਝਿਆ ਗਿਆ ਸੀ, ਜਿੰਦਗੀ-ਮੌਤ ਤੋਂ ਉਪਰਲੇ ਪਾਰ ਹੋ ਗਏ, ਫਿਰ ਰੋਕਾਂ, ਪਾਣੀ ਦੀਆਂ ਬੁਛਾੜਾਂ ਜਾਂ ਅੱਥਰੂ ਗੈਸ ਦੇ ਗੋਲੇ ਇਹਨਾਂ ਦਾ ਕੱਖ ਨਾ ਬਿਗਾੜ ਸਕੇ ਅਤੇ ਇਹ ਨੌਜਵਾਨ ਆਗੂਆਂ ਨੂੰ ਦਿੱਲੀ ਦੀਆਂ ਬਰੂਹਾਂ ਤੱਕ ਲੈ ਗਏ।

ਮੌਜੂਦਾ ਸਮੇਂ ਵਿੱਚ ਹੁਣ ਤੱਕ ਸਰਕਾਰ ਨੇ ਸੂਚਨਾ ਦੇ ਬਹੁਤੇ ਸਾਧਨਾਂ ਉੱਤੇ ਆਪਣਾ ਗਲਬਾ ਪਾਇਆ ਹੋਇਆ ਹੈ ਜਿਸ ਕਰਕੇ ਹਰ ਵਾਰ ਸਰਕਾਰੀ ਪੱਖ ਲੋਕਾਂ ਵਿੱਚ ਆਪਣੀ ਥਾਂ ਬਣਾ ਜਾਂਦਾ ਸੀ ਪਰ ਇਸ ਸੰਘਰਸ਼ ਵਿੱਚ ਸਰਕਾਰ ਵੱਲੋਂ ਅਨੇਕਾਂ ਯਤਨਾਂ ਦੇ ਬਾਵਜੂਦ ਕਿਸਾਨੀ ਸੰਘਰਸ਼ ਨੂੰ ਬਦਨਾਮ ਕਰਨ ਦਾ ਓਹਦਾ ਕੋਈ ਵੀ ਫਰੇਬੀ ਬਿਰਤਾਂਤ ਕਾਮਯਾਬ ਨਹੀਂ ਹੋ ਸਕਿਆ। ਜਿੱਥੇ ਸਟੇਟ ਦੀ ਲੋੜੋਂ ਵੱਧ ਦਖਲਅੰਦਾਜ਼ੀ ਹੋਵੇ, ਕੋਈ ਵੀ ਕੇਂਦਰੀ ਲੀਡਰਸ਼ਿਪ ਬਹੁਤਾ ਸਮਾਂ ਟਿਕ ਨਹੀਂ ਸਕਦੀ/ਸਹੀ ਕੰਮ ਨਹੀਂ ਕਰ ਸਕਦੀ। ਇਹਨਾਂ ਸਮਿਆਂ ਵਿੱਚ ਵਿਕੇਂਦਰਿਕ੍ਰਿਤ ਲੀਡਰਸ਼ਿਪ ਭਾਵ ਹੰਨੇ ਹੰਨੇ ਮੀਰੀ (ਇਕ ਸਿਰ ਦੀ ਥਾਂ ਬਹੁਤੇ ਸਿਰਾਂ ਵਾਲੀ ਲੀਡਰਸ਼ਿਪ) ਹੀ ਚੱਲ ਸਕਦੀ ਹੁੰਦੀ ਹੈ। ਇਸ ਸੰਘਰਸ਼ ਦੀ ਅਗਵਾਈ ਵੀ ਕੁਝ ਕੁ ਗਿਣਵੇਂ ਸਿਰਾਂ ਦੀ ਥਾਂ ਸੰਗਤ ਨੇ ਹੀ ਕੀਤੀ। ਜਿਸ ਗੱਲ ਉੱਤੇ ਦਿੱਲੀ ਤਖ਼ਤ ਦਾ ਪੂਰਾ ਜ਼ੋਰ ਲੱਗਿਆ ਹੋਇਆ ਸੀ ਅਤੇ ਪੰਜਾਬ ਲਈ ਫ਼ਿਕਰਮੰਦ ਹਰ ਇਨਸਾਨ ਇਸ ਗੱਲ ਨੂੰ ਲੈ ਕੇ ਚਿੰਤਾ ਵਿੱਚ ਸੀ ਕਿ ਪੰਜਾਬ ਵਿੱਚ ਸੰਗੀਤ ਦਾ ਮਿਆਰ ਬਹੁਤ ਹੇਠਾਂ ਆ ਰਿਹਾ ਹੈ। ਗੁਰੂ ਪਾਤਸ਼ਾਹ ਦੀ ਮਿਹਰ ਇਸ ਸਮੇਂ ਵਿੱਚ ਪੰਜਾਬ ਦੇ ਗੀਤਾਂ ਨੇ ਬਹੁਤ ਵੱਡਾ ਮੋੜਾ ਕੱਟਿਆ। ਪਹਿਲਾਂ ਹਰ ਵਾਰ ਕਿਸੇ ਇਕ ਸਿਆਸੀ ਧਿਰ ਨੂੰ ਵਿਰੋਧੀ ਧਿਰ ਵਜੋਂ ਵੇਖਿਆ ਪ੍ਰਚਾਰਿਆ ਜਾਂਦਾ ਸੀ ਪਰ ਐਤਕੀਂ ਧਰਨਿਆਂ ਦੀਆਂ ਤਕਰੀਰਾਂ ਤੋਂ ਗਾਉਣ ਵਾਲਿਆਂ ਦੇ ਗੀਤਾਂ ਤੱਕ ਦਿੱਲੀ ਤਖ਼ਤ ਨੂੰ ਹੀ ਵਿਰੋਧੀ ਧਿਰ ਵਜੋਂ ਵੇਖਿਆ ਪ੍ਰਚਾਰਿਆ ਗਿਆ।

ਹੁਣ ਤੱਕ ਤਕਰੀਬਨ ਹਰ ਵੱਡੇ ਉਭਾਰ ਵਿਚੋਂ ਸਿਰਫ ਜਾ ਤਾਂ ਕੋਈ ਸਿਆਸੀ ਪਾਰਟੀ ਨਿਕਲਦੀ ਰਹੀ ਹੈ ਤੇ ਜਾ ਨਿਕਲਣ ਦੀ ਗੱਲ ਚਲਦੀ ਰਹੀ ਹੈ ਪਰ ਐਤਕੀਂ ਨਾਲ ਇਹ ਗੱਲ ਵੀ ਸਾਹਮਣੇ ਆਈ ਹੈ ਕਿ ਪੰਜਾਬ ਦਾ ਕੋਈ ਆਪਣਾ ਖੇਤੀਬਾੜੀ ਢਾਂਚਾ ਹੋਵੇ ਅਤੇ ਓਹਨੂੰ ਲਾਗੂ ਕਰਵਾਉਣ ਲਈ ਸਮਾਜਿਕ ਅਤੇ ਰਾਜਸੀ ਧਿਰ ਹੋਵੇ। ਸਮਾਜਿਕ ਧਿਰ ਜੋ ਕਿ ਪੰਜਾਬ ਦੇ ਹਿਤਾਂ ਖਾਤਰ ਸੰਘਰਸ਼ ਕਰੇ ਅਤੇ ਰਾਜਸੀ ਪਾਰਟੀ ਤੇ ਦਬਾਅ ਬਣਾਏ। ਬੀਤੇ ਕੱਲ ਮੋਰਚੇ ਦੀ ਕੋਰ ਕਮੇਟੀ ਦੇ ਮੈਂਬਰ ਡਾ. ਦਰਸ਼ਨਪਾਲ ਨੇ ਵੀ ਕਿਹਾ ਹੈ ਕਿ ਪੰਜਾਬ 'ਚ ਹਾਲਾਤ ਬਦਲਣ ਲਈ ਕਿਸਾਨ ਜਥੇਬੰਦੀਆਂ ਨੂੰ ਸਿਆਸੀ ਪਾਰਟੀ ਨਹੀਂ ਸਗੋਂ ਦਬਾਅ (ਪ੍ਰੈਸ਼ਰ) ਗਰੁੱਪ ਬਣਾਉਣੇ ਚਾਹੀਦੇ ਹਨ। ਭਵਿੱਖ ਵਿੱਚ ਕੀ ਹੋਣਾ ਹੈ ਇਹ ਭਾਵੇਂ ਸਮੇਂ ਦੇ ਗਰਭ ਵਿੱਚ ਹੈ ਪਰ ਦਿੱਲੀ ਤੋਂ ਪੰਜਾਬ ਜੋ ਲੈ ਕੇ ਪਰਤ ਰਿਹਾ ਹੈ ਇਹ ਪ੍ਰਾਪਤੀਆਂ ਪੰਜਾਬ ਦੇ ਅਗਲੇ ਸੰਘਰਸ਼ਾਂ ਵਿੱਚ ਅਸਰ ਜਰੂਰ ਪਾਉਣਗੀਆਂ।

# ਖੇਤੀ ਕਾਨੂੰਨਾਂ ਦੀ ਵਾਪਸੀ ਅਤੇ ਮੋਦੀ ਸਰਕਾਰ ਦਾ ਗੈਰ-ਲੋਕਤੰਤਰੀ ਵਰਤਾਰਾ



**ਗੁਰਮੀਤ ਸਿੰਘ ਪਲਾਹੀ**
**9815802070**

ਮੋਦੀ ਸਰਕਾਰ ਨੇ ਜਿਸ ਗੈਰ-ਲੋਕਤੰਤਰੀ ਢੰਗ ਤਰੀਕੇ ਨਾਲ ਸੂਬਿਆਂ ਦੀਆਂ ਸਰਕਾਰਾਂ ਦੀ ਸੰਘੀ ਘੁੱਟ ਕੇ ਤਿੰਨ ਕਾਲੇ ਕਾਨੂੰਨਾਂ ਦਾ ਆਰਡੀਨੈਂਸ ਕੋਵਿਡ ਮਹਾਂਮਾਰੀ ਦੇ ਦਿਨਾਂ ਵਿੱਚ ਲਿਆਂਦਾ, ਫਿਰ ਧੱਕੇ ਨਾਲ ਬਿੱਲ ਪਾਰਲੀਮੈਂਟ ਦੇ ਦੋਹਾਂ ਘਰਾਂ ਵਿੱਚ ਬਿਨਾਂ ਬਹਿਸ ਪਾਸ ਕਰਵਾਏ, ਦਿਨਾਂ ਵਿੱਚ ਹੀ ਰਾਸ਼ਟਰਪਤੀ ਤੋਂ ਮੋਹਰ ਲੁਆ ਸ਼ਕੇ ਕਾਨੂੰਨ ਬਣਾਏ, ਉਸੇ ਡਿਕਟੇਟਰਾਨਾ ਢੰਗ ਨਾਲ ਆਪਣੇ ਸੁਭਾਅ ਮੁਤਾਬਕ ਇਹ ਤਿੰਨੇ ਕਾਲੇ ਖੇਤੀ ਕਾਨੂੰਨ ਵਾਪਸ ਲੈ ਲਏ ਹਨ, ਵਿਰੋਧੀ ਧਿਰ ਨੂੰ ਬਹਿਸ ਦਾ ਮੌਕਾ ਹੀ ਨਹੀਂ ਦਿੱਤਾ। ਵਿਰੋਧੀ ਧਿਰ ਦੇ ਰੌਲੇ-ਰੱਪੇ ਨੂੰ ਠੱਲਣ ਲਈ 12 ਰਾਜ ਸਭਾ ਮੈਂਬਰ ਸਭਾ ਵਿੱਚੋਂ ਮੁਅੱਤਲ ਕਰ ਦਿੱਤੇ ਗਏ।

**ਗੈਰ-ਲੋਕਤੰਤਰੀ ਵਰਤਾਰਾ**

ਅਸਲ ਵਿੱਚ ਤਾਂ 2014 ਤੋਂ 2021 ਤੱਕ ਜਿੰਨੇ ਵੀ ਬਿੱਲ ਪਾਰਲੀਮੈਂਟ ਵਿੱਚ ਲਿਆਂਦੇ ਗਏ, ਲਗਭਗ 95 ਫ਼ੀਸਦੀ ਬਿਨਾਂ ਕਿਸੇ ਬਹਿਸ, ਬਿਨਾਂ ਪਾਰਲੀਮਾਨੀ ਕਮੇਟੀਆਂ ਦੇ ਵੇਖਣ-ਪਰਖਣ ਤੋਂ ਕਾਨੂੰਨ ਬਣਾ ਦਿੱਤੇ ਗਏ।

ਇੱਕ ਸੁਪਨੇ ਵਾਂਗ ਦੇਸ਼ ਦੇ ਬਾਦਸ਼ਾਹ 'ਨੇ ਨੋਟਬੰਦੀ ਕੀਤੀ, ਦੇਸ਼ ਦੀ ਆਰਥਿਕਤਾ ਦਾ ਬੇੜਾ ਗਰਕ ਕੀਤਾ। 'ਇੱਕ ਦੇਸ਼ ਇੱਕ ਟੈਕਸ' ਦੀ ਬਾਤ ਪਾਉਂਦਿਆਂ ਜੀ.ਐਸ.ਟੀ. ਰਾਤੋ-ਰਾਤ ਲਿਆ ਕੇ ਵਪਾਰੀਆਂ ਦਾ ਗੱਲ ਘੁੱਟਿਆ। ਇਸ ਕਾਨੂੰਨ ਵਿੱਚ ਬਾਅਦ ਵਿੱਚ 159 ਸੋਧਾਂ ਕਰਨੀਆਂ ਪਈਆਂ। ਸੰਵਿਧਾਨ ਦੀ 370 ਧਾਰਾ ਖਤਮ ਕਰਕੇ ਕਸ਼ਮੀਰੀ ਲੋਕਾਂ ਦੇ ਹੱਕਾਂ ਦਾ ਘਾਣ ਕੀਤਾ। ਜੰਮੂ-ਕਸ਼ਮੀਰ ਦੇ ਟੋਟੇ-ਟੋਟੇ ਕਰਕੇ ਇੱਕ ਵੱਖਰਾ ਸੰਦੇਸ਼ ਦਿੱਤਾ ਕਿ ਹਾਕਮਾਨਾ ਢੰਗ ਨਾਲ ਇਹ ਸਰਕਾਰ ਕਿਸੇ 'ਤੇ ਵੀ ਜ਼ੁਲਮ-ਜਬਰ ਢਾਹ ਸਕਦੀ ਹੈ ਅਤੇ ਇਹ ਵੀ ਕਿ ਹਿੰਦੋਸਤਾਨ ਵਿੱਚ ਘੱਟ ਗਿਣਤੀਆਂ ਸੁਰੱਖਿਅਤ ਨਹੀਂ ਹਨ।

**ਕੀ ਕਹਿੰਦਾ ਹੈ ਭਾਰਤੀ ਸੰਵਿਧਾਨ ?**

ਭਾਰਤੀ ਸੰਵਿਧਾਨ ਅਨੁਸਾਰ ਖੇਤੀਬਾੜੀ ਸੂਬਿਆਂ ਦਾ ਵਿਸ਼ਾ ਹੈ। ਸੰਵਿਧਾਨ ਦੇ ਆਰਟੀਕਲ 246 ਦੀ ਧਾਰਾ 14 ਅਨੁਸਾਰ ਖੇਤੀਬਾੜੀ ਸਬੰਧੀ ਕਾਨੂੰਨ ਬਣਾਉਣਾ ਸੂਬਿਆਂ ਦਾ ਅਧਿਕਾਰ ਹੈ ਪਰ ਕੇਂਦਰ ਸਰਕਾਰ ਨੇ ਧੱਕੇ ਨਾਲ ਸੂਬਿਆਂ ਦੇ ਹੱਕਾਂ ਦਾ ਹਨਨ ਕਰਕੇ, ਉਹਨਾਂ ਦੇ ਹੱਕਾਂ ਉੱਤੇ ਡਾਕਾ ਮਾਰਕੇ ਪਾਰਲੀਮੈਂਟ ਵਿੱਚ ਬਿੱਲ ਲਿਆਕੇ ਖੇਤੀ ਕਾਨੂੰਨ ਪਾਸ ਕਰਵਾ ਲਏ। ਭਾਰਤੀ ਸੰਵਿਧਾਨ ਦੇ ਆਰਟੀਕਲ 246 ਅਨੁਸਾਰ ਕਾਨੂੰਨ ਬਣਾਉਣ ਲਈ ਕੇਂਦਰੀ ਲਿਸਟ, ਸੂਬਿਆਂ ਦੀ ਲਿਸਟ ਅਤੇ ਤੀਸਰੀ ਸੂਬਿਆਂ ਅਤੇ ਕੇਂਦਰ ਦੀ ਸਾਂਝੀ ਕਾਨਕਰੰਟ ਲਿਸਟ ਤੈਅ ਕੀਤੀ ਗਈ ਹੈ। ਇਹਨਾਂ ਤਿੰਨਾਂ ਲਿਸਟਾਂ ਵਿੱਚ ਖੇਤੀਬਾੜੀ ਦਾ ਜ਼ਿਕਰ ਸ਼ਡਿਊਲਡ 7 ਅਧੀਨ 12 ਵੇਰ ਕੀਤਾ ਗਿਆ ਹੈ। ਪਰ ਪਾਰਲੀਮੈਂਟ ਦੀ ਧਾਰਾ 145, 246 ਅਨੁਸਾਰ ਪਾਰਲੀਮੈਂਟ ਨੂੰ ਖੇਤੀ ਖੇਤਰ, ਖੇਤੀਬਾੜੀ ਸਬੰਧੀ ਕਾਨੂੰਨ ਵਿਵਸਥਾ ਦਾ ਕੋਈ ਹੱਕ ਨਹੀਂ ਹੈ।

**ਪਾਰਲੀਮੈਂਟ ਵਿੱਚ ਬਹਿਸ ਤੋਂ ਭੱਜੀ ਸਰਕਾਰ**

'ਚਿੜੀਓ ਜੀ ਪਓ, ਚਿੜੀਓ ਮਰ ਜਾਓ' ਦਾ ਵਰਤਾਰਾ ਮੋਦੀ ਸਰਕਾਰ ਨੇ ਸਿਰਫ਼ ਖੇਤੀ ਕਾਨੂੰਨ ਕਾਹਲੀ ਨਾਲ ਪਾਸ ਕਰਨ 'ਤੇ ਰੱਦ ਕਰਨ ਸਬੰਧੀ ਹੀ ਨਹੀਂ ਕੀਤਾ ਸਗੋਂ ਹੋਰ ਮਾਮਲਿਆਂ ਅਤੇ ਦੇਸ਼ ਦੀਆਂ ਖ਼ੁਦਮੁਖਤਿਆਰ ਸੰਸਥਾਵਾਂ ਦਾ ਗੱਲ ਘੁੱਟ ਕੇ ਉਨਾਂ ਨੂੰ ਆਪਣੇ ਤੋਤੇ ਦਾ ਪਿੰਜਰਾ ਬਣਾ ਕੇ ਵੀ ਕੀਤਾ ਹੈ। ਹੁਣ ਵੀ ਭਾਵੇਂ ਪ੍ਰਧਾਨ ਮੰਤਰੀ ਨੇ ਦੇਸ਼ ਦੇ ਕਿਸਾਨਾਂ ਤੋਂ ਮੁਆਫ਼ੀ ਮੰਗੀ ਹੈ ਪਰ ਉਸ ਦੇ ਇਹ ਸ਼ਬਦ ਕਿ ਉਨਾਂ ਨੇ ਤਾਂ ਖੇਤੀ ਕਾਨੂੰਨ ਕਿਸਾਨਾਂ ਦੇ ਭਲੇ ਲਈ ਲਾਗੂ ਕੀਤੇ ਸਨ, ਜਿਸਨੂੰ ਕੁਝ ਕਿਸਾਨਾਂ ਪ੍ਰਵਾਨ ਨਹੀਂ ਕੀਤਾ। ਉਸਦੇ ਖੇਤੀ ਮੰਤਰੀ ਨੇ ਪਾਰਲੀਮੈਂਟ ਦੇ ਵਿੱਚ ਖੇਤੀ ਕਾਨੂੰਨਾਂ 'ਤੇ ਬਹਿਸ ਹੀ ਨਹੀਂ ਹੋਣ ਦਿੱਤੀ, ਕਿਉਂਕਿ ਉੱਥੇ ਇਹ ਮਸਲਾ ਉੱਠਣਾ ਸੀ ਕਿ ਇੱਕ ਸਾਲ ਦੇ ਸਮੇਂ ਦੇ ਕਿਸਾਨ ਸੰਘਰਸ਼ ਦੌਰਾਨ ਲਗਭਗ 700 ਸ਼ਹੀਦ ਹੋਏ ਕਿਸਾਨਾਂ ਦਾ ਜ਼ਿੰਮੇਵਾਰ ਕੌਣ ਹੈ ? ਹੈਰਾਨੀ ਦੀ ਗੱਲ ਹੈ ਕਿ ਦੇਸ਼ ਦਾ ਖੇਤੀ ਮੰਤਰੀ ਦੇਸ਼ ਦੀ ਪਾਰਲੀਮੈਂਟ ਵਿੱਚ ਐਲਾਨ ਕਰਦਾ ਹੈ ਕਿ ਸਰਕਾਰ ਕੋਲ ਕਿਸਾਨ ਸੰਘਰਸ਼ ਦੌਰਾਨ ਸ਼ਹੀਦ ਹੋਏ ਕਿਸਾਨਾਂ ਸਬੰਧੀ ਅੰਕੜੇ ਹੀ ਨਹੀਂ ਹਨ। ਇਸ ਸਮੇਂ ਦੌਰਾਨ ਜੋ ਸਰਕਾਰੀ ਸਾਜ਼ਿਸ਼ਾਂ ਇਸ ਅੰਦੋਲਨ ਨੂੰ ਖ਼ਤਮ ਕਰਨ ਲਈ ਹੋਈਆਂ, ਪੰਜਾਬ, ਹਰਿਆਣਾ, ਯੂ.ਪੀ. ਦੀ ਆਰਥਿਕਤਾ ਦਾ ਜੋ ਉਜਾੜਾ ਇਸ ਅੰਦੋਲਨ ਕਾਰਨ ਹੋਇਆ ਅਤੇ ਜਿਸ ਕਿਸਮ ਦਾ ਅਣ-ਮਨੁੱਖੀ ਵਰਤਾਰਾ ਅਤੇ ਜ਼ਿੱਦੀ ਵਤੀਰਾ ਅੰਦੋਲਨ ਦੌਰਾਨ ਸਰਕਾਰ ਵੱਲੋਂ ਅਪਣਾਇਆ ਗਿਆ ਉਸ ਲਈ ਸਰਕਾਰ ਨੂੰ ਕਟਹਿਰੇ ਵਿੱਚ ਖੜੇ ਹੋਣਾ ਪੈਣਾ ਸੀ। ਦੇਸ਼ ਦੇ ਵੱਡੀ ਗਿਣਤੀ ਕਿਸਾਨ ਸਿੰਘੂ ਅਤੇ ਟਿਕਰੀ ਅਤੇ ਹੋਰ ਬਾਰਡਰਾਂ 'ਤੇ ਜਿਵੇਂ ਖੁੱਲੀ ਜੇਲ ਵਿੱਚ ਡੱਕ ਦਿੱਤੇ ਗਏ ਸਨ, ਉਹ ਮਨੁੱਖੀ ਅਧਿਕਾਰਾਂ ਦੀ ਸਰੇਆਮ ਉਲੰਘਣਾ ਸੀ, ਜਿਸਦੀ ਚਰਚਾ ਅੰਤਰਰਾਸ਼ਟਰੀ ਪੱਧਰ 'ਤੇ ਵੀ ਹੋਈ ਅਤੇ ਕਈ ਦੇਸ਼ਾਂ ਦੀਆਂ ਪਾਰਲੀਮੈਂਟਾਂ ਅਤੇ ਯੂ.ਐਨ.ਓ. ਵਿੱਚ ਵੀ ਹੋਈ। ਅੰਦੋਲਨ ਦੌਰਾਨ ਹਜ਼ਾਰਾਂ ਦੀ ਗਿਣਤੀ ਵਿੱਚ ਕਿਸਾਨਾਂ ਵਿਰੁੱਧ ਕੇਸ ਦਰਜ਼ ਕੀਤੇ ਗਏ, ਜਿਸਦੀ ਸਰਕਾਰ ਨੇ ਕਦੇ ਪ੍ਰਵਾਹ ਨਹੀਂ ਕੀਤੀ ਪਰ ਅੰਤ ਵਿੱਚ ਵੋਟਾਂ ਦੀ ਰਾਜਨੀਤੀ ਕਰਦਿਆਂ ਬਹੁਤ ਹੀ ਕਲਹਿਣੇ ਅਤੇ ਸ਼ਾਤਰ ਢੰਗ ਨਾਲ ਮੋਦੀ ਸਰਕਾਰ ਨੇ ਪੰਜਾਬ, ਯੂ.ਪੀ. ਦੀਆਂ ਚੋਣਾਂ ਜਿੱਤਣ ਲਈ ਇਸ ਖੇਤੀ ਕਾਨੂੰਨ ਰੱਦ ਕਰਨ ਦੇ ਐਲਾਨ ਨੂੰ ਵਰਤਣ ਦਾ ਯਤਨ ਕੀਤਾ ਹੈ, ਉਹ ਸ਼ਰਮਨਾਕ ਹੈ।

**ਕਾਰਪੋਰੇਟਾਂ ਹੱਥ ਕੁੰਜੀ**

ਦੇਸ਼ ਦੇ ਕਾਰਪੋਰੇਟ ਸੈਕਟਰ ਦੀਆਂ ਝੋਲੀਆਂ ਭਰਨ ਅਤੇ ਕਿਸਾਨਾਂ ਨੂੰ ਜ਼ਮੀਨੋਂ ਨਿਹੱਥੇ ਕਰਨ ਦੀਆਂ ਸਾਜ਼ਿਸ਼ਾਂ ਚਿਰਾਂ ਤੋਂ ਹੀ ਮੌਜੂਦਾ ਸਰਕਾਰ ਵੱਲੋਂ ਕੀਤੀਆਂ ਜਾ ਰਹੀਆਂ ਹਨ। ਬੀਜ-ਬਿੱਲ 2019, ਖੇਤੀ ਦੀ ਬੁਨਿਆਦ ਬੀਜਾਂ ਉੱਤੇ, ਕਾਰਪੋਰੇਟ ਦਾ ਏਕਾਧਿਕਾਰ ਸਾਧਿਆ ਗਿਆ ਹੈ, ਜਿਸ ਨਾਲ ਕਿਸਾਨਾਂ ਦੇ ਅਧਿਕਾਰ ਕਮਜ਼ੋਰ ਹੋਏ ਹਨ ਅਤੇ ਕਾਰਪੋਰੇਟ ਦਾ ਕੰਟਰੋਲ ਬੀਜਾਂ ਉੱਤੇ ਵਧਿਆ ਹੈ। ਚਾਰ ਮੁੱਖ ਐਗਰੋ ਕੈਮੀਕਲ ਕਾਰਪੋਰੇਸ਼ਨਾਂ ਦਾ ਬੀਜਾਂ 'ਤੇ ਕਬਜ਼ਾ ਕਰਵਾ ਦਿੱਤਾ ਗਿਆ ਹੈ। ਵੱਡੀਆਂ ਕੈਮੀਕਲ ਕੰਪਨੀਆਂ ਨੇ ਛੋਟੀਆਂ ਕੰਪਨੀਆਂ ਨੂੰ ਖ਼ਰੀਦ ਕੇ ਆਪਣੇ ਅੰਦਰ ਜਜ਼ਬ ਕਰ ਲਿਆ ਹੈ। ਕਾਰਪੋਰੇਸ਼ਨ ਕੰਪਨੀਆਂ ਦਾ ਕੰਟਰੋਲ ਵਧਣ ਨਾਲ ਬੀਜਾਂ ਦੀਆਂ ਕੀਮਤਾਂ ਅਸਮਾਨੇ ਛੋਹ ਗਈਆਂ ਹਨ ਅਤੇ ਉਹਨਾਂ ਜੈਵ ਵੰਨ-ਸੁਵੰਨਤਾ ਅਤੇ ਕਿਸਾਨਾਂ ਦੀ ਬੀਜ ਸੰਪੂਰਣਤਾ ਤਬਾਹ ਕਰ ਦਿੱਤੀ ਹੈ। ਕਿਸਾਨਾਂ ਨੂੰ ਹਰ ਸੀਜ਼ਨ ਵਿੱਚ ਮਹਿੰਗੇ ਬੀਜ ਖਰੀਦਣੇ ਪੈਂਦੇ ਹਨ। ਇੰਜ ਖੇਤੀ ਨਿੱਤ ਮਹਿੰਗੀ ਹੋਣਾ ਕਿਸਾਨਾਂ ਦੀ ਆਰਥਿਕਤਾ ਵਿੱਚ ਨਿਘਾਰ ਦਾ ਵਿਸ਼ੇਸ਼ ਕਾਰਨ ਬਣਿਆ ਹੈ।

**ਆਰਥਿਕਤਾ ਵਿੱਚ ਨਿਘਾਰ**

ਇੱਕ ਸਰਵੇਖਣ ਦੇਸ਼ ਦੇ ਕਿਸਾਨਾਂ ਦੀ ਨਿੱਘਰ ਰਹੀ ਆਰਥਿਕਤਾ ਨੂੰ ਉਜਾਗਰ ਕਰਦਾ ਹੈ ਅਤੇ ਦਰਸਾਉਂਦਾ ਹੈ ਕਿ (ੳ) ਫ਼ਸਲਾਂ ਦੀ ਉਤਪਾਦਕਤਾ ਵਿੱਚ ਤਕਰੀਬਨ ਖੜੋਤ ਅਤੇ ਜਿਣਸਾਂ ਦੇ ਅਣਲਾਹੇਬੰਦ ਭਾਅ ਕਾਰਨ ਖੇਤੀ ਦੀ ਵਿਵਹਾਰਕਤਾ ਖ਼ਤਮ ਹੋ ਰਹੀ ਹੈ।

(ਅ) ਛੋਟੇ ਕਿਸਾਨ ਆਪਣੀ ਜ਼ਮੀਨ ਠੇਕੇ ਤੇ ਦੇ ਰਹੇ ਹਨ ਅਤੇ ਖੇਤ ਮਜ਼ਦੂਰਾਂ ਵਿੱਚ ਤਬਦੀਲ ਹੋ ਰਹੇ ਹਨ।

(ੲ) ਪਸ਼ੂ ਪਾਲਣ ਅਤੇ ਗੈਰ-ਖੇਤੀ ਕਾਰੋਬਾਰ ਨੂੰ ਉਤਸ਼ਾਹਿਤ ਕਰਨ ਲਈ ਕਮਾਈ ਦੇ ਸਾਧਨਾਂ ਵਿੱਚ ਵਿਭਿੰਨਤਾ ਲਿਆਉਣ ਦੇ ਯਤਨਾਂ ਦੀ ਸਫ਼ਲਤਾ ਸੀਮਤ ਰਹੀ ਹੈ।

(ਸ) ਛੋਟੇ ਜ਼ਿਮੀਦਾਰਾਂ ਨੂੰ ਸੰਸਥਾਗਤ ਕ੍ਰੈਡਿਟ ਪ੍ਰਵਾਹ ਘਟ ਗਿਆ ਹੈ।

ਰਿਪੋਰਟ ਨੇ ਸੁਝਾਅ ਦਿੱਤਾ ਹੈ ਕਿ ਸਰਕਾਰ ਨੂੰ ਹੁਣ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦੀ ਬਿਆਨਬਾਜ਼ੀ ਨੂੰ ਪਾਸੇ ਰੱਖਕੇ ਫ਼ਸਲਾਂ ਦੀ ਉਤਪਾਦਕਤਾ, ਲਾਹੇਬੰਦ ਭਾਅ ਅਤੇ ਖੇਤੀ ਦੀ ਵਿਵਹਾਰਕਤਾ ਨੂੰ ਸੁਧਾਰਨ 'ਤੇ ਧਿਆਨ ਕੇਂਦਰਤ ਕਰਨ ਦੀ ਲੋੜ ਹੈ। ਅਤੇ ਇਹ ਵੀ ਕਿ ਇਕੱਤਰ ਅੰਕੜਿਆਂ ਦੇ ਅਧਾਰ 'ਤੇ ਸਰਕਾਰ ਨੂੰ ਸਥਾਨ ਵਿਸ਼ੇਸ਼ ਅਤੇ ਛੋਟੇ ਅਤੇ ਸੀਮਾਂਤ ਕਿਸਾਨ ਵਿਸ਼ੇਸ਼ ਨੀਤੀਆਂ ਬਣਾਉਣ ਦੀ ਲੋੜ ਹੈ। ਲੋੜ ਇਸ ਗੱਲ ਦੀ ਵੀ ਹੈ ਕਿ ਛੋਟੀਆਂ ਜੋਤਾਂ ਦੀ ਖੇਤੀ ਨੂੰ ਲਾਹੇਬੰਦ ਕਿਵੇਂ ਬਣਾਇਆ ਜਾਵੇ ? ਇਹ ਵੀ ਵੇਖਿਆ ਜਾਵੇ ਕਿ ਵਿਸ਼ਵ ਵਪਾਰ ਸੰਗਠਨ ਅਧੀਨ ਪ੍ਰਤੀਬੱਧਤਾਵਾਂ ਦੀ ਉਲੰਘਣਾ ਕੀਤੇ ਬਗੈਰ ਕਿਸਾਨਾਂ ਨੂੰ ਘੱਟੋ-ਘੱਟ ਸਮਰਥਨ ਮੁੱਲ ਦੀ ਗਾਰੰਟੀ ਕਿਵੇਂ ਦਿੱਤੀ ਜਾ ਸਕਦੀ ਹੈ ? ਤੇ ਕਿਵੇਂ ਡਾ. ਐਸ.ਐਸ, ਸਵਾਮੀਨਾਥਨ ਦੀ ਘੱਟੋ-ਘੱਟ ਸਮਰਥਨ ਮੁੱਲ ਲਾਗੂ ਕਰਨ ਦੀ ਰਿਪੋਰਟ ਲਾਗੂ ਕੀਤੀ ਜਾ ਸਕਦੀ ਹੈ ਅਤੇ ਨਾਲ ਹੀ ਰਿਵਾਇਤੀ ਖੇਤੀ ਦੇ ਗਿਆਨ ਅਤੇ ਉਪਲਬਧ ਜੈਵਿਕ ਵੰਨ-ਸੁਵੰਨਤਾ ਦਾ ਇਸਤੇਮਾਲ ਕਰਕੇ, ਖੇਤੀ ਦੇ ਉਤਪਾਦਕ ਢਾਂਚੇ ਵਿੱਚ ਕਿਵੇਂ ਵਾਧਾ ਕੀਤਾ ਜਾ ਸਕਦਾ ਹੈ ਤੇ ਕਿਹੜੇ ਢੰਗ ਤਰੀਕੇ ਅਪਣਾਏ ਜਾ ਸਕਦੇ ਹਨ, ਜੋ ਵਾਤਾਵਰਣ ਨੂੰ ਕੋਈ ਨੁਕਸਾਨ ਨਾ ਪਹੁੰਚਾਉਣ।

**ਕਾਨੂੰਨਾਂ ਦੇ ਸਮਾਜ 'ਤੇ ਪ੍ਰਭਾਵ**

ਇਨਾਂ ਖੇਤੀ ਕਾਨੂੰਨਾਂ ਦੀ ਸਮੱਸਿਆ ਸਿਰਫ਼ ਕਿਸਾਨਾਂ ਦੀ ਨਹੀਂ ਸੀ। ਸਗੋਂ ਇਹ ਸਧਾਰਨ ਜਨ-ਮਾਨਸ ਉੱਤੇ ਵੀ ਪ੍ਰਭਾਵ ਪਾਉਣ ਵਾਲੇ ਸਨ ਅਤੇ ਉਨਾਂ ਲਈ ਵੱਡੀ ਚੁਣੌਤੀ ਸਨ। ਅਸਲ ਵਿੱਚ ਇਹ ਤਿੰਨੇ ਕਾਨੂੰਨ ਕਿਸਾਨਾਂ ਅਤੇ ਆਮ ਲੋਕਾਂ ਨੂੰ ਬਹੁਤ ਫਾਇਦਾ ਦੇਣ ਵਾਲੇ ਨਹੀਂ ਸਨ, ਨਾ ਤਾਂ ਕੋਈ ਸਧਾਰਨ ਆਰਥਿਕ ਪੱਖੋਂ ਇੰਨਾ ਤਕੜਾ ਹੈ ਕਿ ਉਹ ਵੱਡੇ ਗੋਦਾਮ ਬਣਾਵੇ, ਫ਼ਸਲਾਂ ਦਾ ਭੰਡਾਰਣ ਕਰੇ ਅਤੇ ਨਾ ਹੀ ਭੂਮੀਹੀਣ ਕਿਸਾਨ ਇੰਨਾ ਮਜ਼ਬੂਤ ਹੈ ਕਿ ਉਹ ਇੱਕ ਲੰਮੇ ਸਮੇਂ ਲਈ ਖੇਤਾਂ ਦੀ ਕਾਨੂੰਨੀ ਰਾਖੀ ਕਰ ਸਕੇ। ਇਹ ਤਾਂ ਪੂੰਜੀਪਤੀ, ਜੋ ਪੂੰਜੀ ਨਾਲ ਭਰੇ ਪਏ ਹਨ ਹੀ ਕਰ ਸਕਦੇ ਹਨ। ਕਾਨੂੰਨ ਲਾਗੂ ਹੋਣ 'ਤੇ ਕਿਸਾਨ ਤਾਂ ਆਪਣੀ ਜ਼ਮੀਨ ਹੀ ਹੱਥੋਂ ਗੁਆ ਬਹਿੰਦਾ।

**ਵਿਸ਼ਵ ਪੱਧਰ 'ਤੇ ਮੰਡੀ ਸੁਧਾਰ ਫੇਲ**

ਮੋਦੀ ਸਰਕਾਰ ਦਾ ਵਿਵਾਦ ਵਾਲੇ ਤਿੰਨੋਂ ਖੇਤੀ ਕਾਨੂੰਨ ਮਨਸੂਖ਼ ਕਰਨ ਦਾ ਅਚਨਚੇਤੀ ਫ਼ੈਸਲਾ ਭਾਰਤੀ ਖੇਤੀ ਦੇ ਭਵਿੱਖ ਬਾਰੇ ਨਵੇਂ ਸਿਰਿਓਂ ਸੋਚਣ ਲਈ ਮਜਬੂਰ ਕਰਦਾ ਹੈ। ਮੋਦੀ ਸਰਕਾਰ ਵੱਲੋਂ ਖੇਤੀਬਾੜੀ ਵਿੱਚ ਤਜਵੀਜ਼ਸ਼ੁਦਾ ਮੰਡੀ ਸੁਧਾਰ ਪਹਿਲਾਂ ਹੀ ਦੁਨੀਆ ਭਰ ਦੇ ਮੁਲਕਾਂ ਤੇ ਮਹਾਂਦੀਪਾਂ ਵਿੱਚ ਨਾਕਾਮਯਾਬ ਹੋ ਚੁੱਕੇ ਹਨ। ਅਮਰੀਕਾ ਤੋਂ ਲੈਕੇ ਅਸਟਰੇਲੀਆ ਤਕ ਅਤੇ ਦਿੱਲੀ ਤੋਂ ਲੈ ਕੇ ਫਿਲਪੀਨਜ਼ ਤਕ ਬਜ਼ਾਰ ਨੇ ਮੌਜੂਦਾ ਖੇਤੀ ਸੰਕਟ ਵਿੱਚ ਬੇਤਹਾਸ਼ਾ ਵਾਧਾ ਕੀਤਾ ਹੈ। ਅਮਰੀਕਾ ਅਤੇ ਕੈਨੇਡਾ ਵਰਗੇ ਮੁਲਕਾਂ ਵਿੱਚ ਭਾਰੀ ਨਿਵੇਸ਼ ਦੇ ਬਾਵਜੂਦ ਤਕਨੀਕੀ ਵਿਕਾਸ, ਉਚੇਰੀ ਉਤਪਾਦਕਤਾ ਅਤੇ ਬਹੁਤ ਹੀ ਮਹੀਨ ਕੌਮਾਂਤਰੀ ਕੀਮਤ ਲੜੀਆਂ ਦੇ ਬਾਵਜੂਦ ਖੇਤੀਬਾੜੀ ਤੋਂ ਆਮਦਨ ਵਿੱਚ ਬੀਤੇ 150 ਸਾਲਾਂ ਤੋਂ ਭਾਰੀ ਗਿਰਾਵਟ ਹੀ ਆ ਰਹੀ ਹੈ। ਤਾਂ ਫਿਰ ਕਿਸਾਨਾਂ ਦੀ ਆਮਦਨ ਪੰਜਾਂ ਵਰਿਆਂ ਵਿੱਚ ਮੋਦੀ ਸਰਕਾਰ ਦਾ ਐਲਾਨਨਾਮਾ ਕੀ ਸ਼ੇਖਚਿਲੀ ਦੇ ਸੁਪਨਿਆਂ ਵਾਂਗ ਨਹੀਂ ਹੈ ?

**ਬਾਕੀ ਸਫ਼ਾ 29 'ਤੇ**

# ਭਾਜਪਾ ਚੋਣਾਂ ਵਿਚ ਫਿਰਕੂ ਪੱਤੇ ਦਾ ਲਵੇਗੀ ਸਹਾਰਾ

## ✪ ਭਾਜਪਾ ਲੀਡਰ ਦਲਿਤ ਵਿਰੋਧੀ ਨੀਤੀ ਅਪਨਾਉਣ ਲੱਗੇ ✪ ਕੈਪਟਨ ਦੀ ਪਾਰਟੀ ਦਾ ਭਾਜਪਾ ਨਾਲ ਗਠਜੋੜ ਦਾ ਬਲੂ ਪ੍ਰਿੰਟ ਤਿਆਰ ✪ ਸ਼ਾਹ ਤੇ ਨੱਢਾ ਨਾਲ ਮੁਲਾਕਾਤ ਤੋਂ ਬਾਅਦ ਹੋਵੇਗਾ ਐਲਾਨ

**ਜਲੰਧਰ/ਏ.ਟੀ.ਨਿਊਜ਼ :** ਅਗਲੇ ਸਾਲ ਦੇ ਸ਼ੁਰੂ ਵਿੱਚ ਜਿਨਾਂ ਪੰਜ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਹੋਣੀਆਂ ਹਨ, ਉਨਾਂ ਵਿੱਚੋਂ ਚਾਰ ਰਾਜਾਂ ਉੱਤਰ ਪ੍ਰਦੇਸ਼, ਉਤਰਾਖੰਡ, ਗੋਆ ਤੇ ਮਨੀਪੁਰ ਵਿੱਚ ਭਾਜਪਾ ਦੀਆਂ ਸਰਕਾਰਾਂ ਹਨ। ਪੰਜਾਬ ਵਿੱਚ ਕਾਂਗਰਸ ਦੀ ਸਰਕਾਰ ਹੈ, ਜਿੱਥੇ ਭਾਜਪਾ ਪੱਲੇ ਬਹੁਤਾ ਕੁਝ ਪੈਂਦਾ ਦਿਖਾਈ ਨਹੀਂ ਦਿੰਦਾ। ਹੁਣੇ ਜਿਹੇ ਕੇਂਦਰੀ ਜਲ ਸ਼ਕਤੀ ਮੰਤਰੀ ਤੇ ਪੰਜਾਬ 'ਚ ਭਾਜਪਾ ਚੋਣ ਕਮੇਟੀ ਦੇ ਇੰਚਾਰਜ ਗਜੇਂਦਰ ਸਿੰਘ ਸ਼ੇਖਾਵਤ ਕੈਪਟਨ ਅਮਰਿੰਦਰ ਸਿੰਘ ਨੂੰ ਮਿਲਣ ਲਈ ਉਨਾਂ ਦੇ ਸਿਸਵਾਂ ਸਥਿਤ ਫਾਰਮ ਹਾਊਸ 'ਤੇ ਪੁੱਜੇ। ਸ਼ੇਖਾਵਤ ਦੇ ਇਸ ਦੌਰੇ ਤੋਂ ਸਪੱਸ਼ਟ ਹੋ ਗਿਆ ਹੈ ਕਿ 2022 ਦੀਆਂ ਵਿਧਾਨ ਸਭਾ ਚੋਣਾਂ 'ਚ ਕੈਪਟਨ ਦੀ ਪਾਰਟੀ ਤੇ ਭਾਜਪਾ ਦਾ ਗਠਜੋੜ ਤੈਅ ਹੈ। ਹੁਣ ਬੱਸ ਇਸ ਦੇ ਰਸਮੀ ਐਲਾਨ ਦਾ ਇੰਤਜ਼ਾਰ ਹੈ ਜੋ ਕਿ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਤੇ ਭਾਜਪਾ ਦੇ ਕੌਮੀ ਪ੍ਰਧਾਨ ਜੇਪੀ ਨੱਡਾ ਨਾਲ ਕੈਪਟਨ ਦੀ ਮੁਲਾਕਾਤ ਉਪਰੰਤ ਕਦੇ ਵੀ ਹੋ ਸਕਦਾ ਹੈ। ਪਾਰਟੀ ਦੇ ਸੂਤਰ ਦੱਸਦੇ ਹਨ ਕਿ ਭਾਜਪਾ ਤੇ ਕੈਪਟਨ ਦੀ ਪੰਜਾਬ ਲੋਕ ਕਾਂਗਰਸ ਪਾਰਟੀ ਵਿਚਾਲੇ 70:35 ਦਾ ਫਾਰਮੂਲਾ ਬਣ ਸਕਦਾ ਹੈ। ਬਾਕੀ ਦੀਆਂ ਸੀਟਾਂ ਸੁਖਦੇਵ ਸਿੰਘ ਢੀਂਡਸਾ ਦੇ ਸ਼੍ਰੋਮਣੀ ਅਕਾਲੀ ਦਲ ਸੰਯੁਕਤ ਤੇ ਹੋਰਨਾਂ (ਜੇ ਸਮਝੌਤਾ ਹੋਇਆ ਤਾਂ) ਨੂੰ ਦਿੱਤੀਆਂ ਜਾ ਸਕਦੀਆਂ ਹਨ।ਉਧਰ ਸ਼ੇਖਾਵਤ ਨਾਲ ਕੈਪਟਨ ਅਮਰਿੰਦਰ ਸਿੰਘ ਦੀ ਇਸ ਮੁਲਾਕਾਤ ਨਾਲ ਕਾਂਗਰਸ ਪਾਰਟੀ 'ਚ ਬੇਚੈਨੀ ਦੇਖੀ ਜਾ ਰਹੀ ਹੈ। ਕਿਉਂਕਿ ਕੈਪਟਨ ਅਮਰਿੰਦਰ ਸਿੰਘ ਪਹਿਲਾਂ ਹੀ ਕਹਿ ਚੁੱਕੇ ਹਨ ਕਿ ਇਕ ਵਾਰ ਚੋਣ ਜ਼ਾਬਤਾ ਲਾਗੂ ਹੋਣ ਦਿਓ ਉਸ ਤੋਂ ਬਾਅਦ ਕੌਣ ਕਿਸ ਨਾਲ ਆਉਂਦਾ ਹੈ, ਪਤਾ ਲੱਗ ਜਾਵੇਗਾ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਵੀ ਪਹਿਲਾਂ ਇਹ ਗੱਲ ਕਹੀ ਸੀ ਕਿ ਪੰਜਾਬ 'ਚ ਭਾਜਪਾ ਦੀ ਗੱਲਬਾਤ ਕੈਪਟਨ ਤੇ ਢੀਂਡਸਾ ਦੋਵਾਂ ਨਾਲ ਚੱਲ ਰਹੀ ਹੈ। ਉਧਰ ਕੈਪਟਨ ਦੀ ਵਧੀ ਸਰਗਰਮੀ ਨਾਲ ਕਾਂਗਰਸ 'ਚ ਬੇਚੈਨੀ ਸਾਫ਼ ਮਹਿਸੂਸ ਕੀਤੀ ਜਾ ਸਕਦੀ ਹੈ, ਕਿਉਂਕਿ ਉਹ ਕਾਂਗਰਸ ਵੱਲੋਂ ਦੋ ਵਾਰ ਮੁੱਖ ਮੰਤਰੀ ਤੇ ਤਿੰਨ ਵਾਰ ਸੂਬੇ ਦੇ ਪ੍ਰਧਾਨ ਰਹਿ ਚੁੱਕੇ ਹਨ।

ਭਾਜਪਾ ਲਈ ਉਕਤ ਚਾਰੇ ਰਾਜਾਂ ਵਿੱਚ ਆਪਣੀਆਂ ਸਰਕਾਰਾਂ ਬਚਾਉਣਾ ਅਹਿਮ ਹੈ, ਪਰ ਉਸ ਦਾ ਸਭ ਤੋਂ ਵੱਧ ਧਿਆਨ ਉੱਤਰ ਪ੍ਰਦੇਸ਼ ਉੱਤੇ ਲਗਾ ਹੋਇਆ ਹੈ। ਉੱਤਰ ਪ੍ਰਦੇਸ਼ ਦੇਸ਼ ਦਾ ਸਭ ਤੋਂ ਵੱਡਾ ਸੂਬਾ ਹੈ। ਇੱਥੋਂ ਦੀਆਂ 80 ਲੋਕ ਸਭਾ ਸੀਟਾਂ ਹੀ ਤੈਅ ਕਰਦੀਆਂ ਰਹੀਆਂ ਹਨ ਕਿ ਕੇਂਦਰ ਵਿੱਚ ਕਿਸ ਦੀ ਸਰਕਾਰ ਬਣਨੀ ਹੈ। ਢਾਈ ਕੁ ਸਾਲਾਂ ਬਾਅਦ ਲੋਕ ਸਭਾ ਦੀਆਂ ਚੋਣਾਂ ਆ ਜਾਣੀਆਂ ਹਨ। ਭਾਜਪਾ ਸਮਝਦੀ ਸੀ ਕਿ ਪੰਜਾਬ ਤੋਂ ਸਿਵਾਏ ਬਾਕੀ ਦੇ ਸੂਬਿਆਂ ਵਿਚ ਚੋਣਾਂ ਜਿੱਤਣੀਆਂ ਉਸ ਲਈ ਮੁਸ਼ਕਲ ਨਹੀਂ ਹਨ ਪਰ ਕਿਸਾਨ ਅੰਦੋਲਨ ਨੇ ਪਾਰਟੀ ਦੇ ਜਿੱਤ ਪ੍ਰਾਪਤ ਕਰਨ




ਦੇ ਮਨਸੂਬਿਆਂ ਨੂੰ ਹਿਲਾ ਕੇ ਰੱਖ ਦਿੱਤਾ ਹੈ। ਭਾਜਪਾ ਵਾਸਤੇ ਉੱਤਰ ਪ੍ਰਦੇਸ਼ ਦੀਆਂ ਵਿਧਾਨ ਸਭਾ ਚੋਣਾਂ ਸਭ ਤੋਂ ਮਹੱਤਵਪੂਰਨ ਹਨ ਕਿਉਂਕਿ ਉਸ ਵਿਚ ਮੁੱਖ ਮੰਤਰੀ ਦਾ ਅਹੁਦਾ ਸੰਘ ਪਰਿਵਾਰ ਵੱਲੋਂ ਚੁਣੇ ਗਏ ਉਮੀਦਵਾਰ ਯੋਗੀ ਆਦਿੱਤਿਆਨਾਥ ਨੂੰ ਦਿੱਤਾ ਗਿਆ। ਕਿਸਾਨ ਅੰਦੋਲਨ ਨੇ ਪੰਜਾਬ ਅਤੇ ਹਰਿਆਣਾ ਦੇ ਨਾਲ ਨਾਲ ਪੱਛਮੀ ਉੱਤਰ ਪ੍ਰਦੇਸ਼ ਅਤੇ ਉੱਤਰਾਖੰਡ ਦੇ ਕੁਝ ਹਿੱਸਿਆਂ ਵਿਚ ਵੱਡਾ ਪ੍ਰਭਾਵ ਪਾਇਆ ਹੈ। ਇਸੇ ਕਰਕੇ ਪੱਛਮੀ ਉੱਤਰ ਪ੍ਰਦੇਸ਼ ਦੀਆਂ 140 ਸੀਟਾਂ 'ਤੇ ਉਸ ਦੀ ਸਥਿਤੀ ਡਾਵਾਂਡੋਲ ਹੈ। ਸਮਾਜਵਾਦੀ ਪਾਰਟੀ ਦੀ ਅਗਵਾਈ ਵਿਚ ਬਣ ਰਿਹਾ ਗੱਠਜੋੜ ਭਾਜਪਾ ਨੂੰ ਵੱਡੀ ਚੁਣੌਤੀ ਦੇ ਰਿਹਾ ਹੈ। ਭਾਜਪਾ ਦੀ ਪ੍ਰਮੁੱਖ ਸਮੱਸਿਆ ਇਹ ਹੈ ਕਿ ਉਹ ਭਾਈਚਾਰਕ ਪਾੜੇ ਨੂੰ ਵਧਾ ਕੇ ਵੋਟਾਂ ਹਾਸਲ ਕਰਨ ਨੂੰ ਆਪਣੀ ਰਣਨੀਤੀ ਬਣਾ ਚੁੱਕੀ ਹੈ; ਇਹ ਸੋਚ ਪਾਰਟੀ ਅਤੇ ਪਾਰਟੀ ਕਾਰਕੁਨਾਂ ਦੀ ਸੋਚ ਦਾ ਅੰਦਰੂਨੀ ਹਿੱਸਾ ਬਣ ਗਈ ਹੈ।

ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਦੇ ਕਾਰਜਕਾਲ ਦੀ ਅਜਿਹੀ ਕੋਈ ਪ੍ਰਾਪਤੀ ਨਹੀਂ, ਜਿਸ ਨੂੰ ਅਧਾਰ ਬਣਾ ਕੇ ਭਾਜਪਾ ਇਹ ਚੋਣਾਂ ਜਿੱਤ ਸਕਦੀ ਹੈ। ਯੋਗੀ ਆਦਿੱਤਿਆਨਾਥ ਦਾ ਤਾਂ ਸਾਰਾ ਜ਼ੋਰ ਸ਼ਹਿਰਾਂ ਦੇ ਨਾਂ ਬਦਲਣ, ਲਵ ਜਿਹਾਦ ਦੇ ਨਾਂ ਉੱਤੇ ਮੁਸਲਿਮ ਨੌਜਵਾਨਾਂ ਨੂੰ ਫਸਾਉਣ ਅਤੇ ਝੂਠੇ ਪੁਲਿਸ ਮੁਕਾਬਲਿਆਂ ਰਾਹੀਂ ਲੋਕਾਂ ਵਿੱਚ ਦਹਿਸ਼ਤ ਫੈਲਾਉਣ 'ਤੇ ਲੱਗ ਰਿਹਾ ਹੈ। ਵਿਕਾਸ ਦਾ ਹਾਲ ਤਾਂ ਇਹ ਹੈ ਕਿ ਸਰਕਾਰ ਨੂੰ ਆਪਣੇ ਇਸ਼ਤਿਹਾਰਾਂ ਵਿੱਚ ਯੂ.ਪੀ. ਦਾ ਕਹਿ ਕੇ ਕਲਕੱਤੇ ਦੇ ਫਲਾਈ ਓਵਰ ਦੀ ਤਸਵੀਰ ਲਾਉਣੀ ਪੈ ਰਹੀ ਹੈ।

ਇਸ ਸਥਿਤੀ ਵਿੱਚ ਭਾਜਪਾ ਕੋਲ ਫਿਰਕੂ ਕਤਾਰਬੰਦੀ ਹੀ ਉਸ ਦਾ ਅਜ਼ਮਾਇਆ ਹੋਇਆ ਹਥਿਆਰ ਬਚਦਾ ਹੈ ਤੇ ਇਸ ਨੂੰ ਵਰਤਣਾ ਵੀ ਸ਼ੁਰੂ ਕਰ ਦਿੱਤਾ ਗਿਆ ਹੈ।ਇਸ ਦਾ ਸ੍ਰੀਗਣੇਸ਼ ਵਿਸ਼ਵ ਹਿੰਦੂ ਪ੍ਰੀਸ਼ਦ ਤੋਂ ਆਪਣਾ ਸਿਆਸੀ ਸਫ਼ਰ ਸ਼ੁਰੂ ਕਰਨ ਵਾਲੇ ਰਾਜ ਦੇ ਉਪ ਮੁੱਖ ਮੰਤਰੀ ਕੇਸ਼ਵ ਪ੍ਰਸਾਦ ਮੌਰੀਆ ਨੇ ਕਰ ਦਿੱਤਾ ਸੀ।

6 ਦਸੰਬਰ 1992 ਨੂੰ ਜਦੋਂ ਬਾਬਰੀ ਮਸਜਿਦ ਢਾਈ ਗਈ ਸੀ ਤਾਂ ਕਾਰ ਸੇਵਕਾਂ ਨੇ ਨਾਅਰਾ ਦਿੱਤਾ ਸੀ, 'ਅਯੁੱਧਿਆ ਤੋਂ ਬਸ ਝਾਕੀ ਹੈ, ਕਾਸ਼ੀ-ਮਥੁਰਾ ਬਾਕੀ ਹੈ।' ਹੁਣ ਜਦੋਂ ਅਯੁੱਧਿਆ ਵਿੱਚ ਰਾਮ ਮੰਦਰ ਬਣਾਉਣ ਬਾਰੇ ਅਦਾਲਤ ਦੇ ਫੈਸਲੇ ਤੋਂ ਬਾਅਦ ਰਾਮ ਮੰਦਰ ਬਣਨਾ ਸ਼ੁਰੂ ਹੋ ਗਿਆ ਹੈ ਤਾਂ ਕੇਸ਼ਵ ਪ੍ਰਸਾਦ ਮੌਰੀਆ ਨੇ ਨਵਾਂ ਨਾਅਰਾ ਦੇ ਦਿੱਤਾ ਹੈ, 'ਅਯੁੱਧਿਆ-ਕਾਸ਼ੀ ਮੰਦਰ ਨਿਰਮਾਣ ਜਾਰੀ ਹੈ, ਮਥਰਾ ਕੀ ਤਿਆਰੀ ਹੈ।' ਕੁਝ ਦਿਨ ਪਹਿਲਾਂ ਉੱਤਰ ਪ੍ਰਦੇਸ਼ ਦੇ ਉੱਪ ਮੁੱਖ ਮੰਤਰੀ ਕੇਸ਼ਵ ਪ੍ਰਸਾਦ ਮੌਰੀਆ ਨੇ ਕਿਹਾ ਸੀ ਕਿ ਅਯੁੱਧਿਆ ਅਤੇ ਕਾਸ਼ੀ ਵਿਚ ਮੰਦਰ ਬਣਾਉਣ ਦੇ ਨਾਲ ਨਾਲ ਮਥੁਰਾ, ਜਿਹੜੀ ਭਗਵਾਨ ਕ੍ਰਿਸ਼ਨ ਦੀ ਜਨਮਭੂਮੀ ਹੈ, ਵਿਚ ਵਿਸ਼ਾਲ ਮੰਦਰ ਬਣਾਇਆ ਜਾਵੇਗਾ। 28 ਨਵੰਬਰ ਨੂੰ ਜ਼ਿਲਾ ਪ੍ਰਸ਼ਾਸਨ ਨੇ ਜ਼ਿਲੇ ਵਿਚ ਸੀਆਰਪੀਸੀ ਦੀ ਧਾਰਾ 144 ਅਧੀਨ ਪਾਬੰਦੀਆਂ ਲਗਾਈਆਂ ਕਿਉਂਕਿ ਅਖਿਲ ਭਾਰਤੀ ਹਿੰਦੂ ਮਹਾਂਸਭਾ ਨੇ ਐਲਾਨ ਕੀਤਾ ਸੀ ਕਿ ਉਹ ਮਸਜਿਦ ਜੋ ਮਹਾਂਸਭਾ ਅਨੁਸਾਰ ਭਗਵਾਨ ਕ੍ਰਿਸ਼ਨ ਦਾ ਅਸਲੀ ਜਨਮ-ਅਸਥਾਨ ਹੈ, ਵਿਚ ਮੂਰਤੀ ਸਥਾਪਿਤ ਕਰੇਗੀ। ਬੀਤੇ ਮੰਗਲਵਾਰ ਮਥੁਰਾ ਦੇ ਐੱਮਐੱਲਏ, ਜੋ ਉੱਤਰ ਪ੍ਰਦੇਸ਼ ਸਰਕਾਰ ਵਿਚ ਮੰਤਰੀ ਵੀ ਹੈ, ਨੇ ਕਿਹਾ, 'ਜੇ ਸ੍ਰੀ ਕ੍ਰਿਸ਼ਨ ਦਾ ਮੰਦਰ ਮਥੁਰਾ ਵਿਚ ਨਾ ਬਣਾਇਆ ਗਿਆ ਤਾਂ ਕੀ ਇਹ ਪਾਕਿਸਤਾਨ ਵਿਚ ਲਾਹੌਰ ਜਾਂ ਰਾਵਲਪਿੰਡੀ ਵਿਚ ਬਣਾਇਆ ਜਾਵੇਗਾ?' ਲੋਕਾਂ ਦੇ ਵਿਰੋਧ ਤੋਂ ਬਾਅਦ ਹਿੰਦੂ ਮਹਾਂਸਭਾ ਨੂੰ ਮਥਰਾ ਮਸਜਿਦ ਵਿੱਚ 6 ਦਸੰਬਰ ਨੂੰ ਕ੍ਰਿਸ਼ਨ ਦੀ ਮੂਰਤੀ ਸਥਾਪਨਾ ਦਾ ਆਪਣਾ ਪ੍ਰੋਗਰਾਮ ਮੁਲਤਵੀ ਕਰਨਾ ਪਿਆ। ਖੈਰ, ਇਸ ਦੇ ਬਾਵਜੂਦ ਭਾਰਤੀ ਹਿੰਦੂ ਮਹਾਂਸਭਾ, ਸ੍ਰੀ ਕ੍ਰਿਸ਼ਨ ਜਨਮਭੂਮੀ ਨਿਰਮਾਣ ਨਿਆਸ, ਨਰਾਇਣੀ ਸੈਨਾ ਤੇ ਸ੍ਰੀ ਕ੍ਰਿਸ਼ਨ ਮੁਕਤੀ ਦਲ ਆਪਣੇ ਏਜੰਡੇ ਨੂੰ ਲਾਗੂ ਕਰਨ ਲਈ ਲਗਾਤਾਰ ਸਰਗਰਮ ਹਨ। ਉੱਤਰਾਖੰਡ, ਮੱਧ ਪ੍ਰਦੇਸ਼, ਛੱਤੀਸਗੜ੍ਹ, ਕਰਨਾਟਕ, ਉੱਤਰ ਪ੍ਰਦੇਸ਼ ਅਤੇ ਕਈ ਹੋਰ ਸੂਬਿਆਂ ਵਿਚ ਈਸਾਈ ਭਾਈਚਾਰੇ ਅਤੇ ਗਿਰਜਿਆਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਬੀਤੇ ਐਤਵਾਰ ਉੱਤਰਾਖੰਡ ਵਿਚ ਰੁੜਕੀ ਦੇ ਗਿਰਜੇ 'ਤੇ ਹਮਲਾ ਕਰਕੇ ਤੋੜ-ਫੋੜ ਕੀਤੀ ਗਈ। ਬੀਤੇ ਮੰਗਲਵਾਰ ਮੱਧ ਪ੍ਰਦੇਸ਼ ਵਿਚ ਇਸ ਭਾਈਚਾਰੇ ਦੁਆਰਾ ਚਲਾਏ ਜਾਂਦੇ ਇਕ ਸਕੂਲ 'ਤੇ ਹਮਲਾ ਕੀਤਾ ਗਿਆ। ਇਕ ਸਰਵੇਖਣ ਅਨੁਸਾਰ 2021 ਦੇ ਪਹਿਲੇ ਨੌਂ ਮਹੀਨਿਆਂ ਵਿਚ ਈਸਾਈਆਂ 'ਤੇ 300 ਤੋਂ ਜ਼ਿਆਦਾ ਹਿੰਸਕ ਹਮਲੇ ਹੋਏ ਜਿਨਾਂ ਵਿਚੋਂ 80 ਹਮਲੇ ਉੱਤਰ ਪ੍ਰਦੇਸ਼ ਵਿਚ ਹੋਏ। ਉੱਪ ਮੁੱਖ ਮੰਤਰੀ ਮੌਰੀਆ ਨੇ ਇਕ ਹੋਰ ਬਿਆਨ ਵਿਚ ਮੁਸਲਮਾਨ ਭਾਈਚਾਰੇ ਅਤੇ ਉਨਾਂ ਦੇ ਲਿਬਾਸ ਬਾਰੇ ਅਪਸ਼ਬਦ ਕਹੇ। ਸਪੱਸ਼ਟ ਹੈ ਕਿ ਇਨਾਂ ਸਭ ਕਾਰਵਾਈਆਂ ਦਾ ਟੀਚਾ ਵੋਟਾਂ ਦਾ ਧਰੁਵੀਕਰਨ ਕਰਨਾ ਹੈ।

ਇਹ ਇੱਕੋ ਘਟਨਾ ਨਹੀਂ, ਜੇਕਰ ਵਿਧਾਨ ਸਭਾ ਚੋਣਾਂ ਲਈ ਕੀਤੀਆਂ ਜਾ ਰਹੀਆਂ ਤਾਬੜਤੋੜ ਰੈਲੀਆਂ ਵਿੱਚ ਯੋਗੀ ਆਦਿੱਤਿਆਨਾਥ ਦੇ ਭਾਸ਼ਣਾਂ ਨੂੰ ਗਹੁ ਨਾਲ ਵਾਚਿਆ ਜਾਵੇ ਤਾਂ ਉਹ ਹਮੇਸ਼ਾ ਮੰਦਰ-ਮਸਜਿਦ ਦੇ ਵਿਵਾਦ ਨੂੰ ਹੀ ਕੇਂਦਰ ਵਿੱਚ ਰੱਖਦੇ ਹਨ। ਉਹ ਜਨਤਾ ਨੂੰ ਪੁੱਛਦੇ ਹਨ ਕਿ ਜੇਕਰ 1990 ਵਿੱਚ ਕਾਰ ਸੇਵਕਾਂ ਉਤੇ ਗੋਲੀਆਂ ਚਲਾਉਣ ਵਾਲੇ ਅੱਜ ਸੱਤਾ ਵਿੱਚ ਹੁੰਦੇ ਤਾਂ ਕੀ ਰਾਮ ਮੰਦਰ ਬਣ ਸਕਦਾ ਸੀ।ਉਹ ਬਾਬਰੀ ਮਸਜਿਦ ਢਾਹੁਣ ਦੀ ਕਾਰਵਾਈ ਨੂੰ ਉਚਿਤ ਠਹਿਰਾਉਣ ਲਈ ਇਹ ਵੀ ਪੁੱਛਦੇ ਹਨ ਕਿ ਕੀ ਜੇਕਰ ਬਾਬਰੀ ਮਸਜਿਦ ਕਾਇਮ ਰਹਿੰਦੀ ਤਾਂ ਨਿਆਂਪਾਲਿਕਾ ਉਸੇ ਥਾਂ ਮੰਦਰ ਬਣਾਉਣ ਦਾ ਹੁਕਮ ਦੇ ਦਿੰਦੀ।

ਇਹੋ ਨਹੀਂ, ਇਨੀਂ ਦਿਨੀਂ ਯੋਗੀ ਆਦਿੱਤਿਆਨਾਥ ਵਾਰ-ਵਾਰ ਅਯੁੱਧਿਆ ਜਾ ਰਹੇ ਹਨ। ਕਿਆਸਅਰਾਈਆਂ ਇਹ ਵੀ ਹਨ ਕਿ ਉਹ ਅਯੁੱਧਿਆ ਸੀਟ ਤੋਂ ਚੋਣ ਲੜ ਕੇ ਬਹੁਗਿਣਤੀ ਹਿੰਦੂਆਂ ਦੀ ਮਾਨਸਿਕਤਾ ਨੂੰ ਮੰਦਰ-ਮਸਜਿਦ ਵਿਵਾਦ ਵਿੱਚ ਫਸਾਈ ਰੱਖਣ ਲਈ ਇਸ ਦੀ ਵਰਤੋਂ ਕਰਨਗੇ। ਭਾਜਪਾ ਨੂੰ ਉਮੀਦ ਹੈ ਕਿ ਇਸ ਨਾਲ ਬਹੁਗਿਣਤੀ ਫ਼ਿਰਕੇ ਦੀ ਵੱਡੀ ਗਿਣਤੀ ਉਸ ਦੇ ਹੱਕ ਵਿਚ ਭੁਗਤੇਗੀ। ਕਿਸਾਨ ਅੰਦੋਲਨ ਦੇ ਪ੍ਰਭਾਵ ਵਾਲੇ ਖੇਤਰਾਂ ਵਿਚ ਭਾਈਚਾਰਕ ਸਾਂਝ ਮਜ਼ਬੂਤ ਹੋਈ ਹੈ ਅਤੇ ਭਾਜਪਾ ਉੱਥੇ ਮੁਸ਼ਕਿਲ ਵਿਚ ਫਸੀ ਹੋਈ ਹੈ। ਇਨਾਂ ਖੇਤਰਾਂ ਵਿਚ ਵੀ ਅਜਿਹੀ ਸਿਆਸਤ ਨੂੰ ਉਤਸ਼ਾਹਿਤ ਕੀਤੇ ਜਾਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

## ਭਾਜਪਾ ਸੰਸਦ ਮੈਂਬਰ ਵੱਲੋਂ ਧਰਮ ਬਦਲਣ ਵਾਲੇ ਐੱਸਟੀ ਭਾਈਚਾਰੇ ਦੇ ਮੈਂਬਰਾਂ ਦਾ ਰਾਖ਼ਵਾਂਕਰਨ ਰੋਕਣ ਦੀ ਮੰਗ

**ਦਿੱਲੀ/ਏ.ਟੀ.ਨਿਊਜ਼ :** ਭਾਜਪਾ ਦੇ ਸੰਸਦ ਮੈਂਬਰ ਨਿਸ਼ੀਕਾਂਤ ਦੂਬੇ ਨੇ ਲੋਕ ਸਭਾ ਵਿਚ ਕਿਹਾ ਕਿ ਅਨੁਸੂਚਿਤ ਕਬੀਲਿਆਂ (ਐੱਸਟੀ) ਦੇ ਜਿਨਾਂ ਮੈਂਬਰਾਂ ਨੇ ਧਰਮ ਬਦਲਣ ਨੂੰ ਪਹਿਲ ਦਿੱਤੀ ਹੈ, ਨੂੰ ਰਾਖ਼ਵਾਂਕਰਨ ਤੇ ਹੋਰ ਲਾਭ ਨਹੀਂ ਮਿਲਣੇ ਚਾਹੀਦੇ। ਇਸ ਨਾਲ ਧਰਮ ਬਦਲੀ ਰੋਕਣ ਵਿਚ ਮਦਦ ਮਿਲੇਗੀ। ਹੇਠਲੇ ਸਦਨ ਵਿਚ ਸਿਫ਼ਰ ਕਾਲ ਦੌਰਾਨ ਬੋਲਦਿਆਂ ਦੂਬੇ ਨੇ ਕਿਹਾ ਕਿ ਉਨਾਂ ਦੇ ਗ੍ਰਹਿ ਰਾਜ ਝਾਰਖੰਡ ਵਿਚ ਧਰਮ ਬਦਲੀ ਵੱਡਾ ਮੁੱਦਾ ਬਣ ਗਿਆ ਹੈ। ਉਨਾਂ ਕਿਹਾ ਕਿ ਲੋਕਾਂ ਨੂੰ ਲਾਲਚ ਦੇ ਕੇ ਧਰਮ ਬਦਲਾਇਆ ਜਾ ਰਿਹਾ ਹੈ। ਦੂਬੇ ਨੇ ਕਿਹਾ ਕਿ ਸੰਵਿਧਾਨ ਦੀ ਧਾਰਾ 341 ਮੁਤਾਬਕ ਐੱਸਸੀ ਭਾਈਚਾਰਿਆਂ ਨੂੰ ਮਿਲਿਆ ਰਾਖ਼ਵਾਂਕਰਨ ਉਦੋਂ ਨਹੀਂ ਮਿਲਦਾ ਜਦ ਉਹ ਧਰਮ ਬਦਲ ਲੈਂਦੇ ਹਨ। ਉਨਾਂ ਕੇਂਦਰ ਸਰਕਾਰ ਨੂੰ ਬੇਨਤੀ ਕੀਤੀ ਕਿ ਐੱਸਟੀ ਭਾਈਚਾਰਿਆਂ ਲਈ ਵੀ ਇਹੀ ਤਜਵੀਜ਼ ਰੱਖੀ ਜਾਵੇ। ਇਸ ਤੋਂ ਜਾਹਿਰ ਹੈ ਕਿ ਭਾਜਪਾ ਰਾਖਵਾਂਕਰਨ ਵਿਰੁਧ ਹੈ ਤੇ ਦਲਿਤ ਅਜ਼ਾਦੀ ਦੇ ਵੀ।

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
• ਇੰਡੀਅਨ ਪਾਸਪੋਰਟ
• ਇੰਡੀਅਨ ਵੀਜ਼ਾ, OCI
• ਮੁਖਤਿਆਰਨਾਮਾ
• ਇਮੀਗਰੇਸ਼ਨ ਸਰਵਿਸਜ਼
• ਸਿਟੀਜਨ, ਗਰੀਨ ਕਾਰਡ
• ਫੈਮਲੀ ਪਟੀਸ਼ਨ




ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us

ALL STATE INSURANCE
Allstate
You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

# ਸਰਕਾਰ ਅਤੇ ਕਾਰਪੋਰੇਟ ਨਾਲ ਕਿਸਾਨ ਦੀ ਜਿੱਤ ਦੇ ਕੀ ਅਰਥ ?



**ਸ. ਦਲਵਿੰਦਰ ਸਿੰਘ ਘੁੰਮਣ**

ਕਿਸਾਨਾਂ ਦੇ ਇੱਕ ਸਾਲ ਦੇ ਸੰਘਰਸ਼ ਪਿਛੋਂ ਸਰਕਾਰ ਦੀਆਂ ਕੌਝੀਆਂ ਚਾਲਾਂ ਵਿਚੋਂ ਕਿਸਾਨੀ ਚੇਤਨਤਾ ਦੇ ਵੱਡੇ ਉਭਾਰ ਅਤੇ ਦਬਾਆ ਸਦਕਾ ਤਿੰਨ ਕਾਲੇ ਕਾਨੂੰਨਾਂ ਨੂੰ ਵਾਪਸ ਲਿਆ ਗਿਆ ਹੈ। ਦੁਨੀਆ ਦੇ ਕਿਸਾਨੀ ਸੰਘਰਸ਼ ਵਿੱਚੋ ਸੱਭ ਤੋਂ ਲੰਮਾ ਸਮਾਂ ਚੱਲਣ ਵਾਲਾ ਅਤੇ ਸ਼ਾਂਤਮਈ ਜਿੱਤ ਨਾਲ ਇੱਕ ਜੁੱਗ ਦੀ ਨਵੀ ਸਵੇਰ ਦਾ ਪਹੁ ਫੁਟਾਲਾ ਹੋਇਆ ਹੈ ਜਿਸ ਦੀ ਵਿਆਖਿਆ ਨੂੰ ਆਉਣ ਵਾਲੇ ਸਮੇ ਵਿੱਚ ਪੰਜਾਬ ਦੀ ਮਿੱਟੀ ਨੂੰ ਕੇਂਦਰ ਬਿੰਦੂ ਬਣਾ ਕੇ ਚਰਚਾ ਹੋਇਆ ਕਰੇਗੀ। ਵੱਡੇ ਸੰਘਰਸ਼ ਅਤੇ ਸਾਢੇ ਸੱਤ ਸੌ ਕਿਸਾਨਾਂ ਦੀਆਂ ਭਰਵੀਂ ਸਰਦੀ ਦੇ ਨਾਲ-ਨਾਲ ਅੱਤ ਦੀ ਗਰਮੀ ਵਿੱਚ ਹੋਈਆਂ ਮੌਤਾਂ ਦੀ ਇਤਿਹਾਸਕ ਤਰਾਸਦੀ ਵੀ ਖੜੀ ਨਜ਼ਰ ਆਉਂਦੀ ਹੈ। ਭਾਵੇਂਕਿ ਬਿੱਲ ਵਾਪਸੀ ਨਾਲ ਕਿਸਾਨਾਂ ਨੂੰ ਕੋਈ ਲਾਭ ਨਹੀਂ ਮਿਲਣ ਵਾਲਾ। ਇਹ ਉਹੀ ਕਾਨੂੰਨ ਹਨ ਜੋ ਪਹਿਲਾਂ ਦੀ ਕਿਸਾਨੀ ਨੂੰ ਉਨਾਂ ਦੀਆਂ ਦੁਸ਼ਵਾਰੀਆਂ ਤੋਂ ਬਾਹਰ ਕੱਢਣ ਵਿੱਚ ਅਸਮਰੱਥ ਸਨ। ਹਰ ਸਾਲ ਲੱਖਾਂ ਦੀ ਗਿਣਤੀ ਕਿਸਾਨਾਂ ਦੀਆਂ ਮੌਤਾਂ ਦੇ ਜਿੰਮੇਵਾਰ ਸਨ। ਭਾਰਤ ਵਿੱਚ ਪਿਛਲੇ 73 ਸਾਲਾਂ ਦੇ ਇਤਿਹਾਸ ਵਿੱਚ ਇਹੀ ਕੁਝ ਹੋਇਆ ਹੈ। ਕਾਂਗਰਸ ਨੇ ਜੋ ਸਿਆਸੀ ਲਕੀਰਾਂ ਖਿਚੀਆਂ ਉਸ ਨੂੰ ਭਾਰਤ ਦੀ ਬੇਹਤਰੀ ਵਿੱਚ ਸਾਬਤ ਕਰਨ ਦੀਆਂ ਲਗਾਤਾਰ ਕੋਸ਼ਿਸ਼ਾਂ ਕੀਤੀਆਂ ਗਈਆਂ। ਹਰ ਵਰਗ ਦੀ ਵੱਡੇ ਸ਼ੰਘਰਸ਼ ਵਿੱਚੋਂ ਹੀ ਕੋਈ ਪ੍ਰਾਪਤੀ ਹੋਈ ਹੈ। ਪਿਛਲੇ ਸੱਤਾਂ ਸਾਲਾਂ ਵਿੱਚ ਮੋਦੀ ਦੀ ਸਰਕਾਰ ਨੇ ਲੋਕਾਂ ਦੀ ਸੰਘਰਸ਼ ਸਥਿਤੀ ਨੂੰ ਚਰਮ ਸੀਮਾ 'ਤੇ ਪਹੁੰਚਾ ਦਿੱਤਾ ਹੈ। ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਹੁਣ ਸਰਕਾਰਾਂ ਦੀ ਕਾਰਜ ਪ੍ਰਣਾਲੀ, ਢੰਗਾਂ ਵਿੱਚ ਕਿਸਾਨੀ ਨੂੰ ਆਸਾਨੀ ਨਾਲ ਅਣਗੋਲਿਆ ਨਹੀਂ ਕੀਤਾ ਜਾ ਸਕੇਗਾ। ਕਿਸਾਨੀ ਦੀਆਂ ਮੂਲ ਮੁਸ਼ਕਿਲਾਂ ਨੂੰ ਵਿਦਵਾਨ, ਚਿੰਤਕ, ਅਰਥ-ਸ਼ਾਸਤਰੀ ਅਤੇ ਸਰਕਾਰਾਂ ਹੋਰ ਵਧੇਰੇ ਪੁਖਤਾ ਜਿੰਮੇਵਾਰੀ ਨਾਲ ਅਧਿਐਨ ਕਰਨਗੇ। ਵਕਤੀ ਸਰਕਾਰ ਵਿੱਚ ਕੁਝ ਕੁ ਵੱਡੇ ਘਰਾਣਿਆਂ ਨੂੰ ਦੋ ਵਿਆਕਤੀਆਂ ਦੀ ਸਰਕਾਰ ਨੇ ਜਾਤੀ ਮੁਫਾਦਾਂ ਕਰਕੇ ਭਾਰਤੀ ਆਰਥਿਕਤਾ ਨੂੰ ਖਤਰੇ ਵਿੱਚ ਸੁਟਿਆ ਹੈ। ਵਿਰੋਧੀ ਪਾਰਟੀਆਂ ਦੇ ਅਕਸ਼ ਨੂੰ ਢਾਹ ਲਾ ਕੇ ਦੇਸ਼ ਦੀ ਉਸਾਰੂ ਢੰਗ ਨਾਲ ਚਲਦੇ ਰਹਿਣ ਦੀ ਲੋਕਤੰਤਰੀ ਰੀਤ ਨੂੰ ਖਤਮ ਕਰਨ ਦੀਆਂ ਚਾਲਾਂ ਚੱਲੀਆਂ ਗਈਆਂ ਹਨ। ਉਸਾਰੂ ਰਾਜਨੀਤੀ ਵਾਸਤੇ ਹਰ ਵਰਗ ਨੂੰ ਬਰਾਬਰਤਾ ਲਈ ਸਰਕਾਰ ਦੀ ਅਲੋਚਨਾ ਹੀ ਸਹੀ ਮਾਰਗ ਹੋ ਸਕਦਾ ਹੈ। ਮੋਦੀ ਸਰਕਾਰ ਦੀ ਸਰਕਾਰੀ ਮਸ਼ੀਨਰੀ ਨੇ ਅਖੀਰ ਗੋਡੇ ਟੇਕ ਕੇ ਆਪਣੀ ਹਾਰ ਮੰਨ ਲਈ ਹੈ। ਪਿਛਲੇ ਸੱਤ ਸਾਲ ਦੀ ਸਰਕਾਰ ਨੂੰ ਵੱਡੀ ਹਾਰ ਦਾ ਸਾਹਮਣਾ ਕਰਨਾ ਪਿਆ ਹੈ। ਸ਼ੁਰੂਆਤੀ ਸੰਕੇਤ ਆਉਣੇ ਸ਼ੁਰੂ ਹੋ ਗਏ ਹਨ। ਕਿ ਸਰਕਾਰ ਦੁਆਰਾ ਲ਼ਏ ਗਏ ਪਿਛਲੇ ਸਾਰੇ ਕਾਨੂੰਨ ਰੂਪੀ ਫੈਸਲਿਆਂ ਨੂੰ ਵਾਪਸ ਲੈਣ ਦਾ ਲੋਕਾਂ ਦਾ ਸਰਕਾਰ ਉਪਰ ਦਬਾਆ ਵਧਣਾ ਸ਼ੁਰੂ ਹੋ ਗਿਆ ਹੈ। ਭਾਰਤੀ ਵਿਰੋਧੀ ਪਾਰਟੀਆਂ ਖਾਸ ਕਰਕੇ ਜੰਮੂ ਕਸ਼ਮੀਰ ਦੀਆਂ ਖੇਤਰੀ ਪਾਰਟੀਆਂ ਵੱਲੋਂ ਰਾਜ ਦੇ ਦਰਜੇ ਨੂੰ ਖਤਮ ਕਰਨ ਵਿਰੁੱਧ ਗਤਵਿਧੀਆਂ ਤੇਜ਼ ਕਰ ਦਿੱਤੀਆਂ ਗਈਆਂ ਹਨ। ਕਾਨੂੰਨ ਸੀਏਏ (ਸਿਟੀਜਨਸ਼ਿਪ ਆਮੈਂਡਮੈਂਟ ਐਕਟ) ਦੇ ਵਾਪਸੀ ਲਈ ਵੀ ਮੰਗ ਉੱਠਣੀ ਸ਼ੁਰੂ ਹੋ ਗਈ ਹੈ। ਇਸ ਦੁਰਾਨ ਆਲਮੀ ਤਾਕਤਾਂ ਦਾ ਆਲੋਚਨਾ ਕਰਨਾ ਵੀ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਮੋਦੀ ਸਰਕਾਰ ਦੀ ਧੱਕੇਸ਼ਾਹੀ ਵਾਲੀ ਰਾਜਨੀਤੀ ਦੇ ਮਾਰੂ ਅਸਰ ਇਕੱਲੇ ਭਾਰਤ ਤੱਕ ਸੀਮਤ ਨਹੀਂ ਰਹਿ ਸਕਦੇ। ਆਉਣ ਵਾਲੇ ਸਮੇਂ ਵਿੱਚ ਅਗਾਂਹਵਧੂ ਦੇਸ਼ਾਂ ਦੇ ਲਈ ਖਤਰਾ ਬਣ ਸਕਦਾ ਹੈ। ਹੁਣ ਲੋਕ ਪੱਖੀ ਸਮਾਜ ਸੁਧਾਰ ਵੱਡੀਆਂ ਲਹਿਰਾਂ ਨੂੰ ਠੱਲ ਪਾਉਣੀ ਅਸੰਭਵ ਹੋਵੇਗੀ। ਦੁਨੀਆ ਵਿੱਚ ਦੀਆਂ ਸ਼ਖਸੀਅਤਾਂ ਨੇ ਮੋਦੀ ਨੂੰ ਲੋਕਤੰਤਰ ਵਿੱਚ ਵਿਸ਼ਵਾਸ ਨਾ ਰੱਖਣ ਵਾਲਾ ਅਤੇ ਡਿਕਟੇਟਰੀ ਢੰਗ ਅਪਣਾਉਣ ਵਾਲਾ ਆਸਧਾਰਨ ਵਿਅਕਤੀ ਦੱਸਿਆ ਹੈ। ਮੋਦੀ ਦੇ ਕੰਮ ਕਰਨ ਦੇ ਢੰਗ ਤਰੀਕਿਆਂ ਦੀ ਆਲੋਚਨਾ ਹੋਈ ਹੈ।

ਕਿਸਾਨਾਂ ਦੇ ਸੰਘਰਸ਼ ਕਰਨ ਦੇ ਢੰਗ ਤਰੀਕਿਆਂ ਨੇ ਦੁਨੀਆ ਨੂੰ ਹੈਰਾਨੀ ਵਿੱਚ ਪਾਇਆ ਹੈ। ਅੱਜ ਦੇ ਅਮਰੀਕੀ ਜਾਂ ਯੂਰਪੀਅਨ ਕਿਸਾਨ ਦੀ ਹਾਲਾਤ ਨੂੰ ਵੇਖ ਕੇ ਭਾਰਤੀ ਕਿਸਾਨ ਵਰਗ ਖਾਸ ਕਰਕੇ ਪੰਜਾਬੀ ਕਿਸਾਨ ਨੂੰ ਸਮਝ ਆ ਗਈ ਹੈ ਕਿ ਸਰਕਾਰਾਂ ਦੇ ਕੰਮ ਕਰਨ ਦੇ ਢੰਗ ਇੰਨੇ ਸਿੱਧੇ ਸਾਦੇ ਨਹੀਂ ਜਿੰਨੀ ਕੁ ਸਿੱਧੀ ਸਾਦੀ ਬੋਲੀ ਵਿੱਚ ਬੋਲੀ ਜਾਂਦੇ ਹਨ। ਕਾਨੂੰਨ ਬਣਾਉਣ ਵੇਲੇ ਛੁਪੇ ਅਰਥਾਂ ਵਾਲੇ ਸ਼ਬਦਾਂ ਦੀ ਵਰਤੋਂ ਕੀਤੀ ਜਾਂਦੀ ਹੈ। ਪੰਜਾਬ, ਹਰਿਆਣਾ ਦੇ ਕਿਸਾਨਾਂ ਦੀ ਤਰਸਯੋਗ ਹਾਲਾਤ ਤੋਂ ਵੀ ਇਲ਼ਾਵਾ ਬਹੁਤਾਤ ਵਿੱਚ ਭਾਰਤ ਵਿਚਲ਼ੀ ਕਿਸਾਨੀ ਦੀ ਸਥਿਤੀ ਹੋਰ ਵੀ ਤਰਸਯੋਗ ਹੈ। ਖਾਸ ਕਰਕੇ ਬਿਹਾਰ, ਬੰਗਾਲ, ਉੜੀਸਾ, ਯੂ.ਪੀ. ਆਦਿ ਖੇਤੀ ਰਾਜ ਹੋਣ ਕਰਕੇ ਖੇਤੀ ਦੀ ਹਾਲਾਤ ਕਿਸਾਨਾਂ ਦੀਆਂ ਘਰੇਲੂ ਲੋੜਾਂ ਵੀ ਪੂਰੀਆਂ ਕਰਨ ਵਿੱਚ ਅਸਮੱਰਥ ਹੈ। ਇਵੇਂ ਹੀ ਪੱਛਮੀ ਦੇਸ਼ਾਂ ਦੇ ਕਿਸਾਨ ਹੱਥ ਕੁਝ ਵੀ ਨਹੀਂ ਰਿਹਾ। ਹਰ ਫੈਸਲਾ ਸਰਕਾਰਾਂ ਕਾਰਪੋਰੈਟਾਂ ਨਾਲ ਕਰਕੇ ਕਰਦੀਆਂ ਹਨ। ਭਾਰਤ ਵਿੱਚ ਅਗਰ ਇਹ ਕਾਨੂੰਨ ਲਾਗੂ ਹੋ ਜਾਂਦੇ ਤਾਂ ਇਸ ਦਾ ਕਿਸਾਨੀ ਨੂੰ ਕਿੰਨਾ ਵੱਡਾ ਖਮਿਆਜ਼ਾ ਭੁਗਤਨਾ ਪੈਂਦਾ ਉਸ ਦੀ ਉਦਾਹਰਣ ਦੇ ਤੌਰ 'ਤੇ ਇਕ ਢੰਗ ਨੂੰ ਦੱਸਣਾ ਜਰੂਰੀ ਸਮਝਦਾਂ ਹਾਂ। ਯੂਰਪ, ਅਮਰੀਕਾ ਵਰਗੇ ਆਰਥਿਕ ਪੱਖੋਂ ਪੈਰਾਂ ਸਿਰ ਦੇਸ਼ਾਂ ਵਿੱਚ ਸਰਕਾਰਾਂ ਦੁਆਰਾ ਨਵੀਆਂ ਨਵੀਆਂ ਕਾਢਾਂ ਨਾਲ ਆਪਣੇ ਹਿੱਤਾਂ ਦੀ ਪੂਰਤੀ ਲਈ ਕਿਸਾਨੀ ਵਰਗ ਵਿੱਚ 'ਟੂਰਨਾਮੈਂਟ ਸਿਸਟਮ' ਸ਼ੁਰੂ ਕੀਤਾ ਜਾਂਦਾ ਹੈ। ਜਿਵੇਂ ਖੇਡ ਦੇ ਮੈਦਾਨ ਵਿੱਚ ਦੋ ਟੀਮਾਂ ਨੂੰ ਇੱਕ ਦੂਜੇ ਦੇ ਸਾਹਮਣੇ ਮੁਕਾਬਲੇ ਲਈ ਖੜਾ ਕਰ ਦਿੱਤਾ ਜਾਂਦਾ ਹੈ। ਪੂੰਜੀਪਤੀਆਂ, ਉਦਯੋਗਿਕ ਘਰਾਣਿਆਂ ਵੱਲੋਂ ਜਦੋਂ ਕਿਸਾਨਾਂ ਨਾਲ ਕੰਟਰੈਕਟ ਫਾਰਮਿੰਗ ਕੀਤੀ ਜਾਂਦੀ ਹੈ। ਪਹਿਲੇ ਸਾਲਾਂ ਵਿੱਚ ਕਿਸਾਨਾਂ ਨੂੰ ਬਹੁਤ ਲੁਭਾਵਣੇ ਜਾਂ ਕਿਸਾਨ ਹਿਤੇਸ਼ੀ ਹੋ ਕੇ ਉਸ ਦੇ ਕੰਨਰੈਕਟ ਨੂੰ ਪੂਰਾ ਉਤਸ਼ਾਹਿਤ ਕਰਨ ਲਈ, ਹਰ ਇਕ ਵਰਤੇ ਜਾਣ ਵਾਲੇ ਤਰੀਕੇ, ਸਾਧਨ, ਸਹਾਇਤਾ ਨੂੰ ਦਰਜ ਕੀਤਾ ਜਾਦਾ ਹੈ। ਉਸ ਵਿੱਚ ਨਾਕਾਰਾਤਮਿਕ ਜਾਂ ਆਉਣ ਵਾਲੇ ਸਮੇਂ ਵਿੱਚ ਘਾਟੇ ਵਾਲੇ ਪੱਖਾਂ ਨੂੰ ਛੁਪਾ ਲਿਆ ਜਾਂਦਾ ਹੈ। ਕਿਸਾਨ ਦੀ ਫਸਲ ਵੀ ਹਰ ਗੁਣਵੱਤਾ ਉੱਪਰ ਖਰੀਦੀ ਜਾਣੀ ਤਹਿ ਕੀਤੀ ਜਾਂਦੀ ਹੈ। ਜਿਵੇਂ ਦੀ ਪੈਦਾਵਾਰ ਹੋਵੇਗੀ। ਇਸ ਨਾਲ ਇਕ ਵਧੀਆ ਮੁਨਾਫੇ ਵਾਲਾ ਲਾਭਕਾਰੀ ਸਮਝੌਤਾ ਲੱਗਣ ਲੱਗ ਪੈਂਦਾ ਹੈ। ਸਾਲਾਨਾ ਵੱਡਾ ਮੁਨਾਫਾ ਵੀ ਆਉਣਾ ਸ਼ੁਰੂ ਹੋ ਜਾਂਦਾ ਹੈ। ਕਿਸਾਨ ਨਿਸਚਿੰਤ ਹੋਣਾ ਸ਼ੁਰੂ ਹੋ ਜਾਂਦਾ ਹੈ। ਉਸ ਦੀਆਂ ਮੁਸੀਬਤਾਂ, ਖੱਜਲ ਖੁਆਰੀ ਖਤਮ ਹੋ ਗਈ ਦਾ ਆਭਾਸ ਆਉਂਦਾ ਹੈ। ਜਿਸ ਵਿੱਚ ਦੋਵੇਂ ਧਿਰਾਂ ਦੇ ਸਬੰਧਾਂ ਨੂੰ ਸੁਖਾਵਾਂ ਹੋਣ ਵਿੱਚ ਚਾਰ ਪੰਜ ਸਾਲ ਦਾ ਟਾਇਮ ਲੱਗ ਜਾਂਦਾ ਹੈ। ਹੁਣ ਜਦੋਂ ਕਾਰਪੋਰੇਟ ਆਪਣੇ ਅਸਲੀ ਰੂਪ ਵਿੱਚ ਆਉਣਾ ਸ਼ੁਰੂ ਕਰਦੇ ਹਨ। ਹੌਲੀ ਹੌਲੀ ਕਿਸਾਨ ਦੀ ਫਸਲ ਦੀ ਗੁਣਵੱਤਾ 'ਤੇ ਸਵਾਲ ਹੋਣੇ ਸ਼ੁਰੂ ਹੁੰਦੇ ਹਨ। ਪੈਦਾ ਹੋਈ ਫਸਲ ਦੀਆਂ ਕਿਸਮਾਂ ਬਨਣੀਆਂ ਸ਼ੁਰੂ ਹੋ ਜਾਂਦੀਆਂ ਹਨ। ਕੁਝ ਕੁ ਹਿੱਸੇ ਤੇ ਵਧੀਆ ਰੇਟ ਦੇ ਕੇ ਬਾਕੀ ਨੂੰ ਘੱਟ ਗੁਣਵੱਤਾ ਦਾ ਕਹਿ ਕੇ ਘੱਟ ਤੋਂ ਘੱਟ ਕੀਮਤ 'ਤੇ ਖਰੀਦਣ ਦਾ ਦਬਾਅ ਬਣਾਇਆ ਜਾਂਦਾ ਹੈ। ਜਦੋਂ ਕਿਸਾਨ ਇਸ ਦਾ ਵਿਰੋਧ ਕਰਨ ਦਾ ਯਤਨ ਕਰਦਾ ਹੈ ਤਾਂ ਉਸ ਉਪਰ ਕੰਟਰੈਕਟ ਦੀ ਲਿਖੀਆਂ ਮੱਦਾਂ ਨੂੰ ਸਾਹਮਣੇ ਰੱਖਿਆ ਜਾਂਦਾ ਹੈ। ਇਹ ਉਹ ਸਮਾਂ ਹੁੰਦਾ ਹੈ ਕਿ ਕਿਸਾਨ ਦੀ ਪਹਾੜ ਦੀ ਟੀਸੀ 'ਤੇ ਖੜੇ ਇਨਸਾਨ ਵਰਗੀ ਹਾਲਾਤ ਬਣ ਜਾਂਦੀ ਹੈ। ਦੋਵੇਂ ਪਾਸੇ ਡਿੱਗਣ ਦੀ ਸੂਰਤ ਵਿੱਚ ਮੌਤ ਹੀ ਨਜ਼ਰ ਆਉਂਦੀ ਹੈ। ਭਵਿੱਖੀ ਵਿਉਂਤਬੰਦੀਆਂ ਦੇ ਬਣਾਏ ਸੁਪਨੇ ਢਹਿ ਢੇਰੀ ਹੋ ਜਾਂਦੇ ਹਨ। ਸਿਰ ਖੱਬੇ ਸੱਜੇ ਨਹੀਂ ਹੋ ਸਕਦਾ, ਸਿਰਫ ਸਿਰ ਝੁਕਾਉਣਾ ਹੀ ਹਾਲਾਤਾਂ ਦੇ ਅਨਕੂਲਤਾ ਹੈ। ਇਥੇ ਫਿਰ ਇਕ ਨਵੀਂ ਖੇਡ ਖੇਡੀ ਜਾਂਦੀ ਹੈ ਜਿਸ ਦੇ ਹੋਰ ਵੀ ਭਿਆਨਕ ਨਤੀਜੇ ਸਾਹਮਣੇ ਆਉਣੇ ਸ਼ੁਰੂ ਹੁੰਦੇ ਹਨ। ਕਾਰਪੋਰੇਟ ਵਰਗ ਬਿਗੈਰ ਕਿਸਾਨ ਦੀਆਂ ਮੁਸ਼ਕਲਾਂ, ਦੁਸ਼ਵਾਰੀਆਂ ਨੂੰ ਸਮਝੇ ਆਪਣੇ ਹਿੱਤਾਂ ਦੀ ਪੂਰਤੀ ਦੇ ਨਵੇ ਡਰਾਮੇ ਨੂੰ ਨਾ-ਵਾਜਵ ਭਾਅ ਦੇਣ ਦੇ ਬਹਾਨੇ ਕਿਸਾਨਾਂ ਵਿੱਚ ਆਪਸੀ ਮੁਕਾਬਲੇਬਾਜੀ ਨੂੰ ਜਨਮ ਦਿੱਤਾ ਜਾਦਾ ਹੈ। ਹਰ ਫਸਲ ਵੇਲੇ ਬਹੁਤਾਤ ਕਿਸਾਨਾਂ ਦੀ ਫਸਲ ਨੂੰ ਘੱਟ ਗੁਣਵੱਤਾ ਦੀ ਕਰਾਰ ਦੇ ਕੇ ਉਨਾਂ ਦੀ ਖਰੀਦੀ ਫਸਲ ਵਿੱਚੋਂ ਕੱਟ ਲਾ ਕੇ ਪੂਰੇ ਪੈਸੇ ਨਹੀ ਦਿਤੇ ਜਾਂਦੇ ਪਰ ਦੂਜੇ ਪਾਸੇ ਕੁਝ ਕੁ ਕਿਸਾਨਾਂ ਨੂੰ ਵਧੀਆ ਫਸਲ ਦੇ ਰੂਪ ਵਿੱਚ ਵਧੀਆ ਰੇਟ ਦੇ ਨਾਲ ਨਾਲ ਬੋਨਸ ਦੀ ਗਰੰਟੀ ਦਿੱਤੀ ਜਾਂਦੀ ਹੈ। ਇਸ ਨਾਲ ਕਿਸਾਨਾਂ ਵਿੱਚ ਮਾਯੂਸੀ ਆ ਜਾਂਦੀ ਹੈ। ਕਿਸਾਨ ਨੂੰ ਕਿਸਾਨ ਦੇ ਸਾਹਮਣੇ ਦੁਸ਼ਮਣ ਬਣਾ ਕੇ ਖੜਾ ਕੀਤਾ ਜਾਦਾ ਹੈ। ਜਿਸ ਨਾਲ ਪੂੰਜੀਪਤੀਆਂ ਕੋਲ ਕਮਾਈ ਉਪਰ ਹੋਰ 'ਛੜਯੰਤਰ ਕਮਾਈ' ਦੇ ਢੰਗ ਅਪਣਾਏ ਜਾਂਦੇ ਹਨ। ਹੁਣ ਕਿਸਾਨ ਦੀਆਂ ਬਾਹਾਂ ਨੂੰ ਪੂਰੀ ਤਰਾਂ ਨਾਲ ਬੰਨ ਦਿੱਤਾ ਜਾਂਦਾ ਹੈ। ਉਸ ਕੋਲ ਕੰਟਰੈਕਟ ਤੋੜਨ ਉਪਰ ਪੂਰੀ ਦੀ ਪੂਰੀ ਕੁਰਕੀ ਦੀ ਕਾਨੂੰਨੀ ਪ੍ਰਕਿਰਿਆ ਮੋਢੇ 'ਤੇ ਵੱਡੇ ਪਹਾੜ ਤੋਂ ਘੱਟ ਨਹੀਂ। ਕੰਟਰੈਕਟ ਤੋੜ ਕੇ ਕਿਸੇ ਕੰਪਨੀ ਜਾਂ ਬਰਾਬਰ ਦੇ ਮਾਰਕੀਟ ਵਿੱਚ ਹੋਰ ਧਿਰ ਨਾਲ ਸਮਝੌਤਾ ਵੀ ਸੰਭਵ ਨਹੀ ਕਿਉਕਿ 'ਸਾਰੇ ਚੋਰ ਮਸੇਰ ਭਾਈ' ਹਨ। ਸਰਕਾਰ ਦੇ ਵਿਛਾਏ ਜ਼ਾਲ ਦੇ ਮਛੇਰਿਆਂ ਕੋਲੋ ਅਣਭੋਲ ਕਿਸਾਨਾਂ ਦੀ ਕੁਰਬਾਨੀ ਲੈਣ ਤੱਕ ਉਸ ਨੂੰ ਮਾਨਸਿਕ ਤੌਰ 'ਤੇ ਪੀਸਿਆ ਜਾਂਦਾ ਹੈ। ਅਖੀਰ ਖੁਦਕੁਸ਼ੀ ਕਰਨ ਲਈ ਮਜ਼ਬੂਰ ਕਰ ਦਿੰਦੇ ਹਨ। ਅੱਜ ਖੁਸ਼ਹਾਲ ਦੇਸ਼ ਫਰਾਂਸ ਵਿੱਚ ਹਰ ਦੂਜੇ ਦਿਨ ਕਿਸਾਨ ਖੁਦਕਸ਼ੀ ਕਰਦਾ ਹੈ। ਸਰਕਾਰਾਂ ਕਾਰਪੋਰੇਟਾਂ ਦੇ ਹੱਥਾਂ ਦੀ ਕੱਠਪੁਤਲੀਆਂ ਬਣ ਚੁੱਕੀਆਂ ਹਨ। ਦੁਨੀਆ ਦਾ ਵੱਡੀ ਪੱਧਰ ਤੇ ਸ਼ਹਿਰੀਕਰਨ ਹੋ ਰਿਹਾ ਹੈ। ਪਾਰਟੀਆਂ ਹਰ ਇਲੈਕਸ਼ਨ ਵਿੱਚ ਜਾਣ ਤੋਂ ਪਹਿਲਾਂ ਪੂੰਜੀਪਤੀਆਂ ਦੇ ਦਰਵਾਜੇ ਖੜਕਾਉਂਦੀਆਂ ਹਨ। ਪਾਰਟੀ ਫੰਡਾਂ ਲੈਣ ਦੇ ਇਵਜ਼ ਵਿੱਚ ਸਰਕਾਰਾਂ ਇਸ ਗੱਲ ਦੀ ਖੁੱਲ ਦਿੰਦੀਆਂ ਹਨ ਕਿ ਉਹ ਆਪਣੀ ਮਨਮਰਜ਼ੀ ਦੇ ਸਮਾਨ ਪੈਦਾ ਕਰਕੇ ਅਤੇ ਮਨਮਰਜ਼ੀ ਨਾਲ ਹੀ ਵੱਧ ਰੇਟਾਂ ਉਪਰ ਵੇਚ ਸਕਦੀ ਹੈ। ਫਿਰ ਵੀ ਇਹ ਕਾਰਪੋਰੇਟ ਲੋਕ, ਬੈਕਾਂ ਵਿੱਚੋਂ ਅਰਬਾਂ ਖਰਬਾਂ ਦੇ ਲਏ ਕਰਜ਼ੇ ਨੂੰ ਚੁੱਪ ਚੁਪੀਤੇ ਮੁਆਫ ਕਰਵਾ ਲੈਂਦੇ ਹਨ। ਨਹੀਂ ਤਾਂ ਸਰਕਾਰਾਂ ਨੂੰ ਕੰਪਨੀਆਂ ਵਿੱਚੋਂ ਵਰਕਰਾਂ ਦੀਆਂ ਨੌਕਰੀਆਂ ਖਤਮ ਕਰਨ ਦੇ ਡਰਾਵੇ ਦਿੱਤੇ ਜਾਂਦੇ ਹਨ। ਇਸ ਤਰਾਂ ਸਰਕਾਰਾਂ ਪੂੰਜੀਪਤੀਆਂ ਦੀਆਂ ਰਖੇਲਾਂ ਬਣ ਰੇਤ ਵਾਂਗ ਪੈਰਾਂ ਹੇਠ ਵਿਛ ਕੇ ਰਾਜ ਕਰਨ ਦੇ ਪਾਖੰਡ ਕਰਦੀਆਂ ਹਨ। ਕਿਸਾਨ ਨੂੰ ਕਿਸਾਨੀ ਏਕਤਾ ਦੀ ਵੱਡੀ ਲੋੜ 'ਤੇ ਪਹਿਰਾ ਦੇਣਾ ਪਵੇਗਾ। ਆਉਣ ਵਾਲੇ ਸਮੇਂ ਵਿੱਚ ਕਾਰਪੋਰੇਟ ਵਰਗ ਵਾਂਗ ਆਪਣਾ ਵੱਡਾ ਰਾਜਨੀਤਕ ਅਧਾਰ ਬਣਾਉਣ ਦੇ ਰਾਹ ਤਲਾਸ਼ਣ ਲਈ ਤੁਰਨਾ ਪਵੇਗਾ। ਸਰਕਾਰਾਂ ਦੀ ਨੀਅਤ ਨੂੰ ਨਾਲੋਂ ਨਾਲ ਭਾਂਪਣਾ ਜਰੂਰੀ ਹੋਵੇ। ਕਾਰਪੋਰੇਟ ਦੇ ਹਰ ਵਧਦੇ ਕਦਮਾਂ ਨਾਲ ਮੁਕਾਬਲਾ ਕਰਨਾ ਪਵੇਗਾ ਤਾਂ ਕਿ ਕਿਸਾਨੀ ਵਰਗ ਨੂੰ ਅਣਗੌਲਿਆਂ ਨਾ ਕੀਤਾ ਜਾ ਸਕੇ। ਕੇਂਦਰ ਅਤੇ ਰਾਜ ਸਰਕਾਰ ਦੇ ਖੇਤੀਬਾੜੀ ਵਿਭਾਗ ਨਾਲ ਹਰ ਫੈਸਲੇ ਲੈਣ ਸਮੇਂ ਕਿਸਾਨ ਕਮੇਟੀ ਦੀ ਰਾਏ ਅਤਿ ਜਰੂਰੀ ਅਤੇ ਲਾਜਮੀ ਹੋਣੀ ਚਾਹੀਦੀ ਹੈ ਤਾਂ ਕਿ ਕਹਿ ਸਕੀਏ 'ਕਿਸਾਨ ਖੁਸ਼ਹਾਲ, ਸੰਸਾਰ ਖੁਸ਼ਹਾਲ'।

# ਪੰਜਾਬ ਵਿਚ ਕੋਈ 36,778 ਲੋਕ ਐਚ.ਆਈ.ਵੀ. ਪਾਜ਼ੇਟਿਵ

**ਦਲਬੀਰ ਸਿੰਘ**

ਸੰਯੁਕਤ ਰਾਸ਼ਟਰ ਅਨੁਸਾਰ ਸੰਨ 2012 ਵਿਚ ਸੰਸਾਰ ਭਰ ਵਿਚ ਕੋਈ 3.5 ਕਰੋੜ ਤੋਂ ਵੱਧ ਲੋਕ ਏਡਜ਼ ਪੀੜਤ ਸਨ। ਭਾਰਤ ਵਿਚ ਏਡਜ਼ ਦਾ ਪਹਿਲਾ ਕੇਸ ਸੰਨ 1986 ਵਿਚ ਪਤਾ ਲੱਗਾ ਸੀ। ਪੰਜਾਬ ਸਟੇਟ ਏਡਜ਼ ਕੰਟਰੋਲ ਸੁਸਾਇਟੀ (2013) ਵਲੋਂ ਦਿੱਤੇ ਸਰਕਾਰੀ ਅੰਕੜਿਆਂ ਅਨੁਸਾਰ ਪੰਜਾਬ ਵਿਚ ਕੋਈ 36,778 ਲੋਕ ਐਚ.ਆਈ.ਵੀ. ਪਾਜ਼ੇਟਿਵ ਪਾਏ ਗਏ। ਭਾਰਤ ਵਿਚ ਇਹ ਗਿਣਤੀ 25 ਲੱਖ ਦੱਸੀ ਜਾਂਦੀ ਹੈ, ਪਰ ਅਸਲ ਅੰਕੜੇ ਇਸ ਤੋਂ ਕਿਤੇ ਵੱਧ ਹਨ। ਇਸ ਵਿਚ ਦੋ ਰਾਵਾਂ ਨਹੀਂ ਹਨ ਕਿ ਏਡਜ਼ ਇਕ ਭਿਆਨਕ ਬਿਮਾਰੀ ਹੈ। ਇਹ ਵਾਇਰਸ ਰਾਹੀਂ ਫੈਲਦੀ ਹੈ, ਜਿਸ ਨੂੰ 'ਹਿਊਮਨ ਇਮਿਊਨ ਡੈਫੀਸੈਂਸੀ ਵਾਇਰਸ' ਕਿਹਾ ਜਾਂਦਾ ਹੈ। ਇਹ ਸਰੀਰ ਵਿਚਲੀ ਸ਼ਕਤੀ ਜੋ ਬਿਮਾਰੀਆਂ ਨਾਲ ਲੜਦੀ ਹੈ, ਨੂੰ ਖ਼ਤਮ ਕਰ ਦਿੰਦੀ ਹੈ। ਇਹ ਜ਼ਿਆਦਾਤਰ ਖ਼ੂਨ ਰਾਹੀਂ ਫੈਲਦੀ ਹੈ। ਜਦੋਂ ਇਕ ਏਡਜ਼ ਗ੍ਰਸਤ ਮਨੁੱਖ ਦਾ ਖ਼ੂਨ ਤੰਦਰੁਸਤ ਮਨੁੱਖ ਦੇ ਖ਼ੂਨ ਨਾਲ ਮਿਲ ਜਾਂਦਾ ਹੈ ਤਾਂ ਉਹ ਵੀ ਏਡਜ਼ਗ੍ਰਸਤ ਹੋ ਜਾਂਦਾ ਹੈ। ਇਹ ਹੇਠ ਲਿਖੇ ਤਰੀਕਿਆਂ ਰਾਹੀਂ ਫੈਲਦੀ ਹੈ:

* ਏਡਜ਼-ਗ੍ਰਸਤ ਮਨੁੱਖ ਨਾਲ ਅਸੁਰੱਖਿਅਤ ਸਰੀਰਕ ਸਬੰਧਾਂ ਕਾਰਨ।
* ਉਸ ਸੂਈ ਰਾਹੀਂ ਜੋ ਏਡਜ਼-ਗ੍ਰਸਤ ਮਨੁੱਖ ਨੂੰ ਟੀਕਾ ਲਗਾਉਣ/ਨੱਕ-ਕੰਨ ਵਿੰਨਣ ਜਾਂ ਟੈਟੂ ਬਣਾਉਣ ਵੇਲੇ ਵਰਤੀ ਗਈ ਹੋਵੇ।
* ਏਡਜ਼-ਗ੍ਰਸਤ ਔਰਤ ਤੋਂ ਜਣੇਪੇ ਸਮੇਂ/ਦੁੱਧ ਚੁੰਘਾਉਣ ਵੇਲੇ ਨਵ-ਜੰਮੇ ਬੱਚੇ ਨੂੰ ਹੋ ਸਕਦੀ ਹੈ।
* ਏਡਜ਼-ਗ੍ਰਸਤ ਰੋਗੀ ਦੇ ਖ਼ੂਨ/ਪਲਾਜ਼ਮਾ/ ਪਲੇਟਲੈਟਸ ਰਾਹੀਂ।
* ਰੋਗੀ ਦੇ ਦੰਦ ਸਾਫ਼ ਕਰਨ ਵਾਲਾ ਬੁਰਸ਼/ਸ਼ੇਵਿੰਗ ਬਲੇਡ ਰਾਹੀਂ ਵੀ ਫੈਲ ਸਕਦੀ ਹੈ।

ਇਸ ਭਿਆਨਕ ਬਿਮਾਰੀ ਨੂੰ ਫੈਲਾਉਣ ਵਿਚ ਦੇਹ-ਵਪਾਰ ਦਾ ਵੱਡਾ ਹੱਥ ਹੈ। ਇਹ ਬਿਮਾਰੀ ਤਾਂ ਤੂਤ ਦੀ ਲਗਰ ਵਾਂਗ ਵਧਦੀ ਹੀ ਜਾ ਰਹੀ ਹੈ। ਇਸ ਦਾ ਮੁੱਖ ਕਾਰਨ ਹੈ ਅਗਿਆਨਤਾ। ਇਸੇ ਕਰ ਕੇ ਹੀ ਅੱਜ ਮਾਨਵਤਾ ਬਹੁਤ ਸਾਰੀਆਂ ਗ਼ਲਤਫ਼ਹਿਮੀਆਂ ਵਿਚ ਫਸੀ ਹੋਈ ਹੈ। ਇਸੇ ਸਬੰਧ ਵਿਚ ਕੁਝ ਤੱਥ ਹੇਠਾਂ ਦਿੱਤੇ ਗਏ ਹਨ, ਜਿਨਾਂ ਰਾਹੀਂ ਇਹ ਬਿਮਾਰੀ ਨਹੀਂ ਫੈਲਦੀ :

* ਗੱਲਵਕੜੀ ਪਾਉਣ ਜਾਂ ਹੱਥ ਮਿਲਾਉਣ ਨਾਲ
* ਥੁੱਕ/ਖੰਗ/ਅੱਥਰੂ ਜਾਂ ਹੰਝੂਆਂ ਰਾਹੀਂ
* ਬਰਤਨਾਂ/ਕੱਪੜਿਆਂ/ਸਾਬਣ ਰਾਹੀਂ
* ਖ਼ੂਨਦਾਨ ਕਰਨ ਨਾਲ ਸ਼ਰਤ ਇਹ ਹੈ ਕਿ ਖ਼ੂਨ ਟੈਸਟ ਕੀਤਾ ਜਾਵੇ ਅਤੇ ਸੂਈ ਨਵੀਂ ਵਰਤਣੀ ਚਾਹੀਦੀ ਹੈ।

ਇਹ ਬਿਮਾਰੀ ਕਿਸੇ ਨੂੰ ਵੀ ਹੋ ਸਕਦੀ ਹੈ। ਇਥੋਂ ਤੱਕ ਕੇ ਥੋਨੂੰ, ਮੈਨੂੰ, ਬੱਚਿਆਂ ਜਾਂ ਕਿਸੇ ਸਾਕ-ਸਬੰਧੀ ਨੂੰ। ਇਸ ਕਰਕੇ ਰੋਗੀ ਨਾਲ ਅਣਮਨੁੱਖੀ ਵਰਤਾਰਾ ਨਹੀਂ ਕਰਨਾ ਚਾਹੀਦਾ ਹੈ। ਸਗੋਂ ਉਸ ਨੂੰ ਖੁਸ਼ੀਆਂ ਭਰੇ ਮਾਹੌਲ ਵਿਚ ਰੱਖਣਾ ਚਾਹੀਦਾ ਹੈ ਅਤੇ ਵੱਧ ਤੋਂ ਵੱਧ ਸਹਾਇਤਾ ਕਰਨੀ ਚਾਹੀਦੀ ਹੈ। ਇਹ ਬਿਮਾਰੀ ਪੱਛਮੀ ਦੇਸ਼ਾਂ ਦੀ ਦੇਣ ਹੈ। ਜਿਵੇਂ ਫੈਸ਼ਨ ਦਾ ਆਦਾਨ-ਪ੍ਰਦਾਨ ਕੀਤਾ ਹੈ, ਉਵੇਂ ਹੀ ਕਈ ਸਮਾਜਿਕ ਕੁਰੀਤੀਆਂ ਨੂੰ ਵੀ ਜੱਫਾ ਪਾ ਲਿਆ ਹੈ। ਅੱਜ ਲੋੜ ਹੈ ਜਾਗਰੂਕਤਾ ਲਿਆਉਣ ਦੀ। ਭਾਵੇਂ ਇਸ ਬਾਰੇ ਅਖ਼ਬਾਰਾਂ, ਰਸਾਲਿਆਂ, ਰੇਡੀਓ, ਟੈਲੀਵਿਜ਼ਨ, ਹਸਪਤਾਲਾਂ ਰਾਹੀਂ ਕਾਫੀ ਜਾਣਕਾਰੀ ਦਿੱਤੀ ਜਾ ਰਹੀ ਹੈ, ਪਰ ਅਜੇ ਵੀ ਬਹੁਤ ਕੁਝ ਕਰਨਾ ਬਾਕੀ ਹੈ। ਏਡਜ਼-ਗ੍ਰਸਤ ਰੋਗੀਆਂ ਨੂੰ ਹੇਠ ਲਿਖੀਆਂ ਕੁਝ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ:

* ਨਸ਼ਾ, ਸਿਗਰਟ ਆਦਿ ਨਹੀਂ ਕਰਨਾ। ਇਹ ਮਨੁੱਖ ਨੂੰ ਹੋਰ ਕਮਜ਼ੋਰ ਕਰ ਦਿੰਦਾ ਹੈ।
* ਸੰਤੁਲਿਤ ਭੋਜਨ ਲੈਣਾ ਚਾਹੀਦਾ ਹੈ। ਹਰੀਆਂ-ਸ਼ਬਜ਼ੀਆਂ, ਫਲ ਤੇ ਪੁੰਗਰੀਆਂ ਹੋਈਆਂ ਦਾਲਾਂ ਵੱਧ ਲੈਣੀਆਂ ਚਾਹੀਦੀਆਂ ਹਨ।
* ਕਿਸੇ ਮਾਹਿਰ ਡਾਕਟਰ ਤੋਂ ਇਲਾਜ ਕਰਵਾਉਣਾ ਚਾਹੀਦਾ ਹੈ। ਡਾਕਟਰ ਜੋ ਸਲਾਹ ਦਿੰਦਾ ਹੈ, ਉਸੇ ਰਾਹ 'ਤੇ ਚੱਲਣਾ ਚਾਹੀਦਾ ਹੈ। ਇਕ ਗੱਲ ਹੋਰ ਵੀ ਕਹਿਣੀ ਬਣਦੀ ਹੈ, ਡਾਕਟਰ ਤੋਂ ਕਿਸੇ ਗੱਲ ਦਾ ਲੁਕਾਅ ਨਹੀਂ ਰੱਖਣਾ ਚਾਹੀਦਾ।
* ਆਪਣੇ ਆਪ ਨੂੰ ਹਮੇਸ਼ਾ ਕੰਮ ਵਿਚ ਲਗਾ ਕੇ ਰੱਖੋ।
* ਰੋਜ਼ ਕਸਰਤ ਕਰੋ।
* ਆਪ ਖੁਸ਼ ਰਹੋ, ਦੂਸਰਿਆਂ ਨੂੰ ਖੁਸ਼ ਰੱਖੋ।
* ਕੋਈ ਵੀ ਐਸਾ ਵੈਸਾ ਕੰਮ ਨਹੀਂ ਕਰਨਾ, ਜੋ ਸਾਵਧਾਨੀਆਂ ਦੀ ਉਲੰਘਣਾ ਕਰਦਾ ਹੋਵੇ।

ਇਹ ਕੰਮ ਕਿਸੇ ਇਕ ਦੇ ਵੱਸ ਦਾ ਨਹੀਂ ਹੈ, ਬਲਕਿ ਬੱਚਾ, ਬੁੱਢਾ ਕੀ ਜਵਾਨ ਹਰ ਇਕ ਨੂੰ ਇਸ ਬਿਮਾਰੀ ਤੋਂ ਬਚਣ ਲਈ ਹਰ ਹੀਲੇ ਕੋਸ਼ਿਸ਼ ਕਰਨੀ ਚਾਹੀਦੀ ਹੈ। 'ਇਲਾਜ ਨਾਲੋਂ ਪਰਹੇਜ਼ ਚੰਗਾ'। ਇਸ ਤੋਂ ਬਚਣਾ ਮਨੁੱਖ ਦੇ ਆਪਣੇ ਹੱਥ ਵੱਸ ਹੈ। ਇਸ ਨਾਲ ਵਧਦੀ ਅਬਾਦੀ 'ਤੇ ਕਾਬੂ ਪਾ ਲਈਏ, ਅੱਧੀਆਂ ਵੰਗਾਰਾਂ ਵੈਸੇ ਹੀ ਖ਼ਤਮ ਹੋ ਜਾਣਗੀਆਂ। ਨੈਲਸਨ ਮੰਡੇਲਾ ਦਾ ਕਹਿਣਾ ਹੈ, ਭਾਵੇਂ ਏਡਜ਼ ਮਾਨਵਤਾ ਦੇ ਖਿਲਾਫ਼ ਇਕ ਯੁੱਧ ਹੈ, ਪਰ ਪੂਰੀ ਜਾਣਕਾਰੀ, ਸਿੱਖਿਆ ਅਤੇ ਸੰਚਾਰ ਵਸੀਲਿਆਂ ਰਾਹੀਂ ਕਾਫ਼ੀ ਹੱਦ ਤੱਕ ਇਸ ਨੂੰ ਜਿੱਤਿਆ ਜਾ ਸਕਦਾ ਹੈ।

# ਫ਼ੌਜ ਵਲੋਂ ਨਾਗਾਲੈਂਡ ਮਜਦੂਰਾਂ ਦੀ ਹੱਤਿਆ ਦਾ ਮਾਮਲਾ

**ਰਜਿੰਦਰ ਸਿੰਘ ਪੁਰੇਵਾਲ**

ਨਾਗਾਲੈਂਡ ਪੁਲਿਸ ਵਲੋਂ ਬੀਤੇ ਸੋਮਵਾਰ ਨੂੰ ਫ਼ੌਜ ਦੀ 21ਵੀਂ ਪੈਰਾ ਵਿਸ਼ੇਸ਼ ਬਲ ਦੇ ਖ਼ਿਲਾਫ਼ ਨਾਗਰਿਕਾਂ 'ਤੇ ਗੋਲੀਬਾਰੀ ਲਈ ਹੱਤਿਆ ਦਾ ਮਾਮਲਾ ਦਰਜ ਕੀਤਾ ਹੈ। ਕਈ ਕਬਾਇਲੀ ਸੰਗਠਨਾਂ ਵਲੋਂ ਸੁਰੱਖਿਆ ਬਲਾਂ ਦੀ ਕਾਰਵਾਈ ਦੇ ਵਿਰੋਧ ਵਿਚ ਬੰਦ ਦਾ ਸੱਦਾ ਦਿੱਤਾ ਗਿਆ। ਕੋਨਯਕ ਯੂਨੀਅਨ, ਜੋ ਜ਼ਿਲਾ ਮੋਨ ਦੀ ਸਰਵਉੱਚ ਮੁਕੱਦਮੇ ਵਾਲੀ ਸੰਸਥਾ ਹੈ, ਨੇ ਸ਼ੁਰੂ ਵਿਚ ਦਾਅਵਾ ਕੀਤਾ ਸੀ ਕਿ ਗੋਲੀਬਾਰੀ ਵਿਚ 17 ਨਾਗਰਿਕ ਮਾਰੇ ਗਏ ਹਨ ਪਰ ਬਾਅਦ ਵਿਚ ਇਸ ਨੂੰ ਘਟਾ ਕੇ 14 ਕਰ ਦਿੱਤਾ ਗਿਆ ਸੀ। ਹਾਲਾਂਕਿ, ਪੁਲਿਸ ਨੇ ਕਿਹਾ ਹੈ ਕਿ ਸਨਿਚਰਵਾਰ ਅਤੇ ਐਤਵਾਰ ਨੂੰ ਗੋਲੀਬਾਰੀ ਦੀਆਂ ਵੱਖ-ਵੱਖ ਘਟਨਾਵਾਂ ਵਿਚ 14 ਨਾਗਰਿਕ ਮਾਰੇ ਗਏ ਸਨ। ਪਹਿਲੀ ਘਟਨਾ, ਜਿਸ ਵਿਚ 6 ਨਾਗਰਿਕ ਮਾਰੇ ਗਏ ਸਨ, ਉਦੋਂ ਵਾਪਰੀ ਜਦੋਂ ਫ਼ੌਜ ਦੇ ਜਵਾਨਾਂ ਨੇ ਸਨਿਚਰਵਾਰ ਸ਼ਾਮ ਨੂੰ ਇਕ ਪਿਕ-ਅੱਪ ਵੈਨ ਵਿਚ ਘਰ ਪਰਤ ਰਹੇ ਕੋਲੇ ਦੀ ਖਾਣ ਦੇ ਮਜ਼ਦੂਰਾਂ ਨੂੰ ਪਾਬੰਦੀਸ਼ੁਦਾ ਜਥੇਬੰਦੀ ਐਨ. ਐਸ. ਸੀ. ਐਨ. (ਕੇ.) ਦੇ ਯੁੰਗ ਆਂਗ ਧੜੇ ਨਾਲ ਸਬੰਧਿਤ ਅੱਤਵਾਦੀ ਸਮਝ ਲਿਆ। ਜਦੋਂ ਮਜ਼ਦੂਰ ਆਪਣੇ ਘਰਾਂ ਤੱਕ ਨਹੀਂ ਪਹੁੰਚ ਸਕੇ ਤਾਂ ਸਥਾਨਕ ਨੌਜਵਾਨਾਂ ਤੇ ਪਿੰਡ ਵਾਸੀਆਂ ਨੇ ਉਨ੍ਹਾਂ ਦੀ ਭਾਲ ਕਰਨੀ ਸ਼ੁਰੂ ਕਰ ਦਿੱਤੀ ਤੇ ਫ਼ੌਜ ਦੀਆਂ ਗੱਡੀਆਂ ਨੂੰ ਘੇਰ ਲਿਆ। ਇਸ ਦੌਰਾਨ ਹੋਈ ਝੜਪ ਵਿਚ ਇਕ ਜਵਾਨ ਦੀ ਮੌਤ ਹੋ ਗਈ ਤੇ ਪਿੰਡ ਵਾਸੀਆਂ ਵਲੋਂ ਫ਼ੌਜ ਦੀਆਂ ਗੱਡੀਆਂ ਨੂੰ ਅੱਗ ਹਵਾਲੇ ਕਰ ਦਿੱਤਾ ਗਿਆ। ਜਵਾਨਾਂ ਵਲੋਂ ਸਵੈ-ਰੱਖਿਆ ਵਿਚ ਚਲਾਈਆਂ ਗੋਲੀਆਂ ਨਾਲ ਸੱਤ ਹੋਰ ਨਾਗਰਿਕ ਹਲਾਕ ਹੋ ਗਏ। ਪੁਲਿਸ ਅਨੁਸਾਰ ਘਟਨਾ ਦੇ ਵਿਰੋਧ ਵਿਚ ਭੜਕੀ ਹਿੰਸਾ ਬੀਤੇ ਐਤਵਾਰ ਦੁਪਹਿਰ ਤੱਕ ਜਾਰੀ ਰਹੀ, ਜਿਸ ਦੌਰਾਨ ਗੁੱਸੇ ਵਿਚ ਆਈ ਭੀੜ ਨੇ ਕੋਨਯਕ ਯੂਨੀਅਨ ਦੇ ਦਫ਼ਤਰਾਂ ਤੇ ਆਸਾਮ ਰਾਈਫਲਜ਼ ਦੇ ਇਕ ਕੈਂਪ ਵਿਚ ਭੰਨ-ਤੋੜ ਕਰਦਿਆਂ ਕੁਝ ਹਿੱਸਿਆਂ ਨੂੰ ਅੱਗ ਲਗਾ ਦਿੱਤੀ ਗਈ। ਇਥੇ ਸੁਰੱਖਿਆ ਬਲਾਂ ਨੇ ਜਦੋਂ ਭੀੜ ਨੂੰ ਖਿੰਡਾਉਣ ਲਈ ਗੋਲੀਬਾਰੀ ਕੀਤੀ ਤਾਂ ਇਕ ਹੋਰ ਵਿਅਕਤੀ ਦੀ ਮੌਤ ਹੋ ਗਈ। ਨਾਗਾਲੈਂਡ ਪੁਲਿਸ ਵਲੋਂ ਫ਼ੌਜ ਦੀ 21ਵੀਂ ਪੈਰਾ ਵਿਸ਼ੇਸ਼ ਬਲ ਦੇ ਖ਼ਿਲਾਫ਼ ਇਕ 'ਸੂ ਮੋਟੋ' ਐਫ. ਆਈ. ਆਰ. ਦਰਜ ਕੀਤੀ ਗਈ ਹੈ।

ਪੁਲੀਸ ਦੁਆਰਾ ਦਰਜ ਕੀਤੀ ਰਿਪੋਰਟ ਅਨੁਸਾਰ ਫ਼ੌਜ ਦੀ ਟੁਕੜੀ ਨੇ ਲੌਂਗਖਾਓ ਨਾਂ ਦੀ ਥਾਂ 'ਤੇ ਪਹੁੰਚ ਕੇ ਬਿਨਾ ਕਿਸੇ ਉਕਸਾਹਟ ਦੇ ਜੀਪ 'ਤੇ ਗੋਲਾਬਾਰੀ ਕੀਤੀ ਜਿਸ ਵਿਚ ਓਟਿੰਗ ਪਿੰਡ ਦੇ ਵਾਸੀ ਮਾਰੇ ਗਏ। ਹੁਣ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ, ਸੂਬਾ ਸਰਕਾਰ ਅਤੇ ਫ਼ੌਜ ਨੇ ਘਟਨਾ ਬਾਰੇ ਅਫ਼ਸੋਸ ਜਤਾਇਆ ਹੈ। ਫ਼ੌਜ ਨੇ ਮੰਨਿਆ ਹੈ ਕਿ ਇਸ ਘਟਨਾ ਦੌਰਾਨ ਕੀਤੀ ਕਾਰਵਾਈ ਪੂਰੀ ਤਰ੍ਹਾਂ ਗ਼ੈਰ-ਕਾਨੂੰਨੀ ਹੈ।

ਅਜਿਹੀਆਂ ਗਲਤੀਆਂ ਦਾ ਮੁੱਖ ਕਾਰਨ ਫੌਜੀ ਦਸਤਿਆਂ ਦੀ ਜਵਾਬਦੇਹੀ ਦਾ ਨਾ ਹੋਣਾ ਹੈ। ਪੰਜਾਬ ਵਿਚ ਵੀ ਅਜਿਹੀ ਜਾਲਮਾਨਾ ਖੇਡ ਸਿਖਾਂ ਵਿਰੁਧ ਸੁਰੱਖਿਆ ਦਸਤਿਆਂ ਦੁਆਰਾ ਖੇਡੀ ਗਈ। ਸਿਖਾਂ ਦੀਆਂ ਲਾਵਾਰਸ ਲਾਸ਼ਾਂ ਬਾਰੇ ਹਾਲੇ ਤੱਕ ਇਨਸਾਫ ਨਹੀਂ ਮਿਲਿਆ।ਇਹ ਪ੍ਰਸ਼ਨ ਪੁੱਛਿਆ ਜਾਣਾ ਲਾਜ਼ਮੀ ਹੈ ਕਿ ਆਜ਼ਾਦੀ ਦੇ 75 ਵਰਿਆਂ ਬਾਅਦ ਵੀ ਸਰਕਾਰਾਂ ਆਪਣੇ ਲੋਕਾਂ ਦਾ ਵਿਸ਼ਵਾਸ ਕਿਉਂ ਨਹੀਂ ਜਿੱਤ ਸਕੀਆਂ। ਅੰਗਰੇਜ਼ਾਂ ਦੇ ਕਾਲੇ ਕਾਨੂੰਨ, ਝੂਠੇ ਮੁਕਾਬਲੇ ਅਜ਼ਾਦ ਦੇਸ਼ ਵਿਚ ਕਿਉਂ ਲਾਗੂ ਹਨ। ਕੀ ਲੋਕ ਗੁਲਾਮ ਹਨ? ਸਰਕਾਰ ਸੁਰੱਖਿਆ ਬਲਾਂ ਨੂੰ ਹਤਿਆ ਕਰਨ ਲਈ ਪੂਰੀ ਖੁੱਲ ਕਿਉਂ ਦੇ ਰਹੀ ਹੈ? ਕੀ ਅਜਿਹੀ 'ਖੁੱਲ' ਸੰਵਿਧਾਨ ਅਤੇ ਕਾਨੂੰਨ ਦੇ ਦਾਇਰੇ ਵਿਚ ਜਾਇਜ਼ ਹੈ? ਉੱਤਰ-ਪੂਰਬ ਦੇ ਸੂਬਿਆਂ ਵਿਚ 'ਅਫਸਪਾ' ਨੂੰ ਵਾਪਸ ਲੈਣ ਦੀ ਮੰਗ ਫਿਰ ਉੱਠ ਰਹੀ ਹੈ।ਪਰ ਭਾਰਤ ਸਰਕਾਰ ਵਾਪਸ ਲੈਣ ਨੂੰ ਤਿਆਰ ਨਹੀਂ। ਇਸ ਕਰਕੇ ਸਮਸਿਆ ਉਲਝੀ ਹੋਈ ਹੈ।ਨਾਗਾਲੈਂਡ ਦੀਆਂ ਬਹੁਤ ਸਾਰੀਆਂ ਜਥੇਬੰਦੀਆਂ ਮਨੀਪੁਰ ਅਤੇ ਹੋਰ ਲਾਗਲੇ ਸੂਬਿਆਂ ਦੇ ਕੁਝ ਹਿੱਸਿਆਂ ਨੂੰ ਨਾਗਾਲੈਂਡ ਵਿਚ ਸ਼ਾਮਲ ਕਰਨ ਦੀ ਮੰਗ ਕਰ ਰਹੀਆਂ ਹਨ। ਪ੍ਰਮੁੱਖ ਜਥੇਬੰਦੀ ਨੈਸ਼ਨਲ ਸੋਸ਼ਲਿਸਟ ਕੌਂਸਲ ਆਫ਼ ਨਾਗਾਲੈਂਡ (ਇਸਾਕ-ਮੁਇਵਾਹ ਗਰੁੱਪ) ਸਰਕਾਰ ਨਾਲ ਗੱਲਬਾਤ ਕਰ ਰਹੀ ਹੈ। ਜਥੇਬੰਦੀ ਦੀ ਮੰਗ ਹੈ ਕਿ ਸੂਬੇ ਲਈ ਵੱਖਰੇ ਝੰਡੇ ਅਤੇ ਸੰਵਿਧਾਨ ਦੀ ਜ਼ਰੂਰਤ ਹੈ। ਭਾਰਤੀ ਗਣਰਾਜ ਦਾ ਵਿਕਾਸ ਕੇਂਦਰਵਾਦੀ ਦਿਸ਼ਾ ਵਿਚ ਹੋਇਆ ਹੈ। ਕੇਂਦਰ ਸਰਕਾਰ ਅਜਿਹੀਆਂ ਮੰਗਾਂ ਨਹੀਂ ਮੰਨਣਾ ਚਾਹੁੰਦੀ ਕਿਉਂਕਿ ਉਸ ਨੂੰ ਖ਼ਦਸ਼ਾ ਹੈ ਕਿ ਇਕ ਸੂਬੇ ਲਈ ਅਜਿਹੀਆਂ ਮੰਗਾਂ ਮੰਨਣ ਤੋਂ ਬਾਅਦ ਹੋਰ ਸੂਬੇ ਵੀ ਇਸੇ ਰਾਹ 'ਤੇ ਚੱਲ ਸਕਦੇ ਹਨ।ਪਰ ਕੇਂਦਰ ਸਰਕਾਰ ਜੋ ਰਾਜਾਂ ਦਾ ਕੇਂਦਰੀਕਰਨ ਕਰਕੇ ਰਾਜਾਂ ਨੂੰ ਆਪਣੀ ਬਸਤੀ ਬਣਾਉਣਾ ਚਾਹੁੰਦੀ ਹੈ ਉਸ ਨਾਲ ਸਮਸਿਆ ਨਹੀਂ ਸੁਲਝ ਸਕਦੀ।ਰਾਜਾਂ ਦੀ ਖੁਦਮੁਖਤਿਆਰੀ ਹੀ ਇਸ ਸਮਸਿਆ ਦਾ ਹੱਲ ਹੈ।



**ਪੰਜਾਬ ਕਾਂਗਰਸ ਵਿਚ ਖਿਚੋਤਾਣ**

ਭਾਵੇਂ ਇਸ ਵੇਲੇ ਕਾਂਗਰਸ ਸਿਆਸੀ ਤੌਰ ਉਪਰ ਮਜਬੂਤ ਨਜ਼ਰ ਆ ਰਹੀ ਹੈ ਪਰ ਇਹ ਜ਼ਰੂਰੀ ਨਹੀਂ ਕਿ ਚੋਣਾਂ ਹੋਣ ਵੇਲੇ ਤੱਕ ਵੀ ਇਹ ਹਾਲਤ ਰਹੇ। ਕਾਂਗਰਸ ਹਾਈਕਮਾਨ ਨੇ ਪੰਜਾਬ ਦੀ ਰਾਜਨੀਤੀ ਨੂੰ ਧਾਰਮਿਕ ਵੰਡ ਦੇ ਲਿਹਾਜ਼ ਨਾਲ ਦੇਖਦਿਆਂ ਐਸ.ਸੀ., ਜੱਟ ਸਿੱਖ ਤੇ ਹਿੰਦੂ ਨੇਤਾਵਾਂ ਦੀ ਤਿੱਕੜੀ 'ਤੇ ਆਧਾਰਿਤ ਰਾਜਨੀਤੀ ਖੇਡਣ ਦਾ ਮਨ ਬਣਾ ਲਿਆ ਹੈ। ਇਸੇ ਕਰਕੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ, ਪੰਜਾਬ ਕਾਂਗਰਸ ਪ੍ਰਧਾਨ ਨਵਜੋਤ ਸਿੰਘ ਸਿੱਧੂ ਅਤੇ ਸਾਬਕਾ ਸੂਬਾ ਕਾਂਗਰਸ ਪ੍ਰਧਾਨ ਸੁਨੀਲ ਜਾਖੜ ਦੀ ਤਿੱਕੜੀ ਨੂੰ ਪੰਜਾਬ ਕਾਂਗਰਸ ਦੀ ਕਮਾਨ ਸੌਂਪ ਦਿਤੀ ਹੈ। ਹੁਣੇ ਜਿਹੇ ਕੁੱਲ ਹਿੰਦ ਕਾਂਗਰਸ ਕਮੇਟੀ ਨੇ ਪੰਜਾਬ ਵਿਚ ਆਗਾਮੀ ਵਿਧਾਨ ਸਭਾ ਚੋਣਾਂ ਲਈ ਚੋਣ ਪ੍ਰਚਾਰ ਕਮੇਟੀ ਅਤੇ ਤਾਲਮੇਲ ਕਮੇਟੀ ਦਾ ਐਲਾਨ ਕੀਤਾ ਸੀ। ਕੁੱਲ ਹਿੰਦ ਕਾਂਗਰਸ ਕਮੇਟੀ ਦੇ ਜਨਰਲ ਸਕੱਤਰ ਕੇ ਸੀ ਵੇਣੂਗੋਪਾਲ ਨੇ ਕਮੇਟੀਆਂ ਦਾ ਐਲਾਨ ਕੀਤਾ ਜਿਸ ਅਨੁਸਾਰ ਪੰਜਾਬ ਚੋਣਾਂ ਲਈ ਹੁਣ ਚੋਣ ਪ੍ਰਚਾਰ ਕਮੇਟੀ ਦੇ ਚੇਅਰਮੈਨ ਸੁਨੀਲ ਜਾਖੜ ਹੋਣਗੇ। ਸੀਨੀਅਰ ਕਾਂਗਰਸ ਨੇਤਾ ਅਤੇ ਰਾਜ ਸਭਾ ਮੈਂਬਰ ਅੰਬਿਕਾ ਸੋਨੀ ਨੂੰ ਚੋਣ ਤਾਲਮੇਲ ਕਮੇਟੀ ਦੀ ਚੇਅਰਪਰਸਨ ਜਦਕਿ ਮੈਨੀਫੈਸਟੋ ਕਮੇਟੀ ਦਾ ਚੇਅਰਮੈਨ ਪ੍ਰਤਾਪ ਸਿੰਘ ਬਾਜਵਾ ਨੂੰ ਬਣਾਇਆ ਗਿਆ ਹੈ। ਆਗਾਮੀ ਚੋਣਾਂ ਵਿਚ ਟਿਕਟਾਂ ਦੀ ਵੰਡ ਅਤੇ ਉਮੀਦਵਾਰਾਂ ਦੀ ਚੋਣ ਲਈ ਸਕਰੀਨਿੰਗ ਕਮੇਟੀ ਐਲਾਨੀ ਗਈ ਹੈ ਜਿਸ ਦੇ ਚੇਅਰਮੈਨ ਅਜੇ ਮਾਕਨ ਹੋਣਗੇ। ਸਕਰੀਨਿੰਗ ਕਮੇਟੀ ਵਿਚ ਯੂਥ ਕਾਂਗਰਸ ਦੇ ਸਾਬਕਾ ਪ੍ਰਧਾਨ ਚੰਦਨ ਯਾਦਵ ਅਤੇ ਸਕੱਤਰ ਕ੍ਰਿਸ਼ਨਾ ਅਲਵਾਰੂ ਸਹਿਯੋਗੀ ਲਾਏ ਗਏ ਹਨ ਜਦਕਿ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ, ਕਾਂਗਰਸ ਪ੍ਰਧਾਨ ਨਵਜੋਤ ਸਿੱਧੂ, ਸਾਬਕਾ ਪ੍ਰਧਾਨ ਸੁਨੀਲ ਜਾਖੜ ਅਤੇ ਪੰਜਾਬ ਮਾਮਲਿਆਂ ਦੇ ਇੰਚਾਰਜ ਹਰੀਸ਼ ਚੌਧਰੀ ਇਸ ਕਮੇਟੀ ਦੇ ਮੈਂਬਰ ਹੋਣਗੇ। ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੇ ਇਨ੍ਹਾਂ ਕਮੇਟੀਆਂ ਨੂੰ ਹਰੀ ਝੰਡੀ ਦੇ ਕੇ ਪੰਜਾਬ ਚੋਣਾਂ ਲਈ ਤਿਆਰੀ ਦੇ ਸੰਕੇਤ ਦੇ ਦਿੱਤੇ ਹਨ। ਇਨ੍ਹਾਂ ਕਮੇਟੀਆਂ ਦੀ ਬਣਤਰ ਤੋਂ ਜਾਪਦਾ ਹੈ ਕਿ ਟਿਕਟਾਂ ਦੀ ਵੰਡ ਵਿਚ ਕਿਸੇ ਵਿਅਕਤੀ ਵਿਸ਼ੇਸ਼ ਦਾ ਹੱਥ ਉਪਰ ਨਹੀਂ ਰਹੇਗਾ। ਪਹਿਲੀ ਵਾਰ ਹੈ ਕਿ ਚੋਣ ਜ਼ਾਬਤਾ ਲੱਗਣ ਤੋਂ ਪਹਿਲਾਂ ਹੀ ਕਾਂਗਰਸ ਨੇ ਇਨ੍ਹਾਂ ਕਮੇਟੀਆਂ ਦਾ ਐਲਾਨ ਕੀਤਾ ਹੈ। ਇਸ ਫੈਸਲੇ ਤੋਂ ਜਾਪਦਾ ਹੈ ਕਿ ਕਾਂਗਰਸ ਟਿਕਟਾਂ ਵੀ ਜਲਦ ਐਲਾਨ ਸਕਦੀ ਹੈ। ਸੂਬੇ ਵਿਚ ਸ਼੍ਰੋਮਣੀ ਅਕਾਲੀ ਦਲ ਨੇ ਤਕਰੀਬਨ ਆਪਣੇ ਸਾਰੇ ਉਮੀਦਵਾਰ ਐਲਾਨ ਦਿੱਤੇ ਹਨ ਅਤੇ 'ਆਪ' ਵੀ 10 ਦੇ ਕਰੀਬ ਟਿਕਟਾਂ ਦਾ ਐਲਾਨ ਕਰ ਚੁੱਕੀ ਹੈ।

ਕਾਂਗਰਸ ਹਾਈਕਮਾਨ ਪੰਜਾਬ ਵਿਚ ਪਾਰਟੀ ਦੇ ਸਾਰੇ ਧੜਿਆਂ ਨੂੰ ਇਕਮੁੱਠ ਕਰਕੇ ਚੋਣਾਂ ਵਿਚ ਉਤਰਨ ਤੋਂ ਪਹਿਲਾਂ ਆਪਣਾ ਘਰ ਸੰਭਾਲਣ ਲਈ ਯਤਨਸ਼ੀਲ ਹੈ।ਆਗਾਮੀ ਪੰਜਾਬ ਵਿਧਾਨ ਸਭਾ ਚੋਣਾਂ ਲਈ ਟਿਕਟਾਂ ਦੀ ਵੰਡ ਨੂੰ ਲੈ ਕੇ ਪੰਜਾਬ ਕਾਂਗਰਸ ਕਮੇਟੀ ਦੇ ਆਗੂਆਂ ਵਿਚਕਾਰ ਰੱਫੜ ਪੈ ਸਕਦਾ ਹੈ। ਕਾਂਗਰਸ ਹਾਈਕਮਾਨ ਪੰਜਾਬ ਦੀ ਸਿਆਸਤ ਨੂੰ ਵੇਖਦਿਆਂ ਫੂਕ ਫੂਕ ਕੇ ਪੈਰ ਧਰ ਰਹੀ ਹੈ ਤਾਂ ਜੋ ਪੰਜਾਬ ਵਿਚ ਕਾਂਗਰਸ ਮੁੜ ਆਪਣੀ ਸਰਕਾਰ ਬਣਾਉਣ ਦੇ ਸਮਰੱਥ ਹੋ ਸਕੇ । ਆਮ ਆਦਮੀ ਪਾਰਟੀ ਸਮੇਤ ਦੂਸਰੀਆਂ ਪਾਰਟੀਆਂ ਤੋਂ ਆਗੂ ਕਾਂਗਰਸ ਵਿਚ ਸ਼ਾਮਿਲ ਕਰਵਾਏ ਜਾ ਰਹੇ ਹਨ ਅਤੇ ਪੰਜਾਬ ਸਰਕਾਰ ਦੇ ਖਜਾਨੇ ਦੀ ਹਾਲਤ ਦੀ ਪ੍ਰਵਾਹ ਨਾ ਕਰਦਿਆਂ ਆਰਥਿਕ ਰਾਹਤਾਂ ਦੇ ਐਲਾਨ ਕੀਤੇ ਜਾ ਰਹੇ ਹਨ ਤਾਂ ਜੋ ਸਥਿਤੀ ਕਾਂਗਰਸ ਦੇ ਹੱਕ ਵਿਚ ਰਹੇ। ਕਾਂਗਰਸ ਦੇ ਤਕਰੀਬਨ ਸਾਰੇ ਹੀ ਆਗੂ ਆਸ ਲਗਾਈ ਬੈਠੇ ਹਨ ਕਿ ਪੰਜਾਬ ਵਿਚ ਕਾਂਗਰਸ ਮੁੜ ਸਰਕਾਰ ਬਣਾਏਗੀ । ਇਸੇ ਲਈ ਟਿਕਟ ਪ੍ਰਾਪਤੀ ਨੂੰ ਲੈ ਕੇ ਸਭ ਤੋਂ ਵੱਧ ਜ਼ੋਰ ਅਜਮਾਇਸ਼ ਕਾਂਗਰਸ ਵਿਚ ਚੱਲ ਰਹੀ ਹੈ ।ਜੇਕਰ ਪਾਰਟੀ ਹਾਈਕਮਾਨ ਨੇ ਟਿਕਟਾਂ ਦੀ ਵੰਡ ਵੇਲੇ ਸਿੱਧੂ ਧੜੇ ਨੂੰ ਨਜ਼ਰਅੰਦਾਜ਼ ਕਰਨ ਦਾ ਯਤਨ ਕੀਤਾ ਤਾਂ ਪਾਰਟੀ ਵਿਚ ਫੇਰ ਘਮਸਾਨ ਮਚ ਸਕਦਾ ਹੈ। ਸਿਆਸੀ ਹਲਕਿਆਂ ਅਨੁਸਾਰ ਆਪਣੇ ਸੁਭਾਅ ਮੁਤਾਬਿਕ ਸਿੱਧੂ ਟਿਕਟਾਂ ਦੀ ਵੰਡ ਵੇਲੇ ਆਪਣੀ ਗੱਲ ਨਾ ਬਣਦੀ ਵੇਖ ਅਸਤੀਫਾ ਦੇਣ ਦਾ ਐਲਾਨ ਵੀ ਕਰ ਸਕਦੇ ਹਨ। ਜਿਨ੍ਹਾਂ ਵਿਧਾਇਕਾਂ ਜਾਂ ਆਗੂਆਂ ਦੀਆਂ ਟਿਕਟਾਂ ਕੱਟੀਆਂ ਜਾ ਸਕਦੀਆਂ ਹਨ, ਉਨ੍ਹਾਂ ਵਿਚੋਂ ਬਹੁਤ ਸਾਰੇ ਆਗੂ ਪਾਰਟੀ ਛੱਡ ਕੇ ਕੈਪਟਨ ਅਮਰਿੰਦਰ ਸਿੰਘ ਦੀ ਪਾਰਟੀ ਵਿਚ ਸ਼ਰਨ ਲੈ ਸਕਦੇ ਹਨ। ਸੂਤਰਾਂ ਅਨੁਸਾਰ ਇਨ੍ਹਾਂ ਆਗੂਆਂ ਨੇ ਕੈਪਟਨ ਨਾਲ ਅੰਦਰੂਨੀ ਸਾਂਝ ਪਹਿਲਾਂ ਹੀ ਬਣਾ ਰੱਖੀ ਹੈ। ਇਸ ਦਾ ਦਾਅਵਾ ਕੈਪਟਨ ਵਲੋਂ ਵੀ ਕੀਤਾ ਗਿਆ ਹੈ। ਪਰ ਕਾਂਗਰਸ ਲਈ ਇਸ ਵਾਰ ਚੋਣ ਲੜਨੀ ਸੌਖੀ ਨਹੀਂ ਹੋਵੇਗੀ। ਇਸ ਦਾ ਕਾਰਨ ਪੰਜਾਬੀਆਂ ਵਿਚ ਰਾਜਨੀਤਕ ਪਾਰਟੀਆਂ ਪ੍ਰਤੀ ਨਿਰਾਸ਼ਤਾ ਹੈ।

CIS CALIFORNIA IMMIGRATION SERVICES
(Registered & Bonded)
- FAMILY IMMIGRATION
- GREEN CARD PETITION
- CITIZENSHIP
- OCI CARD / INDIAN PASSPORT
- BUSINESS / VISITOR VISA
- STUDENT VISA
- RELIGIOUS VISA
- U.K. VISA
- CANADA VISA & P.R.



Rosy (Kanwal) Kaur
Immigration Consultant / LDA
CALL FOR FREE INITIAL CONSULTATION !
Ph: 510-573-3666, 408-422-8585
Fremont Office: 4127 Bay Street, Suite 5 | Tracy Office: 68 E 11th St., Suite 103
Yuba City Office: 1650 Sierra Ave. Suite 206, CA 95993
www.caials.com rosy@caials.com




# ਬੀਬੀ ਵੀਰੋ ਜੀ

**ਜ਼ੋਰਾਵਰ ਸਿੰਘ ਤਰਸਿੱਕਾ**

ਬੀਬੀ ਵੀਰੋ ਜੀ ਦਾ ਜਨਮ ਮਾਤਾ ਦਮੋਦਰੀ ਜੀ ਦੀ ਕੁੱਖੋਂ ਗੁਰੂ ਹਰਿਗੋਬਿੰਦ ਸਾਹਿਬ ਦੇ ਗ੍ਰਹਿ ਵਿਖੇ 1615 ਈ : ਨੂੰ ਅੰਮ੍ਰਿਤਸਰ ਗੁਰੂ ਕੇ ਮਹਿਲਾਂ ਵਿੱਚ ਹੋਇਆ ਬੀਬੀ ਜੀ ਦੇ ਜਨਮ ਤੇ ਬਹੁਤ ਖੁਸ਼ੀਆਂ ਮਨਾਈਆਂ ਗਈਆਂ। ਇਤਿਹਾਸ ਵਿੱਚ ਆਉਂਦਾ ਹੈ ਇਕ ਵਾਰੀ ਜਦੋਂ ਮਾਤਾ ਗੰਗਾ ਜੀ ਬਾਬਾ ਗੁਰਦਿੱਤਾ ਜੀ ਨੂੰ ਚੁੱਕ ਕੇ ਖਿਲਾ ਰਹੇ ਸਨ ਕਿਹਾ ਕਿ 'ਜੋੜੀ ਰਲੇ ਤਾਂ ਗੁਰੂ ਹਰਿਗੋਬਿੰਦ ਸਾਹਿਬ ਬਚਨ ਕੀਤਾ' ਮਾਤਾ ਜੀ ਤੁਹਾਡੇ ਬਚਨ ਸਤਿ ਹਨ ਜੋੜੀ ਨਹੀਂ ਪੰਜ ਬੇਟੇ ਹੋਣਗੇ ਪਰ ਅਸੀਸ ਦਿਓ ਕਿ ਘਰ ਵਿੱਚ ਇਕ ਲੜਕੀ ਵੀ ਹੋਵੇ ਤਾਂ ਗਰਹਿਸਤ ਦਾ ਸਹੀ ਸਵਾਦ ਵੀ ਆਏ ਤੇ ਚਜ ਆਚਾਰ ਵੀ। ਗੁਰ ਬਿਲਾਸ ਪਾ : ਛੇਵੀ ਕਵੀ ਸੋਹਣ ਇਉਂ ਲਿਖਦਾ ਹੈ : ਸੀਲਖਾਨ ਕਨੰਆ ਇਕ ਹੋਵੈ ॥ ਪੁਤਰੀ ਵਿੱਚ ਜਗਤ ਗਰਿਹਸਤ ਵਿਗੋਵੈ ।।

ਮਾਤਾ ਗੰਗਾ ਜੀ ਇਹ ਗੱਲ ਸੁਣ ਬਹੁਤ ਪ੍ਰਸੰਨ ਹੋਏ ਕਿ ਪੁੱਤਰੀ ਨੂੰ ਚੰਗੇ ਚੱਜ ਅਚਾਰ ਸਿਖਲਾਏ ਜਾਣਗੇ। ਅੱਗੇ ਉਹ ਗਰਹਿਸਥੀ ਜੀਵਨ ਵਿਚ ਦੂਜੇ ਘਰ ਜਾ ਕੇ ਇਕ ਆਦਰਸ਼ਕ ਬਣੇਗੀ, ਹੋਰਾਂ ਨੂੰ ਉਹ ਚੰਗੀਆਂ ਸਿਖਿਆਵਾਂ ਦੇਵੇਗੀ। ਪੰਜਾਂ ਭਰਾਵਾਂ ਬਾਬਾ ਗੁਰਦਿੱਤਾ ਜੀ, ਸ੍ਰੀ ਸੂਰਜ ਮੱਲ, ਸ੍ਰੀ ਅਣੀ ਰਾਇ, ਬਾਬਾ ਅਟੱਲ ਰਾਇ ਤੇ ਗੁਰੂ ਤੇਗ ਬਹਾਦਰ ਜੀ ਹੋਰਾਂ ਦੀ ਲਾਡਲੀ ਭੈਣ ਲਾਡਾਂ ਤੇ ਸੱਧਰਾਂ ਤੇ ਚਾਵਾਂ ਨਾਲ ਪਾਲੀ ਗਈ। ਮਾਤਾ ਗੰਗਾ ਜੀ ਤੇ ਗੁਰੂ ਜੀ ਬੱਚੀ ਨੂੰ ਬਹੁਤ ਪਿਆਰ ਨਾਲ ਸੋਹਣੀ ਸੁਚੱਜੀ ਤੇ ਅਚਾਰ ਭਰਪੂਰ ਸਿਖਿਆਂ ਦੇਂਦੇ। ਬੀਬੀ ਜੀ ਘਰ ਵਿਚ ਆਈ ਸੰਗਤ ਦੀ ਹੰਸੂ-ਹੰਸੂ ਤੇ ਖਿੜੇ ਮੱਥੇ ਭੱਜ ਭੱਜ ਕੇ ਸੇਵਾ ਤੇ ਸਤਿਕਾਰ ਕਰਦੇ। ਲੰਗਰ ਵਿਚ ਹਰ ਇਕ ਭਾਂਤ ਦਾ ਭੋਜਨ ਮਠਿਆਈ ਆਦਿ ਤਿਆਰ ਕਰਨ ਵਿੱਚ ਨਿਪੁੰਨ ਸਨ। ਨਾਲ ਗੁਰਬਾਣੀ ਵਿੱਚ ਨਿਪੁੰਨ ਬਾਣੀ ਜ਼ਬਾਨੀ ਕੰਠ ਕਰ ਲਈ। ਗੁਰਮੁਖੀ ਵਿੱਚ ਵੀ ਲਿਖਾਈ ਬੜੀ ਸੁੰਦਰ ਸੀ।

ਗੁਰੂ ਜੀ ਆਪਣੀ ਸਾਲੀ ਰਾਮੋ ਤੇ ਸਾਂਢੂ ਸਾਂਈ ਦਾਸ ਪਾਸ ਮਾਲਵੇ ਦੇਸ਼ ਜਾਇਆ ਕਰਦੇ ਸਨ। ਇਸ ਕਰਕੇ ਇਸ ਇਲਾਕੇ ਦੀ ਕਾਫੀ ਸੰਗਤ ਸਿੱਖ ਬਣ ਗਈ ਸੀ। ਉਹ ਅਕਸਰ ਸਾਂਈ ਦਾਸ ਨਾਲ ਗੁਰੂ ਜੀ ਦੇ ਦਰਸ਼ਨਾਂ ਨੂੰ ਅੰਮ੍ਰਿਤਸਰ ਆਇਆ ਕਰਦੇ ਸਨ। ਉਨਾਂ ਵਿੱਚ ਇਕ ਧਰਮਾ ਨਾਂ ਦਾ ਸਿੱਖ ਵੀ 'ਮੱਲੇ ਪਿੰਡ ਤੋਂ ਆਇਆ ਕਰਦਾ ਸੀ। ਹੈ ਤਾਂ ਕੁਝ ਗਰੀਬ ਪਰ ਸ਼ਰਧਾਲੂ ਬਹੁਤ ਸੀ। ਇਕ ਵਾਰੀ ਮੁੱਲੇ ਪਿੰਡ ਦੀ ਸੰਗਤ ਆਈ ਹੋਈ ਸੀ। ਗੁਰੂ ਅਕਾਲ ਤਖ਼ਤ ਬਾਜਮਾਨ ਸਨ ਕਈਆਂ ਥਾਵਾਂ ਤੋਂ ਹੋਰ ਸੰਗਤਾਂ ਗੁਰੂ ਜੀ ਦੇ ਦਰਸ਼ਨਾਂ ਨੂੰ ਆਈਆਂ ਹੋਈਆਂ ਸਨ। ਇਨਾਂ ਸੰਗਤਾਂ ਵਿਚ ਇਕ ਲੜਕਾ ਭਾਵੇਂ ਮੈਲੇ ਬਸਤਰਾਂ ਵਿਚ ਬੈਠਾ ਹੋਇਆ ਸੀ ਪਰ ਗੋਦੜੀ ਵਿਚ ਲਾਲ ਵਾਲੀ ਗੱਲ। ਬੜਾ ਸੁੰਦਰ ਤੇ ਸਬੀਲਾ ਕੋਈ ਅਲਾਹੀ ਰੂਪ ਹੀ ਜਾਪਦਾ ਸੀ । ਗੁਰੂ ਜੀ ਦੇ ਦਿਲ ਨੂੰ ਇਸ ਦੀ ਭੋਲੀ ਭਾਲੀ ਸੁੰਦਰ ਸ਼ਕਲ ਨੇ ਮੋਹ ਲਿਆ। ਗੁਰੂ ਜੀ ਹੋਰਾਂ ਇਸ਼ਾਰੇ ਨਾਲ ਬੁਲਾ ਕੇ ਪੁੱਛਿਆ ਪੁੱਤਰ ਤੇਰਾ ਕੀ ਨਾ ਹੈ ਇਸ ਦਾ ਪਿਤਾ ਜੀ ਵੀ ਬੱਚੇ ਨਾਲ ਗੁਰੂ ਜੀ ਪਾਸ ਜਾ ਖੜਾ ਹੋਇਆ ਪੁੱਤਰ ਦੀ ਥਾਂ ਪਿਓ ਨੇ ਉਤਰ ਦਿੱਤਾ ਤੇ ਹੱਥ ਜੋੜ ਕੇ ਕਿਹਾ ਸੱਚੇ ਪਾਤਸ਼ਾਹ! ਮੇਰਾ ਨਾ ਧਰਮਾ ਹੈ ਇਹ ਮੇਰਾ ਪੁੱਤਰ ਹੈ ਇਸਦਾ ਨਾਂ ਸਾਧੂ ਹੈ। ਜਦੋਂ ਗੁਰੂ ਜੀ ਨੇ ਆਪਣੀ ਸਪੁੱਤਰੀ ਵੀਰੋ ਜੀ ਦਾ ਰਿਸਤਾ ਇਸ ਸਾਧੂ ਨੂੰ ਕਰਨ ਦੀ ਗੱਲ ਕੀਤੀ ਤਾਂ ਧਰਮੇ ਨੇ ਹੱਥ ਜੋੜ ਕੇ ਕਿਹਾ ਮਹਾਰਾਜ ਦਾਸ ਤਾਂ ਬਹੁਤ ਗਰੀਬ ਹੈ ਤੁਸੀਂ ਬਹੁਤ ਉਚੇ ਹੋ, ਦਾਸ ਕੀਟ ਦਾ ਤੁਹਾਡੇ ਨਾਲ ਜੋੜ ਕਿਵੇਂ ਬਣ ਹੈ ?'ਪਰ ਗੁਰੂ ਜੀ ਬਚਨ ਕੀਤਾ ਭਾਈ ਧਰਮੇ ! ਇਸ ਸੰਸਾਰ ਵਿੱਚ ਪ੍ਰਮਾਤਮਾ ਤੋਂ ਬਿਨਾਂ ਹੋਰ ਕੋਈ ਅਮੀਰ ਨਹੀਂ ਹੈ। ਡਰ ਨਾ ਤੇਰਾ ਬੇਟਾ ਕਿਸਮਤ ਵਾਲਾ ਹੈ। ਇਹ ਤਾਂ ਤੇਰੀ ਕੁਲ ਤਾਰਨ ਆਇਆ ਹੈ।

ਇਸ ਰਿਸ਼ਤੇ ਤੇ ਮਾਤਾ ਦਮੋਦਰੀ ਜੀ ਨੇ ਰਤਾ ਕੁ ਕਿੰਤੂ ਕੀਤਾ ਤਾਂ ਗੁਰੂ ਜੀ ਮਾਤਾ ਦਮੋਦਰੀ ਜੀ ਨੂੰ ਸਮਝਾਉਂਦਿਆਂ ਕਿਹਾ 'ਦਮੋਦਰੀ! ਇਹ ਲਾਲ ਗੋਦੜੀ ਵਿਚ ਲੁਕਿਆ ਪਿਆ ਹੈ। ਇਸ ਦੇ ਮੈਲੇ ਕੁਚੈਲੇ ਕਪੜੇ ਨਾ ਵੇਖ। ਇਹ ਧੁਰ ਦਰਗਾਹੋਂ ਜੋੜੀ ਬਣਕੇ ਆਈ ਹੈ। ਇਹ ਗੱਲ ਸੁਣ ਸਾਧੂ ਦੀ ਮਾਂ ਜਿਹੜੀ ਬੀਬੀ ਰਾਮੋ ਦੇ ਲਾਗੇ ਬੈਠੀ ਸੀ ਫੁਲੇ ਨਹੀਂ ਸਮਾਉਂਦੀ ਬੀਬੀ ਰਾਮੋ ਜੀ ਬੀਬੀ ਵੀਰੋ ਜੀ ਦੇ ਵਿਚੋਲੇ ਬਣਾਏ ਗਏ। ਕੁੜਮਾਈ ਦੀ ਰਸਮ ਸੰਗਤ ਵਿਚ ਕਰ ਦਿੱਤੀ ਗਈ। ਵੀਰ ਗੁਰਦਿੱਤਾ ਜੀ ਜਦੋਂ ਬਟਾਲੇ ਵਿਆਹੁਣ ਗਏ ਤਾਂ ਭੈਣ ਵੀਰੋ ਜੀ ਨੇ ਬੜੀ ਖੁਸ਼ੀ ਮਨਾਈ ਜਦੋਂ ਭਰਜਾਈ ਅਨੰਤੀ ਵਿਆਹੀ ਆਈ ਤਾਂ ਇਸ ਨੂੰ ਵੇਖ ਵੀਰੋ ਦੇ ਪੈਰ ਖੁਸ਼ੀ ਵਿੱਚ ਭੌਂ ਤੇ ਨਹੀਂ ਸੀ ਲੱਗਦੇ । ਭਰਜਾਈ ਨੂੰ ਕਈ ਦਿਨ ਕੰਮ ਨਹੀਂ ਲਾਇਆ। ਨਨਾਣ ਭਰਜਾਈ ਬੜੇ ਪਿਆਰ ਨਾਲ ਵਿਚਰਨ ਲੱਗੀਆਂ। ਜਦੋਂ ਕਿਤੇ ਅਨੰਤੀ ਨੇ ਕੰਮ ਕਰਨ ਲੱਗਣਾ ਤੇ ਵੀਰੋ ਨੇ ਕਹਿਣਾ ਕਿ ਭਰਜਾਈ ਸਾਰੀ ਉਮਰ ਕੰਮ ਹੀ ਕਰਨਾ ਹੈ । ਜਿੰਨਾ ਚਿਰ ਮੈਂ ਏਥੇ ਹਾਂ ਤੈਨੂੰ ਕੰਮ ਨਹੀਂ ਕਰਨ ਦੇਣਾ' ਇਸ ਤਰਾਂ ਦਿਨ ਲੰਘਦੇ ਗਏ । ਬੀਬੀ ਰਾਮੋ ਜੀ ਬੀਬੀ ਵੀਰੋ ਦੀ ਸਾਹੇ ਚਿੱਠੀ ਲੈ ਆਏ। 26 ਜੇਠ 1629 ਈ : ਦਾ ਵਿਆਹ ਤੈਅ ਹੋ ਗਿਆ । ਸਿੱਖਾਂ ਵਿਚ ਸਤਿਕਾਰੀ ਜਾਂਦੀ ਲਾਡਲੀ ਬੀਬੀ ਦੇ ਵਿਆਹ ਦਾ ਸਿੱਖ ਸੰਗਤ ਨੂੰ ਪਤਾ ਲੱਗਾ ਤੇ ਦੂਰੋਂ ਦੂਰੋਂ ਸੰਗਤਾਂ ਵਿਆਹ ਤੇ ਆਪਣੀਆਂ ਕਾਰ ਭੇਟਾਵਾ ਲੈ ਕੇ ਚਲ ਪਈਆਂ। ਹਰ ਕੋਈ ਆਪਣੇ ਵਿੱਤ ਅਨੁਸਾਰ ਕੋਈ ਭਾਂਡੇ, ਬਰਤਨ, ਕੋਈ ਜ਼ੇਵਰ ਕੋਈ ਬਿਸਤਰੇ ਬਸਤਰ ਆਦਿ ਚੁੱਕ ਅੰਮ੍ਰਿਤਸਰ ਵੱਲ ਧਾਈਆਂ ਕਰ ਲਈਆਂ ਰਾਤ ਦਿਨ ਲੰਗਰ ਚਲਦਾ ਰਹਿੰਦਾ । ਇਸੇ ਤਰਾਂ ਇਕ ਰਾਤ ਕਾਬਲ ਤੋਂ ਸੰਗਤ ਬਹੁਤ ਰਾਤ ਗਈ ਪੁੱਜੀ ਤਾਂ ਲੰਗਰ ਚਾਲੇ ਪੈ ਚੁਕਿਆ ਸੀ । ਲਾਂਗਰੀ ਸਾਰੇ ਦਿਨ ਦੇ ਥੱਕੇ ਟੁੱਟੇ ਸੌਂ ਗਏ ਸਨ। ਉਧਰ ਮਠਿਆਈ ਬਣ ਰਹੀ ਸੀ ਤੇ ਇਕ ਕਮਰਾ ਮਠਿਆਈ ਦਾ ਭਰਿਆ ਪਿਆ ਸੀ । ਭੁੱਖੀ ਸੰਗਤ ਨੂੰ ਗੁਰੂ ਜੀ ਹੋਰਾਂ ਮਠਿਆਈ ਪ੍ਰੋਸਨ ਲਈ ਮਾਤਾ ਦਮੋਦਰੀ ਜੀ ਨੂੰ ਸੁਨੇਹਾ ਭੇਜਿਆ । ਪਰ ਮਾਤਾ ਜੀ ਨੇ ਕਿਹਾ ਕਿ, 'ਇਹ ਪਕਵਾਨ ਬਰਾਤ ਲਈ ਤਿਆਰ ਕੀਤਾ ਜਾ ਰਿਹਾ ਹੈ। ਬਰਾਤ ਤੋਂ ਬਗੈਰ ਕਿਸੇ ਨੂੰ ਪਹਿਲਾਂ ਨਹੀਂ ਵਰਤਾਇਆ ਜਾ ਸਕਦਾ। 'ਉਧਰ ਗੁਰੂ ਜੀ ਦੇ ਮੁਖਾਰ ਬਿੰਦ ਤੋਂ ਬਚਨ ਹੋ ਗਿਆ ਕਿ 'ਜੇ ਇਹ ਪਕਵਾਨ ਗੁਰੂ ਕੀ ਸੰਗਤ ਨੇ ਨਹੀਂ ਛਕਣਾ ਤਾਂ ਫਿਰ ਤੁਰਕਾਂ ਨੇ ਛਕਣਾ ਹੈ। ਸੰਗਤ ਨੂੰ ਹੋਰ ਲੰਗਰ ਤਿਆਰ ਕਰਾ ਛਕਾਇਆ ਗਿਆ। ਅਗਲੇ ਦਿਨ ਸਿੱਖ ਸੰਗਤ ਸ਼ਿਕਾਰ ਖੇਡਣ 'ਗੁੰਮਟਾਲੇ ਲਾਗੇ ਗਈ ਤਾਂ ਸ਼ਾਹਜਹਾਂ ਦਾ ਬਾਜ਼ ਫੜ ਲਿਆ, ਜਿਸ ਤੋਂ ਅੰਮ੍ਰਿਤਸਰ ਦੀ ਲੜਾਈ ਦਾ ਮੁੱਢ ਬੱਝਾ। ਉਧਰ ਮੁਗਲਾਂ ਨੂੰ ਪਤਾ ਸੀ ਗੁਰੂ ਜੀ ਦੀ ਸਪੁੱਤਰੀ ਦਾ ਵਿਆਹ ਹੋ ਰਿਹਾ ਹੈ । ਉਨਾਂ ਇਹ ਨਾਜ਼ੁਕ ਸਮਾਂ ਤਾੜ ਕੇ ਭਾਰੀ ਹਮਲਾ ਕਰ ਦਿੱਤਾ । ਇਧਰ ਸਿੱਖਾਂ ਨੇ ਡਟ ਕੇ ਮੁਕਾਬਲਾ ਕੀਤਾ । ਸਾਰਾ ਦਿਨ ਲੜਾਈ ਹੁੰਦੀ ਰਹੀ। ਸਿੱਖ ਮੂੰਹ ਤੋੜਵਾਂ ਉਤਰ ਦਿੰਦੇ ਰਹੇ । ਸ਼ਾਹੀ ਸੈਨਾ ਸੈਂਕੜੇ ਗੁਣਾ ਪੂਰੇ ਆਧੁਨਿਕ ਸ਼ਸ਼ਤਰਾਂ ਨਾਲ ਲੈਸ ਸੀ। ਪਰ ਸਿਖਾਂ ਮੁਗਲਾਂ ਨੂੰ ਨਾਨੀ ਚੇਤੇ ਕਰਾ ਦਿੱਤੀ । ਰਾਤ ਪੈ ਗਈ । ਗੁਰੂ ਜੀ ਹੋਰਾਂ ਰਾਤ ਦਾ ਲਾਭ ਲੈਂਦਿਆਂ ਆਦਿ ਗ੍ਰੰਥ ਸਾਹਿਬ ਸਤਿਕਾਰ ਸਹਿਤ ਤੇ ਹੋਰ ਸਾਮਾਨ ਗੱਡਿਆਂ ਤੇ ਲੱਦ ਕੇ ਝਬਾਲ ਭਾਈ ਲੰਘਾਹ ਦੇ ਵਲ ਤੋਰ ਦਿੱਤਾ ਤੇ ਆਪ ਗੁਰੂ ਜੀ ਹੋਰਾਂ ਨੇ ਸ਼ਹੀਦਾਂ ਸਿੱਖਾਂ ਦੇ ਸਰੀਰ ਉਥੋਂ ਚੁੱਕਵਾ ਕੇ ਚਾਟੀਵਿੰਡ ਵੱਲ ਲਿਆ ਕੇ ਸੰਸਕਾਰ ਕਰ ਦਿੱਤਾ ਜਿਹੜਾ ਬਾਲਣ ਬੀਬੀ ਵੀਰੋ ਜੀ ਦੇ ਵਿਆਹ ਲਈ ਇਕੱਠਾ ਕੀਤਾ ਗਿਆ ਸੀ ਉਸ ਉਪਰ ਸ਼ਹੀਦਾਂ ਦਾ ਸਸਕਾਰ ਕੀਤਾ ਗਿਆ ।

ਬਾਕੀ ਸਫ਼ਾ 29 'ਤੇ

# ਮਾਂ ਮੈਂ ਕਦ ਲੜਕਾ ਦੋਸਤ ਬਣਾ ਸਕਦੀ ਆਂ ?

**ਅੰਜੂਜੀਤ ਪੰਜਾਬਣ**

ਮੈਂ ਉਸ ਵੱਲ ਸਰਸਰੀ ਦੇਖਿਆ ਤੇ ਫਿਰ ਬਿਨਾਂ ਕੁਝ ਜਵਾਬ ਦਿੱਤਿਆਂ ਰਸੋਈ ਵਿੱਚ ਚਲੇ ਗਈ । ਇੰਨੀ ਦੇਰ ਨੂੰ ਉਹ ਵੀ ਗੁੱਸੇ ਨਾਲ ਸੋਫੇ ਤੋਂ ਉੱਠੀ ਤੇ ਆਪਣੇ ਕਮਰੇ ਵਿੱਚ ਚਲੇ ਗਈ ।

ਭਾਵੇਂ ਮੈਨੂੰ ਉਸਦੇ ਇਸ ਭੋਲੇ ਜਿਹੇ ਸਵਾਲ ਤੇ ਨਾ ਹੈਰਾਨੀ ਹੋਈ ਸੀ ਨਾ ਗੁੱਸਾ ਆਇਆ ਸੀ ਪਰ ਮੈਂ ਇਸ ਸਵਾਲ ਦਾ ਜਵਾਬ ਬਹੁਤ ਸੋਚ ਸਮਝ ਕੇ ਉਸ ਨੂੰ ਦੇਣਾ ਚਾਹੁੰਦੀ ਸੀ। ਨਾਲੇ ਇਥੇ ਦੇ ਜਮਪਲ ਬੱਚੇ ਭੋਲੇ ਤੇ ਇਮਨਦਾਰ ਹਨ। ਇਹਨਾਂ ਕੋਲ ਵਲ-ਵਲੇਵਾਂ ਝੂਠ ਨਹੀਂ ਹੈ। ਇਸ ਤਰਾਂ ਦੇ ਸਵਾਲ ਸਾਡੇ ਪੰਜਾਬੀ ਬੱਚਿਆਂ ਵੱਲੋਂ ਉੱਠਣੇ ਆਮ ਹੀ ਹਨ।

ਕੀ ਪਿਆਰ ਕਰਨਾ ਕਿਉਂ ਮਨਾ ਹੈ ? ਕਾਹਦੇ ਸਾਡੇ ਲੜਕੇ ਜਾਂ ਲੜਕੀਆਂ ਦੋਸਤ ਨਹੀਂ ਹੋ ਸਕਦੇ ? ...ਬਗੈਰਾ ਬਗੈਰਾ । ਸਾਨੂੰ ਮਾਪਿਆਂ ਨੂੰ ਜ਼ਿਹਨੀ ਤੌਰ 'ਤੇ ਤਿਆਰ ਹੋਣਾ ਚਾਹੀਦੈ। ਠਰੰਮੇ ਨਾਲ ਉਸ ਵੇਲੇ ਪੇਸ਼ ਆਉਣ ਚਾਹੀਦਾ ਹੈ ਨਾ ਕਿ ਵਿਰੋਧ ਜਾਂ ਗੁੱਸੇ ਵਿੱਚ । ਇਹ ਉਹ ਨਾਜ਼ੁਕ ਸਮਾਂ ਹੈ ਜਦ ਬੱਚੇ ਤੁਹਾਡੇ ਤੋਂ ਦੋਸਤੀ ਦੀ ਉਮੀਦ ਰੱਖਦੇ ਹਨ ਤੇ ਤੁਸੀਂ ਉਨਾਂ ਤੋਂ ਵਿਸ਼ਵਾਸ ਦੀ ।

ਉਹ ਵਿਸ਼ਵਾਸ ਜਿਹੜਾ ਉਮਰ ਭਰ ਲਈ ਬਨਦਾ ਹੈ। ਉਹ ਰਿਸ਼ਤਾ ਜਿਹੜਾ ਮਾਂ ਤੇ ਧੀ ਵਿਚਕਾਰ ਪਿਆਰਾ ਤੇ ਮੁਲਾਇਮ ਜਿਹਾ ਬਨਦਾ ਹੈ। ਧੀ ਤੇ ਬਾਪ ਵਿਚਕਾਰ ਅਣਖ ਤੇ ਆਤਮਵਿਸ਼ਵਾਸ ਦਾ ਬਨਦਾ ਹੈ। ਖੈਰ! ਇਹ ਗੱਲ ਉਸ ਸਮੇਂ ਦੀ ਹੈ ਜਦ ਮੇਰੀ ਧੀ ਅੱਠਵੀਂ ਕਲਾਸ ਵਿੱਚ ਪੜਦੀ ਸੀ ।

ਬੈਸੇ ਕਿੰਨਾ ਔਖਾ ਹੈ ਇਕਲੌਤੀ ਔਲਾਦ ਨੂੰ ਪਾਲਣਾ। ਖਾਸ ਕਰਕੇ ਦੋਹਰੇ ਸੱਭਿਆਚਾਰ ਵਾਲੇ ਮੁਲਕ ਵਿੱਚ । ਜਿਥੇ ਤੁਸੀਂ ਆਪਣੀ ਪਹਿਚਾਣ ਆਪਣੇ ਸੰਸਕਾਰ ਰੀਤੀ ਰਿਵਾਜਾਂ ਬਾਰੇ ਬੱਚੇ ਨੂੰ ਦੱਸਣਾ ਤੇ ਸਮਝਾਉਣਾ ਹੁੰਦਾ ਹੈ।

ਇਕਲੌਤੇ ਧੀ ਪੁੱਤ ਨੂੰ ਪਾਲਣਾ। ਦੋਸਤ ਸਹੇਲੀਆਂ ਦੇ ਸਪੁਰਦ ਕਰਨਾ ਜਿਥੋਂ ਉਸਨੇ ਸਮਾਜਿਕ ਬੋਲ ਬਾਣੀ ਸਲੀਕੇ ਪਹਿਰਾਵਾ ਰਹਿਣ ਸਹਿਣਾ ਸਿੱਖਣਾ ਹੁੰਦਾ ਹੈ ਬਹੁਤ ਔਖਾ ਹੈ। ਘਰ ਵਿੱਚ ਮਾਂ ਬੱਚੇ ਨੂੰ ਪਰਿਵਾਰਕ ਰਹਿਣ ਸਹਿਣ ਸਿਖਾਉਂਦੀ ਹੈ। ਸਕੂਲ ਵਿੱਚ ਅਧਿਆਪਕ ਅਨੁਸ਼ਾਨ ਸਿਖਾਉਂਦੇ ਆ...ਤੇ ਸਾਡੀ ਅਸਲ ਪਹਿਚਾਣ ਚੰਗਾ ਮਾੜਾ ਕਿਰਦਾਰ ਸਾਡਾ ਆਲ ਦੁਆਲ ਸਾਡੇ ਦੋਸਤ ਮਿੱਤਰ ਘੜਦੇ ਹਨ ਜਾਂ ਅਸੀਂ ਉਨਾਂ ਨੂੰ ਦੇਖ ਕੇ ਘੜਦੇ ਹਾਂ। ਜਿਹੜੇ ਸਾਡੇ ਕਿਰਦਾਰ ਦਾ ਸਬੂਤ ਬਣਦੇ ਹਨ।ਸਾਨੂੰ ਚੰਗਾ ਇਨਸਾਨ ਸਾਡੇ ਚੰਗੇ ਦੋਸਤ ਬਣਾਉਂਦੇ ਹਨ।

ਖੈਰ, ਮੈਂ ਹੁਣ ਤੱਕ ਆਪਣੀ ਧੀ ਨੂੰ ਕਿਸੇ ਵੀ ਤਰਾਂ ਦੀ ਘਾਟ ਮਹਿਸੂਸ ਹੋਣ ਹੀ ਨਹੀਂ ਦਿੱਤੀ ਕਿਉਂਕਿ ਮੈਂ ਮਾਂ ਘੱਟ ਤੇ ਸਹੇਲੀ ਜਿਆਦਾ ਹਾਂ। ਪਰ ਮੈਂ ਇੱਕ ਬਹੁਤ ਸਖਤ ਮਾਂ ਵੀ ਹਾਂ । ਮੇਰੇ ਇਸ ਰਵੱਈਏ ਤੋਂ ਕਦੇ ਕਦੇ ਮੇਰੀ ਧੀ ਤੰਗ ਪੈ ਕੇ ਆਖ ਵੀ ਦਿੰਦੀ ਹੈ, 'ਮਾਂ ਤੂੰ ਕਦੇ ਕਦੇ Typical ਪੰਜਾਬੀ ਮਾਂ ਜਿਹੀ ਬਣ ਜਾਂਦੀ ਹਾਂ, ਜਿਹੜੀ ਸੋਚਦੀ ਆ ਕੁੜੀਆਂ ਨੂੰ ਆਹ ਨੀ ਕਰਨਾ ਚਾਹੀਦਾ ਓਹ ਨਹੀਂ ਕਰਨਾ ਚਾਹੀਦਾ।'

ਜਦ ਉਹ ਤਿੜਕੀ ਜਿਹੀ ਪੋਲੀ ਜਿਹੀ ਜਰਮਨ ਮਿਸ਼ਰਣ ਪੰਜਾਬੀ ਬੋਲੀ ਵਿੱਚ ਮੇਰੀ ਅਲੋਚਨਾ ਕਰਦੀ ਆ ਤਾਂ ਮੇਰਾ ਹਾਸਾ ਬਹੁਤ ਨਿਕਲਦਾ ਹੁੰਦਾ ਹੈ। ਜਦ ਉਹ ਆਪਣੀ ਅਲੋਚਨਾ ਖਤਮ ਕਰ ਲੈਂਦੀ ਤਾਂ ਮੈਂ ਪੁੱਛਦੀ ਹੁੰਦੀ ਹਾਂ.... ਅੱਛਾ ਸੋਹਣੀ! ਤੇਰਾ ਲੈਕਚਰ ਖਤਮ ਹੋ ਗਿਆ ? ਓਹ ਫੇਰ ਹੱਸ ਪਊਗੀ।

ਪਰ, ਅੱਜ ਮੇਰੀ ਧੀ ਦੇ ਤੇਵਰ ਹੋਰ ਸਨ। ਉਹ ਸ਼ਾਇਦ ਕਿਸੇ ਲੜਕੇ ਨੂੰ ਪਸੰਦ ਕਰਦੀ ਸੀ ਅਤੇ ਮੇਰੇ ਤੋਂ ਸ਼ਾਇਦ ਪਿਆਰ ਕਰਨ ਦੀ ਇਜ਼ਾਜਤ ਮੰਗਦੀ ਸੀ ।

ਉਹਦੇ ਅੰਦਰ ਕਿਸੇ ਤਰਾਂ ਦਾ ਡਰ ਹੈ ।ਇਹ ਇਸ ਤਰਾਂ ਦਾ ਮੇਰਾ ਆਪਣਾ ਹੀ ਕਿਆਸ ਸੀ । ਮੈਂ ਖਾਣਾ ਤਿਆਰ ਕੀਤਾ ਦੋਹਾਂ ਨੇ ਖਾਧਾ ਉਹ ਹਾਲੇ ਵੀ ਚੁੱਪ ਸੀ ।

ਜਿਵੇਂ ਉਹ ਮੈਥੋਂ ਜਵਾਬ ਦੀ ਉਡੀਕ ਵਿੱਚ ਸੀ ।

ਮੈਂ ਆਖਰੀ ਬੁਰਕੀ ਖਾਂਦੀ ਨੇ ਉਸ ਦੀ ਗੱਲ ਦਾ ਜਵਾਬ ਦੇਣ ਦੀ ਸ਼ੁਰੂਆਤ ਕੀਤੀ ।

'ਦੱਸੋ... ਮੈਂ ਕਦੋਂ ਕੋਈ ਲੜਕਾ ਆਪਣਾ ਦੋਸਤ ਬਣਾ ਸਕਦੀ ਹਾਂ ?' ਹੁਣ ਉਹਦੇ ਤਰੀਕੇ ਵਿੱਚ ਨਿਮਰਤਾ ਭਾਵੇਂ ਸੀ ਪਰ ਪਿੱਛੇ ਜਿੱਦ ਝਲਕ ਰਹੀ ਸੀ । ਮੈਂ ਫੇਰ ਉਸਦੇ ਚਿਹਰੇ ਵੱਲ ਦੇਖ ਕੇ ਚੁੱਪ ਰਹੀ।

'ਕੀ ਤੁਸੀਂ ਹੂੰ ...ਹੂੰ ....ਕਰੀ ਜਾਅ ਰਹੇ ਹੋ ਮੈਨੂੰ ਜਵਾਬ ਚਾਹੀਦਾ ?' ਜਿਵੇਂ ਧੀ ਨੇ ਮੈਨੂੰ ਹੁਕਮ ਦਿੱਤਾ ਹੋਵੇ ।

ਮੈਂ ਉਸਦੇ ਲੰਮੇ ਵਾਲਾਂ ਦੀ ਗੁੱਤ ਪਿੱਛਾਂ ਕੀਤੀ ਤੇ ਕਿਹਾ, 'ਸੋਹਣੋ ਤੈਨੂੰ ਮੈਂ ਕਦ ਕਿਹਾ ਹੈ ਕਿ ਕੋਈ ਲੜਕਾ ਤੇਰਾ ਦੋਸਤ ਨਹੀਂ ਬਣ ਸਕਦਾ ?'

ਉਸ ਨੇ ਹੈਰਾਨੀ ਨਾਲ ਮੇਰੇ ਵੱਲ ਦੇਖਿਆ ਤੇ ਪੁੱਛਿਆ, 'ਸੱਚੀਂ ਮਾਂ ਮੈਂ ਕਿਸੇ ਲੜਕੇ ਨੂੰ ਆਪਣਾ ਦੋਸਤ ਬਣਾ ਸਕਦੀ ਹਾਂ ?' ਬਿਲਕੁਲ ਬਣਾ ਸਕਦੀ ਐਂ ਮੈਂ ਪੂਰੇ ਵਿਸ਼ਵਾਸ ਨਾਲ ਕਿਹਾ ।

ਉਹਦੀਆਂ ਮਾਸੂਮ ਜਿਹੀਆਂ ਅੱਖਾਂ ਵਿੱਚਲੀ ਚਮਕ ਹੋਰ ਚਮਕਣ ਲੱਗੀ । ਤੂੰ ਉਸ ਲੜਕੇ ਦੋਸਤ ਨਾਲ ਕਿੰਦਾਂ ਦੀ ਦੋਸਤੀ ਰੱਖਣਾ ਚਾਹੁੰਦੀ ਹੈ ? ਮੈਂ ਮਾਂ ਦੇ ਦਿਲ ਦੇ ਡਰ ਵਾਲੀ ਗੱਲ ਨਾਲ ਹੀ ਪੁੱਛੀ।

ਉਹ ਮਾਸੂਮ ਜਿਹਾ ਹੱਸੀ ਤੇ ਕਿਹਾ, 'ਮਾਂ ਮੈਂ ਕਦੇ ਕਦੇ ਉਹਦੇ ਹੱਥਾਂ ਵਿੱਚ ਹੱਥ ਪਾ ਕੇ ਸੈਰ ਕਰਨਾ ਚਾਹੁੰਦੀ ਹਾਂ, ਉਹ ਦੇ ਨਾਲ ਫਿਲਮ ਦੇਖਣ ਜਾਣਾ ਚਾਹੁੰਦੀ ਹਾਂ, ਸਕੂਲ ਦੀ ਪੜਾਈ ਉਹਦੇ ਨਾਲ ਕਰਨਾ ਚਾਹੁੰਦੀ ਹਾਂ, ਉਹਦੇ ਨਾਲ ਦੇਰ ਤੱਕ ਨਹਿਰ ਵੱਲ ਸਾਇਕਲ ਚਲਾ ਕੇ ਅਨੰਦ ਲੈਣਾ ਚਾਹੁੰਦੀ ਹਾਂ ਛੁੱਟੀ ਵਾਲੇ ਦਿਨ ਕਦੇ ਉਸ ਨਾਲ ਪਿਕਨਿਕ ਮਨਾਉਣਾ ਚਾਹੁੰਦੀ ਤੇ ਰੰਗ ਬਰੰਗੀਆਂ ਤਿੱਤਲੀਆਂ ਫੜਨਾ ਚਾਹੁੰਦੀ ਹਾਂ...ਤੇ ਮਾਂ ..ਮੈਂ ਉਹ ਨੂੰ ਇਹ ਵੀ ਦੱਸਣਾ ਚਾਹੁੰਦੀ ਹਾਂ ਕਿ ਮੇਰੀ ਪਸੰਦ ਦਾ ਕਿਹੜਾ ਰੰਗ ਹੈ !' ਕਹਿ ਕੇ ਉਹ ਹੱਸ ਪਈ....

ਬਾਕੀ ਸਫ਼ਾ 31 'ਤੇ



# ਔਰਤ ਦੀ ਨਿੱਜੀ ਜ਼ਿੰਦਗੀ

ਸੁਖਵਿੰਦਰ ਅੰਮ੍ਰਿਤ

ਸਾਡੇ ਪਿੰਡਾਂ ਸ਼ਹਿਰਾਂ ਚ ਕੋਈ ਨਾ ਕੋਈ ਅਜਿਹਾ ਜਰੂਰ ਹੁੰਦਾ ਜਿਸ ਬਾਰੇ ਅਸੀਂ ਅਕਸਰ ਕਹਿੰਦੇ ਸੁਣਦੇ ਆਏ ਹਾਂ ਕਿ 'ਬੰਦਾ ਤਾਂ ਠੀਕ ਹੈ, ਪਰ ਘਰੋਂ ਘੱਟ ਨਿਕਲਿਆ' ਜਾਂ ਕਹਿ ਦਿੰਦੇ ਹਾਂ ਕਿ 'ਬੰਦਿਆਂ ਵਿਚ ਘੱਟ ਬੈਠਾ।' ਇਹ ਧਾਰਨਾ ਵਰਤਣ ਦਾ ਮਤਲਬ ਹੁੰਦਾ ਹੈ 'ਘੱਟ ਅਕਲ ਵਾਲਾ ਹੋਣਾ।' ਕੋਰੋਨਾ ਲਾਕਡਾਊਨ 'ਚ ਬਹੁਤ ਬੰਦੇ ਘਰ ਰਹਿਣ ਕਾਰਨ ਡਿਪਰੈਸ਼ਨ ਵਿਚ ਚਲੇ ਗਏ ਸਨ ਜਿਨਾਂ ਦੀਆਂ ਖ਼ਬਰਾਂ ਅਖਬਾਰਾਂ ਵਿਚ ਛਪੀਆ। ਦੇਰ ਰਾਤ ਤੱਕ ਚੱਲਣ ਵਾਲੀਆਂ ਯਾਰਾਂ ਦੀਆਂ ਮਹਿਫ਼ਲਾਂ ਬੰਦ ਹੋਣਾ ਹੀ ਮਰਦ ਲਈ ਕਰਫਿਊ ਬਣ ਗਿਆ ਸੀ। ਬਹੁਤ ਬੰਦਿਆਂ ਨੂੰ ਆਦਤ ਹੁੰਦੀ ਹੈ ਕਿ ਜੇ ਇੱਕ ਗੇੜਾ ਸੱਥ ਵਿਚ ਨਾ ਕੱਢਣ ਤਾਂ ਉਹ ਓਪਰਾ ਜਿਹਾ ਕਰਨ ਲੱਗ ਜਾਂਦੇ ਹਨ।ਕਈ ਹੁੰਦੇ ਹਨ ਉਨਾਂ ਨੇ ਰੋਜ਼ਾਨਾ ਇੱਕ ਗੇੜਾ ਸ਼ਹਿਰ ਕੱਢਣਾ ਹੁੰਦਾ ਹੈ।

ਮੋਗੇ ਇੱਕ ਰੂਬਰੂ ਵਿਚ ਦੋਸਤ ਨੇ ਸਵਾਲ ਪੁਛਿਆ ਕਿ ਸਾਡੇ ਘੁੰਮਣ ਜਾਣ ਤੋਂ ਘਰ ਵਾਲੀਆਂ ਬਹੁਤ ਪ੍ਰੇਸ਼ਾਨ ਰਹਿੰਦੀਆਂ ਹਨ। ਮੇਰਾ ਜਵਾਬ ਹੈ ਕਿ ਉਨਾਂ ਦਾ ਪ੍ਰੇਸ਼ਾਨ ਹੋਣਾ ਜਾਇਜ਼ ਹੈ ਕਿਉਂਕਿ ਉਨਾਂ ਨੂੰ ਪਤਾ ਹੀ ਨਹੀਂ ਘੁੰਮਣਾ ਕੀ ਹੁੰਦਾ ਹੈ ? ਉਨਾਂ ਨੂੰ ਸਿਰਫ ਨੇੜੇ ਲਗਦੀ ਕਿਸੇ ਮੱਸਿਆ ਦਾ ਪਤਾ ਜਾਂ ਕਿਸੇ ਮਾਤਾ ਦੀ ਚੌਂਕੀ ਦਾ ।ਉਹ ਵੀ ਤਾਂ ਪਤਾ ਕਿਉਂਕਿ ਸਹੁਰਿਆਂ ਦਾ ਕੋਈ ਵਡੇਰਾ ਸੁਪਨੇ ਵਿਚ ਆ ਕੇ ਤੰਗ ਕਰਦਾ ਹੋਣਾ । ਕਿਸੇ ਦੀ ਮੱਝ ਨਹੀਂ ਮਿਲਦੀ, ਕਿਸੇ ਦੇ ਧੀ ਪੁੱਤ ਦਾ ਰਿਸ਼ਤਾ ਸਿਰੇ ਨਹੀਂ ਚੜਦਾ ਹੋਣਾ।

ਸਾਡੇ ਘਰਾਂ ਵਿਚ ਵਸੀਆਂ ਔਰਤਾਂ ਉਹੀ ਹਨ ਜਿਨਾਂ ਨੇ ਸਾਰੀ ਉਮਰ ਚੌਂਕੇ ਤੋਂ ਲੈ ਕੇ ਪਸ਼ੂਆਂ ਵਾਲੇ ਵਾੜੇ ਤੱਕ ਆਊਟਿੰਗ ਕੀਤੀ ਹੈ।ਕੋਈ ਹੋਣੀ ਜਿਹੜੀ ਕਾਲਜ ਜਾਂ ਯੂਨੀਵਰਸਿਟੀ ਗਈ ਹੋਣੀ ਤੇ ਉਹਦੇ ਲਈ ਵੀ ਵਾਰਡਨ ਨੂੰ ਸਖ਼ਤ ਹਦਾਇਤ ਹੋਣੀ ਹੈ ਕਿ ਕੁੜੀ ਕਾਲਜ ਹੋਸਟਲ ਦੀ ਚਾਰਦੀਵਾਰੀ ਤੋਂ ਬਾਹਰ ਨਹੀ ਜਾਣੀ ਚਾਹੀਦੀ। ਪ੍ਰਿੰਸੀਪਲ ਨੂੰ ਹਫ਼ਤੇ ਬਾਅਦ ਫੋਨ ਜਾਂਦਾ ਹੋਣਾ ਕਿ ਕੁੜੀ ਕੰਟੀਨ ਵਿਚ ਜਿਆਦਾ ਸਮਾਂ ਤਾਂ ਨਹੀ ਬੈਠਦੀ।

ਇਹੀ ਤਾਂ ਉਹ ਨਾਰੀਵਾਦ ਹੈ, ਜਿਸਦੀ ਗੱਲ ਹੋਣੀ ਚਾਹੀਦੀ ਹੈ ਪਰ ਆਪੇ ਬਣਿਆ ਨਾਰੀਵਾਦ ਹੋਰ ਹੀ ਪਾਸੇ ਹੋ ਤੁਰਿਆ, ਫੇਸਬੁੱਕ ਤੇ ਝੱਗ ਸਿੱਟਣ ।ਇਹੀ ਉਹ ਪਿੱਤਰਸੱਤਾ ਹੈ ਜਿਸਦੀ ਜੜ ਜਾਣੇ ਅਣਜਾਣੇ 'ਚ ਸਾਡੇ ਹਰੇਕ ਦੇ ਜ਼ਿਹਨ ਵਿਚ ਲੱਗੀ ਹੋਈ ਹੈ।

ਅੱਜ ਵੀ ਬਹੁਤ ਘਰ ਹਨ ਜਿੱਥੇ ਔਰਤ ਟੀ ਵੀ ਨਹੀਂ ਵੇਖ ਸਕਦੀ। ਮੋਬਾਇਲ ਫੋਨ ਨਹੀਂ ਰੱਖ ਸਕਦੀ। ਘਰ ਦੇ ਬਾਹਰ ਗਏ ਹੋਣ ਤਾਂ ਕੁੜੀਆਂ ਮਗਰੋਂ ਚੋਰੀ ਜੀਨ ਪਾ ਕੇ ਆਪਣੇ ਚਾਅ ਪੂਰੇ ਕਰਦੀਆਂ ਹਨ। ਕਿਤਾਬਾਂ ਪੜਨ ਵਾਲੀ ਕੁੜੀ ਨੂੰ ਅਵੱਲੀ ਜੀ ਨਿਗਾਹ ਨਾਲ ਵੇਖਿਆ ਜਾਂਦਾ ਹੈ।ਰਿਸ਼ਤੇਦਾਰ ਗੱਲਾਂ ਕਰਦੇ ਹਨ ਕਿ 'ਭਾਈ ਉਨਾਂ ਦੀ ਕੁੜੀ ਤਾਂ ਕਿਤਾਬਾਂ ਪੜਦੀ ਹੈ ਤੇ ਹੋਰ ਹੀ ਲੀੜੇ ਪਾਉਂਦੀ ਹੈ।'

ਆਮ ਘਰਾਂ ਵਿਚ ਇਹ ਸੋਚਿਆ ਹੀ ਨਹੀਂ ਜਾਂਦਾ ਕਿ ਔਰਤ ਦੇ ਆਪਣੇ ਕੋਈ ਸ਼ੌਕ ਹੋ ਸਕਦੇ ਹਨ, ਔਰਤ ਨੂੰ ਮਰਦ ਦੀ ਜ਼ਿੰਦਗੀ ਵਿਚ ਰਲਗੱਡ ਕਰਕੇ ਵੇਖਿਆ ਜਾਂਦਾ ਹੈ।

'ਦਾ ਸੈਕਿੰਡ ਸੈਕਸ' ਕਿਤਾਬ ਦੀ ਮਸ਼ਹੂਰ ਲੇਖਿਕਾ ਸਿਮੋਨ ਦ ਬੋਵਅਰ ਔਰਤ ਮਰਦ ਦੇ ਪਿਆਰੇ ਰਿਸ਼ਤੇ ਬਾਰੇ ਲਿਖਦੀ ਹੈ ਕਿ : 'ਇਕ ਦੂਜੇ ਨੂੰ ਸ਼ਿੱਦਤ ਨਾਲ ਪਿਆਰ ਕਰਨ ਦਾ ਅਰਥ ਹੈ, ਇਕ ਦੂਜੇ ਦੀ ਨਿੱਜੀ ਸੁਤੰਤਰਤਾ ਦਾ ਸਤਿਕਾਰ ਕਰਨਾ।'

ਪਰ ਸਾਡੇ ਮਰਦ ਪ੍ਰਧਾਨ ਸਮਾਜ ਵਿਚ ਔਰਤ ਦੀ ਨਿੱਜੀ ਸੁਤੰਤਰਤਾ ਨੂੰ ਜਾਂ ਤਾਂ ਮੰਨਿਆ ਹੀ ਨਹੀਂ ਜਾਂਦਾ ਤੇ ਜਾਂ ਇਸ ਨੂੰ ਔਰਤ ਦੇ ਚਰਿੱਤਰ ਨਾਲ ਸਿੱਧਾ ਜੋੜਿਆ ਜਾਂਦਾ ਹੈ। ਘਰ ਦੀ ਇਕੱਲਤਾ ਕਾਰਨ ਔਰਤਾਂ ਬਹੁਤ ਤਰਾਂ ਦੇ ਮਾਨਸਿਕ ਰੋਗਾਂ ਤੋਂ ਗ੍ਰਸਤ ਹੋ ਜਾਂਦੀਆਂ ਹਨ। ਉਨਾਂ ਦਾ ਮਾਨਸਿਕ ਵਿਕਾਸ ਰੁਕ ਜਾਂਦਾ ਹੈ। ਤੇਜ਼ੀ ਨਾਲ ਭੱਜ ਰਹੇ ਸਮਾਜ ਤੋਂ ਘਰੇਲੂ ਔਰਤ ਸਦਾ ਪਿੱਛੇ ਰਹਿੰਦੀ ਆ ਰਹੀ ਹੈ। ਵੱਡੇ ਕਾਲਜ ਯੂਨੀਵਰਸਿਟੀਆ ਹੋਸਟਲਾਂ ਵਿਚ ਪੜਨ ਵਾਲੀਆਂ ਕੁੜੀਆਂ ਨੂੰ ਜਦ ਕੋਈ ਪੱਥਰ ਯੁੱਗ ਵਿਚ ਰਹਿਣ ਵਾਲਾ ਪਰਿਵਾਰ ਮਿਲ ਜਾਂਦਾ ਹੈ ਤਾਂ ਇਨਾਂ ਕੁੜੀਆਂ ਦੇ ਸੁਪਨੇ ਸਿੱਲ ਪੱਥਰ ਹੋ ਜਾਂਦੇ ਹਨ।

ਬਹੁਤ ਕੁੜੀਆਂ ਦੀਆਂ ਡਿਗਰੀਆਂ ਉਨਾਂ ਦੇ ਚੁੱਲੇ ਤੇ ਰੱਖੇ ਤਵੇ ਉੱਤੇ ਸੜ ਜਾਂਦੀਆਂ ਹਨ। ਪਾਲਤੂ ਪਸ਼ੂਆਂ ਦੀਆਂ ਪੂਛਾਂ ਉਨਾਂ ਦੇ ਸੁਪਨਿਆਂ ਨੂੰ ਆਪਣੇ ਮਲ-ਮੂਤਰ ਵਿਚ ਭਿਉਂ ਦਿੰਦੀਆਂ ਹਨ। ਸਮਾਜ ਨੂੰ ਸੋਹਣਾ ਬਣਾਉਣ ਲਈ ਸਾਨੂੰ ਔਰਤ ਨੂੰ ਸਮਾਜਿਕ ਅਤੇ ਮਨੋਵਿਗਿਆਨਕ ਪੱਖ ਤੋਂ ਸਮਝਣਾ ਹੀ ਪਵੇਗਾ। ਖ਼ਲੀਲ ਜਿਬਰਾਨ ਔਰਤ ਮਰਦ ਦੇ ਰਿਸ਼ਤੇ ਬਾਰੇ ਕਹਿੰਦਾ ਹੈ ਕਿ : ਨਾਲ ਨਾਲ ਰਹਿੰਦਿਆਂ ਕੁਝ ਫਾਸਲਾ ਵੀ ਲਾਜ਼ਮੀ ਹੈ, ਤਾਂ ਜੋ ਸੁਰਗ ਦੀ ਹਵਾ ਦੋਹਾਂ ਵਿਚਕਾਰ ਖੁੱਲ ਕਿ ਨੱਚ ਸਕੇ। ਪੂਰੇ ਸਮਾਜ ਨਾਲੋਂ ਕੱਟੀ ਹੋਈ ਘਰਾਂ ਅੰਦਰ ਕੈਦ ਔਰਤ ਸਿਰ ਸਾਡਾ ਉਲਾਂਭਾ ਹੈ ਕਿ ਉਸਦੀ ਮੱਤ ਗਿੱਚੀ ਪਿੱਛੇ ਹੈ। ਔਰਤ ਨੂੰ ਇਹ ਉਲਾਂਭਾ ਦੇਣ ਵਾਲਿਆ ਨੂੰ ਅੰਮ੍ਰਿਤਾ ਪ੍ਰੀਤਮ ਦਾ ਇਹ ਮਿਹਣਾ ਹੈ ਕਿ ਮਰਦ ਨੇ ਸਿਰਫ ਔਰਤ ਨਾਲ ਸੌਣਾ ਸਿੱਖਿਆ ਹੈ ਜਾਗਣਾ ਨਹੀਂ।

**ਜੇ ਰਾਹਾਂ ਵਿੱਚ**
**ਬੰਦਿਆਂ ਦੇ ਮੂੰਹਾਂ ਵਾਲੇ**
**ਸ਼ੇਰ ਬਘੇਲੇ ਨਾ ਹੁੰਦੇ**
**ਤਾਂ ਕੁੜੀਆਂ ਵੀ ਜਾ ਸਕਦੀਆਂ ਸੀ**
**ਬਾਬੇ ਨਾਨਕ ਵਾਂਗ ਉਦਾਸੀਆਂ 'ਤੇ**
**ਕੁੜੀਆਂ ਵੀ ਕਰ ਸਕਦੀਆਂ ਸੀ**
**ਗੌਤਮ ਬੁੱਧ ਵਾਂਗ ਨਿਰਵਾਣ ਦੀ ਪ੍ਰਾਪਤੀ**
**ਫੇਰ ਸੱਤਾਂ ਰਿਸ਼ੀਆਂ ਵਿੱਚ**
**ਕੋਈ ਰਿਸ਼ਿਕਾ ਵੀ ਹੁੰਦੀ ਜ਼ਰੂਰ ਸ਼ਾਮਿਲ।**

# ਅਸਲ ਜ਼ਿੰਦਗੀ ਦੀ ਨਾਇਕਾ : ਜੋਤੀ ਦੀਪਕ ਨੈਨਵਾਲ

ਅਸ਼ੋਕ ਸੋਨੀ
੯੮੭੨੭੦੫੦੭੮

ਇੱਕ ਵਾਸਤਵਿਕ, ਆਧੁਨਿਕ, ਭਾਰਤੀ ਦੇਸ਼ਭਗਤ, ਮਹਾਨਾਇਕਾ ਦੀ ਅਨੋਖੀ, ਦਿਲ ਨੂੰ ਛੂਹ ਲੈਣ ਵਾਲੀ, ਭਾਵੁਕ ਸੱਚੀ ਕਹਾਣੀ, ਪੜ ਕੇ ਤੁਸੀਂ ਵੀ ਕਹੋਗੇ, ਜੋਤੀ ਨੈਨਵਾਲ, ਮਾਣ ਹੈ ਭੈਣੇ ਤੇਰੇ ਤੇ ।

ਕਰੀਬ ਸਾਢੇ ਕੁ ਤਿੰਨ ਸਾਲ ਪਹਿਲਾਂ ਮਿਤੀ 10 ਅਪ੍ਰੈਲ 2018, ਸਥਾਨ ਸੀ, ਜੰਮੂ-ਕਸ਼ਮੀਰ ਦਾ ਜ਼ਿਲਾ ਕੁਲਗਾਮ, ਅੱਤਵਾਦੀਆਂ ਅਤੇ ਦੇਸ਼ ਦੇ ਬਹਾਦਰ ਜਵਾਨਾਂ ਵਿਚਾਲੇ ਹੋਏ ਭਿਆਨਕ ਮੁਕਾਬਲੇ ਨੇ ਦੇਵਭੂਮੀ ਦੇ ਪਿੰਡ ਸਿੱਧਪਰਮ ਦੇ ਮਹਾਨ ਦੇਸ਼ ਭਗਤ ਨੈਨਵਾਲ ਪਰਿਵਾਰ ਦੀ ਦਸ਼ਾ ਅਤੇ ਦਿਸ਼ਾ ਹੀ ਬਦਲ ਦਿੱਤੀ ।1971 ਦੀ ਜੰਗ ਵਿੱਚ ਹਿੱਸਾ ਲੈਣ ਵਾਲੇ ਸੇਵਾਮੁਕਤ ਸੈਨਿਕ ਸ੍ਰੀ ਚੱਕਰਧਰ ਨੈਨਵਾਲ ਦੇ ਪੁੱਤਰ ਅਤੇ ਸੁਤੰਤਰਤਾ ਸੈਨਾਨੀ ਸ਼੍ਰੀ ਸੁਰੇਸ਼ਾਨੰਦ ਨੈਨਵਾਲ ਦੇ ਪੋਤਰੇ, ਮਹਾਨ ਦੇਸ਼ਭਗਤ ਜਵਾਨ ਨਾਇਕ ਦੀਪਕ ਨੈਨਵਾਲ ਨੇ 17 ਘੰਟੇ ਲਗਾਤਾਰ ਅੱਤਵਾਦੀਆਂ ਨਾਲ ਬਹਾਦਰੀ ਨਾਲ ਲੜਦੇ ਹੋਏ ਛਾਤੀ ਤੇ ਦੋ ਗੋਲੀਆਂ ਖਾਧੀਆਂ ਪਰ ਇਸ ਤੋਂ ਬਾਅਦ ਵੀ ਮੈਦਾਨ-ਏ-ਜੰਗ ਵਿੱਚ ਕਾਇਮ ਰਿਹਾ, ਬਾਅਦ ਵਿਚ ਹਸਪਤਾਲ ਲਿਜਾਇਆ ਗਿਆ। ਸੇਨਾ ਦੇ ਵੱਡੇ-ਵੱਡੇ ਡਾਕਟਰਾਂ ਦੀ ਜੀ ਤੋੜ ਕੋਸ਼ਿਸ਼ਾਂ, ਮਾਤਾ ਪਾਰਵਤੀ ਦੇਵੀ, ਪਤਨੀ ਜੋਤੀ ਨੈਨਵਾਲ, 6 ਸਾਲ ਦੀ ਬੇਟੀ ਲਾਵਣਿਆ ਅਤੇ 4 ਸਾਲ ਦੇ ਮਾਸੂਮ ਬੇਟੇ ਰੇਯਾਂਸ਼ ਦੀਆਂ ਦੁਆਵਾਂ ਦਾ ਵੀ ਕੋਈ ਅਸਰ ਨਹੀਂ ਹੋਇਆ। ਦੀਪਕ ਨੈਨਵਾਲ ੪੦ ਦਿਨ ਤੱਕ ਮੌਤ ਨਾਲ ਲੜਾਈ ਲੜਨ ਤੋਂ ਬਾਅਦ ਸ਼ਹੀਦ ਹੋ ਗਏ। ਆਹ, ਮੈਨੂੰ ਯਾਦ ਹੈ 21 ਮਈ 2018 ਦਾ ਉਹ ਦਿਨ। ਜਦੋਂ ਸਾਰੇ ਦੇਸ਼ ਵਾਸੀਆਂ ਨੇ ਸ਼ਹੀਦ ਦੀਪਕ ਨੈਨਵਾਲ ਦੇ ਪਵਿੱਤਰ ਮ੍ਰਿਤਕ ਸਰੀਰ ਨੂੰ ਟੀਵੀ 'ਤੇ ਉਨਾਂ ਦੇ ਮਾਸੂਮ ਬੱਚਿਆਂ ਵੱਲੋਂ ਅੰਤਿਮ ਸਲਾਮੀ ਦਿੰਦੇ ਦੇਖਿਆ ਤਾਂ ਪੱਥਰ ਵੀ ਰੋ ਪਏ ਸਨ।

ਦੀਪਕ ਦੀ ਸ਼ਹਾਦਤ ਤੋਂ ਬਾਅਦ ਪੂਰਾ ਪਰਿਵਾਰ ਟੁੱਟ ਈ ਗਿਆ, ਖਾਸ ਕਰਕੇ ਦੀਪਕ ਦੀ ਪਤਨੀ ਜੋਤੀ, ਪਰ ਦੀਪਕ ਦੇ ਬੋਲ ਵਾਰ-ਵਾਰ ਜੋਤੀ



ਦੇ ਕੰਨਾਂ ਵਿਚ ਗੂੰਜਦੇ ਰਹੇ ਕਿ ਜੇਕਰ ਮੈਂ ਦੇਸ਼ ਲਈ ਸ਼ਹੀਦ ਹੋ ਜਾਵਾਂ ਤਾਂ ਤੂੰ ਫੌਜ ਵਿਚ ਜਾਵੀਂ। ਹਾਲਾਂਕਿ ਜੋਤੀ, ਜੋ ਕਿ ਉੱਤਰਾਖੰਡ ਦੇ ਇੱਕ ਸਧਾਰਨ ਪਰਿਵਾਰ ਤੋਂ ਸੀ, ਭਾਵਨਾਤਮਕ ਤੌਰ 'ਤੇ ਟੁੱਟ ਈ ਗਈ ਸੀ, ਪਰ ਜੋਤੀ ਦੀ ਮਾਂ ਦੀ ਪ੍ਰੇਰਨਾ ਨੇ ਹੈਰਾਨੀਜਨਕ ਕੰਮ ਕੀਤਾ। ਜੋਤੀ ਨੇ ਸੋਚ ਲਿਆ ਕਿ ਉਹ ਖੁਦ ਆਪਣੇ ਬੱਚਿਆਂ ਲਈ ਹੀ ਨਹੀਂ ਸਗੋਂ ਪੂਰੇ ਸਮਾਜ ਲਈ ਇਕ ਮਿਸਾਲ ਬਣੇਗੀ।

ਸਾਡਾ ਪ੍ਰੰਪਰਾਗਤ, ਰੂੜੀਵਾਦੀ ਸਮਾਜ, ਜੋ ਇਨਾਂ ਹਾਲਾਤਾਂ ਵਿੱਚ ਭੈਣ ਜੋਤੀ ਤੋਂ ਸਿਰਫ ਇਹੋ ਉਮੀਦ ਰੱਖਦਾ ਸੀ ਕਿ ਉਹ ਆਪਣੇ ਬੱਚਿਆਂ ਦਾ ਪਾਲਣ-ਪੋਸ਼ਣ ਕਰੇ ਤੇ ਉਮਰ ਭਰ ਲੋਕਾਂ ਦੀ ਹਮਦਰਦੀ ਦਾ ਪਾਤਰ ਬਣੀ ਰਹੇ ਪਰ ਜੋਤੀ ਤਾਂ ਇੱਕ ਬਹਾਦਰ ਔਰਤ ਸੀ, ਇਹ ਗੱਲ ਉਹ ਕਿੱਥੇ ਮੰਨਦੀ ਸੀ, ਉਸ ਨੇ ਆਪਣੇ ਆਪ ਨੂੰ ਸੰਭਾਲਦੇ ਹੋਏ, ਨਵਾਂ ਮੋਰਚਾ ਸੰਭਾਲ ਲਿਆ। ਮਾਂ ਦੇ ਪ੍ਰੇਰਨਾਦਾਇਕ ਸ਼ਬਦ, ਭਰਾ ਦਾ ਸਹਾਰ, ਸੱਸ-ਸਹੁਰੇ ਦਾ ਸਾਥ, ਮਹਾਰ ਰੈਜੀਮੈਂਟ ਦਾ ਸਹਿਯੋਗ ਅਤੇ ਉਸ ਦੇ ਪਤੀ ਦੇ ਪਹਿਲੇ ਬੋਲ ਕਿ ਜੇ ਉਸ ਨੂੰ ਕੁਝ ਵੀ ਹੋ ਜਾਵੇ ਉਸ ਨੂੰ ਫੌਜ ਵਿਚ ਭਰਤੀ ਹੋਣਾ ਹੈ, ਨੇ ਉਸ ਨੂੰ ਹਥਿਆਰਬੰਦ ਸੈਨਾ ਵਿਚ ਭਰਤੀ ਹੋਣ ਲਈ ਪ੍ਰੇਰਿਤ ਕੀਤਾ। ਆਪਣੇ ਪਤੀ ਦੀ ਸ਼ਹਾਦਤ ਦੇ ਦੋ ਮਹੀਨੇ ਬਾਅਦ ਈ ਜਦੋਂ ਜੋਤੀ ਨੇ ਦੁਬਾਰਾ ਪੜਾਈ ਸ਼ੁਰੂ ਕੀਤੀ ਤਾਂ ਲੋਕਾਂ ਨੇ ਵੱਖੋ-ਵੱਖਰੀਆਂ ਗੱਲਾਂ ਬਣਾਈਆਂ ਪਰ ਜੋਤੀ ਨੇ ਪ੍ਰਵਾਹ ਨਾਂ ਕਰਦੇ ਹੋਏ ਦ੍ਰਿੜ ਇਰਾਦੇ ਅਤੇ ਬੁਲੰਦ ਹੌਸਲੇ ਨਾਲ ਮਿਹਨਤ ਜਾਰੀ ਰੱਖੀ। ਇਨਾਂ ਔਖੇ ਹਾਲਾਤਾਂ ਦੌਰਾਨ ਬ੍ਰਿਗੇਡੀਅਰ ਚੀਮਾ ਅਤੇ ਕਰਨਲ ਐਮਪੀ ਸਿੰਘ ਨੇ ਜੋਤੀ ਨੂੰ ਰਾਹ ਦਿਖਾਉਣ ਦੀ ਜ਼ਿੰਮੇਵਾਰੀ ਬਾਖੂਬੀ ਨਿਭਾਈ।

ਸਰਵਿਸਿਜ਼ ਸਿਲੈਕਸ਼ਨ ਬੋਰਡ ਵਿੱਚ ਚੋਣ ਲਈ ਬਹੁਤ ਸਖ਼ਤ ਅਭਿਆਸ, ਸਿਖਲਾਈ, ਸਰੀਰਕ ਫਿਟਨੈਸ, ਅੰਗਰੇਜ਼ੀ ਭਾਸ਼ਾ ਅਤੇ ਹੋਰ ਵਿਸ਼ਿਆਂ ਵਿੱਚ ਬਹੁਤ ਜ਼ਿਆਦਾ ਨਿਪੁੰਨਤਾ ਦੀ ਲੋੜ ਹੁੰਦੀ ਹੈ। ਤੁਸੀਂ ਜ਼ਰਾ ਕਲਪਨਾ ਤਾਂ ਕਰੋ, ਇੱਕ ਆਮ ਭਾਰਤੀ 33 ਸਾਲਾ ਘਰੇਲੂ ਔਰਤ, ਦੋ ਛੋਟੇ ਬੱਚਿਆਂ ਦੀ ਮਾਂ, ਜੋ ਕੁਝ ਸਮਾਂ ਪਹਿਲਾਂ ਈ ਵਿਧਵਾ ਹੋ ਗਈ ਹੋਵੇ ਉਸਨੇ ਨਾ ਸਿਰਫ਼ ਆਪਣੇ ਆਪ ਨੂੰ ਟੁੱਟਣ ਤੋਂ ਬਚਾਇਆ, ਸਗੋਂ ਲਗਾਤਾਰ ਸਖ਼ਤ ਮਿਹਨਤ ਅਤੇ ਦ੍ਰਿੜ ਇਰਾਦੇ ਨਾਲ ਮਿਹਨਤ ਕਰਕੇ ਉਹ ਭਾਰਤੀ ਫੌਜ ਵਿੱਚ ਅਫਸਰ ਵਜੋਂ ਚੁਣੇ ਜਾਣ ਵਿੱਚ ਵੀ ਕਾਮਯਾਬ ਰਹੀ। ਧੰਨ ਹੋ ਤੁਸੀਂ ਭੈਣ ਜੋਤੀ ਨੈਨਵਾਲ, ਭਾਰਤ ਮਾਤਾ ਦੀ ਇਹ ਬਹਾਦਰ ਧੀ, ਜਿਸ ਨੇ ਮੁਸੀਬਤਾਂ ਦੇ ਸਾਹਮਣੇ ਖਿਲਰਣ ਦੀ ਥਾਂ ਆਪਣੇ ਆਪ ਨੂੰ ਪੂਰੇ ਦੇਸ਼ ਦੇ ਸਾਹਮਣੇ ਇੱਕ ਉੱਤਮ ਉਦਾਹਰਣ ਵਜੋਂ ਪੇਸ਼ ਕੀਤਾ ਹੈ।

20 ਨਵੰਬਰ 2021 ਨੂੰ, ਆਫੀਸਰਜ ਟ੍ਰੇਨਿੰਗ ਅਕੈਡਮੀ ਦੇ ਆਖਰੀ ਪੜਾਅ ਨੂੰ ਪਾਰ ਕਰਨ ਤੋਂ ਬਾਅਦ ਜਦੋਂ ਭੈਣ ਜੋਤੀ ਦੀਪਕ ਨੈਨਵਾਲ ਨੇ ਭਾਰਤੀ ਫੌਜ ਵਿੱਚ ਬਤੌਰ ਲੈਫਟੀਨੈਂਟ ਅਹੁਦਾ ਸੰਭਾਲਿਆ ਤਾਂ ਧੀ ਲਾਵਣਿਆ ਅਤੇ ਪੁੱਤਰ ਰੇਹਾਂਸ ਵੀ ਫੌਜ ਦੀ ਵਰਦੀ ਵਿੱਚ ਮਾਂ ਦੇ ਨਾਲ ਮੌਜੂਦ ਸਨ। ਇਸ ਰੂਹਾਨੀ ਤਸਵੀਰ ਵਿੱਚ ਤੁਸੀਂ ਸਾਰੇ ਮਾਂ ਦੀ ਅਥਾਹ ਤਾਕਤ ਅਤੇ ਇੱਕ ਬਹਾਦਰ ਔਰਤ ਦੇ ਅਸਾਧਾਰਨ ਸੰਘਰਸ ਦੇ ਦਰਸ਼ਨ ਕਰ ਭਾਵੁਕ ਹੋ ਜਾਵੋਗੇ। ਹੁਣ ਜੋਤੀ ਦੀਪਕ ਨੈਨਵਾਲ ਲੈਫਟੀਨੈਂਟ ਬਣ ਕੇ ਜਦੋਂ ਆਪਣੇ ਘਰ ਪੁੱਜੀ ਤਾਂ ਪੂਰੇ ਪਿੰਡ ਨੇ ਭਾਵੁਕ ਸਵਾਗਤ ਕੀਤਾ। ਸੱਸ-ਸਹੁਰੇ ਨੇ ਕਿਹਾ ਕਿ ਅਸੀਂ ਦੀਪਕ ਨੂੰ ਕਦੇ ਨਹੀਂ ਭੁੱਲ ਸਕਦੇ ਪਰ ਸਾਨੂੰ ਜੋਤੀ ਦੇ ਰੂਪ ਵਿਚ ਸਾਡਾ ਪੁੱਤਰ ਈ ਮਿਲ ਗਿਆ ਹੈ। ਉਥੇ ਹੀ ਜਦੋਂ ਜੋਤੀ ਪੈਕੇ ਪਿੰਡ ਪਹੁੰਚੀ ਤਾਂ ਪਰਿਵਾਰ ਦੇ ਸਾਰੇ ਜੀਆਂ ਅਤੇ ਪਿੰਡ ਵਾਸੀਆਂ ਨੇ ਵੀ ਆਪਣੀ ਵਿਲੱਖਣ ਧੀ 'ਤੇ ਮਾਣ ਮਹਿਸੂਸ ਕਰਦਿਆਂ ਅਦਭੁਤ ਰੂਹਾਨੀ ਸਤਿਕਾਰ ਦਿੱਤਾ। ਇਸ ਤੋਂ ਪਹਿਲਾਂ ਵੀ ਆਪਣੇ ਪਤੀ ਦੀ ਸ਼ਹਾਦਤ ਤੋਂ ਬਾਅਦ ਫੌਜ ਵਿੱਚ ਭਰਤੀ ਹੋਈਆਂ ਮੇਰੀਆਂ ਭੈਣਾਂ ਵਿੱਚ ਸ਼ਹੀਦ ਮੇਜਰ ਵਿਭੂਤੀ ਸ਼ੰਕਰ ਢੋਂਢਿਆਲ ਦੀ ਪਤਨੀ ਨਿਕਿਤਾ, ਸ਼ਹੀਦ ਸਸਿੀਰ ਮੱਲਾ ਦੀ ਵੀਰਵਧੂ ਸੰਗੀਤਾ ਅਤੇ ਸ਼ਹੀਦ ਅਮਿਤ ਸ਼ਰਮਾ ਦੀ ਪਤਨੀ ਪ੍ਰਿਯਾ ਸੇਮਵਾਲ ਆਦਿ ਸ਼ਾਮਲ ਹਨ, ਜਿਨਾਂ ਦਾ ਜ਼ਿਕਰ ਕੀਤੇ ਬਗੈਰ ਇਹ ਕਹਾਣੀ ਅਧੂਰੀ ਹੈ। ਮੈਂ ਆਸ ਕਰਦਾ ਹਾਂ ਕਿ ਇਸ ਮਹਾਨਾਇਕਾ ਦੀ ਇਹ ਕਹਾਣੀ ਮੇਰੀ ਹਰੇਕ ਭੈਣ ਤੱਕ ਪਹੁੰਚੇਗੀ ਤਾਂ ਜੋ ਮੇਰੇ ਦੇਸ਼ ਦੀਆਂ ਧੀਆਂ ਦੀ ਆਦਰਸ਼, ਫਿਲਮੀ ਹੀਰੋਇਨਾਂ ਦੀ ਥਾਂ ਤੇ ਇਸ ਤਰਾਂ ਦੀਆਂ ਅਸਲ ਮਹਾਨਾਇਕਾਵਾਂ ਹੋਣਗੀਆਂ।

# ਜੱਸੀ ਦਾ ਅੜਬ ਪ੍ਰਾਹੁਣਾ



ਰਾਜਵਿੰਦਰ ਕੌਰ ਵਿੜਿੰਗ

ਜੱਸੀ ਆਵਦੇ ਘਰ ਵਾਲੇ ਤੋਂ ਡਾਹਢੀ ਪ੍ਰੇਸ਼ਾਨ ਰਹਿੰਦੀ ਸੀ। ਉਹ ਬੇਪ੍ਰਵਾਹ ਕੰਮਚੋਰ ਤੇ ਗੱਲ ਗੱਲ ਤੇ ਬਦਲਣ ਵਾਲਾ ਮੌਕਾ ਪ੍ਰਸਤ ਇਨਸਾਨ ਹੈ। ਜੱਸੀ ਪੜੀ ਲਿਖੀ ਮਿਹਨਤੀ ਸਾਰਾ ਘਰ ਬਾਰ ਸੰਭਾਲਦੀ। ਬਥੇਰਾ ਸਿਰ ਖਪਾਉਂਦੀ ਪ੍ਰਾਹੁਣੇ ਨਾਲ ਪਰ ਕਿੱਥੋਂ ਸੁਧਰਨ ਵਾਲਾ ਸੀ। ਜੱਸੀ ਨਾਲ ਈਰਖਾ ਕਰਦਾ ਤੇ ਹਰ ਗੱਲ ਵਿੱਚ ਉਸ ਨੂੰ ਨੀਵਾਂ ਵਿਖਾਉਣ ਦਾ ਯਤਨ ਕਰਦਾ, ਜੱਸੀ ਘਰ ਦੀਆਂ ਸਾਰੀਆਂ ਜਿੰਮੇਵਾਰੀਆਂ ਚੁੱਕਦੀ, ਬੱਚਿਆਂ ਦੀ ਪੜਾਈ ਲਿਖਾਈ ਵੱਲ ਧਿਆਨ ਦਿੰਦੀ। ਜਦੋਂ ਜੱਸੀ ਕੰਮ ਨੇਪਰੇ ਚਾੜ ਲੈਂਦੀ ਤਾਂ ਉਸ ਕੰਮ ਦਾ ਕ੍ਰੈਡਿਟ ਪ੍ਰਾਹੁਣਾ ਆਪਣੇ ਸਿਰ ਲੈ ਲੈਂਦਾ।

ਨਾ ਜੱਸੀ ਨੂੰ ਪੇਕੇ ਜਾਣ ਦਿੰਦਾ, ਨਾ ਰਿਸ਼ਤੇਦਾਰੀ ਵਿਚ ਲੈ ਕੇ ਜਾਂਦਾ। ਜਦੋਂ ਕਦੇ ਬਿਮਾਰ ਹੁੰਦਾ, ਉਦੋਂ ਜੱਸੀ ਨੂੰ ਮੂਹਰੇ ਲਾ ਕੇ ਤੁਰਦਾ। ਇੱਕ ਦਿਨ ਜੱਸੀ ਨੇ ਆਵਦੇ ਮਾਮਾ ਮਾਮੀ ਨੂੰ ਮਿਲਣ ਜਾਣ ਦਾ ਪ੍ਰੋਗਰਾਮ ਬਣਾਇਆ ਤੇ ਪ੍ਰਾਹੁਣਾ ਵੀ ਨਾਲ ਤੁਰ ਪਿਆ (ਜਿਹੜਾ ਕੱਲਾ ਘੁੰਮਦਾ ਰਹਿੰਦਾ ਤੇ ਜੱਸੀ ਨੂੰ ਹਮੇਸ਼ਾ ਘਰ ਨਾਲ ਹੀ ਬੰਨੀਂ ਰੱਖਦਾ)

ਜਦੋਂ ਘਰੋਂ ਤੁਰੇ ਤਾਂ ਰਾਸਤੇ ਵਿੱਚ ਜੱਸੀ ਦੇ ਭਰਾ ਦਾ ਫੋਨ ਆ ਗਿਆ। ਜੱਸੀ ਨੇ ਦੱਸਿਆ ਕੇ ਅਸੀਂ ਜਲੰਧਰ ਜਾ ਰਹੇ ਹਾਂ। ਜੱਸੀ ਦੇ ਭਰਾ ਨੂੰ ਬਹੁਤ ਹੈਰਾਨੀ ਹੋਈ ਇਹ ਕਿਵੇਂ ਹੋ ਸਕਦਾ ਹੈ ? ਤੈਨੂੰ ਕਿਵੇਂ ਜਾਣ ਦੀ ਇਜਾਜ਼ਤ ਮਿਲ ਗਈ ਜੱਸੀ ਨੇ ਫੋਨ ਤੇ ਆਵਦੇ ਵੀਰ ਨੂੰ ਕਹਿ ਦਿੱਤਾ ਕੇ ਅੜਬ ਪ੍ਰਹੁਣਾ ਵੀ ਨਾਲ ਹੈ, ਮੈਂ ਇਕੱਲੀ ਨਹੀਂ ਜਾ ਰਹੀ ਤਾਂ ਉਸ ਦੇ ਭਰਾ ਨੂੰ ਹੋਰ ਹੈਰਾਨੀ ਹੋਈ।

ਜਿਉ ਹੀ ਜੱਸੀ ਨੇ ਫੋਨ ਕੱਟਿਆ ਤਾਂ 'ਅੜਬ ਪ੍ਰਾਹੁਣਾ' ਸ਼ਬਦ ਸੁਣ ਜੱਸੀ ਨਾਲ ਲੋਹਾ ਲਾਖਾ ਹੋਇਆ ਪ੍ਰਾਹੁਣਾ ਕਲੇਸ਼ ਕਰਨ ਲੱਗਾ। ਉਹ ਨਿਰਾਸ਼ ਹੋਈ ਤੇ ਖਾਮੋਸ਼ ਹੋ ਗਈ। ਜਲੰਧਰ ਨੇੜੇ ਜਾ ਕੇ ਪ੍ਰਾਹੁਣਾ ਮਾਮਾ ਜੀ ਦਾ ਘਰ ਭੁੱਲ ਗਿਆ। ਜੱਸੀ ਚੁੱਪ ਚਾਪ ਬੈਠੀ ਰਹੀ। ਪ੍ਰਹਾਣੇ ਨੇ ਜੱਸੀ ਨੂੰ ਕਿਹਾ ਦੱਸ ਕਿਹੜੇ ਰਾਸਤੇ ਜਾਣਾ ਹੈ ਤਾਂ ਜੱਸੀ ਨੇ ਗੁੱਸੇ ਨੂੰ ਜ਼ਾਹਿਰ ਕਰਦਿਆਂ 'ਮੈਂ ਤਾਂ ਅਨਪੜ ਹਾਂ' ਕਹਿ ਖਹਿੜਾ ਛੁਡਾ ਲਿਆ ਤੇ ਪ੍ਰਾਹੁਣੇ ਦੀ ਮੱਦਦ ਨਾ ਕਰਨ ਦਾ ਮਨ ਬਣਾ ਲਿਆ। 'ਦਫ਼ਾ ਹੋ' ਕਹਿ ਪ੍ਰਾਹੁਣੇ ਨੇ ਮਾਮਾ ਜੀ (ਜੋ ਐੱਸ ਡੀ ਓ ਰਿਟਾਇਰਡ ਹਨ) ਨੂੰ ਫੋਨ ਤੇ ਲੋਕੇਸ਼ਨ ਭੇਜਣ ਲਈ ਕਿਹਾ। ਮਾਮਾ ਜੀ ਨੇ ਕਿਹਾ ਲੌਕੇਸ਼ਨ ਭੇਜਣ ਦਾ ਮੈਨੂੰ ਨਹੀਂ ਪਤਾ, ਐਡਰੈਸ ਲਿਖਾ ਦਿੱਤਾ।

ਪ੍ਰੰਤੂ ਜੱਸੀ ਦਾ ਪ੍ਰਾਹੁਣਾ ਕਈ ਵਾਰ ਮਾਮਾ ਜੀ ਦੇ ਘਰ ਆ ਜਾ ਚੁੱਕਾ ਸੀ। ਅੱਧਾ ਘੰਟਾ ਪ੍ਰਾਹੁਣਾ ਕਦੇ ਕਿਸੇ ਚੌਂਕ ਵੱਲ ਗੱਡੀ ਲੈ ਤੁਰਦਾ, ਕਦੇ ਕਿਸੇ ਚੌਂਕ ਵੱਲ, ਪਰ ਸਹੀ ਰਸਤੇ ਤੋਂ ਭਟਕ ਗਿਆ। ਮਾਮਾ ਜੀ ਦੇ ਵਾਰ ਵਾਰ ਫੋਨ ਆਉਣ ਕੇ ਕਿੱਥੇ ਹੋ ? ਮੈਂ ਲੈ ਕੇ ਜਾਵਾਂ।

'ਆਗੇ ਬਸ, 'ਕਹਿ ਪ੍ਰਾਹੁਣਾ ਫੋਨ ਕੱਟ ਦਿੰਦਾ, ਸ਼ਾਮ ਦੇ ਸਾਢੇ ਸੱਤ ਹੋ ਗਏ, ਜੱਸੀ ਚੁੱਪ-ਚਾਪ ਤਮਾਸ਼ਾ ਵੇਖਦੀ ਰਹੀ। ਅੰਤ ਪ੍ਰਹਾਣੇ ਨੇ ਇੱਕ ਰਿਕਸ਼ੇ ਵਾਲੇ ਨੂੰ ਸਹੀ ਟਿਕਾਣੇ ਘਰ ਛੱਡ ਕੇ ਆਉਣ ਲਈ ਕਿਹਾ। ਰਿਕਸ਼ੇ ਵਾਲਾ ਅੱਗੇ ਅੱਗੇ ਤੇ ਅੜਬ ਪ੍ਰਾਹਣੇ ਦੀ ਗੱਡੀ ਪਿੱਛੇ ਪਿੱਛੇ ਆ ਰਹੀ ਸੀ। ਪੰਦਰਾਂ ਮਿੰਟ ਵਿੱਚ ਰਿਕਸ਼ੇ ਵਾਲੇ ਨੇ ਘਰ ਪਹੁੰਚਾਇਆ। ਮਾਮਾ ਜੀ ਗੇਟ ਦੇ ਬਾਹਰ ਉਡੀਕ ਕਰ ਰਹੇ ਸਨ।

ਮਾਮਾ ਜੀ ਨੇ ਰਿਕਸ਼ੇ ਵਾਲੇ ਨੂੰ ਪੈਸੇ ਦਿੰਦੇ ਵੇਖ ਲਿਆ। ਜਦੋਂ ਘਰ ਪਹੁੰਚੇ ਤਾਂ ਮਾਮਾ ਜੀ ਨੇ ਪੁੱਛਿਆ ਕੇ ਇਹ ਕੀ ਮਾਜਰਾ ਸੀ ?

ਰਿਕਸ਼ੇ ਵਾਲੇ ਨੂੰ ਪੈਸੇ ਕਾਹਦੇ ਦੇ ਰਹੇ ਸੀ ? ਤਾਂ ਜੱਸੀ ਖੁਸ਼ ਹੋਈ ਹੱਸਣ ਲੱਗੀ, 'ਆਜ ਆਇਆ ਊਟ ਪਹਾੜ ਕੇ ਨੀਚੇ'

ਜੱਸੀ ਦਾ 'ਅੜਬ ਪ੍ਰਾਹੁਣਾ' ਕਿਹਾ ਸ਼ਬਦ ਦੋ ਸੌ ਰੁ ਅਤੇ ਇੱਕ ਘੰਟੇ ਦੀ ਬਰਬਾਦੀ ਵਿਚ ਪਿਆ ਪ੍ਰਾਹੁਣੇ ਨੂੰ। ਕਿਉਂਕੇ ਰਿਕਸ਼ੇ ਵਾਲੇ ਨੇ ਘਰ ਪਹੁੰਚਾਉਣ ਦੇ ਦੋ ਸੌ ਰੁਪਏ ਲਏ। ਮਾਮਾ ਜੀ ਹੁਰੀਂ ਇਹ ਗੱਲ ਸੁਣ ਉੱਚੀ ਉੱਚੀ ਹੱਸਣ ਲੱਗ ਪਏ, ਪ੍ਰਾਹੁਣਾ .. ਹਲਕਾ ਹਲਕਾ ਕੁਝ ਛੁਪਾਉਂਦਾ ਹੋਇਆ ਮੁਸਕਰਾ ਰਿਹਾ ਸੀ।

# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

For agriculture and almond Farm, office building, Farm House and for Truck Yard in Tracy, Manteca, Lathrop and Stockton

## Listing

TOTAL 35.5 YOUNG THREE YEARS OLD TREE PADRE AND NONPAREIL VARIETY. WITH RIPARIAN RIGHT FROM THE SAN JOAQUIN RIVER. WITH A SINGLE FAMILY SMALL HOME, IT'S VERY DESIRABLE PROPERTY



**PROPERTY ADDRESS: 27022 RIVER ROADM, NEWMAN CA 95360.**



RANJIT SINGH
(Lic: 01922089)

## RANJIT SINGH

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700, gbsingh84@gmail.com**

# ਆਸਟ੍ਰੇਲੀਆ ਵਿਚ ਪੰਜਾਬਣ ਗੁਰਜੀਤ ਕੌਰ ਨੇ ਸਫ਼ਲਤਾ ਦੇ ਝੰਡੇ ਗੱਡੇ

## ਮੈਲਬੌਰਨ ਤੋਂ ਚਾਰ ਸੌ ਮੀਲ ਦੂਰ 5500 ਏਕੜ ਦੇ ਖੇਤੀਬਾੜੀ ਫਾਰਮ ਵਿਚ ਕਨੋਲਾ, ਕਣਕ ਅਤੇ ਜੌਆਂ ਦੀ ਕਰ ਰਹੀ ਏ ਕਾਸ਼ਤ







**ਉਜਾਗਰ ਸਿੰਘ**

ਲੁਧਿਆਣਾ ਜ਼ਿਲੇ ਦੇ ਕਸਬਾ ਮੁਲਾਂਪੁਰ ਦਾਖਾ ਦੀ ਸਪੁੱਤਰੀ ਅਤੇ ਜਲੰਧਰ ਦੀ ਨੂੰਹ ਬੀਬੀ ਗੁਰਜੀਤ ਸੰਧੂ ਨੇ ਆਸਟ੍ਰੇਲੀਆ ਵਿਚ ਖੇਤੀਬਾੜੀ ਉਦਮੀ ਦੇ ਤੌਰ 'ਤੇ ਸਫਲ ਹੋ ਕੇ ਪਰਵਾਸੀ ਪੰਜਾਬੀਆਂ ਲਈ ਮਾਰਗ ਦਰਸ਼ਨ ਕੀਤਾ ਹੈ। ਇਕ ਇਸਤਰੀ ਹੋ ਕੇ ਇਸ ਸਮੇਂ ਉਹ ਮੈਲਬੌਰਨ ਤੋਂ ਚਾਰ ਸੌ ਮੀਲ ਦੂਰ 5500 ਏਕੜ ਦੇ ਖੇਤੀਬਾੜੀ ਫਾਰਮ ਵਿਚ ਕਨੋਲਾ, ਕਣਕ ਅਤੇ ਜੌਆਂ ਦੀ ਕਾਸ਼ਤ ਕਰ ਰਹੀ ਹੈ। ਇਸ ਤੋਂ ਇਲਾਵਾ ਪਸ਼ੂਆਂ ਤੇ ਭੇਡਾਂ ਦਾ ਕਾਰੋਬਾਰ ਵੀ ਵੱਡੇ ਪੱਧਰ 'ਤੇ ਕਰ ਰਹੀ ਹੈ। ਖੇਤੀਬਾੜੀ ਨੂੰ ਆਮ ਤੌਰ ਤੇ ਮਰਦ ਪ੍ਰਧਾਨ ਕਿੱਤਾ ਕਿਹਾ ਜਾਂਦਾ ਹੈ ਪ੍ਰੰਤੂ ਗੁਰਜੀਤ ਸੰਧੂ ਨੇ ਆਪਣੀ ਕਾਰਜ਼ਕੁਸ਼ਲਤਾ ਨਾਲ ਇਸ ਖੇਤਰ ਵਿਚ ਵੀ ਨਾਮਣਾ ਖੱਟਿਆ ਹੈ।

ਗੁਰਜੀਤ ਕੌਰ ਸੰਧੂ ਦਾ ਜਨਮ ਆਪਣੇ ਨਾਨਕੇ ਪਿੰਡ ਬੋਹਨਾ ਨੇੜੇ ਮੋਗਾ ਵਿਖੇ 1959 ਵਿਚ ਪਿਤਾ ਗੁਰਚਰਨ ਸਿੰਘ ਸੇਖ਼ੋਂ ਅਤੇ ਮਾਤਾ ਸੁਰਜੀਤ ਕੌਰ ਦੀ ਕੁੱਖੋਂ ਹੋਇਆ ਸੀ। ਗੁਰਜੀਤ ਕੌਰ ਨੇ ਆਪਣੀ ਦਸਵੀਂ ਤੱਕ ਦੀ ਪੜ੍ਹਾਈ ਆਪਣੇ ਪਿੰਡ ਦਾਖਾ ਤੋਂ ਹੀ ਪ੍ਰਾਪਤ ਕੀਤੀ।। ਉਨਾਂ ਨੇ ਉਚ ਵਿਦਿਆ ਸਿਧਵਾਂ ਕਾਲਜ ਤੋਂ ਪ੍ਰਾਪਤ ਕੀਤੀ। ਅਜੇ ਪੜ੍ਹਾਈ ਚਲ ਰਹੀ ਸੀ ਕਿ ਉਨਾਂ ਦਾ ਵਿਆਹ ਜਲੰਧਰ ਦੇ ਇਕ ਉਦਮੀ ਦੇ ਮੁੰਡੇ ਅਵਤਾਰ ਸਿੰਘ ਤਾਰੀ ਨਾਲ ਮਹਿਜ਼ 17 ਸਾਲ ਦੀ ਅਲੜ ਉਮਰ ਵਿੱਚ ਹੋ ਗਿਆ। ਮੁੱਲਾਂਪੁਰ ਦਾਖ਼ਾ ਦੇ ਸੇਖ਼ੋਂ ਪਰਿਵਾਰ ਦੀ ਹੋਣਹਾਰ ਧੀ ਗੁਰਜੀਤ ਕੌਰ ਅਲੜ ਉਮਰ ਵਿਚ ਵਿਆਹੇ ਜਾਣ ਤੋਂ ਤੁਰੰਤ ਬਾਅਦ 1976 ਵਿਚ ਆਪਣੇ ਪਤੀ ਅਵਤਾਰ ਸਿੰਘ ਤਾਰੀ ਨਾਲ ਆਸਟ੍ਰੇਲੀਆ ਚਲੇ ਗਏ ਸਨ। ਅਜੇ ਉਨਾਂ ਨੇ ਆਪਣੇ ਵਿਆਹ ਦੇ ਚਾਅ ਵੀ ਪੂਰੇ ਨਹੀਂ ਕੀਤੇ ਸਨ ਜਦੋਂ ਉਨਾਂ ਨੂੰ ਉਨਾਂ ਦੇ ਪਤੀ ਅਵਤਾਰ ਸਿੰਘ ਤਾਰੀ ਦੇ ਨਾਲ ਜਲੰਧਰ ਫਾਰਮ ਵਿਚ ਭੇਡਾਂ ਦੇ ਵਾੜੇ ਦਾ ਕਾਰੋਬਾਰ ਕਰਨ ਦਾ ਸਬੱਬ ਬਣਿਆ।

ਗੁਰਜੀਤ ਕੌਰ ਨੇ ਆਸਟ੍ਰੇਲੀਆ ਜਾ ਕੇ ਦ੍ਰਿੜਤਾ ਅਤੇ ਮਿਹਨਤ ਨਾਲ ਆਪਣਾ ਨਾਮ ਕਮਾਇਆ ਅਤੇ ਇਕ ਉਦਮੀ ਦੇ ਤੌਰ 'ਤੇ ਸਥਾਪਤ ਹੋ ਗਏ। ਬੀਬੀ ਗੁਰਜੀਤ ਕੌਰ ਨੇ ਆਸਟ੍ਰੇਲੀਆ ਵਿਚ ਖੇਤੀਬਾੜੀ ਉਦਮੀ ਦੇ ਤੌਰ 'ਤੇ ਸਫਲ ਹੋ ਕੇ ਸੇਖ਼ੋਂ ਪਰਿਵਾਰ ਦਾ ਮਾਣ ਵਧਾਇਆ ਹੈ ਅਤੇ ਇਕ ਇਸਤਰੀ ਹੋ ਕੇ ਇਸ ਸਮੇਂ ਉਹ ਮੈਲਬੌਰਨ ਤੋਂ ਚਾਰ ਸੌ ਮੀਲ ਦੂਰ ਪੱਛਮੀ ਵਿਕਟੋਰੀਆ ਵਿਚ 5500 ਏਕੜ ਦੇ ਖੇਤੀਬਾੜੀ ਫਾਰਮ ਵਿਚ ਕਨੋਲਾ, ਕਣਕ ਅਤੇ ਜੌਆਂ ਦੀ ਕਾਸ਼ਤ ਕਰ ਰਹੇ ਹਨ। ਇਸ ਤੋਂ ਇਲਾਵਾ ਪਸ਼ੂਆਂ ਅਤੇ ਭੇਡਾਂ ਦਾ ਕਾਰੋਬਾਰ ਵੀ ਵੱਡੇ ਪੱਧਰ 'ਤੇ ਕਰ ਰਹੇ ਹਨ। ਉਹ ਖੇਤੀਬਾੜੀ ਨਾਲ ਸਬੰਧਤ ਸਾਰੇ ਔਜਾਰਾਂ ਅਤੇ ਸੰਦਾਂ ਦੀ ਵਰਤੋਂ ਕਰਨ ਜਾਣਦੇ ਹਨ। ਟਰੈਕਟਰ ਆਪ ਚਲਾ ਲੈਂਦੇ ਹਨ। ਆਪ ਹੀ ਫਸਲਾਂ 'ਤੇ ਸਪਰੇਅ ਕਰਦੇ ਹਨ। ਜਿਵੇਂ ਸੇਖ਼ੋਂ ਪਰਿਵਾਰ ਦੇ ਮਰਦਾਂ ਨੇ ਆਪੋ ਆਪਣੇ ਵਪਾਰ ਵਿਚ ਸਫਲਤਾਵਾਂ ਪ੍ਰਾਪਤ ਕਰਕੇ ਨਾਮ ਕਮਾਇਆ ਹੈ, ਉਸੇ ਤਰਾਂ ਗੁਰਜੀਤ ਕੌਰ ਨੇ ਵੀ ਪਰਵਾਸ ਵਿਚ ਜਾ ਕੇ ਸੇਖ਼ੋਂ ਪਰਿਵਾਰ ਨੂੰ ਮਾਨਤਾ ਦਿਵਾਈ ਹੈ। ਉਹ ਇਕ ਖਾਂਦੇ ਪੀਂਦੇ ਚੰਗੇ ਉਦਮੀ ਟਰਾਂਸਪੋਰਟਰ ਪਰਿਵਾਰ ਦੀ ਧੀ ਸਨ। ਜਿਨਾਂ ਨੇ ਕਦੇ ਵੀ ਕੁੜੀਆਂ ਤੋਂ ਅਜਿਹਾ ਕੰਮ ਨਹੀਂ ਕਰਵਾਇਆ ਸੀ। ਪਤੀ ਅਵਤਾਰ ਸਿੰਘ ਤਾਰੀ ਦੀ ਮੌਤ ਤੋਂ ਬਾਅਦ ਖੇਤੀਬਾੜੀ ਅਤੇ ਵਪਾਰ ਦੀ ਸਾਰੀ ਜ਼ਿੰਮੇਵਾਰੀ ਗੁਰਜੀਤ ਕੌਰ ਦੇ ਸਿਰ ਪੈ ਗਈ।

ਗੁਰਜੀਤ ਕੌਰ ਦਾ ਸਪੁੱਤਰ ਫਿਲਿਪ ਆਪਣੀ ਮਾਤਾ ਦੇ ਖੇਤੀਬਾੜੀ ਦੇ ਕਾਰੋਬਾਰ ਵਿਚ ਮਦਦ ਕਰ ਰਿਹਾ ਹੈ। ਉਹ ਮੁੱਖ ਤੌਰ 'ਤੇ ਮਾਰਕੀਟਿੰਗ ਦਾ ਕੰਮ ਵੇਖਦਾ ਹੈ। ਗੁਰਜੀਤ ਕੌਰ ਦੇ ਬੱਚੇ ਆਸਟ੍ਰੇਲੀਆ ਵਿਚ ਪੈਦਾ ਹੋਏ ਅਤੇ ਉਥੇ ਹੀ ਪੜ੍ਹੇ ਲਿਖੇ ਹਨ, ਇਸ ਲਈ ਭਾਵੇਂ ਉਹ ਆਸਟ੍ਰੇਲੀਅਨ ਸਭਿਆਚਾਰ ਵਿਚ ਗੜੁੰਦ ਹਨ ਪ੍ਰੰਤੂ ਗੁਰਜੀਤ ਕੌਰ ਉਨਾਂ ਨੂੰ ਪੰਜਾਬੀ ਸਭਿਆਚਾਰ ਨਾਲ ਵੀ ਜੋੜਨ ਦੀ ਕੋਸ਼ਿਸ਼ ਕਰਦੀ ਰਹਿੰਦੀ ਹੈ। ਗੁਰਜੀਤ ਸੰਧੂ ਦੇ ਦੋ ਮੁੰਡੇ ਜੇਸਨ ਅਤੇ ਫਿਲਿਪ ਹਨ। ਇਕ ਬੇਟੀ ਬੇਲਿੰਡਾ ਹੈ। ਵੱਡੇ ਬੇਟੇ ਜੈਸਨ ਦੀ ਪਤਨੀ ਕੈਰੀ ਹੈ, ਉਨਾਂ ਦੀਆਂ ਦੋ ਸਪੁੱਤਰੀਆਂ ਵੇਰਾ ਗਰੇਸ ਕੌਰ ਅਤੇ ਇਰੀਸ ਗਰੇਸ ਕੌਰ ਹੈ। ਜੈਸਨ ਨੇ ਮਕੈਨੀਕਲ ਇੰਜੀਨੀਅਰਿੰਗ ਦੀ ਡਿਗਰੀ ਕੀਤੀ ਹੋਈ ਹੈ। ਉਸਤੋਂ ਬਾਅਦ ਉਸਨੇ ਮਾਸਟਰਜ਼ ਇਨ ਬਿਜਨਸ ਇੰਜੀਨੀਅਰਿੰਗ ਕੀਤੀ ਹੈ। ਬੇਟੀ ਬੇਲਿੰਡਾ ਕੌਰ ਨੇ ਜਿਆਲੋਜੀ ਵਿੱਚ ਇੰਜੀਨੀਅਰਿੰਗ ਕੀਤੀ ਹੋਈ ਹੈ। ਬੇਟੇ ਫਿਲਿਪ ਦੀ ਪਤਨੀ ਮਿੱਲਾਨੀ ਕੋਇੰਗ ਹੈ, ਉਨਾਂ ਦੇ ਤਿੰਨ ਬੱਚੇ ਰਵੀ ਰੈਬੇਕਾ ਸੰਧੂ, ਇੰਦਰਾ ਸੰਧੂ ਅਤੇ ਬੈਨਜੋ ਸੰਧੂ ਹਨ। ਫਿਲਿਪਸ ਨੇ ਐਰੋਸਪੇਸ ਵਿੱਚ ਡਿਗਰੀ ਕੀਤੀ ਹੋਈ ਹੈ। ਸੰਸਥਾ ਦਾ ਪ੍ਰਿੰਸੀਪਲ ਹੈ। ਉਸਨੇ ਨੌਕਰੀ ਛੱਡਕੇ ਆਪਣੀ ਮਾਤਾ ਨਾਲ ਖੇਤੀਬਾੜੀ ਦਾ ਕਾਰੋਬਾਰ ਸ਼ੁਰੂ ਕੀਤਾ ਹੈ।

# ਵੈਨਕੂਵਰ ਦੇ ਬੇਰੀ ਵਾਲਾ ਫਾਰਮ

**ਗੁਰਮੀਤ ਬਰਾੜ**

ਆਪਣੀ ਕੈਨੇਡਾ ਫੇਰੀ ਦੌਰਾਨ ਜਦੋਂ ਮੈਂ ਆਪਣੇ ਮਿੱਤਰਾਂ ਕੋਲੋਂ ਵਿਨੀਪੈੱਗ ਤੋਂ ਵਿਦਾਇਗੀ ਲੈ ਕੇ ਚੱਲਣ ਲੱਗਿਆਂ ਤਾਂ ਇਕ ਮਿੱਤਰ ਨੇ ਕਿਹਾ ਕਿ ਵੈਨਕੂਵਰ ਵਾਲੀ ਸਾਈਡ ਚੱਲੇ ਹੋ ਤਾਂ ਉੱਥੋਂ ਦੇ ਬੇਰੀ ਫਾਰਮ ਦੇਖਣੇ ਨਾ ਭੁੱਲਿਓ। ਇਕ ਮਿੱਤਰ ਨੇ ਤਾਂ ਇਹ ਵੀ ਤਾਕੀਦ ਕੀਤੀ ਕਿ ਜੇ ਹੋ ਸਕਿਆ ਤਾਂ ਪੂਰਾ ਇਕ ਦਿਨ ਬੇਰੀ ਦੇ ਫਾਰਮਾਂ ਵਿਚ ਹੀ ਬਤੀਤ ਕਰਿਓ। ਜਦੋਂ ਮੈਂ ਆਪਣੇ ਰਿਸ਼ਤੇਦਾਰਾਂ ਕੋਲ ਐਬਟਸਫੋਰਡ ਪਹੁੰਚਿਆ ਤਾਂ ਉਨਾਂ ਕੋਲ ਅਗਲੇ ਦਿਨ ਹੀ ਬੇਰੀ ਦੇ ਫਾਰਮ ਦੇਖਣ ਦੀ ਇੱਛਾ ਪ੍ਰਗਟਾਈ। ਵੈਸੇ ਵੀ ਉਨੀਂ ਦਿਨੀਂ ਵੈਨਕੂਵਰ, ਸਰੀ, ਐਬਟਸਫੋਰਡ, ਰਿਚਮੰਡ, ਡੈਲਟਾ, ਐਲਡਗਰੋਅ ਅਤੇ ਮਿਸ਼ਨ ਵਾਲੀ ਸਾਈਡ ਬੇਰੀ ਦੀ ਫ਼ਸਲ ਦੀ ਤੁੜਾਈ ਜੋਬਨ 'ਤੇ ਸੀ। ਇਸ ਪਾਸੇ ਵੱਲ ਬੇਰੀ ਦੇ ਬਹੁਗਿਣਤੀ ਫਾਰਮ ਪੰਜਾਬੀਆਂ ਦੇ ਹੀ ਹਨ ਅਤੇ ਇੱਥੇ ਕੰਮ ਕਰਨ ਵਾਲੇ ਵੀ ਬਹੁਤੇ ਪੰਜਾਬੀ ਹੀ ਹਨ। ਮੇਰੇ ਰਿਸ਼ਤੇਦਾਰ ਨੇ ਇਕ ਸ਼ਾਮ ਨੂੰ ਮੈਨੂੰ ਕਿਹਾ ਕਿ, 'ਭਾਜੀ, ਕੱਲ ਸਵੇਰੇ 6 ਵਜੇ ਹੀ ਤਿਆਰ ਹੋ ਜਾਇਓ, ਮੈਂ ਤੁਹਾਨੂੰ ਮੇਰੇ ਦੋਸਤ ਦੇ ਫਾਰਮ 'ਤੇ ਲਿਜਾਣਾ ਹੈ।' ਅਗਲੇ ਦਿਨ ਅਸੀਂ ਸਵੇਰੇ ਹੀ ਵੈਨਕੂਵਰ ਦੇ ਨੇੜਲੇ ਇਕ ਬੇਰੀ ਫਾਰਮ ਵਿਚ ਪਹੁੰਚ ਗਏ। ਜਾਮਣੀ ਰੰਗ ਦੀ ਬੇਰੀ ਦੀ ਫਸਲ ਨਾਲ ਇਹ 6 ਕੁ ਏਕੜ ਦਾ ਫਾਰਮ ਲੱਦਿਆ ਪਿਆ ਸੀ ਅਤੇ ਇੱਥੇ ਹਾਲੇ ਪਹਿਲੀ ਤੁੜਾਈ ਹੀ ਚੱਲ ਰਹੀ ਸੀ। ਮੇਰੇ ਖੜਿਆਂ-ਖੜਿਆਂ ਹੀ ਦੋ ਕਾਰਾਂ ਆ ਕੇ ਰੁਕੀਆਂ ਜਿਨਾਂ ਵਿਚੋਂ 10-12 ਬੰਦੇ-ਬੁੜੀਆਂ ਬਾਹਰ ਨਿਕਲੇ। ਇਹ ਸਾਰੇ ਹੀ 50 ਸਾਲ ਤੋਂ ਉੱਪਰ ਦੀ ਉਮਰ ਵਾਲੇ ਸਨ। ਲਗਭਗ 65 ਕੁ ਸਾਲ ਦੀ ਉਮਰ ਦੇ ਇਕ ਬਾਬੇ ਨੇ ਕਾਰ ਵਿਚੋਂ ਉੱਤਰਦਿਆਂ ਹੀ ਔਰਤਾਂ ਵੱਲ ਨਜ਼ਰ ਘੁਮਾਉਂਦਿਆਂ ਦੂਜੇ ਨੂੰ ਕਿਹਾ ਕਿ, 'ਅਹੁ ਤਾਂ ਅੱਜ ਨਵੀਂ ਆਈ ਲਗਦੀ ਹੈ।' ਦੂਜਾ ਬਾਬਾ ਤੁਰੰਤ ਬੋਲਿਆ, 'ਲਗਦੀ ਤਾਂ ਨਵੀਂ ਹੈ। ਤਾਂ ਹੀ ਪੰਜਾਬੀ ਸੂਟ ਪਾਇਆ। ਚਲੋ ਚਾਰ-ਪੰਜ ਦਿਨ ਤੋੜਨ ਦੇ ਬੇਰ, ਫੇਰ ਵੇਖੀਂ ਕਿਵੇਂ ਪੈਂਟ ਪਾ ਕੇ ਆਇਆ ਕਰੂ।' ਗੱਲਾਂ ਸੁਣਦਾ-ਸੁਣਦਾ ਮੈਂ ਵੀ ਬਾਬਿਆਂ ਦੇ ਨੇੜੇ ਹੋ ਗਿਆ। ਉਹ ਮੈਨੂੰ ਵੀ ਪੁੱਛਣ ਲੱਗੇ ਕਿ, 'ਪੁੱਤ ਤੂੰ ਵੀ ਨਵਾਂ ਹੀ ਦਿਹਾੜੀ ਆਇਆ ਲੱਗਦੈਂ।' ਮੈਂ ਝੂਠ ਵਿਚ ਹੀ ਸਿਰ ਹਿਲਾ ਦਿੱਤਾ ਤਾਂ ਇਕ ਹੋਰ ਬਾਬਾ ਬੋਲਿਆ, 'ਫੇਰ ਦੇਖਦਾ ਕੀ ਐਂ, ਚੱਕ ਕੇ ਲਿਆ ਫਰੇਟ ਅਤੇ ਬਾਲਟੀ ਤੇ ਚਲਾ ਕੰਮ।' ਮੈਂ ਵੀ ਇਕ ਛੋਟੀ ਬਾਲਟੀ ਚੁੱਕੀ ਅਤੇ ਉਸ ਵਿਚ ਬੇਰੀ ਤੋੜਨੀ ਸ਼ੁਰੂ ਕਰ ਦਿੱਤੀ। ਮੇਰਾ ਅਸਲ ਮਕਸਦ ਤਾਂ ਬਾਬਿਆਂ ਨਾਲ ਗੱਲਬਾਤ ਕਰਨ ਅਤੇ ਉਨਾਂ ਦੇ ਘਰੇਲੂ ਹਾਲਾਤ ਜਾਣਨ ਦਾ ਹੀ ਸੀ। ਕੁਝ ਬਾਬਿਆਂ ਨਾਲ ਜਦੋਂ ਉਨਾਂ ਦੀ ਦਿਹਾੜੀ ਅਤੇ ਘਰੇਲੂ ਹਾਲਤਾਂ ਬਾਰੇ ਗੱਲ ਕੀਤੀ ਤਾਂ ਉਹ ਸਾਰੇ ਹੀ ਸੂਤ ਦੀ ਅੱਟੀ ਵਾਂਗੂੰ ਉੱਧੜਨ ਲੱਗ ਪਏ। ਕਹਿਣ ਲੱਗੇ, 'ਪੁੱਤ ਕਾਹਦੀਆਂ ਕਮਾਈਆਂ।' ਇੰਡੀਆ ਤੋਂ ਪੁੱਤ ਨੇ ਸੁਪਰ ਵੀਜ਼ੇ 'ਤੇ ਸੱਦਿਆ ਹੈ। ਇੱਥੇ ਸੁਪਰ ਵੀਜ਼ੇ ਵਾਲਿਆਂ ਨੂੰ ਕੋਈ ਪੁੱਛਦਾ ਨਹੀਂ। ਇਲਾਜ ਮਹਿੰਗਾ ਹੈ। ਇਕ ਬਜ਼ੁਰਗ ਦੱਸਣ ਲੱਗ ਪਿਆ ਕਿ ਉਸ ਦੇ ਗੁਰਦੇ ਵਿਚ ਪੱਥਰੀਆਂ ਹਨ। ਦੋ ਮਹੀਨਿਆਂ ਦੀ ਉਡੀਕ ਮਗਰੋਂ ਸਕੈਨ ਕਰਵਾਈ। ਸਕੈਨ ਵਾਲੇ ਨੇ 400 ਡਾਲੇ (ਡਾਲਰ) ਫੀਸ ਲੈ ਲਈ ਅਤੇ ਆਪ੍ਰੇਸ਼ਨ ਦਾ ਖਰਚਾ ਹਜ਼ਾਰਾਂ ਵਿਚ ਦੱਸਿਆ। ਪੁੱਤ-ਨੂੰਹ ਸਟੋਰ 'ਤੇ ਕੰਮ ਕਰਨ ਜਾਂਦੇ ਹਨ। ਦਰਦ ਦੀ ਦਵਾਈ ਏਥੇ ਡਾਕਟਰ ਦੀ ਪਰਚੀ ਬਗੈਰ ਮਿਲਦੀ ਨਹੀਂ। ਇਕ-ਦੋ ਵਾਰੀ ਦਰਦ ਉੱਠਿਆ ਤਾਂ ਬੱਸ ਸੌਂਫ-ਜਵੈਣ ਦੀ ਫੱਕੀ ਖਾ ਕੇ ਟਾਈਮ ਪਾਸ ਕਰ ਲਿਆ। ਆਹ ਬੇਰੀ ਤੋੜ ਕੇ ਰੋਜ਼ਾਨਾ ਦੇ 50-60 ਡਾਲੇ ਕਮਾ ਕੇ ਘਰੇ ਪੁੱਤ ਦੇ ਹੱਥ 'ਤੇ ਧਰ ਦਿੰਦਾ ਹਾਂ। ਡਰ ਲਗਦਾ ਕਿਤੇ ਨੂੰਹ ਵੀ ਨਾ ਪੁੱਤ ਦੇ ਕੰਨ ਭਰਦੇ ਕਿ ਬੁੜਾ ਤਾਂ ਪੈਸੇ ਦਾ ਹੀ ਖੌਅ ਐ, ਕੀ ਕਰਾਉਣਾ ਇਹਤੋਂ। ਇਹ ਗੱਲਾਂ ਕਰਦਿਆਂ-ਕਰਦਿਆਂ ਬਾਬੇ ਦੀਆਂ ਅੱਖਾਂ ਭਰ ਆਈਆਂ। ਮੈਂ ਵੀ ਇਨਾਂ ਬਾਬਿਆਂ ਦੀ ਲਾਈਨ ਛੱਡ ਕੇ ਦੂਜੇ ਪਾਸੇ ਬੀਬੀਆਂ ਵੱਲ ਨੂੰ ਅਹੁਲ ਪਿਆ ਤੇ ਜਾ ਬੁਲਾਈ ਫ਼ਤਹਿ। ਇਕ ਬੇਬੇ ਨੇ ਪੁੱਛਿਆ ਕਿ 'ਭਾਈ ਕਾਕਾ, ਤੂੰ ਤਾਂ ਅੱਜ ਨਵਾਂ ਈ ਆਇਆ ਲਗਦੈਂ' ਤਾਂ ਮੈਂ 'ਹਾਂ' ਵਿਚ ਸਿਰ ਹਿਲਾ ਦਿੱਤਾ। ਵਡੇਰੀ ਉਮਰ ਦੀਆਂ ਇਨਾਂ ਮਾਈਆਂ ਨੇ ਦੱਸਿਆ ਕਿ ਉਨਾਂ ਵਿਚੋਂ ਕਈ ਜਣੀਆਂ ਅੱਧਾ ਦਿਨ ਹੀ ਬੇਰੀ ਤੋੜਦੀਆਂ ਹਨ ਅਤੇ ਫਿਰ ਘਰੇ ਚਲੀਆਂ ਜਾਂਦੀਆਂ ਹਨ ਕਿਉਂਕਿ ਉਨਾਂ ਦੀਆਂ ਨੂੰਹਾਂ ਨੇ ਬਾਅਦ ਦੁਪਹਿਰ ਕੰਮ 'ਤੇ ਜਾਣਾ ਹੁੰਦਾ ਹੈ।

**ਇਕ ਯਾਦ**

ਇਹ ਗੱਲਾਂ ਕਰਦਿਆਂ-ਕਰਦਿਆਂ ਹੀ ਮੇਰੇ ਰਿਸ਼ਤੇਦਾਰ ਨੇ ਮੈਨੂੰ ਦੂਰੋਂ ਆਵਾਜ਼ ਮਾਰੀ ਕਿ ਭਾਜੀ ਆਜੋ। ਮੈਂ ਓਧਰ ਵੱਲ ਨੂੰ ਤੁਰ ਪਿਆ ਕਿਉਂਕਿ ਇਸੇ ਫਾਰਮ ਦੇ ਵਿਚ ਹੀ ਫਾਰਮ ਦੇ ਮਾਲਕ ਦਾ ਘਰ ਵੀ ਸੀ ਅਤੇ ਉਹ ਦੋਵੇਂ ਜਣੇ ਮੈਨੂੰ ਲੈਣ ਵਾਸਤੇ ਆਏ ਹੋਏ ਸਨ। ਫਾਰਮ ਦੇ ਮਾਲਕ ਸੁੱਖੀ ਦੇ ਡਰਾਇੰਗ ਰੂਮ ਵਿਚ ਚਾਹ ਪੀਂਦਿਆਂ ਮੈਂ ਉਨਾਂ ਤੋਂ ਇਸ ਧੰਦੇ ਬਾਰੇ ਪੁੱਛਿਆ ਤਾਂ ਉਨਾਂ ਦੱਸਿਆ ਕਿ ਬੇਰੀ ਦੀ ਸਾਲ ਵਿਚ ਸਿਰਫ ਇਕ ਵਾਰੀ ਹੀ ਤੁੜਾਈ ਹੁੰਦੀ ਹੈ। ਇਹ ਤੁੜਾਈ ਜੁਲਾਈ ਤੋਂ ਅਗਸਤ ਤੱਕ ਚਲਦੀ ਹੈ। ਬੇਰੀ ਨੂੰ ਪੰਜਾਬ ਦੇ ਨਰਮੇ ਵਾਂਗ ਤੁਲਾਈ 'ਤੇ ਤੋੜਿਆ ਜਾਂਦਾ ਹੈ। ਇਕ ਪੌਂਡ ਬੇਰੀ ਦੀ ਤੁੜਾਈ 50 ਤੋਂ 60 ਸੈਂਟ ਦਿੱਤੀ ਜਾਂਦੀ ਹੈ। ਲੇਬਰ ਦੀ ਕੋਈ ਸਮੱਸਿਆ ਨਹੀਂ ਹੈ ਅਤੇ ਇਨਾਂ ਫਾਰਮਾਂ ਵਿਚ ਕੰਮ ਕਰਨ ਵਾਲੇ ਲਗਭਗ ਸਾਰੇ ਹੀ ਪੰਜਾਬੀ ਕਾਮੇ ਆਉਂਦੇ ਹਨ। ਸਵੇਰ ਵੇਲੇ ਕਾਮਿਆਂ ਨੂੰ ਘਰਾਂ ਤੋਂ ਚੁੱਕ ਲਿਆਈਦਾ ਹੈ ਤੇ ਸ਼ਾਮ ਨੂੰ ਘਰੇ ਛੱਡ ਆਈਦਾ। ਜੇਕਰ ਕਿਸੇ ਨੇ ਦੁਪਹਿਰ ਵੇਲੇ ਜਾਣਾ ਹੋਵੇ ਤਾਂ ਉਹ ਆਪਣੇ-ਆਪ ਜਾਂਦਾ ਹੈ। ਉਨਾਂ ਦੱਸਿਆ ਕਿ ਉਨਾਂ ਕੋਲ ਕੈਨੇਡਾ ਦੇ ਟੋਰਾਂਟੋ, ਬਰੈਂਪਟਨ, ਐਡਮਿੰਟਨ ਅਤੇ ਹੋਰਨਾਂ ਵੀ ਕਈ ਪਾਸਿਆਂ ਤੋਂ ਪੰਜਾਬੀ ਇਸ ਇਲਾਕੇ ਵਿਚ ਸਿਰਫ ਬੇਰੀ ਤੋੜਨ ਹੀ ਆਉਂਦੇ ਹਨ। ਬਹੁਤੇ ਲੋਕ ਤਾਂ ਦੋ ਮਹੀਨੇ ਇੱਥੇ ਹੀ ਆਪਣੇ ਰਿਸ਼ਤੇਦਾਰਾਂ ਕੋਲ ਰਹਿ ਜਾਂਦੇ ਹਨ ਅਤੇ ਕਈਆਂ ਨੂੰ ਬੇਰੀ ਫਾਰਮਾਂ ਵਾਲੇ ਮੁਫ਼ਤ ਰਿਹਾਇਸ਼ ਵੀ ਮੁਹੱਈਆ ਕਰਵਾ ਦਿੰਦੇ ਹਨ। ਉਨਾਂ ਦੱਸਿਆ ਕਿ ਤੇਜ਼ੀ ਨਾਲ ਕੰਮ ਕਰਨ ਵਾਲੇ ਕਈ ਕਾਮੇ ਤਾਂ ਦਿਹਾੜੀ ਵਿਚ 200 ਡਾਲਰ ਤੱਕ ਵੀ ਬੇਰੀ ਤੋੜ ਦਿੰਦੇ ਹਨ। ਬੇਰੀ ਦਾ ਮਿਹਨਤਾਨਾ ਉਹ ਚੈੱਕ ਜਾਂ ਨਗਦ, ਦੋਵੇਂ ਤਰਾਂ ਹੀ ਕਰ ਦਿੰਦੇ ਹਨ। ਬਜ਼ੁਰਗਾਂ ਵਾਸਤੇ ਬੇਰੀ ਤੋੜਨਾ ਇਕ ਮਨੋਰੰਜਨ ਦਾ ਸਾਧਨ ਵੀ ਹੈ ਅਤੇ ਉਹ ਇੱਥੇ ਆ ਕੇ ਆਪਣੇ ਮਨ ਦਾ ਬੋਝ ਵੀ ਹਲਕਾ ਕਰ ਜਾਂਦੇ ਹਨ। ਬਿਨਾਂ ਸ਼ੱਕ ਬੇਰੀ ਕਲਚਰ ਮੈਨੂੰ ਵੀ ਬੜਾ ਵਧੀਆ ਲੱਗਿਆ ਕਿਉਂਕਿ ਇਥੇ ਕੋਈ ਵੀ ਤੰਗੀ ਮਹਿਸੂਸ ਨਹੀਂ ਕਰਦਾ। ਫਾਰਮਾਂ ਵਾਲੇ ਦਿਨ ਵੇਲੇ ਜੂਸ ਅਤੇ ਚਾਹ ਵੀ ਪਿਆਉਂਦੇ ਹਨ। ਕਈ ਵੱਡੇ ਫਾਰਮਾਂ ਵਾਲੇ ਤਾਂ ਸ਼ਾਮ ਨੂੰ ਬਾਬਿਆਂ ਦਾ ਮੂੰਹ ਕੌੜਾ ਵੀ ਮੁਫ਼ਤ ਵਿਚ ਹੀ ਕਰਵਾਉਂਦੇ ਹਨ। ਇਹ ਬੇਰੀ ਫਾਰਮ ਕੈਨੇਡਾ ਵਿਚ ਇਕ ਵੱਖਰੀ ਤਰਾਂ ਦੇ ਕਲਚਰ ਦੀ ਸਿਰਜਣਾ ਕਰ ਰਹੇ ਹਨ ਅਤੇ ਸਾਲ ਦੇ 10 ਮਹੀਨੇ ਘਰਾਂ ਵਿਚ ਰਹਿਣ ਵਾਲੇ ਬੇਬੇ-ਬਾਪੂ ਬੇਰੀ ਤੋੜਨ ਦੇ ਇਨਾਂ ਮਹੀਨਿਆਂ ਨੂੰ ਤੀਆਂ ਵਾਂਗ ਉਡੀਕਦੇ ਰਹਿੰਦੇ ਹਨ।




# ਤਿਆਗ, ਭਗਤੀ ਤੇ ਸ਼ਕਤੀ ਦੇ ਸੁਮੇਲ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ

**ਡਾ. ਰਣਜੀਤ ਸਿੰਘ**

ਸੰਸਾਰ ਵਿਚ ਸ਼ਹਾਦਤਾਂ ਦਾ ਇਤਿਹਾਸ ਵੀ ਮਨੁੱਖੀ ਇਤਿਹਾਸ ਜਿੰਨਾ ਹੀ ਪੁਰਾਣਾ ਹੈ। ਇਹ ਵੀ ਸੱਚ ਹੈ ਕਿ ਸਾਰੀਆਂ ਸ਼ਹਾਦਤਾਂ ਕਿਸੇ ਆਪਣੇ ਮੰਤਵ ਲਈ ਹੀ ਦਿੱਤੀਆਂ ਗਈਆਂ ਹਨ। ਆਮ ਕਰਕੇ ਆਪਣੇ ਦੇਸ਼, ਕੌਮ ਜਾਂ ਧਰਮ ਲਈ ਪਰ ਸੰਸਾਰ ਵਿਚ ਗੁਰੂ ਤੇਗ ਬਹਾਦਰ ਨੇ ਆਪਣੀ ਸ਼ਹੀਦੀ ਨਾਲ ਨਵਾਂ ਕੀਰਤੀਮਾਨ ਸਥਾਪਤ ਕੀਤਾ। ਉਨ੍ਹਾਂ ਮੁੱਢਲੇ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਆਪਣੀ ਮਰਜ਼ੀ ਨਾਲ ਸ਼ਹੀਦੀ ਦਿੱਤੀ। ਉਨ੍ਹਾਂ ਨੇ ਉਸ ਧਰਮ ਦੀ ਰਾਖੀ ਲਈ ਆਪਣਾ ਬਲੀਦਾਨ ਦਿੱਤਾ, ਜਿਸ ਨਾਲ ਉਨ੍ਹਾਂ ਦਾ ਆਪਣਾ ਕੋਈ ਸਰੋਕਾਰ ਨਹੀਂ ਸੀ। ਭਾਰਤ ਵਿਚ ਉਦੋਂ ਮੁਗਲ ਬਾਦਸ਼ਾਹ ਔਰੰਗਜ਼ੇਬ ਦਾ ਰਾਜ ਸੀ। ਔਰੰਗਜ਼ੇਬ ਇਸ ਦੇਸ਼ ਦੇ ਗੈਰ-ਮੁਸਲਮਾਨ ਲੋਕਾਂ 'ਤੇ ਤਸ਼ੱਦਦ ਕਰ ਰਿਹਾ ਸੀ ਅਤੇ ਉਨ੍ਹਾਂ ਨੂੰ ਜ਼ਬਰਦਸਤੀ ਇਸਲਾਮ ਕਬੂਲ ਕਰਨ ਲਈ ਮਜਬੂਰ ਕਰ ਰਿਹਾ ਸੀ। ਕਸ਼ਮੀਰ ਦੀ ਸੁੰਦਰ ਵਾਦੀ ਵਿਚ ਦੇਸ਼ ਦੇ ਵਿਦਵਾਨ ਪੰਡਿਤਾਂ ਦੀ ਬਹੁਗਿਣਤੀ ਸੀ, ਜਿਹੜੇ ਉਸ ਸੁਹਾਵਣੇ ਅਤੇ ਸ਼ਾਂਤ ਮਾਹੌਲ ਵਿਚ ਗਿਆਨ ਧਿਆਨ ਦਾ ਕਾਰਜ ਕਰਦੇ ਸਨ। ਔਰੰਗਜ਼ੇਬ ਨੇ ਇਨ੍ਹਾਂ ਪੰਡਿਤਾਂ ਨੂੰ ਜ਼ਬਰਦਸਤੀ ਮੁਸਲਮਾਨ ਬਣਾਉਣ ਦਾ ਫੈਸਲਾ ਕੀਤਾ। ਪਰਜਾ ਦੇ ਇਸ ਵਰਗ ਦੇ ਧਰਮ ਪਰਿਵਰਤਨ ਨਾਲ ਦੂਜੇ ਲੋਕਾਂ ਨੂੰ ਮੁਸਲਮਾਨ ਬਣਾਉਣਾ ਸੌਖਾ ਹੋ ਜਾਣਾ ਸੀ।

ਸ਼ਾਹੀ ਜ਼ੁਲਮ ਦੇ ਸਤਾਏ ਹੋਏ ਇਨ੍ਹਾਂ ਪੰਡਿਤਾਂ ਨੂੰ ਗੁਰੂ ਤੇਗ ਬਹਾਦਰ ਹੀ ਔਖ ਦੀ ਘੜੀ ਵਿਚ ਆਸ ਦੀ ਕਿਰਨ ਨਜ਼ਰ ਆਏ। ਗੁਰੂ ਜੀ ਜਦੋਂ ਕਸ਼ਮੀਰੀ ਪੰਡਿਤਾਂ ਦੀ ਫਰਿਆਦ ਸੁਣ ਰਹੇ ਸਨ ਤਾਂ ਉਨ੍ਹਾਂ ਦੇ ਪੁੱਤਰ ਨੌ ਸਾਲ ਦੇ ਬਾਲਕ ਗੋਬਿੰਦ ਰਾਏ ਵੀ ਕੋਲ ਖੜੇ ਸਨ। ਮਨੁੱਖਤਾ ਵਿਰੁੱਧ ਹੋ ਰਹੇ ਜ਼ੁਲਮ ਦੀ ਦਾਸਤਾਨ ਨੇ ਗੁਰੂ ਜੀ ਨੂੰ ਗੰਭੀਰ ਬਣਾ ਦਿੱਤਾ। ਬਾਲ ਗੋਬਿੰਦ ਦੇ ਪੁੱਛਣ 'ਤੇ ਉਨ੍ਹਾਂ ਸਾਰਾ ਬਿਰਤਾਂਤ ਸੁਣਾਇਆ। ਬਾਲਕ ਨੇ ਇਸ ਜ਼ੁਲਮ ਦੇ ਅੰਤ ਬਾਰੇ ਪੁੱਛਿਆ ਤਾਂ ਗੁਰੂ ਜੀ ਦਾ ਉੱਤਰ ਸੀ ਕਿ ਕਿਸੇ ਮਹਾਨ ਆਤਮਾ ਦੀ ਕੁਰਬਾਨੀ ਰਾਹੀਂ ਜਾਗੀ ਲੋਕ ਚੇਤਨਾ ਅਤੇ ਜਨ ਸ਼ਕਤੀ ਹੀ ਇਸ ਦਾ ਮੁਕਾਬਲਾ ਕਰ ਸਕਦੀ ਹੈ। ਬਾਲ ਗੋਬਿੰਦ ਜਿਨ੍ਹਾਂ ਨੇ ਪਿੱਛੋਂ ਜਾ ਕੇ ਸੰਸਾਰ ਵਿਚ ਸਰਬ ਸਾਂਝੀਵਾਲਤਾ ਅਤੇ ਖਾਲਸਾ ਰਾਜ ਦੇ ਸੰਕਲਪ ਨੂੰ ਅਮਲੀ ਰੂਪ ਬਖ਼ਸ਼ਿਆ, ਆਖਿਆ, 'ਪਿਤਾ ਜੀ ਤੁਹਾਡੇ ਤੋਂ ਮਹਾਨ ਆਤਮਾ ਹੋਰ ਕਿਹੜੀ ਹੋ ਸਕਦੀ ਹੈ?' ਆਪਣੇ ਬਾਲ ਪੁੱਤਰ ਦੇ ਇਹ ਬੋਲ ਸੁਣ ਕੇ ਗੁਰੂ ਜੀ ਦੇ ਚਿਹਰੇ ਤੋਂ ਉਦਾਸੀ ਦੂਰ ਹੋ ਗਈ ਤੇ ਰੱਬੀ ਨੂਰ ਝਲਕਣ ਲੱਗ ਪਿਆ। ਉਨ੍ਹਾਂ ਫਰਿਆਦੀ ਪੰਡਿਤਾਂ ਨੂੰ ਆਖਿਆ, 'ਔਰੰਗਜ਼ੇਬ ਨੂੰ ਆਖ ਦੇਵੋ ਕਿ ਜੇ ਸਾਡਾ ਗੁਰੂ ਮੁਸਲਮਾਨ ਬਣ ਜਾਵੇ ਤਾਂ ਅਸੀਂ ਸਾਰੇ ਇਸਲਾਮ ਧਾਰਨ ਕਰ ਲਵਾਂਗੇ।'

ਦਿੱਲੀ ਪੁੱਜਣ 'ਤੇ ਗੁਰੂ ਜੀ ਨੂੰ ਉਨ੍ਹਾਂ ਦੇ ਸਿੱਖਾਂ ਸਮੇਤ ਚਾਂਦਨੀ ਚੌਕ ਦੀ ਕੋਤਵਾਲੀ ਵਿਚ ਕੈਦ ਕਰ ਦਿੱਤਾ ਗਿਆ। ਔਰੰਗਜ਼ੇਬ ਨੇ ਗੁਰੂ ਜੀ ਅੱਗੇ ਤਿੰਨ ਸ਼ਰਤਾਂ ਰੱਖੀਆਂ, 'ਇਸਲਾਮ ਕਬੂਲ ਕਰੋ, ਸੰਸਾਰ ਦੇ ਸਾਰੇ ਸੁੱਖ ਤੁਹਾਡੇ ਕਦਮਾਂ ਉਤੇ ਹੋਣਗੇ। ਆਪਣੇ ਰੱਬੀ ਰੂਪ ਹੋਣ ਦੇ ਸਬੂਤ ਵਜੋਂ ਕੋਈ ਕਰਾਮਾਤ ਵਿਖਾਵੋ ਜਾਂ ਫਿਰ ਮੌਤ ਨੂੰ ਕਬੂਲ ਕਰੋ।' ਗੁਰੂ ਜੀ ਨੇ ਦ੍ਰਿੜਤਾ ਨਾਲ ਉੱਤਰ ਦਿੱਤਾ, 'ਧਰਮ ਹਰ ਇਨਸਾਨ ਦਾ ਮੁੱਢਲਾ ਅਧਿਕਾਰ ਹੈ। ਇਸ ਵਿਚ ਜ਼ਬਰਦਸਤੀ ਨਹੀਂ ਕੀਤੀ ਜਾ ਸਕਦੀ। ਇਸ ਕਰਕੇ ਸਾਨੂੰ ਤੇਰੀ ਇਹ ਸ਼ਰਤ ਮਨਜ਼ੂਰ ਨਹੀਂ ਹੈ। ਜਿਥੋਂ ਤਾਈਂ ਦੁਨਿਆਵੀਂ ਦੌਲਤਾਂ ਦਾ ਸਬੰਧ ਹੈ, ਮੇਰੇ ਪੱਲੇ ਸੱਚ ਦੀ ਦੌਲਤ ਹੈ। ਰੱਬ ਮੇਰੇ ਨਾਲ ਹੈ। ਇਸ ਤੋਂ ਵੱਡੀ ਹੋਰ ਕਿਹੜੀ ਦੌਲਤ ਹੋ ਸਕਦੀ ਹੈ? ਮੈਂ ਰੱਬ ਦਾ ਭਗਤ ਹਾਂ। ਕਰਾਮਾਤ ਉਸ ਦੇ ਕੰਮ ਵਿਚ ਦਖਲਅੰਦਾਜ਼ੀ ਹੈ, ਜਿਹੜੀ ਗੁਰੂ ਨਾਨਕ ਤੋਂ ਲੈ ਕੇ ਹੁਣ ਤੀਕ ਕਿਸੇ ਗੁਰੂ ਨੇ ਨਹੀਂ ਕੀਤੀ ਤੇ ਮੈਂ ਵੀ ਨਹੀਂ ਕਰਾਂਗਾ। ਤੇਰੀ ਤੀਜੀ ਸ਼ਰਤ ਮੈਨੂੰ ਪਰਵਾਨ ਹੈ, ਮੈਂ ਸ਼ਹੀਦ ਹੋਣ ਲਈ ਤਿਆਰ ਹਾਂ। ਮੌਤ ਸਬੰਧੀ ਗੁਰੂ ਜੀ ਦਾ ਫੁਰਮਾਨ ਹੈ :

**ਚਿੰਤਾ ਤਾ ਕੀ ਕੀਜੀਐ ਜੋ ਅਨਹੋਨੀ ਹੋਇ॥**
**ਇਹੁ ਮਾਰਗੁ ਸੰਸਾਰ ਕੋ ਨਾਨਕ ਥਿਰੁ ਨਹੀਂ ਕੋਇ॥**
**ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੈ ਕਾਲਿ॥**
**ਨਾਨਕ ਹਰਿ ਗੁਨ ਗਾਇ ਲੇ ਛਾਡਿ ਸਗਲ ਜੰਜਾਲ॥**

ਗੁਰੂ ਜੀ ਨੇ ਬਾਦਸ਼ਾਹ ਨੂੰ ਆਖਿਆ, 'ਔਰੰਗਜ਼ੇਬ ਤੂੰ ਦੇਸ਼ ਦਾ ਬਾਦਸ਼ਾਹ ਹੈਂ। ਆਪਣੀ ਪਰਜਾ ਦੇ ਹੱਕਾਂ ਦੀ ਰਾਖੀ ਕਰਨਾ ਤੇਰਾ ਧਰਮ ਹੈ ਪਰ ਤੂੰ ਤਾਂ ਉਨ੍ਹਾਂ 'ਤੇ ਅੰਨ੍ਹਾ ਤਸ਼ੱਦਦ ਕਰ ਕੇ ਆਪ ਹੀ ਉਨ੍ਹਾਂ ਦੇ ਹੱਕਾਂ ਦਾ ਘਾਣ ਕਰ ਰਿਹਾ ਹੈਂ। ਤੇਰਾ ਰਾਜ ਜ਼ੁਲਮ ਅਤੇ ਕੂੜ ਦਾ ਰਾਜ ਹੈ, ਜਦੋਂ ਕਿ ਤੂੰ ਆਪਣੇ ਆਪ ਨੂੰ ਕੱਟੜ ਮੁਸਲਮਾਨ ਅਖਵਾਉਂਦਾ ਹੈਂ। ਸੱਚ ਦਾ ਰਾਜ ਉਹ ਹੁੰਦਾ ਹੈ ਜਿੱਥੇ ਪਰਜਾ ਦੇ ਹੱਕਾਂ ਦੀ ਰਾਖੀ ਹੋਵੇ, ਲੋਕ ਜ਼ੁਲਮ ਦੇ ਸਹਿਮ ਹੇਠ ਧੌਣਾਂ ਨੀਵੀਆਂ ਕਰਕੇ ਦਿਨ ਕਟੀ ਨਾ ਕਰਨ, ਸਗੋਂ ਸੱਚ, ਹੱਕ ਦੀ ਰਾਖੀ ਅਤੇ ਨੇਕ ਕਮਾਈ ਕਰਦੇ ਹੋਏ ਮਾਣ ਨਾਲ ਜੀਵਨ ਜੀਉਣ।'

ਬਾਦਸ਼ਾਹ ਵੱਲੋਂ ਦਿੱਤੀਆਂ ਸਾਰੀਆਂ ਧਮਕੀਆਂ ਸਾਹਮਣੇ ਜਦੋਂ ਗੁਰੂ ਜੀ ਅਡੋਲ ਰਹੇ ਤਾਂ ਉਨ੍ਹਾਂ ਦਾ ਹੌਸਲਾ ਤੋੜਨ ਲਈ ਗੁਰੂ ਜੀ ਦੇ ਸਾਹਮਣੇ ਉਨ੍ਹਾਂ ਦੇ ਸਾਥੀ ਸਿੱਖਾਂ ਨੂੰ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ। ਭਾਈ ਮਤੀ ਦਾਸ ਨੂੰ ਆਰੇ ਨਾਲ ਚੀਰਿਆ ਗਿਆ। ਭਾਈ ਦਿਆਲਾ ਨੂੰ ਦੇਗ ਵਿਚ ਉਬਾਲਿਆ ਗਿਆ ਅਤੇ ਭਾਈ ਸਤੀ ਦਾਸ ਨੂੰ ਰੂੰ ਵਿਚ ਲਪੇਟ ਕੇ ਜਿਉਂਦਾ ਸਾੜ ਦਿੱਤਾ ਗਿਆ। ਸ਼ਹੀਦ ਕਰਨ ਤੋਂ ਪਹਿਲਾਂ ਇਨ੍ਹਾਂ ਸਿੱਖਾਂ ਨੂੰ ਬਹੁਤ ਲਾਲਚ ਦਿੱਤੇ ਗਏ, ਡਰਾਇਆ ਤੇ ਧਮਕਾਇਆ ਗਿਆ ਪਰ ਉਹ ਅਡੋਲ ਰਹੇ। ਸ਼ਹੀਦ ਕਰਨ ਤੋਂ ਪਹਿਲਾਂ ਜਦੋਂ ਉਨ੍ਹਾਂ ਤੋਂ ਆਖਰੀ ਖਾਹਿਸ਼ ਪੁੱਛੀ ਗਈ ਤਾਂ ਉਨ੍ਹਾਂ ਦਾ ਉੱਤਰ ਸੀ, 'ਸ਼ਹੀਦ ਕਰਨ ਸਮੇਂ ਸਾਡਾ ਮੁੱਖ ਗੁਰੂ ਸਾਹਿਬ ਵੱਲ ਹੋਣਾ ਚਾਹੀਦਾ ਹੈ, ਆਪਣੇ ਜਿਉਂਦੇ ਜੀ ਅਸੀਂ ਗੁਰੂ ਜੀ ਨੂੰ ਪਿੱਠ ਨਹੀਂ ਵਿਖਾ ਸਕਦੇ।'

ਆਪਣੇ ਸਿੱਖਾਂ ਨੂੰ ਵਾਹਿਗੁਰੂ ਦਾ ਜਾਪ ਕਰਦੇ ਹੋਏ ਸ਼ਾਂਤ ਸ਼ਹੀਦ ਹੁੰਦਿਆਂ ਵੇਖ ਗੁਰੂ ਜੀ ਦਾ ਹੌਸਲਾ ਹੋਰ ਬੁਲੰਦ ਹੋ ਗਿਆ। ਉਨ੍ਹਾਂ ਨੂੰ ਯਕੀਨ ਹੋ ਗਿਆ ਕਿ ਉਨ੍ਹਾਂ ਦੀ ਕੁਰਬਾਨੀ ਮਨੁੱਖੀ ਹਿਰਦਿਆਂ ਵਿਚ ਅਜਿਹੀ ਸ਼ਕਤੀ ਭਰ ਦੇਵੇਗੀ ਜਿਸ ਨਾਲ ਉਹ ਕੇਵਲ ਆਪਣੇ ਹੱਕ ਦੀ ਲੜਾਈ ਹੀ ਨਹੀਂ ਲੜਨਗੇ ਸਗੋਂ ਲੋਕਾਈ 'ਤੇ ਹੋ ਰਹੇ ਜ਼ੁਲਮ ਨੂੰ ਰੋਕਣ ਲਈ ਵੱਡੀ ਤੋਂ ਵੱਡੀ ਕੁਰਬਾਨੀ ਵੀ ਦੇ ਸਕਣਗੇ। 11 ਨਵੰਬਰ 1675 ਵਾਲੇ ਦਿਨ ਚਾਂਦਨੀ ਚੌਕ ਵਿਚ ਲੋਕਾਂ ਦੇ ਵੱਡੇ ਇਕੱਠ ਦੇ ਸਾਹਮਣੇ ਜੱਲਾਦ ਨੇ ਗੁਰੂ ਜੀ ਦਾ ਸੀਸ ਧੜ ਤੋਂ ਜੁਦਾ ਕਰ ਦਿੱਤਾ। ਬਾਦਸ਼ਾਹ ਨੂੰ ਉਮੀਦ ਸੀ ਕਿ ਇਸ ਜ਼ੁਲਮ ਨਾਲ ਪਰਜਾ ਦਹਿਲ ਜਾਵੇਗੀ ਤੇ ਚੁੱਪਚਾਪ ਇਸਲਾਮ ਗ੍ਰਹਿਣ ਕਰ ਲਵੇਗੀ। ਉਹ ਸ਼ਾਇਦ ਇਹ ਭੁੱਲ ਗਿਆ ਕਿ ਇਸ ਜ਼ੁਲਮ ਨਾਲ ਉਹ ਆਪਣੀ ਜੜ੍ਹ ਆਪ ਹੀ ਪੁੱਟ ਰਿਹਾ ਹੈ। ਸ਼ਹੀਦਾਂ ਦਾ ਖ਼ੂਨ ਹਮੇਸ਼ਾਂ ਰੰਗ ਲਿਆਉਂਦਾ ਹੈ। ਗੁਰੂ ਜੀ ਦੀ ਸ਼ਹੀਦੀ ਤੋਂ ਸਿਰਫ ਤੀਹ ਵਰ੍ਹਿਆਂ ਪਿੱਛੋਂ ਹੀ ਗੁਰੂ ਗੋਬਿੰਦ ਸਿੰਘ ਵੱਲੋਂ ਸਾਜੇ ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਦੀ ਅਗਵਾਈ ਹੇਠ ਸਦੀਆਂ ਤੋਂ ਲਿਤਾੜੇ, ਸਤਾਏ ਅਤੇ ਜ਼ੁਲਮ ਦੇ ਸ਼ਿਕਾਰ ਲੋਕ ਮੈਦਾਨ ਵਿਚ ਨਿਕਲ ਪਏ ਅਤੇ ਚੱਟਾਨ ਵਾਂਗ ਮਜ਼ਬੂਤ ਸਮਝੇ ਜਾਂਦੇ ਮੁਗਲ ਰਾਜ ਨੂੰ ਜੜ੍ਹਾਂ ਤੋਂ ਉਖੇੜ ਦਿੱਤਾ। ਗੁਰੂ ਜੀ ਨੂੰ ਹਿੰਦ ਦੀ ਚਾਦਰ ਆਖਿਆ ਜਾਂਦਾ ਹੈ। ਅਸਲ ਵਿਚ ਉਹ ਸਾਰੇ ਸੰਸਾਰ ਵਿਚ ਮਨੁੱਖੀ ਹੱਕਾਂ ਦੀ ਚਾਦਰ ਬਣੇ ਸਨ।

# ਸਿੱਖ ਪੰਥ ਵਿਚ ਨਿਸ਼ਾਨ ਸਾਹਿਬ ਦੀ ਪਰੰਪਰਾ

**ਡਾਕਟਰ ਪਰਮਵੀਰ ਸਿੰਘ**

ਨਿਸ਼ਾਨ ਸਾਹਿਬ ਸਿੱਖ ਪਛਾਣ ਦਾ ਮਹੱਤਵਪੂਰਨ ਅੰਗ ਹੈ ਜਿਹੜਾ ਕਿ ਹਰ ਇਕ ਗੁਰਦੁਆਰਾ ਸਾਹਿਬ ਵਿਖੇ ਸੁਸ਼ੋਭਿਤ ਹੁੰਦਾ ਹੈ। ਸਿੱਖ ਪਰੰਪਰਾ ਵਿਚ 'ਨਿਸ਼ਾਨ' ਸ਼ਬਦ ਕਈ ਰੂਪਾਂ ਵਿਚ ਵਰਤਿਆ ਜਾਂਦਾ ਹੈ ਪਰ ਇਸ ਨੂੰ ਝੰਡਾ ਜਾਂ ਧੁਜਾ ਦੇ ਰੂਪ ਵਿਚ ਪ੍ਰਮੁੱਖ ਤੌਰ 'ਤੇ ਦੇਖਿਆ ਜਾਂਦਾ ਹੈ। ਕੁਝ ਗੁਰਧਾਮ ਵੀ ਝੰਡਾ ਸਾਹਿਬ ਦੇ ਨਾਂ 'ਤੇ ਮੌਜੂਦ ਹਨ ਜਿਵੇਂ ਗੁਰਦੁਆਰਾ ਝੰਡਾ ਸਾਹਿਬ ਪਾਤਸ਼ਾਹੀ ਦਸਵੀਂ, ਝੰਡਾ ਕਲਾਂ, ਗੁਰਦੁਆਰਾ ਝੰਡਾ ਸਾਹਿਬ ਪਾਤਸ਼ਾਹੀ ਛੇਵੀਂ, ਚੱਕ ਪ੍ਰੇਮਾ, ਫਗਵਾੜਾ, ਗੁਰਦੁਆਰਾ ਝੰਡਾ ਸਾਹਿਬ, ਪਡਿਆਲਾ ਆਦਿ। ਰੋਜ਼ਾਨਾ ਦੀ ਅਰਦਾਸ ਵਿਚ 'ਸ੍ਰੀ ਅੰਮ੍ਰਿਤਸਰ ਜੀ ਦੇ ਇਸ਼ਨਾਨ, ਚੌਕੀਆਂ, ਝੰਡੇ, ਬੁੰਗੇ ਜੁਗੋ ਜੁਗ ਅਟੱਲ' ਦੀ ਭਾਵਨਾ ਇਸ ਦੇ ਮਹੱਤਵ ਪ੍ਰਤੀ ਦ੍ਰਿੜਤਾ ਪ੍ਰਦਾਨ ਕਰਦੀ ਹੈ। ਨਗਰ ਕੀਰਤਨ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਲਕੀ ਦੇ ਅੱਗੇ ਪੰਜ ਸਿੰਘ ਨਿਸ਼ਾਨ ਸਾਹਿਬ ਲੈ ਕੇ ਚੱਲਦੇ ਹਨ।

ਸਿੱਖ ਪਰੰਪਰਾ ਵਿਚ ਗੁਰੂ ਹਰਿਗੋਬਿੰਦ ਸਾਹਿਬ ਜੀ ਤੋਂ ਨਿਸ਼ਾਨ ਸਾਹਿਬ ਦੀ ਪਰੰਪਰਾ ਦੇਖਣ ਨੂੰ ਮਿਲਦੀ ਹੈ ਜਿਨ੍ਹਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਉਸਾਰੀ ਉਪਰੰਤ ਇਸ ਦੇ ਉੱਪਰ ਨਿਸ਼ਾਨ ਸਾਹਿਬ ਸਥਾਪਿਤ ਕੀਤਾ ਸੀ। ਪਵਿੱਤਰਤਾ ਤੇ ਸਵੈਮਾਨ ਦਾ ਇਹ ਚਿੰਨ ਇਕ ਲੰਮੇ ਪੋਲ 'ਤੇ ਲਾਇਆ ਜਾਂਦਾ ਹੈ ਜਿਸ ਦੇ ਸਿਖ਼ਰ 'ਤੇ ਖੰਡਾ ਜਾਂ ਨੇਜਾ ਲੱਗਿਆ ਹੁੰਦਾ ਹੈ। ਕਈ ਵਾਰੀ ਇਹ ਗੁਰਦੁਆਰਾ ਸਾਹਿਬ ਦੇ ਗੁੰਬਦ ਉੱਪਰ ਵੀ ਸੁਸ਼ੋਭਿਤ ਹੁੰਦਾ ਹੈ। ਤਿਕੋਣ ਆਕਾਰ ਦੇ ਇਸ ਦੇ ਫਰਹਰੇ ਵਿਚ ਅਕਸਰ ਖੰਡਾ ਅਤੇ ਚੱਕਰ ਦਾ ਨਿਸ਼ਾਨ ਬਣਿਆ ਹੁੰਦਾ ਹੈ। ਜੰਗਾਂ-ਯੁੱਧਾਂ ਮੌਕੇ ਵਰਤੇ ਜਾਣ ਵਾਲੇ ਨਿਸ਼ਾਨ ਸਾਹਿਬ ਉੱਪਰ ਸ਼ਸਤਰਾਂ ਦੇ ਚਿੰਨ ਵੀ ਮੌਜੂਦ ਹੁੰਦੇ ਸਨ। ਮਰਯਾਦਾ ਪੂਰਵਕ ਹਰ ਇਕ ਗੁਰਧਾਮ ਵਿਚ ਸਥਾਪਿਤ ਕੀਤਾ ਜਾਣ ਵਾਲਾ ਇਹ ਨਿਸ਼ਾਨ ਸਾਹਿਬ ਅਕਸਰ ਬਸੰਤੀ ਰੰਗ ਦਾ ਹੁੰਦਾ ਹੈ, ਨਿਹੰਗ ਸਿੰਘਾਂ ਦੁਆਰਾ ਨਿਸ਼ਾਨ ਸਾਹਿਬ ਲਈ ਨੀਲਾ ਰੰਗ ਵਰਤਿਆ ਜਾਂਦਾ ਹੈ।

ਵੈਸਾਖੀ ਮੌਕੇ ਨਵਾਂ ਨਿਸ਼ਾਨ ਸਾਹਿਬ ਚੜ੍ਹਾਇਆ ਜਾਂਦਾ ਹੈ ਪਰ ਕਈ ਵਾਰੀ ਕਿਸੇ ਵਿਸ਼ੇਸ਼ ਦਿਵਸ ਮੌਕੇ ਇਹ ਸੇਵਾ ਕੀਤੀ ਜਾਂਦੀ ਹੈ। ਧਾਰਮਿਕ ਸਮਾਗਮ, ਕੈਂਪ ਜਾਂ ਜੋੜ-ਮੇਲ ਦੇ ਅਸਥਾਨ 'ਤੇ ਵੀ ਵਿਧੀ ਪੂਰਵਕ ਨਿਸ਼ਾਨ ਸਾਹਿਬ ਝੁਲਾਉਣ ਦੇ ਨਾਲ-ਨਾਲ ਇਸ ਨੂੰ ਸਲਾਮੀ ਦਿੱਤੀ ਜਾਂਦੀ ਰਹੀ ਹੈ। ਸਮਾਗਮ ਸੰਪੂਰਨ ਹੋਣ 'ਤੇ ਵਿਧੀਵਤ ਢੰਗ ਨਾਲ ਇਸ ਨੂੰ ਆਪਣੇ ਸਥਾਨ 'ਤੇ ਪਹੁੰਚਾ ਦਿੱਤਾ ਜਾਂਦਾ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਜੀਵਨ ਵਿਚ ਲਗਪਗ 14 ਵੱਡੀਆਂ ਜੰਗਾਂ ਕੀਤੀਆਂ ਅਤੇ ਸਭਨਾਂ ਵਿਚ ਸਫ਼ਲਤਾ ਪ੍ਰਾਪਤ ਕੀਤੀ। ਜੰਗਾਂ-ਯੁੱਧਾਂ ਸਮੇਂ ਨਿਸ਼ਾਨ ਸਾਹਿਬ ਗੁਰੂ ਜੀ ਦੇ ਨਾਲ ਲਿਜਾਇਆ ਜਾਂਦਾ ਸੀ। ਅਨੰਦਪੁਰ ਦੇ ਇਕ ਯੁੱਧ ਦੀ ਘਟਨਾ ਵਿਚ ਨਿਸ਼ਾਨ ਸਾਹਿਬ ਦੇ ਮਹੱਤਵ ਦਾ ਵੇਰਵਾ ਦਿੰਦੇ ਹੋਏ ਗੁਰੂ ਕੀਆਂ ਸਾਖੀਆਂ ਵਿਚ ਦੱਸਿਆ ਗਿਆ ਹੈ ਕਿ 'ਸਤਿਗੁਰਾਂ ਕਾ ਹੁਕਮਿ ਪਾਇ ਮਾਨ ਸਿੰਘ ਨਿਸ਼ਾਨਚੀ ਨੇ ਆਗੇ ਹੋਇ ਭੂਮੀ ਮੇਂ ਝੰਡਾ ਗਾਡ ਕੇ ਜੰਮ ਕੇ ਲੜਾਈ ਲੜੀ। ਮਾਨ ਸਿੰਘ ਨਿਸ਼ਾਨਚੀ ਜ਼ਖ਼ਮੀ ਹੋ ਗਿਆ ਤੇ ਨਿਸ਼ਾਨ ਦੁਸ਼ਮਨ ਕੇ ਵਾਰ ਸੇ ਟੂਟ ਕੇ ਭੋਇ ਗਿਰ ਪਿਆ। ਇਸ ਘਟਨਾ ਕੀ ਖ਼ਬਰ ਕਿਸੇ ਸਿੱਖ ਨੇ ਤਖ਼ਤ ਸ੍ਰੀ ਕੇਸਗੜ੍ਹ ਮੇਂ ਆਇ ਦਈ। ਗੁਰੂ ਜੀ ਨੇ ਉਸੀ ਵਕਤ ਬੜੀ ਦਸਤਾਰ ਕੋ ਉਤਾਰ ਨੀਚੇ ਕੇਸਗੀ ਮੇਂ ਸੇ ਨੀਲੇ ਰੰਗ ਕਾ ਫਰਰਾ ਨਿਕਾਲ ਕੇ ਬਚਨ ਕੀਆ, ਇਹ ਖਾਲਸਾਈ ਨਿਸ਼ਾਨ ਕਭੀ ਆਗੇ ਸੇ ਟੂਟੇਗਾ ਨਹੀਂ।' ਇਥੋਂ ਹੀ ਨਿਹੰਗ ਸਿੰਘਾਂ ਵਿਚ ਦੁਮਾਲੇ ਨਾਲ ਫਰਹਰਾ ਸਜਾਉਣ ਦੀ ਪਰੰਪਰਾ ਵੀ ਆਰੰਭ ਹੋਈ ਦੱਸੀ ਜਾਂਦੀ ਹੈ। ਜੰਗਾਂ-ਯੁੱਧਾਂ ਸਮੇਂ ਨਿਸ਼ਾਨ ਦੇ ਰੂਪ ਵਿਚ ਸਾਹਮਣੇ ਆਇਆ ਇਹ ਫਰਹਰਾ ਇਹਨਾਂ ਵਿਚ ਸਥਾਈ ਰੂਪ ਧਾਰਨ ਕਰ ਗਿਆ ਹੈ।

ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਬਾਬਾ ਬੰਦਾ ਸਿੰਘ ਬਹਾਦਰ ਨੇ ਜਿੱਤੇ ਗਏ ਕਿਲਿਆਂ 'ਤੇ ਨਿਸ਼ਾਨ ਸਾਹਿਬ ਸਥਾਪਿਤ ਕੀਤਾ। ਹਰ ਇਕ ਯੁੱਧ ਮੌਕੇ ਇਹ ਨਿਸ਼ਾਨ ਸਾਹਿਬ ਬਾਬਾ ਜੀ ਦੇ ਨਾਲ ਲਿਜਾਇਆ ਜਾਂਦਾ ਸੀ ਅਤੇ ਸਰਹਿੰਦ ਨੂੰ ਜਿੱਤ ਕੇ ਵਜ਼ੀਰ ਖ਼ਾਨ ਦੇ ਕਿਲੇ ਉਪਰ ਨਿਸ਼ਾਨ ਸਾਹਿਬ ਝੁਲਾਇਆ ਗਿਆ ਸੀ, ਇਸ ਦੀ ਯਾਦ ਵਿਚ 14 ਮਈ ਨੂੰ ਸਰਹਿੰਦ ਫ਼ਤਹਿ ਦਿਵਸ ਮਨਾਇਆ ਜਾਂਦਾ ਹੈ। 18ਵੀਂ ਸਦੀ ਦੇ ਸੰਘਰਸ਼ ਸਮੇਂ ਸਿੱਖ 12 ਮਿਸਲਾਂ ਵਿਚ ਵੰਡੇ ਗਏ ਸਨ ਅਤੇ ਇਨ੍ਹਾਂ ਵਿਚੋਂ ਇਕ ਵਿਸ਼ੇਸ਼ ਨਿਸ਼ਾਨਾਂਵਾਲੀ ਮਿਸਲ ਵੀ ਸਾਹਮਣੇ ਆਈ ਜਿਸ ਦਾ ਆਗੂ ਸਰਦਾਰ ਦਸੌਂਧਾ ਸਿੰਘ ਸੀ। ਅੰਮ੍ਰਿਤਸਰ ਸਾਹਿਬ ਵਿਖੇ ਇਸ ਮਿਸਲ ਦੀ ਛਾਉਣੀ ਸੀ ਜਿਹੜੀ ਕਿ ਸ੍ਰੀ ਹਰਿਮੰਦਰ ਸਾਹਿਬ ਦੀ ਰੱਖਿਆ ਕਰਨ ਲਈ ਹਮੇਸ਼ਾ



ਯਤਨਸ਼ੀਲ ਰਹਿੰਦੀ ਸੀ। ਇਸ ਮਿਸਲ ਨਾਲ ਸਬੰਧਿਤ ਇਕ ਨਿਸ਼ਾਨ ਸਾਹਿਬ ਹਾਲੇ ਵੀ ਸ਼ਾਹਬਾਦ ਵਿਖੇ ਸੰਭਾਲ ਕੇ ਰੱਖਿਆ ਹੋਇਆ ਹੈ ਜਿਸ ਦੇ ਕਿਸੇ ਵਿਸ਼ੇਸ਼ ਦਿਨ ਸੰਗਤ ਨੂੰ ਦਰਸ਼ਨ ਕਰਵਾਏ ਜਾਂਦੇ ਹਨ।

ਸ੍ਰੀ ਹਰਿਮੰਦਰ ਸਾਹਿਬ ਦੀ ਪਰਿਕਰਮਾ ਵਿਚ ਦੋ ਨਿਸ਼ਾਨ ਸਾਹਿਬ ਪ੍ਰਮੁੱਖ ਤੌਰ 'ਤੇ ਸੁਸ਼ੋਭਿਤ ਹਨ ਅਤੇ ਇਨ੍ਹਾਂ ਨੂੰ ਮੀਰੀ ਅਤੇ ਪੀਰੀ ਦੇ ਸਿਧਾਂਤ ਨਾਲ ਜੋੜ ਕੇ ਦੇਖਿਆ ਜਾਂਦਾ ਹੈ। 18ਵੀਂ ਸਦੀ ਵਿਚ ਇਹ ਅਸਥਾਨ ਬਾਹਰੀ ਹਮਲਾਵਰਾਂ ਦੇ ਨਿਸ਼ਾਨੇ 'ਤੇ ਰਿਹਾ। ਜਦੋਂ-ਜਦੋਂ ਉਹ ਇਥੇ ਹਮਲਾ ਕਰ ਕੇ ਇਸ ਨੂੰ ਮਿਟਾਉਣ ਦਾ ਯਤਨ ਕਰਦੇ, ਤਿਉਂ-ਤਿਉਂ ਇਹ ਅਸਥਾਨ ਸਿੱਖਾਂ ਦੇ ਮਨ ਵਿਚ ਪਵਿੱਤਰ ਭਾਵਨਾ ਅਤੇ ਦ੍ਰਿੜਤਾ ਦਾ ਵਾਧਾ ਕਰਦਾ ਰਿਹਾ। 18ਵੀਂ ਸਦੀ ਵਿਚ ਅਤਿ ਸੰਕਟ ਦੇ ਸਮੇਂ ਆਪਣਾ ਜੀਵਨ ਕੁਰਬਾਨ ਕਰ ਕੇ ਵੀ ਸਿੱਖ ਇਸ ਪਵਿੱਤਰ ਅਸਥਾਨ ਦੇ ਦਰਸ਼ਨ ਕਰਨ ਲਈ ਆਉਂਦੇ ਰਹੇ। 1767 ਵਿਚ ਅਹਿਮਦ ਸ਼ਾਹ ਦੁਰਾਨੀ ਨੂੰ ਭਜਾ ਕੇ ਭੰਗੀ ਸਰਦਾਰਾਂ ਨੇ ਲਾਹੌਰ 'ਤੇ ਕਬਜ਼ਾ ਕਰ ਲਿਆ ਤਾਂ ਉਨ੍ਹਾਂ ਦਾ ਧਿਆਨ ਇਲਾਕਿਆਂ ਦੇ ਪ੍ਰਬੰਧ ਕਰਨ ਦੇ ਨਾਲ-ਨਾਲ ਗੁਰਧਾਮਾਂ ਦੀ ਸਾਂਭ-ਸੰਭਾਲ ਵੱਲ ਗਿਆ। ਸ੍ਰੀ ਹਰਿਮੰਦਰ ਸਾਹਿਬ ਦੀ ਸ਼ਾਨ ਬਹਾਲ ਕਰਦੇ ਹੋਏ ਸਰਦਾਰ ਝੰਡਾ ਸਿੰਘ ਭੰਗੀ ਨੇ ਸ੍ਰੀ ਹਰਿਮੰਦਰ ਸਾਹਿਬ 'ਤੇ ਨਿਸ਼ਾਨ ਸਾਹਿਬ ਲਾਇਆ ਜਿਸ ਨੂੰ 'ਅਕਾਲ ਧੁਜਾ' ਜਾਂ 'ਸਤਿਗੁਰੂ ਦਾ ਨਿਸ਼ਾਨ' ਕਿਹਾ ਜਾਂਦਾ ਸੀ। ਇਸ ਤੋਂ ਲਗਭਗ 40 ਸਾਲ ਬਾਅਦ ਉਦਾਸੀ ਮਹੰਤਾਂ ਨੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਿਸ਼ਾਨ ਸਾਹਿਬ ਸਸ਼ੋਭਿਤ ਕਰਨ ਦਾ ਕਾਰਜ ਕੀਤਾ। ਮਹੰਤ ਸੰਤੋਖ ਦਾਸ ਅਤੇ ਮਹੰਤ ਪ੍ਰੀਤਮ ਦਾਸ ਦੇਹਰਾਦੂਨ ਤੋਂ ਸਾਲ ਦੇ ਰੁੱਖ ਦੀ ਇਕ ਲੰਮੀ ਲੱਕੜ ਅੰਮ੍ਰਿਤਸਰ ਲੈ ਕੇ ਆਏ ਅਤੇ ਉਹਨਾਂ ਨੇ ਇਸ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਸਥਾਪਿਤ ਕਰ ਕੇ ਇਸ 'ਤੇ ਨਿਸ਼ਾਨ ਸਾਹਿਬ ਝੁਲਾਇਆ ਸੀ। ਇਸ ਤੋਂ ਬਾਅਦ ਲੋਹੇ ਦੇ ਨਿਸ਼ਾਨ ਸਾਹਿਬ ਲਗਾਏ ਜਾਣ ਲੱਗੇ ਅਤੇ ਹੁਣ ਆਧੁਨਿਕ ਤਕਨੀਕ ਵਾਲੇ ਨਿਸ਼ਾਨ ਸਾਹਿਬ ਗੁਰਧਾਮਾਂ ਦੀ ਸ਼ੋਭਾ ਵਧਾ ਰਹੇ ਹਨ।

ਨਿਸ਼ਾਨ ਸਾਹਿਬ ਲਗਾਉਣ ਦੀ ਇਕ ਵਿਧੀਵਤ ਪਰੰਪਰਾ ਅਤੇ ਮਰਯਾਦਾ ਹੈ ਪਰ ਇਸ ਦੇ ਨਾਲ ਹੀ ਸਿੱਖਾਂ ਵਿਚ ਖ਼ਾਲਸਾਈ ਨਿਸ਼ਾਨਾਂ ਦੀ ਪਰੰਪਰਾ ਵੀ ਦੇਖਣ ਨੂੰ ਮਿਲਦੀ ਹੈ। ਖ਼ਾਲਸਾਈ ਨਿਸ਼ਾਨ ਕਈ ਰੂਪਾਂ ਵਿਚ ਦੇਖੇ ਜਾ ਸਕਦੇ ਹਨ। ਕਈ ਵਾਰੀ ਨਿਸ਼ਾਨ ਸਾਹਿਬ ਵਰਗੇ ਹੀ ਦਿਖਾਈ ਦੇਣ ਵਾਲੇ ਇਹ ਖਾਲਸਾਈ ਨਿਸ਼ਾਨ ਕਾਰਾਂ, ਟਰੱਕਾਂ, ਜੀਪਾਂ, ਘਰਾਂ, ਸਿੱਖ ਸਭਾਵਾਂ ਆਦਿ ਵਿਖੇ ਲਗਾਏ ਜਾਂਦੇ ਹਨ। ਵਿਸ਼ੇਸ਼ ਮੌਕਿਆਂ 'ਤੇ ਕੱਢੇ ਜਾਣ ਵਾਲੇ ਨਗਰ ਕੀਰਤਨ ਮੌਕੇ ਬੱਚਿਆਂ ਅਤੇ ਆਮ ਲੋਕਾਂ ਦੇ ਹੱਥਾਂ ਵਿਚ ਵੀ ਇਹ ਆਮ ਦੇਖੇ ਜਾ ਸਕਦੇ ਹਨ। ਆਮ ਤੌਰ 'ਤੇ ਬਸੰਤੀ ਰੰਗ ਵਿਚ ਤਿਆਰ ਕੀਤੇ ਜਾਣ ਵਾਲੇ ਇਨ੍ਹਾਂ ਨਿਸ਼ਾਨਾਂ 'ਤੇ ਖੰਡਾ ਵੀ ਬਣਿਆ ਹੁੰਦਾ ਹੈ ਜਾਂ ਕਈ ਵਾਰੀ ੴ ਰੂਪੀ ਚਿੰਨ ਵੀ ਲੱਗਿਆ ਹੁੰਦਾ ਹੈ। ਨਿਸ਼ਾਨ ਸਾਹਿਬ ਅਤੇ ਖ਼ਾਲਸਾਈ ਨਿਸ਼ਾਨ ਗੁਰੂ ਸਾਹਿਬਾਨ ਪ੍ਰਤੀ ਸ਼ਰਧਾ, ਦ੍ਰਿੜਤਾ, ਸਵੈਮਾਨ, ਸੁਰੱਖਿਆ ਅਤੇ ਸਰਬੱਤ ਦੇ ਭਲੇ ਵਾਲੀ ਭਾਵਨਾ ਪ੍ਰਗਟ ਕਰਦੇ ਹਨ।

# ਉਪਜੈ ਨਿਪਜੈ ਨਿਪਜਿ ਸਮਾਈ ॥ ਨੈਨਹ ਦੇਖਤ ਇਹੁ ਜਗੁ ਜਾਈ ॥

## ਮੂਲ ਰਚਨਾ, ਪੰਥ ਰਤਨ, ਗੁਰਮਿਤ ਮਾਰਤੰਡ, ਗਿਆਨੀ ਸੰਤ ਸਿੰਘ ਮਸਕੀਨ ਜੀ

**ਭਾਗ 17**

**ਸੰਪਾਦਤ: ਸਰਬਜੀਤ ਕੌਰ ਸਰਬ**

ਅੱਖਾਂ ਨਾਲ ਵੇਖਦਿਆਂ ਵੇਖਦਿਆਂ ਇਹ ਜਗਤ ਅੱਖਾਂ ਤੋਂ ਓਝਲ ਹੋ ਜਾਂਦਾ ਹੈ । ਬਚਪਨ ਵੇਖਦੇ ਹਾਂ ਆਪਣਾ ਵੀ ਤੇ ਦੂਜਿਆਂ ਦਾ ਵੀ ਵੇਖਦਿਆਂ ਵੇਖਦਿਆਂ ਉਹ ਵੀ ਅੱਖਾਂ ਤੋਂ ਓਝਲ ਹੋ ਗਿਆ । ਜਵਾਨੀ ਦੇਖਦੇ ਹਾਂ ਬੁਢਾਪਾ ਦੇਖਦੇ ਹਾਂ ਆਪਣਾ ਵੀ ਤੇ ਦੂਜਿਆਂ ਦਾ ਵੀ ਉਹ ਵੀ ਦੇਖਦਿਆਂ ਦੇਖਦਿਆਂ ਅੱਖਾਂ ਤੋਂ ਓਝਲ ਹੋ ਰਿਹਾ ਹੈ। ਜਿਸ ਬਚਪਨ ਨੂੰ ਦੇਖਿਆ ਚਲਾ ਗਿਆ ਜਵਾਨੀ ਨੂੰ ਦੇਖਿਆ ਚਲੀ ਗਈ ਜਿਸ ਬੁਢਾਪੇ ਨੂੰ ਦੇਖਿਆ ਉਹ ਵੀ ਚਲਿਆ ਜਾ ਰਿਹਾ ਹੈ। ਜਗਤ ਦੇ ਜੋ ਵੀ ਰੰਗ ਦੇਖੇ ਉਹ ਚਲੇ ਗਏ। ਇਸ ਸਭ ਨੂੰ ਦੇਖਦੇ ਹੋਏ ਆਖਦੇ ਹਾਂ ਕਿ ਸੰਸਾਰ ਚਲਾਏਮਾਨ ਹੈ ਅਤੇ ਚਲਾਏਮਾਨ ਸੰਸਾਰ ਨੂੰ ਹੀ ਮਾਇਆ ਕਿਹਾ ਗਿਆ ਹੈ ਤੇ ਇਸਲਾਮ ਵਿੱਚ ਇਸ ਨੂੰ ਹਊਆ ਕਹਿ ਕੇ ਬਿਆਨ ਕੀਤਾ ਗਿਆ ਹੈ । ਮਨੁੱਖ ਜਦੋਂ ਮਾਇਆ ਦੇ ਪ੍ਰਭਾਵ ਹੇਠ ਜੀਵੇ ਇਸ ਨੂੰ ਸੰਸਾਰੀ ਕਹਿੰਦੇ ਹਨ ਪਰ ਜਦੋਂ ਜਿਸ ਦੀ ਮਾਇਆ ਹੈ ਅਤੇ ਜਿਸ ਦੀ ਇਹ ਛਾਇਆ ਹੈ ਉਸ ਦੇ ਪ੍ਰਭਾਵ ਹੇਠ ਜਦ ਮਨੁੱਖ ਆ ਜਾਵੇ ਤਾਂ ਫੇਰ ਇਸ ਨੂੰ ਸੰਤ ਬ੍ਰਹਮਗਿਆਨੀ ਤੇ ਭਗਤ ਕਹਿੰਦੇ ਹਨ । ਇਹ ਸਾਰੇ ਈਸ਼ਵਰ ਦਾ ਰੂਪ ਹੋ ਗਏ ਹਨ ਕਿਉਂਕਿ ਈਸ਼ਵਰ ਤੋਂ ਪ੍ਰਭਾਵਿਤ ਹੋ ਕੇ ਇਹ ਆਪਣਾ ਜੀਵਨ ਬਤੀਤ ਕਰ ਰਹੇ ਹਨ। ਈਸ਼ਵਰ ਦੀ ਛਾਇਆ ਤੋਂ ਅੱਗੇ ਹੋ ਗਏ ਹਨ, ਛਾਇਆ ਦੀ ਰੂਪਰੇਖਾ ਜਿਸ ਤਰਾਂ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਨੇ ਬਿਆਨ ਕੀਤੀ ਹੈ : ਮਾਇਆ ਚਿਤ ਭਰਮੇਣ ਇਸਟ ਮਿਤ੍ਰੇਖੁ ਬਾਂਧਵਹ ॥ ੧੩੬੦

ਈਸਟ, ਪੁੱਤਰ, ਮਿੱਤਰ, ਪਤਨੀ, ਪਤੀ ਅਤੇ ਸਾਰੇ ਸਬੰਧੀ ਇਹ ਸਭ ਮਾਇਆ ਹਨ। ਇਨਾਂ ਸਬੰਧਾਂ ਦਾ ਇੰਨਾ ਜ਼ਿਆਦਾ ਪ੍ਰਭਾਵ ਪੈ ਗਿਆ ਹੈ ਕਿ ਜਿਸ ਦਾ ਸਬੰਧ ਸਾਡੇ ਨਾਲ ਸਦੀਵੀ ਹੈ ਜਿਸ ਨੂੰ ਪ੍ਰਮਾਤਮਾ ਕਿਹਾ ਗਿਆ ਹੈ ਅਤੇ ਜੋ ਆਦ੍ਰਿਸ਼ਟ ਹੈ ਉਸ ਨਾਲ ਸਬੰਧ ਜੋੜ ਸਕੀਏ। ਅਸੀਂ ਅਸਮਰਥ ਹੋ ਕੇ ਰਹਿ ਗਏ ਹਾਂ ਇਸ ਵਿੱਚ ਸਫ਼ਲਤਾ



ਪ੍ਰਾਪਤ ਨਹੀਂ ਹੋ ਸਕੀ ਕਿਉਂਕਿ ਇਹ ਸਾਰੇ ਦੇ ਸਾਰੇ ਸਬੰਧ ਵਿਚਕਾਰ ਦੀਵਾਰ ਬਣ ਕੇ ਖੜੇ ਹੋ ਗਏ ਹਨ। ਇਹ ਕੋਈ ਇੱਕ ਦੀਵਾਰ ਨਹੀਂ ਹੈ ਪੁੱਤਰਾਂ ਦੀ ਦੀਵਾਰ, ਮਿੱਤਰਾਂ ਦੀ ਦੀਵਾਰ, ਭਰਾਵਾਂ ਦੀ ਦੀਵਾਰ, ਭੈਣਾਂ ਦੀ ਦੀਵਾਰ, ਮਾਂ ਬਾਪ ਦੀ ਦੀਵਾਰ, ਪਤਨੀ ਦੀ ਦੀਵਾਰ ਅਤੇ ਪਤੀ ਦੀ ਦੀਵਾਰ। ਇਨਾਂ ਦੀਵਾਰਾਂ ਤੋਂ ਕਿਸੇ ਇਕ ਦੀਵਾਰ ਨੂੰ ਲੰਘਣਾ ਔਖਾ ਹੈ ਇੰਨੀਆਂ ਸਾਰੀਆਂ ਦੀਵਾਰਾਂ ਨਾਲ ਕੌਣ ਸਿਰ ਮਾਰੇ ਤੇ ਕੌਣ ਅੱਗੇ ਲੰਘੇ ਭਗਤ ਨਾਮਦੇਵ ਜੀ ਮਹਾਰਾਜ ਠੀਕ ਕਹਿ ਰਹੇ ਹਨ :

ਬੇਢੀ ਪ੍ਰੀਤਿ ਮਜੂਰੀ ਮਾਂਗੈ ਜਉ ਕੋਊ ਛਾਨਿ ਛਵਾਵੈ ਹੋ ॥
ਲੋਗ ਕੁਟੰਬ ਸਭਹੁ ਤੇ ਤੋਰੈ ਤਉ ਆਪਨ ਬੇਢੀ ਆਵੈ ਹੋ ॥

ਅਕਾਲ ਪੁਰਖ ਜੋ ਪਰੀਪੂਰਨ ਪ੍ਰਮਾਤਮਾ ਹੈ ਉਸ ਦਾ ਮਿਲਾਪ ਤਾਂ ਹੀ ਹੋਵੇਗਾ ਅਗਰ 'ਲੋਗ ਕੁਟੰਬ ਸਭਹੁ ਤੇ ਤੋਰੈ' ਪੂਰੇ ਜਗਤ ਦੀ ਜੋ ਸਬੰਧ ਹਨ ਇਨਾਂ ਤੋਂ ਅੱਗੇ ਲੰਘੇ। ਤੋੜਨ ਤੋਂ ਮੁਰਾਦ ਇਹ ਨਹੀਂ ਕਿ ਇਨਾਂ ਸਬੰਧਾਂ ਨੂੰ ਮੰਨਣ ਤੋਂ ਇਨਕਾਰ ਕਰੇ ਇਤਨਾ ਮੰਨੇ ਕਿ ਇਨਾਂ ਦਾ ਮੰਨਣਾ ਰੋਕ ਨਾ ਬਣੇ ਇਤਨਾ ਕਬੂਲ ਕਰੇ ਕਿ ਇਨਾਂ ਦੀ ਮਨੌਤ ਦੀਵਾਰ ਨਾ ਬਣ ਜਾਏ। ਜਿਹੜਾ ਸਬੰਧ ਪ੍ਰਮਾਤਮਾ ਦੇ ਵਿਚਕਾਰ ਦੀਵਾਰ ਬਣ ਜਾਏ ਉਹ ਸਬੰਧ ,ਉਸ ਸੰਬੰਧੀ ਮਾਇਆ ਹੈ ।

ਮਾਯਾ ਚਿਤ ਭਰਮੇਣ ਇਸਟ ਮਿਤ੍ਰੇਖੁ ਬਾਂਧਵਹ ॥ ੧੩੬੦

ਸ੍ਰੀ ਗੁਰੂ ਅਰਜਨ ਦੇਵ ਜੀ ਫਰਮਾਉਂਦੇ ਨੇ ਕੀ ਇਹ ਈਸਟ ਜਿਸ ਦੀ ਤੂੰ ਪੂਜਾ ਕਰ ਰਿਹਾ ਹੈ ਜਿਸ ਦੀ ਤੂੰ ਪਰਿਕਰਮਾ ਕਰ ਰਿਹਾ ਹੈ। ਜਿਸ ਨੂੰ ਤੂੰ ਵਾਰ ਵਾਰ ਸਿਜਦੇ ਕਰ ਰਿਹਾ ਹੈ ਅਗਰ ਇਸ ਨੇ ਵੀ ਤੇਰੀ ਸੁਰਤ ਨੂੰ ਆਪਣੇ ਤੱਕ ਹੀ ਰੋਕ ਦਿੱਤਾ ਅੱਗੇ ਨਹੀਂ ਜਾਣ ਦੇ ਰਿਹਾ ਤਾਂ ਇਹ ਇਸ਼ਟ ਵੀ ਮਾਇਆ ਹੈ । ਕਿਸੇ ਲਈ ਕੋਈ ਅਵਤਾਰ ਹੋ ਸਕਦਾ ਹੈ ਕਿਸੇ ਲਈ ਕੋਈ ਅਵਤਾਰ ਦੀਵਾਰ ਹੋ ਸਕਦਾ ਹੈ। ਬਹੁਤ ਸਾਰੇ ਅਵਤਾਰ ਮਨੁੱਖ ਦੇ ਵਿਚਕਾਰ ਦੀਵਾਰ ਬਣ ਕੇ ਖੜੇ ਹਨ ਜਿਸ ਨਾਲ ਪ੍ਰਮਾਤਮਾ ਤੱਕ ਪਹੁੰਚਣਾ ਔਖਾ ਹੋ ਰਿਹਾ ਹੈ ਪਰ ਕਦੀ ਕਦਾਈਂ ਕੋਈ ਪਰਿਵਾਰ ਦੀ ਦੀਵਾਰ ਤੋਂ ਫਾਂਦ ਕੇ ਲੰਘ ਆਉਂਦਾ ਹੈ ਭਾਵ ਪਰਿਵਾਰ ਦਾ ਸਬੰਧ ਇਤਨਾ ਹੀ ਤਸਲੀਮ ਕਰਦਾ ਹੈ ਕਿ ਉਹ ਪ੍ਰਮਾਤਮਾ ਦੇ ਰਸਤੇ ਦਾ ਰੋੜਾ ਨਾ ਬਣਨ ਰੋਕ ਨਾ ਖੜੀ ਕਾਰਨ । ਜੇਕਰ ਇਸ ਆਧਾਰ ਉੱਤੇ ਮਨੁੱਖ ਨੂੰ ਪੜਨ ਦੀ ਕੋਸ਼ਿਸ਼ ਕਰੀਏ ਮਨੁੱਖ ਤਾਂ ਇਕ ਹੈ ਦੀਵਾਰਾਂ ਬੜੀਆਂ ਹਨ ਜੋ ਮਨੁੱਖ ਦੀ ਤੋੜਨ ਦੀ ਤਾਕਤ ਤੋਂ ਪਰੇ ਹਨ । ਅਸਲ ਕਾਰਨ ਹੈ ਕਿ ਮਨੁੱਖ ਦੀਵਾਰਾਂ ਦੇ ਪ੍ਰਭਾਵ ਹੇਠ ਜੀਅ ਰਿਹਾ ਹੈ ਔਰ ਉਹ ਆਦ੍ਰਿਸ਼ਟ ਹੀ ਰਹਿ ਜਾਂਦਾ ਹੈ ਜੋ ਦੀਵਾਰਾਂ ਤੋਂ ਪਰੇ ਹੈ । ਦੀਵਾਰਾਂ ਦੇ ਅੰਦਰ ਸਿਮਟੇ ਹੋਏ ਇਸ਼ਟ ਦਾ ਬਹੁਤ ਹੀ ਸੋਹਣਾ ਨਾਮ ਰੱਖਿਆ ਹੈ ਗੁਰਦੁਆਰਾ ਗੁਰੂ ਦਾ ਦੁਆਰਾ ਅਗਰ ਗੁਰੂ ਵੀ ਰੋਕ ਦੇਵੇ ਗੁਰੂ ਤਕ ਵੀ ਅਗਰ ਕੋਈ ਰੁਕ ਗਿਆ ਹੈ ਅੱਗੇ ਨਹੀਂ ਜਾ ਰਿਹਾ ਤਾਂ ਗੁਰੂ ਦੁਆਰਾ ਨਹੀਂ ਹੈ ਉਹ ਦੀਵਾਰ ਹੈ ਇਹ ਵੀ ਰੋਕ ਹੈ। ਅਵਤਾਰ ਇੱਕ ਇਸ਼ਾਰਾ ਮਾਤਰ ਹੈ ਜਿਸ ਉਂਗਲ ਨਾਲ ਚੰਦਰਮਾ ਦੀ ਤਰਫ ਇਸ਼ਾਰਾ ਕਰੀਏ ਜੇ ਕਿਧਰੇ ਅੱਖਾਂ ਦੇ ਸਾਹਮਣੇ ਉਂਗਲ ਹੀ ਆ ਜਾਏ ਜਾਂ ਅੱਖਾਂ ਉੱਥੇ ਹੀ ਉਹ ਉਂਗਲ ਰੱਖ ਦਿੱਤੀ ਜਾਏ ਅਤੇ ਮਨੁੱਖ ਉਸ ਉਂਗਲ ਨੂੰ ਹੀ ਦੇਖਦੇ ਦੇਖਦੇ ਇਸ ਭੁਲੇਖੇ ਵਿੱਚ ਹੀ ਪੈ ਜਾਵੇ ਕਿ ਸ਼ਾਇਦ ਇਹ ਹੀ ਚੰਦਰਮਾ ਹੈ ਇਹ ਹੀ ਚੰਨ ਹੈ। ਬਸ ਦੁਨੀਆਂ ਇਸ ਹੀ ਭੁਲੇਖੇ ਵਿੱਚ ਜੀਅ ਰਹੀ ਹੈ ਕਿ ਅਵਤਾਰ ਹੀ ਨਿਰੰਕਾਰ ਹੈ, ਅਵਤਾਰ ਹੀ ਪ੍ਰਮਾਤਮਾ ਹੈ, ਅਵਤਾਰ ਹੀ ਭਗਵਾਨ ਹੈ ਪਰ ਅਵਤਾਰ ਵੀ ਇੱਕ ਮਾਇਆ ਹੈ ਜੋ ਉਸ ਅਕਾਲ ਪੁਰਖ ਤੱਕ ਪਹੁੰਚਣ ਨਹੀਂ ਦਿੰਦੀ। ਇਨਸਾਨ ਨੂੰ ਆਪਣੇ ਤੱਕ ਸੀਮਤ ਰੱਖ ਕੇ ਉਸ ਨੂੰ ਮਾਇਆ ਜਾਲ ਦੇ ਭਰਮ ਵਿੱਚ ਪਾਈ ਰੱਖਦੀ ਹੈ । ਇਨਸਾਨ ਦਾ ਸਾਰਾ ਜੀਵਨ ਇਸ ਮਾਇਆ ਜਾਲ ਵਿਚ ਬਣਿਆ ਰਹਿੰਦਾ ਹੈ । ਅਸਲ ਸੱਚ ਤੱਕ ਉਸ ਦੀ ਹੀ ਪਹੁੰਚ ਹੋ ਸਕਦੀ ਹੈ ਜਿਸ ਨੇ ਉਸ ਅਕਾਲ ਪੁਰਖ ਨੂੰ ਆਪਣੇ ਅੰਦਰ ਮਹਿਸੂਸ ਕੀਤਾ ਹੋਵੇ, ਬਾਹਰੀ ਅਡੰਬਰਾਂ ਨੂੰ ਦਰਕਿਨਾਰ ਕਰ ਕੇ ਸ਼ਬਦ ਨੂੰ ਆਪਣਾ ਗੁਰੂ ਮੰਨਿਆ ਹੋਵੇ। ਅਜਿਹੇ ਇਨਸਾਨ ਹੀ ਮਾਇਆ ਤੋਂ ਮੁਕਤ ਹੁੰਦੇ ਹਨ।

# ਕੀ ਗੁਰੂ ਗੋਬਿੰਦ ਸਿੰਘ ਜੀ ਯੁੱਧ ਪ੍ਰੇਮੀ ਸਨ ?

**ਨਰਿੰਜਨ ਸਿੰਘ ਸਾਥੀ**

'ਸਸਤ੍ਰਨ ਸੋ ਅਤਿ ਹੀ ਰਨ ਭੀਤਰ ਜੂਝਿ ਮਰੋ ਕਹਿ ਸਾਚ ਪਤੀਜੈ॥' ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਇਹ ਪਵਿੱਤਰ ਪੰਕਤੀ, ਉਨਾਂ ਦੀ ਮਹਾਂ-ਕਾਵਿ ਰਚਨਾ 'ਕ੍ਰਿਸਨਾਵਤਾਰ' ਵਿਚ ਆਉਂਦੀ ਹੈ। 'ਕ੍ਰਿਸਨਾਵਤਾਰ' ਵਿਚ ਦਸਮ ਪਾਤਸ਼ਾਹ ਨੇ ਹੋਰ ਯੁੱਧਾਂ ਤੋਂ ਇਲਾਵਾ ਜਰਾਸੰਦ ਤੇ ਸ੍ਰੀ ਕ੍ਰਿਸ਼ਨ ਜੀ ਦਾ ਯੁੱਧ ਬੜੇ ਵਿਸਥਾਰ ਨਾਲ ਵਰਨਣ ਕੀਤਾ ਹੈ। ਅੰਤ ਵਿਚ ਜਰਾਸੰਦ ਸ੍ਰੀ ਕ੍ਰਿਸ਼ਨ ਜੀ ਦੇ ਭਰਾ ਬਲਰਾਮ ਤੋਂ ਹਾਰ ਜਾਂਦਾ ਹੈ। ਬਲਰਾਮ ਜਰਾਸੰਦ ਨੂੰ ਜਾਨੋਂ ਮਾਰਨਾ ਚਾਹੁੰਦਾ ਹੈ ਪਰ ਕ੍ਰਿਸ਼ਨ ਜੀ ਉਸ ਨੂੰ ਖਿਮਾ ਕਰ ਕੇ ਜਾਨ-ਬਖਸ਼ੀ ਕਰ ਦਿੰਦੇ ਹਨ। ਕ੍ਰਿਸ਼ਨ-ਜਰਾਸੰਦ ਦਾ ਯੁੱਧ ਵਰਨਣ ਕਰ ਕੇ ਦਸਮ ਪਾਤਸ਼ਾਹ ਲਿਖਦੇ ਹਨ ਕਿ ਮੈਂ ਕ੍ਰਿਸ਼ਨ ਯੁੱਧ ਨੂੰ ਬੜੇ ਪਿਆਰ ਨਾਲ ਲਿਖਿਆ ਹੈ। ਹੇ ਅਕਾਲ ਪੁਰਖ, ਜਿਸ ਲਾਲਚ ਵੱਸ ਮੈਂ ਇਹ ਯੁੱਧ ਲਿਖਿਆ ਹੈ, ਮੈਨੂੰ ਉਹੀ ਵਰ ਦਿਓ-

ਕ੍ਰਿਸਨ ਜੁਧ ਜੋ ਹਉ ਕਹਿਯੋ
ਅਤਿ ਹੀ ਸੰਗਿ ਸਨੇਹ॥
ਜਿਹ ਲਾਲਚ ਇਹ ਮੈਂ ਰਚਿਯੋ
ਮੋਹਿ ਵਹੈ ਬਰੁ ਦੇਹਿ॥

ਗੁਰੂ ਗੋਬਿੰਦ ਸਿੰਘ ਜੀ ਚੰਦ ਸੂਰਜ ਸਮਾਨ ਕਿਰਪਾਲੂ ਅਕਾਲ ਪੁਰਖ ਤੋਂ ਕਿਹੜਾ ਵਰ ਪ੍ਰਾਪਤ ਕਰਨਾ ਚਾਹੁੰਦੇ ਹਨ ? ਉਹ ਉਨਾਂ ਦੇ ਇਸ ਸਵੈਯੇ ਵਿਚ ਅੰਕਿਤ ਹੈ-

ਹੇ ਰਵਿ ਹੇ ਸਸਿ ਹੇ ਕਰੁਨਾਨਿਧਿ
ਮੇਰੀ ਅਬੈ ਬਿਨਤੀ ਸੁਨਿ ਲੀਜੈ॥
ਅਉਰ ਨ ਮਾਗਤ ਹਉ ਤੁਮ ਤੇ ਕਛੁ
ਚਾਹਤ ਹਉ ਚਿਤ ਮੈਂ ਸੋਈ ਕੀਜੈ॥
ਸਸਤ੍ਰਨ ਸੋ ਅਤਿ ਹੀ ਰਨ ਭੀਤਰ
ਜੂਝ ਮਰੋ ਕਹਿ ਸਾਚ ਪਤੀਜੈ॥

ਹੇ ਦਿਆਲ-ਪੁਰਖ ਜੀਓ, ਮੇਰੀ ਬੇਨਤੀ ਸੁਣੋ। ਮੈਂ ਤੁਹਾਥੋਂ ਹੋਰ ਕੁਝ ਨਹੀਂ ਮੰਗਦਾ। ਜੋ ਮੇਰੇ ਚਿਤ ਵਿਚ ਹੈ, ਉਹੀ ਕਰੋ। ਭਖੀ ਹੋਈ ਰਣਭੂਮੀ ਵਿਚ ਮੈਂ ਸ਼ਸਤਰਾਂ ਨਾਲ ਜੂਝ ਕੇ ਪ੍ਰਾਨ ਤਿਆਗਾਂ, ਮੇਰੀ ਇਹ ਭਾਵਨਾ ਸੱਚ ਕਰ ਦਿਓ। ਇਸ ਤੋਂ ਅੱਗੇ ਆਪਣੀ ਭਾਵਨਾ ਦੀ ਦ੍ਰਿੜਤਾ ਨੂੰ ਦਰਸਾਉਂਦੇ ਹੋਏ ਗੁਰੂ ਜੀ ਲਿਖਦੇ ਹਨ-ਜੇ ਮੈਂ ਧਨ ਦੀ ਇੱਛਾ ਕਰਾਂ ਤਾਂ ਦੇਸ਼-ਦਿਸ਼ਾਂਤਰਾਂ ਤੋਂ ਧਨ ਚਲਿਆ ਆਉਂਦਾ ਹੈ ਅਤੇ ਜੇ ਰਿੱਧੀਆਂ ਸਿੱਧੀਆਂ ਦੀ ਗੱਲ ਕਰੀਏ ਤਾਂ ਇਨਾਂ ਦਾ ਸਾਨੂੰ ਕੋਈ ਲਾਲਚ ਨਹੀਂ ਹੈ। ਬੱਸ, ਮੈਨੂੰ ਤਾਂ ਇਹੀ ਵਰ ਦਿਓ ਕਿ ਮੈਂ ਮੈਦਾਨੇ-ਜੰਗ ਵਿਚ ਨਿਰਭੈ ਹੋ ਕੇ ਸ਼ਹੀਦ ਹੋਵਾਂ।

ਜਉ ਕਿਛੁ ਇਛ ਕਰੋ ਧਨ ਕੀ
ਤਉ ਚਲਿਯੋ ਧਨੁ ਦੇਸਨ ਦੇਸ ਤੇ ਆਵੈ॥
ਅਉ ਸਬ ਰਿਧਨ ਸਿਧਨ ਪੈ
ਹਮਰੋ ਨਹੀ ਨੈਕੁ ਹੀਯੋ ਲਲਚਾਵੈ॥...
ਜੂਝਿ ਮਰੋ ਰਨ ਮੈਂ ਤਜਿ ਭੈ
ਤੁਮ ਤੇ ਪ੍ਰਭ ਸਯਾਮ ਇਹੈ ਵਰੁ ਪਾਵੈ॥

ਗੁਰੂ ਗੋਬਿੰਦ ਸਿੰਘ ਜੀ ਦਾ ਯੁੱਧ-ਫ਼ਲਸਫ਼ਾ, ਇਲਾਕੇ ਜਿੱਤਣ ਜਾਂ ਕਿਸੇ ਦੇਸ਼ ਉੱਤੇ ਕਬਜ਼ਾ ਕਰਨ ਦਾ ਫ਼ਲਸਫ਼ਾ ਨਹੀਂ ਸੀ। ਉਨਾਂ ਦਾ ਯੁੱਧ-ਸਿਧਾਂਤ ਧਰਮ-ਯੁੱਧ ਦਾ ਸਿਧਾਂਤ ਸੀ। ਉਹ ਆਪਣਾ ਜੀਵਨ-ਮਨੋਰਥ ਦਸਦੇ ਹੋਏ ਕਹਿੰਦੇ ਹਨ:-

ਯਾਹੀ ਕਾਜ ਧਰਾ ਹਮ ਜਨਮੰ॥
ਸਮਝ ਲੇਹੁ ਸਾਧੁ ਸਭ ਮਨਮੰ॥
ਧਰਮ ਚਲਾਵਨ ਸੰਤ ਉਬਾਰਨ॥
ਦੁਸਟ ਸਭਨ ਕੋ ਮੂਲ ਉਪਾਰਿਨ॥

ਦੁਸ਼ਟਾਂ ਦਾ ਨਾਸ਼ ਕਰਨ ਲਈ ਸ਼ਸਤਰਾਂ ਦੀ ਅਤੇ ਯੁੱਧ ਦੀ ਲੋੜ ਪੈਂਦੀ ਹੈ। ਜ਼ਾਲਮ ਅਹਿੰਸਾ ਦੀ ਭਾਸ਼ਾ ਨਹੀਂ ਸਮਝਦਾ। ਉਸ ਨੂੰ ਉਸੇ ਦੀ ਭਾਸ਼ਾ ਵਿਚ ਉੱਤਰ ਦੇਣ ਲਈ ਸ਼ਸਤਰ ਧਾਰਨ ਕਰਨੇ ਜ਼ਰੂਰੀ ਹਨ। ਇਸੇ ਕਾਰਨ ਜਿੱਥੇ ਦਸਮ ਪਾਤਸ਼ਾਹ ਨੇ ਜਾਪੁ ਸਾਹਿਬ ਅਤੇ ਅਕਾਲ ਉਸਤਤਿ ਵਰਗੀਆਂ ਅਧਿਆਤਮਿਕ ਬਾਣੀਆਂ ਲਿਖੀਆਂ, ਉਥੇ ਚੰਡੀ ਦੀ ਵਾਰ ਅਤੇ ਸ਼ਸਤ੍ਰ ਨਾਮ ਮਾਲਾ ਜਿਹੀਆਂ ਜੁਝਾਰ ਬਾਣੀਆਂ ਦੀ ਰਚਨਾ ਵੀ ਕੀਤੀ। ਜ਼ੁਲਮ ਦਾ ਨਾਸ਼ ਅਤੇ ਧਰਮ ਦਾ ਪ੍ਰਕਾਸ਼ ਕਰਨ ਲਈ ਸ਼ਸਤਰ ਸਭ ਤੋਂ ਉੱਤਮ ਤੇ ਕਾਰਗਰ ਸਾਧਨ ਹਨ। ਦਸਮੇਸ਼ ਪਿਤਾ ਸ਼ਸਤ੍ਰ ਨਾਮ ਮਾਲਾ ਵਿਚ ਸ਼ਸਤਰਾਂ ਦੀ ਉਸਤਤ ਕਰਦੇ ਹੋਏ ਉਨਾਂ ਨੂੰ ਗੁਰੂ-ਪੀਰ ਦਾ ਦਰਜਾ ਦਿੰਦੇ ਹਨ-

ਅਸਿ ਕ੍ਰਿਪਾਨ ਖੰਡੋ ਖੜਗ
ਤੁਪਕ ਤਬਰ ਅਰੁ ਤੀਰ॥
ਸਫੈ ਸਰੋਹੀ ਸੈਹਥੀ, ਯਹੈ ਹਮਾਰੈ ਪੀਰ॥

ਫੇਰ ਇਸ ਤੋਂ ਵੀ ਅੱਗੇ ਜਾ ਕੇ ਉਹ ਸ਼ਸਤਰਾਂ ਦੀ ਤੁਲਨਾ ਅਕਾਲ ਪੁਰਖ ਨਾਲ ਕਰਦੇ ਹੋਏ ਲਿਖਦੇ ਹਨ-

ਤੀਰ ਤੁਹੀ ਸੈਥੀ ਤੁਹੀ, ਤੁਹੀ ਤਬਰ ਤਰਵਾਰਿ॥
ਨਾਮ ਤਿਹਾਰੋ ਜੋ ਜਪੈ ਭਏ ਸਿੰਧੁ ਭਵ ਪਾਰ॥

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਬਾਣੀ ਵਿਚ ਕੁਝ ਹੋਰ ਥਾਵਾਂ 'ਤੇ ਵੀ ਅਜਿਹੀ ਭਾਵਨਾ ਪ੍ਰਗਟ ਕੀਤੀ ਹੈ ਕਿ ਹੇ ਅਕਾਲ ਪੁਰਖ, ਜਦੋਂ ਮੇਰਾ ਅੰਤ-ਸਮਾਂ ਆਵੇ ਤਾਂ ਮੈਂ ਧਰਮ-ਯੁੱਧ ਕਰਦਾ ਹੋਇਆ ਮੈਦਾਨੇ-ਜੰਗ ਵਿਚ ਜੂਝ ਰਿਹਾ ਹੋਵਾਂ।

ਦੇਹ ਸਿਵਾ ਬਰੁ ਮੋਹਿ ਇਹੈ
ਸੁਭ ਕਰਮਨ ਤੇ ਕਬਹੂੰ ਨਾ ਟਰੋਂ॥
ਨਾ ਡਰੋ ਅਰਿ ਸੋ ਜਬ ਜਾਇ ਲਰੋ
ਨਿਸਚੈ ਕਰਿ ਅਪਨੀ ਜੀਤ ਕਰੋਂ॥
ਜਬ ਆਵ ਕੀ ਅਉਧ ਨਿਦਾਨ ਬਨੈ
ਅਤਿ ਹੀ ਰਨ ਮੈਂ ਤਬ ਜੂਝ ਮਰੋਂ॥

ਦਸਮ ਪਾਤਸ਼ਾਹ ਆਪਣੇ ਸਿੱਖਾਂ ਨੂੰ ਧਰਮ-ਯੁੱਧ ਦੇ ਯੋਧੇ ਅਤੇ ਸੰਤ-ਸਿਪਾਹੀ ਬਣਾਉਣਾ ਚਾਹੁੰਦੇ ਸਨ। ਬਹਾਦਰੀ ਦਾ ਅਰਥ ਇਹ ਨਹੀਂ ਹੈ ਕਿ ਸ਼ਸਤਰਾਂ ਦੀ ਵਿਵੇਕਹੀਣ ਵਰਤੋਂ ਕੀਤੀ ਜਾਏ। ਧਰਮ-ਯੁੱਧ ਦਾ ਸਿਪਾਹੀ ਜਬਰ ਤੇ ਜ਼ੁਲਮ ਨਾਲ ਤਾਂ ਡਟ ਕੇ ਟੱਕਰ ਲੈਂਦਾ ਹੈ ਪਰ ਨਿਆਸਰਿਆਂ, ਨਿਹੱਥਿਆਂ, ਇਸਤਰੀਆਂ ਅਤੇ ਬੱਚਿਆਂ ਉਤੇ ਵਾਰ ਨਹੀਂ ਕਰਦਾ। ਉਹ ਬੇਸਹਾਰਿਆਂ ਦਾ ਸਹਾਰਾ ਬਣਦਾ ਹੈ। ਇਕ ਸੰਤ-ਸਿਪਾਹੀ ਸੂਰਮਾ ਬਹਾਦਰੀ ਅਤੇ ਵਿਵੇਕ ਵਿਚ ਸੰਤੁਲਨ ਕਾਇਮ ਰੱਖਦਾ ਹੈ। ਇਸ ਲਈ ਦਸਮ ਪਾਤਸ਼ਾਹ ਕਹਿੰਦੇ ਹਨ-ਧੰਨ ਹੈ ਉਹ ਮਨੁੱਖ, ਜਿਸ ਦੀ ਜ਼ੁਬਾਨ 'ਤੇ ਹਰੀ ਦਾ ਨਾਮ ਹੈ ਪਰ ਚਿੱਤ ਵਿਚ ਧਰਮ-ਯੁੱਧ ਦਾ ਚਾਅ ਹੈ-

ਧੰਨਿ ਜੀਓ ਤਿਹ ਕੋ ਜਗ ਮੈਂ
ਮੁਖ ਤੇ ਹਰਿ ਚਿਤ ਮੈਂ ਜੁਧੁ ਬਿਚਾਰੈ॥
ਅਵਰ ਵਾਸਨਾ ਨਾਹਿ ਪ੍ਰਭ
ਧਰਮ ਜੁਧ ਕੋ ਚਾਇ॥

ਗੁਰੂ ਗੋਬਿੰਦ ਸਿੰਘ ਜੀ ਨੂੰ ਸਰਬ ਲੋਹ ਦੇ ਸ਼ਸਤਰਾਂ ਉੱਤੇ ਇੰਨਾ ਭਰੋਸਾ ਸੀ

ਬਾਕੀ ਸਫ਼ਾ 28 'ਤੇ

# ਨਗਾਰਾ



ਨਗਾਰੇ ਤੇ ਡੱਗਾ ਲਗਾ ਰਿਹਾ ਨੌਜਵਾਨ ਜਦੋਂ ਬੀਤੇ ਵਰੇ ਆਪਣੇ ਸਾਥੀਆਂ ਨਾਲ ਜਰਮਨ ਆਇਆ ਸੀ ਤਾਂ ਇਸ ਤਰਾਂ ਲਗਦਾ ਅਜੇ ਕੱਲ ਦੀ ਗੱਲ ਹੈ ਪਰ ਰਾਣਾ ਵੀਰ ਅੱਜ ਸਾਡੇ ਵਿੱਚ ਨਹੀਂ ਹੈ। ਤਰਕ ਕਰਨ ਵਾਲੇ ਪ੍ਰਾਣੀਆਂ ਦੀ ਜਦੋਂ ਕੋਈ ਗੱਲ ਨਾ ਹੋਵੇ ਇਕ ਤੌਖਲਾ ਹੁੰਦਾ ਬਈ ਤੁੰਹੀ ਬਾਹਰ ਬੈਠੇਂ, ਕੀ ਕਰ ਰਹੋ ਹੋ ? ਓਹਨਾਂ ਨੂੰ ਦੱਸ ਦਈਏ ਕਿ ਆਹ ਨਗਾਰਾ ਵਜਾ ਕੇ ਆਪਣੀ ਕੌਮ ਨੂੰ ਜਗਾਉਣਾ ਵੀ ਇਕ ਸੇਵਾ ਹੈ। ਜਿੱਥੇ ਬੇ-ਗੈਰਤ ਲੋਕ ਲੀਡਰਾਂ ਸਰਕਾਰਾਂ ਦੀਆਂ ਚਮਚਾਗਿਰੀਆਂ ਗੁਲਾਮੀਆਂ ਕਰਨ ਵਿਚ ਮਸਤ ਹੋਣ ਓਥੇ ਵਿਰਲੇ ਹੀ ਹੁੰਦੇ ਹਨ ਜੋ ਆਪਣੇ ਕੌਮੀ ਘਰ ਲਈ ਕਮਰਕੱਸਾ ਕਰ ਦਿਨ ਰਾਤ ਡੱਟੇ ਹੁੰਦੇ ਹਨ। ਉਨਾਂ ਵਿੱਚੋਂ ਹੀ ਇਕ ਸੀ ਭਾਈ ਹਰਪ੍ਰੀਤ ਸਿੰਘ ਉਰਫ਼ ਰਾਣਾ ਵੀਰ।

ਗਲ ਬੀਤੇ ਵਰੇ ਦੀ ਏ ਜਦੋਂ **#SFJ** ਵਾਲਿਆਂ ਦੀ ਟੀਮ ਨੇ ਸ਼ਹੀਦਾਂ ਦੇ ਨਾਵਾਂ 'ਤੇ ਆਪਣੇ ਬੂੱਥਾਂ ਦਾ ਐਲਾਨ ਕਰਨਾ ਸੀ ਤੇ ਉਹ ਫਰੈਂਕਫੋਰਟ ਆਏ। ਉਨਾਂ ਵਿੱਚ ਇਕ ਨੌਜਵਾਨ ਜੋ ਬੜੀ ਨਿਸ਼ਠਾ ਨਾਲ ਆਪਣਾ ਕਾਰਜ ਕਰ ਰਿਹਾ ਸੀ ਉਹ ਸੀ ਰਾਣਾ ਖਾਲਿਸਤਾਨੀ। ਉਹ ਕਦੇ ਬੈਨਰ ਲਾ ਰਿਹਾ ਹੁੰਦਾ, ਕਦੇ ਕੈਮਰੇ ਸੈਟ ਕਰ ਰਿਹਾ ਹੁੰਦਾ, ਕਦੇ ਲਾਈਟਾਂ ਰੱਖ ਰਿਹਾ ਹੁੰਦਾ ਤੇ ਅਗਲੇ ਪਲ ਹੀ ਸਟੇਜ ਤੋਂ ਬਾ- ਦਲੀਲ ਖਾਲਸਾ ਰਾਜ ਦੀ ਗੱਲ ਕਰ ਰਿਹਾ ਹੁੰਦਾ। ਹਸੂੰ ਹਸੂੰ ਕਰਦਾ ਰਾਣਾ ਕਾਹਲੀ ਕਾਹਲੀ ਵਿਚ ਬੜੇ ਕੰਮ ਨਿਪਟਾ ਦੇਣੇ ਚਾਹੁੰਦਾ ਸੀ, ਜਿਵੇਂ ਉਸ ਨੂੰ ਲਗਦਾ ਸੀ ਕਿ ਕਾਰਜ ਬੜੇ ਹਨ ਤੇ ਸਮਾਂ ਘੱਟ, ਤੇ ਹੋਇਆ ਵੀ ਇੰਜ ਹੀ, ਸਾਰੇ ਫਰੰਟਾਂ 'ਤੇ ਸਰਗਰਮ ਇਹ ਯੋਧਾ ਵੀ ਬੀਤੇ ਦਿਨੀਂ ਖਾਲਸਾ ਰਾਜ ਦੇ ਸ਼ਹੀਦਾਂ ਦੀ ਲਿਸਟ ਵਿਚ ਆਪਣਾ ਨਾਂ ਦਰਜ ਕਰਾ ਗਿਆ। ਨੌਜਵਾਨਾਂ ਦੀ ਜਿਹੜੀ ਉਮਰ ਨੱਚਣ ਗਾਉਣ ਦੀ ਹੁੰਦੀ, ਉਹ ਭਰ ਜਵਾਨੀ ਵਿੱਚ ਰਾਣਾ ਆਪਣਾ ਪਲ ਪਲ ਕੌਮੀ ਘਰ ਦੀ ਪ੍ਰਾਪਤੀ ਲਈ ਸਮਰਪਿਤ ਕਰ ਚੁੱਕਾ ਸੀ।

ਕੌਮੀ ਘਰ ਦੀ ਸਥਾਪਤੀ ਲਈ ਅਨੇਕਾਂ ਰੂਹਾਂ ਨੇ ਜੋ ਲਿਖਕੇ, ਬੋਲਕੇ, ਜੂਝਕੇ, ਤਨ ਮਨ ਧਨ ਜਾਂ ਹੋਰ ਵਸੀਲਿਆਂ ਰਾਹੀਂ ਆਪਣੇ ਕੌਮੀ ਘਰ ਲਈ ਤਤਪਰ ਹਨ ਦਸਮੇਸ਼ ਸੱਭ ਦੀ ਘਾਲਣਾ ਸਵੀਕਾਰ ਕਰਨ, ਸ਼ਹੀਦ ਭਾਈ ਹਰਪ੍ਰੀਤ ਸਿੰਘ ਰਾਣਾ ਵੀ ਚੱਲਦੇ ਸੰਘਰਸ਼ ਦੌਰਾਨ ਸੇਵਾ ਕਰਦਿਆਂ ਆਪਣੇ ਸੁਆਸ ਕੌਮ ਦੇ ਲੇਖੇ ਲਾ ਗਿਆ। ਦਸਮ ਪਾਤਸ਼ਾਹ ਆਪਣੇ ਸ਼ਹੀਦ ਫ਼ਰਜ਼ੰਦ ਦੇ ਸੁਪਨੇ ਸਕਾਰ ਕਰਨ ਤੇ ਕੌਮ ਨੂੰ ਖਾਲਸਾ ਰਾਜ ਦੀ ਬਖ਼ਸ਼ਿਸ਼ ਕਰਨ। ਸਾਡਾ ਸਾਰਿਆਂ ਦਾ ਫਰਜ਼ ਬਣਦਾ ਕਿ ਸ਼ਹੀਦ ਵੀਰ ਦੇ ਅਧੂਰੇ ਕਾਰਜਾਂ ਨੂੰ ਪੂਰਾ ਕਰੀਏ ਤੇ ਯੂ ਐਨ ਓ ਵਿੱਚ ਵੀ ਕੇਸਰੀ ਨਿਸ਼ਾਨ ਸਾਹਿਬ ਝੂਲੇ। ਇਹੋ ਹੀ ਸੱਚੀ ਸ਼ਰਧਾਂਜਲੀ ਹੋਵੇਗੀ ਵਿਛੜ ਚੁੱਕੇ ਸ਼ਹੀਦ ਵੀਰ ਲਈ। ਪ੍ਰਣਾਮ

**ਬਿੱਟੂ ਅਰਪਿੰਦਰ ਸਿੰਘ ਅਤੇ ਬਿੱਟੂ ਸਰਾਓ**

# ਫੇਸਬੁੱਕ ਵਰਤਣ ਵਾਲੇ ਹੋ ਰਹੇ ਨੇ ਮਾਨਸਿਕ ਗੁੰਝਲਾਂ ਦੇ ਸ਼ਿਕਾਰ

**ਪ੍ਰੋਫੈਸਰ ਕੁਲਬੀਰ ਸਿੰਘ**

ਫੇਸਬੁੱਕ ਵਰਤਣ ਵਾਲੇ ਤੇਜ਼ੀ ਨਾਲ ਮਾਨਸਿਕ ਗੁੰਝਲਾਂ ਦੇ ਸ਼ਿਕਾਰ ਹੋ ਰਹੇ ਹਨ। ਦੁਨੀਆ ਭਰ ਵਿਚ ਅਜਿਹੇ ਲੋਕਾਂ ਦੀ ਗਿਣਤੀ ਵਧਦੀ ਜਾ ਰਹੀ ਹੈ। ਪੂਰੀ ਦੁਨੀਆ ਵਿਚ 300 ਕਰੋੜ ਲੋਕ ਫੇਸਬੁੱਕ ਵਰਤਦੇ ਹਨ। ਇਨਾਂ ਵਿਚੋਂ 40 ਕਰੋੜ ਦੇ ਕਰੀਬ ਮਨੋਵਿਗਿਆਨਿਕ ਸਮੱਸਿਆਵਾਂ ਵਿਚ ਘਿਰੇ ਹੋਏ ਹਨ। ਫੇਸਬੁੱਕ ਨੇ ਖ਼ੁਦ ਇਹ ਗੱਲ ਸਵੀਕਾਰ ਕੀਤੀ ਹੈ।

ਇਹ ਵੇਰਵਾ ਬੀਤੇ ਦਿਨੀਂ ਇਕ ਅਮਰੀਕੀ ਅਖ਼ਬਾਰ ਵਿਚ ਪ੍ਰਕਾਸ਼ਿਤ ਹੋਇਆ ਹੈ। ਵੱਖ-ਵੱਖ ਤਰਾਂ ਦੇ ਅਧਿਐਨ ਤੇ ਸਰਵੇ ਦਰਸਾਉਂਦੇ ਹਨ ਕਿ ਫੇਸਬੁੱਕ ਲੋਕਾਂ ਦੀ ਮਾਨਸਿਕ ਤੇ ਸਰੀਰਕ ਸਿਹਤ ਦੇ ਨਾਲ-ਨਾਲ ਸਮਾਜਿਕ ਤੇ ਪਰਿਵਾਰਕ ਜੀਵਨ ਨੂੰ ਵੀ ਬੇਹੱਦ ਪ੍ਰਭਾਵਿਤ ਕਰ ਰਿਹਾ ਹੈ। ਦੁਨੀਆ ਦੇ ਪ੍ਰਮੁੱਖ ਅਦਾਰੇ ਇਸ ਦਾ ਸਮਾਜਿਕ ਤੇ ਮਨੋਵਿਗਿਆਨਿਕ ਵਿਸ਼ਲੇਸ਼ਣ ਕਰਨ ਵਿਚ ਰੁੱਝੇ ਹੋਏ ਹਨ।

ਯੂਨੀਵਰਸਿਟੀ ਆਫ਼ ਤਕਨਾਲੋਜੀ ਸਿਡਨੀ ਨੇ ਆਪਣੀ ਖੋਜ ਵਿਚ ਸੋਸ਼ਲ ਮੀਡੀਆ ਦੇ 50 ਦੁਰਪ੍ਰਭਾਵਾਂ ਦੀ ਸ਼ਨਾਖਤ ਕੀਤੀ ਹੈ। ਸੋਸ਼ਲ ਮੀਡੀਆ ਦੀ ਵਰਤੋਂ ਕਰਨ ਵਾਲਿਆਂ ਨੂੰ ਹਰ ਵੇਲੇ ਨਿੱਜਤਾ ਦੀ ਚਿੰਤਾ ਸਤਾਉਂਦੀ ਰਹਿੰਦੀ ਹੈ। ਉਨਾਂ ਦੀ ਕਾਰਗੁਜ਼ਾਰੀ ਵਿਚ ਨਿਘਾਰ ਆ ਜਾਂਦਾ ਹੈ। ਸਮਾਜਿਕ ਆਦਾਨ-ਪ੍ਰਦਾਨ ਵਿਚ ਨੁਕਸਾਨ ਹੁੰਦਾ ਹੈ। ਪ੍ਰੇਸ਼ਾਨ ਕਰਨ ਵਾਲੀ ਵਿਸ਼ਾ-ਸਮੱਗਰੀ ਨਾਲ ਵਾਹ-ਵਾਸਤਾ ਪੈਂਦਾ ਹੈ। ਬੰਦਾ ਕਈ ਤਰਾਂ ਦੇ ਜੋਖ਼ਮ ਵਿਚ ਘਿਰ ਜਾਂਦਾ ਹੈ। ਹਰ ਵੇਲੇ ਇਕ ਭੈਅ, ਇਕ ਚਿੰਤਾ ਬਣੀ ਰਹਿੰਦੀ ਹੈ।

ਫੇਸਬੁੱਕ ਦੀ ਵਰਤੋਂ ਕਰਨ ਵਾਲੇ ਹਰ ਪਲ ਦੂਸਰਿਆਂ ਨਾਲ ਆਪਣੀ ਤੁਲਨਾ ਕਰਨ ਲਗਦੇ ਹਨ। ਇਹੀ ਤੁਲਨਾ ਅੱਗੇ ਚੱਲ ਕੇ ਉਨਾਂ ਨੂੰ ਤਣਾਅ ਤੇ ਚਿੰਤਾ ਵੱਲ ਧੱਕ ਦਿੰਦੀ ਹੈ। ਉਪਰੋਕਤ ਖੋਜ-ਰਿਪੋਰਟ ਵਿਚ ਇਸ ਪਹਿਲੂ ਨੂੰ ਬਹੁਤ ਉਭਾਰ ਕੇ ਪੇਸ਼ ਕੀਤਾ ਗਿਆ ਹੈ।

ਫੇਸਬੁੱਕ ਦਾ ਨਾਂਅ ਤਬਦੀਲ ਕਰ ਦਿੱਤਾ ਗਿਆ ਹੈ। ਦਰਅਸਲ ਇਹ ਇਕ ਵਿਸ਼ਾਲ ਯੋਜਨਾ ਤਹਿਤ ਕੀਤਾ ਗਿਆ ਹੈ। ਮੇਟਾ ਤੁਹਾਨੂੰ ਨੇੜ-ਭਵਿੱਖ ਵਿਚ ਕਾਲਪਨਿਕ ਤੇ ਜਾਅਲੀ ਦੁਨੀਆ ਵਿਚ ਲੈ ਜਾਣ ਦੀਆਂ ਤਿਆਰੀਆਂ ਕਰ ਰਿਹਾ ਹੈ। ਮੇਟਾ ਵਰਤਣ ਵਾਲੇ ਹਕੀਕਤ ਵਿਚ ਜਿਊਣ ਦੀ ਬਜਾਏ ਕਾਲਪਨਿਕ ਦੁਨੀਆ ਵਿਚ ਜਿਊਣ ਲੱਗਣਗੇ। ਨਤੀਜੇ ਵਜੋਂ ਇਸ ਦੇ ਹੋਰ ਤੀਖਣ, ਹੋਰ ਨੁਕਸਾਨਦਾਇਕ ਦੁਰਪ੍ਰਭਾਵਾਂ ਦਾ ਸਾਹਮਣਾ ਕਰਨਾ ਪਵੇਗਾ।

ਭਾਰਤੀ ਲੋਕਾਂ 'ਤੇ ਹੋਏ ਸਰਵੇ ਵਿਚ ਸਾਹਮਣੇ ਆਇਆ ਹੈ ਕਿ ਉਹ ਔਸਤਨ 3 ਘੰਟੇ ਟੈਲੀਵਿਜ਼ਨ ਵੇਖਦੇ ਹਨ, ਢਾਈ ਘੰਟੇ ਸੋਸ਼ਲ ਮੀਡੀਆ 'ਤੇ ਰਹਿੰਦੇ ਹਨ, 2 ਘੰਟੇ ਸੰਗੀਤ ਸੁਣਦੇ ਹਨ ਅਤੇ ਡੇਢ ਘੰਟੇ ਤੱਕ ਆਨਲਾਈਨ ਗੇਮ ਖੇਡਦੇ ਹਨ। ਇਉਂ ਔਸਤਨ ਕੁੱਲ ਸਮਾਂ 9 ਘੰਟੇ ਦੇ ਕਰੀਬ ਬਣ ਜਾਂਦਾ ਹੈ। ਇਹ ਮਨੁੱਖ ਦੀ ਮਾਨਸਿਕ ਤੇ ਸਰੀਰਕ ਸਿਹਤ ਲਈ ਬੇਹੱਦ ਖ਼ਤਰਨਾਕ ਹੈ। ਉਮਰ-ਵਰਗ ਅਨੁਸਾਰ ਇਹ ਸਮਾਂ ਵਧਦਾ ਘਟਦਾ ਹੈ। ਭਾਰਤ ਵਿਚ ਵਟਸਐਪ ਵਰਤਣ ਵਾਲਿਆਂ ਦੀ ਗਿਣਤੀ 40 ਕਰੋੜ ਤੋਂ ਵੱਧ ਹੈ। ਫੇਸਬੁੱਕ ਦੀ ਵਰਤੋਂ 30 ਕਰੋੜ ਦੇ ਕਰੀਬ ਲੋਕ ਕਰਦੇ ਹਨ। ਇਸੇ ਤਰਾਂ ਇੰਸਟਾਗ੍ਰਾਮ 'ਤੇ 9 ਕਰੋੜ ਭਾਰਤੀ ਸਰਗਰਮ ਰਹਿੰਦੇ ਹਨ। ਇਹ ਗਿਣਤੀ ਉਸ ਸਥਿਤੀ ਵਿਚ ਹੈ ਜਦ ਵੱਡੀ ਵਸੋਂ ਕੋਲ ਸਮਾਰਟ ਫ਼ੋਨ ਨਹੀਂ ਹੈ। ਜੇਕਰ ਉਨਾਂ ਕੋਲ ਸਮਾਰਟ ਫ਼ੋਨ ਦੀ ਸਹੂਲਤ ਮੌਜੂਦ ਹੋਵੇ ਤਾਂ ਉਹ ਤਟਫਟ ਉਪਰੋਕਤ ਪਲੇਟਫਾਰਮਾਂ ਦੀ ਵਰਤੋਂ ਕਰਨ ਲੱਗਣਗੇ। ਬੀਤੇ ਸਾਲ ਸਮਾਰਟ ਫ਼ੋਨ ਵਰਤਣ ਵਾਲੇ ਲੋਕਾਂ ਦੀ ਗਿਣਤੀ ਵਿਚ ਵੱਡਾ ਵਾਧਾ ਦਰਜ ਹੋਇਆ ਹੈ। ਇਸੇ ਤਰਾਂ ਇੰਟਰਨੈੱਟ ਅਤੇ ਸੋਸ਼ਲ ਮੀਡੀਆ ਦੀ ਵਰਤੋਂ ਕਰਨ ਵਾਲੇ ਲੋਕਾਂ ਦੀ ਗਿਣਤੀ ਵੀ ਤੇਜ਼ੀ ਨਾਲ ਵਧੀ ਹੈ।

ਇਸ ਖੇਤਰ ਦੇ ਮਾਹਿਰ, ਖੋਜ ਕਾਰਜਾਂ ਵਿਚ ਲੱਗੇ ਖੋਜੀ ਅਤੇ ਮਨੋਵਿਗਿਆਨੀ ਇਸ ਨਤੀਜੇ 'ਤੇ ਪਹੁੰਚੇ ਹਨ ਕਿ ਜਦ ਕੋਈ ਵਿਅਕਤੀ ਆਪਣੇ ਹਥਲੇ ਮਹੱਤਵਪੂਰਨ ਕੰਮ ਅਤੇ ਰੋਜ਼ਾਨਾ ਨਿਪਟਾਈਆਂ ਜਾਣ ਵਾਲੀਆਂ ਸਰਗਰਮੀਆਂ ਛੱਡ ਕੇ ਵਾਰ-ਵਾਰ ਵਟਸਐਪ ਅਤੇ ਫੇਸਬੁੱਕ 'ਤੇ ਜਾਂਦਾ ਹੈ ਤਾਂ ਇਸ ਦਾ ਸਪੱਸ਼ਟ ਅਰਥ ਹੈ ਕਿ ਉਸ ਨੂੰ ਇਨਾਂ ਦੀ ਆਦਤ ਪੈ ਗਈ ਹੈ। ਅਜਿਹੇ ਸਮੇਂ ਤੁਰੰਤ ਸੁਚੇਤ ਹੋਣ ਦੀ ਲੋੜ ਹੈ। ਆਪਣਾ ਸਕਰੀਨ ਟਾਈਮ ਨੋਟ ਕਰਦਿਆਂ ਉਸ ਨੂੰ ਘਟਾਉਣਾ ਬੇਹੱਦ ਜ਼ਰੂਰੀ ਹੈ।

ਮਾਹਿਰਾਂ ਦੀ ਰਿਪੋਰਟ ਦੇ ਆਧਾਰ 'ਤੇ ਭਵਿੱਖ ਵਿਚ ਡਿਜੀਟਲ ਅਡਿੱਕਸ਼ਨ ਨੂੰ ਮਾਨਸਿਕ ਵਿਕਾਰਾਂ ਦੀ ਸੂਚੀ ਵਿਚ ਸ਼ਾਮਿਲ ਕੀਤਾ ਜਾ ਸਕਦਾ ਹੈ। ਫੇਰ ਇਸ ਦਾ ਮਾਨਸਿਕ ਬਿਮਾਰੀ ਵਜੋਂ ਇਲਾਜ ਕੀਤਾ ਜਾਇਆ ਕਰੇਗਾ।

ਵੱਖ-ਵੱਖ ਖੋਜ ਅਧਿਐਨ ਇਸ ਨਤੀਜੇ 'ਤੇ ਪੁੱਜੇ ਹਨ ਕਿ ਫੇਸਬੁੱਕ ਦੀ ਵਰਤੋਂ ਕਰਨ ਵਾਲਿਆਂ ਨੂੰ ਨੀਂਦ, ਕੰਮਕਾਰ, ਪਰਿਵਾਰਕ, ਸਮਾਜਿਕ ਜੀਵਨ ਅਤੇ ਰਿਸ਼ਤਿਆਂ ਸੰਬੰਧੀ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਹ ਗੱਲ ਫੇਸਬੁੱਕ ਨੇ ਖ਼ੁਦ ਸਵੀਕਾਰ ਕਰ ਲਈ ਹੈ। ਫੇਸਬੁੱਕ ਦੇ ਆਪਣੇ ਇਕ ਅਧਿਐਨ ਅਨੁਸਾਰ ਲੋਕ ਲਾਈਕ, ਕੁਮੈਂਟ, ਫੋਟੋ, ਚੈਟ ਵੇਖਣ ਲਈ ਵਾਰ-ਵਾਰ ਫੇਸਬੁੱਕ 'ਤੇ ਜਾਂਦੇ ਹਨ। ਦਰਅਸਲ ਫੇਸਬੁੱਕ ਅਧਿਕਾਰੀ ਇਹੀ ਚਾਹੁੰਦੇ ਹਨ ਅਤੇ ਇਹਦੇ ਲਈ ਉਹ ਕਈ ਚਾਲਾਂ ਚਲਦੇ ਹਨ। ਇਹਦੇ ਲਈ ਕਈ ਤਰਾਂ ਦੇ ਜਾਲ ਵਿਛਾਉਂਦੇ ਹਨ। ਨਤੀਜੇ ਵਜੋਂ ਫੇਸਬੁੱਕ ਦੀ ਵਰਤੋਂ ਕਰਨ ਵਾਲੇ ਆਪਣਾ ਕੰਮਕਾਰ, ਆਪਣਾ ਨਿਸ਼ਾਨਾ ਭੁੱਲ ਕੇ ਇਸੇ ਵਿਚ ਉਲਝ ਜਾਂਦੇ ਹਨ।

ਵਟਸਐਪ ਬਣਾਉਣ ਵਾਲੇ ਬਰਾਇਨ ਐਕਟਨ ਪਹਿਲਾਂ ਫੇਸਬੁੱਕ ਵਿਚ ਮਾਰਕ ਜ਼ੁਕਰਬਰਗ ਦੇ ਸਹਿਯੋਗੀ ਸਨ ਪ੍ਰੰਤੂ ਇਸ਼ਤਿਹਾਰ-ਨੀਤੀ ਅਤੇ ਨਿੱਜਤਾ ਦੇ ਮਾਮਲੇ 'ਤੇ ਦੋਵਾਂ ਦੀ ਅਣਬਣ ਹੋ ਗਈ ਸੀ। ਜ਼ੁਕਰਬਰਗ ਚੁਸਤੀਆਂ, ਚਲਾਕੀਆਂ ਅਤੇ ਵਧੇਰੇ ਆਮਦਨ ਦੇ ਹੱਕ ਵਿਚ ਸੀ ਜਦਕਿ ਐਕਟਨ ਲੋਕਾਂ ਦੀ ਨਿੱਜਤਾ ਨੂੰ ਮਹੱਤਵ ਦਿੰਦਾ ਸੀ। ਇਸੇ ਮੁੱਦੇ 'ਤੇ ਐਕਟਨ ਨੇ ਫੇਸਬੁੱਕ ਨੂੰ ਛੱਡ ਦਿੱਤਾ ਸੀ। ਬਾਅਦ ਵਿਚ ਇਹੀ ਮੁੱਦੇ ਵੱਡਾ ਮਸਲਾ ਬਣ ਕੇ ਸਾਹਮਣੇ ਆਏ। ਨਿੱਜਤਾ 'ਤੇ ਸਰਕਾਰਾਂ ਨਾਲ ਟਕਰਾਅ ਦੇ ਚਲਦਿਆਂ ਦੁਨੀਆ ਦੇ ਬਹੁਤ ਸਾਰੇ ਦੇਸ਼ਾਂ ਵਿਚ ਸਰਕਾਰਾਂ ਅਤੇ ਸੋਸ਼ਲ ਮੀਡੀਆ ਕੰਪਨੀਆਂ ਦਰਮਿਆਨ ਸਥਿਤੀ ਟਕਰਾਅ ਵਾਲੀ ਬਣੀ ਹੋਈ ਹੈ।

ਸਮਾਰਟਫੋਨ ਵੀ ਲੋਕਾਂ ਦੇ ਰੋਜ਼ਾਨਾ ਜੀਵਨ ਵਿਚ ਖ਼ਤਰਨਾਕ ਹੱਦ ਤੱਕ ਦਖ਼ਲ ਦੇ ਚੁੱਕਾ ਹੈ। ਹੁਣੇ-ਹੁਣੇ ਅਮਰੀਕਾ ਵਿਚ ਸਮਾਰਟਫੋਨ ਦੀ ਵਰਤੋਂ ਸੰਬੰਧੀ ਸਰਵੇ ਵਿਚ ਸਾਹਮਣੇ ਆਇਆ ਹੈ ਕਿ ਬਹੁਤੇ ਲੋਕ ਫੇਸਬੁੱਕ, ਵਟਸਐਪ,




ਟਵਿੱਟਰ, ਯੂ-ਟਿਊਬ ਆਦਿ 'ਤੇ ਜਾਣ ਲਈ ਸਮਾਰਟ ਫ਼ੋਨ ਦੀ ਵਰਤੋਂ ਕਰਦੇ ਹਨ। ਸਮਾਂ ਬਿਤਾਉਣ ਲਈ ਲੋਕ ਇਨਾਂ ਨੂੰ ਵਾਰ-ਵਾਰ ਖੋਲਦੇ ਹਨ। ਘਰ ਦੀ ਸਾਫ਼-ਸਫ਼ਾਈ ਕਰਦੇ ਸਮੇਂ, ਖਾਣਾ ਬਣਾਉਂਦੇ ਸਮੇਂ, ਖਾਣਾ ਖਾਂਦੇ ਸਮੇਂ, ਪੈਦਲ ਤੁਰਦੇ ਸਮੇਂ, ਕਾਰ ਚਲਾਉਂਦੇ ਸਮੇਂ, ਸੈਰ-ਕਸਰਤ ਕਰਦੇ ਸਮੇਂ, ਤਿਆਰ ਹੁੰਦੇ ਸਮੇਂ ਲੋਕ ਵਾਰ-ਵਾਰ ਸਮਾਰਟ ਫੋਨ ਚੈੱਕ ਕਰਦੇ ਹਨ। ਵਿਆਹ-ਸ਼ਾਦੀ ਵਿਚ ਸ਼ਮੂਲੀਅਤ ਸਮੇਂ, ਡਿਊਟੀ ਦੌਰਾਨ, ਟੈਲੀਵਿਜ਼ਨ ਵੇਖਦੇ ਸਮੇਂ, ਟਾਇਲਟ ਦੀ ਵਰਤੋਂ ਸਮੇਂ, ਅੰਤਿਮ ਸੰਸਕਾਰ ਦੌਰਾਨ ਵੀ ਲੋਕ ਸਮਾਰਟ ਫ਼ੋਨ 'ਤੇ ਨਜ਼ਰਾਂ ਟਿਕਾਈ ਰੱਖਦੇ ਹਨ। ਰਾਤ ਸੌਣ ਤੋਂ ਐਨ ਪਹਿਲਾਂ ਅਤੇ ਸਵੇਰੇ ਉਠਣ ਤੋਂ ਤੁਰੰਤ ਬਾਅਦ 80 ਤੋਂ 90 ਫ਼ੀਸਦੀ ਲੋਕ ਫ਼ੋਨ ਚੈੱਕ ਕਰਦੇ ਹਨ।

ਸੁਰੱਖਿਆ ਨੂੰ ਦਾਅ 'ਤੇ ਲਾ ਕੇ ਸਮੇਂ ਨੂੰ ਬਰਬਾਦ ਕਰਕੇ, ਰਿਸ਼ਤਿਆਂ ਨੂੰ ਨਜ਼ਰਅੰਦਾਜ਼ ਕਰਕੇ ਦੁਨੀਆ ਸਮਾਰਟ ਫ਼ੋਨ ਦੇ ਨਕਲੀ ਸੰਸਾਰ ਵਿਚ ਉਲਝੀ ਹੋਈ ਹੈ। ਬੇਸਬਰੀ ਏਨੀ ਵਧ ਗਈ ਹੈ ਕਿ ਹੱਥ ਵਾਰ-ਵਾਰ ਬਿਨਾਂ ਕਾਰਨ, ਬਿਨਾਂ ਮਤਲਬ ਫੋਨ ਵੱਲ ਵਧਦੇ ਹਨ। ਫੋਨ ਖੋਲਦੇ ਸਾਰ ਹਰ ਵਿਅਕਤੀ ਫੇਸਬੁੱਕ, ਵਟਸਐਪ 'ਤੇ ਜਾਂਦਾ ਹੈ। ਸਮਾਰਟ ਫ਼ੋਨ ਅਜੋਕੇ ਸਮਿਆਂ ਦਾ ਸਭ ਤੋਂ ਵੱਧ ਸਮਾਂ ਬਰਬਾਦ ਕਰਨ ਵਾਲਾ ਉਪਕਰਨ ਬਣ ਗਿਆ ਹੈ। ਉਂਗਲਾਂ ਸਕਰੀਨ 'ਤੇ ਉਲਝੀਆਂ ਰਹਿੰਦੀਆਂ ਹਨ ਅਤੇ ਦਿਮਾਗ ਕਾਲਪਨਿਕ ਸੰਸਾਰ ਵਿਚ। ਸਮਾਂ ਕਦੋਂ ਬੀਤ ਜਾਂਦਾ ਹੈ ਪਤਾ ਹੀ ਨਹੀਂ ਲਗਦਾ। ਲੰਘ ਗਿਆ ਸਮਾਂ ਕਦੇ ਵਾਪਸ ਨਹੀਂ ਪਰਤਦਾ। ਇਸ ਲਈ ਇਸ ਨੂੰ ਸਿਹਤਮੰਦ ਤੇ ਸਿਰਜਣਾਤਮਿਕ ਕਾਰਜਾਂ ਵਿਚ ਹੀ ਲਾਉਣ ਦੀ ਲੋੜ ਹੈ।

ਫੇਸਬੁੱਕ ਸਿਰਜਣਾਤਮਿਕ ਲੋਕਾਂ ਦੀ ਕਾਰਜ ਸਮਰੱਥਾ ਨੂੰ ਘਟਾਉਂਦਾ, ਨੁਕਸਾਨ ਪਹੁੰਚਾਉਂਦਾ ਹੈ। ਵਿਦਿਆਰਥੀਆਂ ਅਤੇ ਕਰਮਚਾਰੀਆਂ ਦੀ ਕਾਰਗੁਜ਼ਾਰੀ ਨੂੰ ਇਹ ਸਿੱਧੇ ਤੌਰ 'ਤੇ ਪ੍ਰਭਾਵਿਤ ਕਰਦਾ ਹੈ। ਪੁਲਿਸ ਕਰਮਚਾਰੀ ਡਿਊਟੀ ਦੌਰਾਨ ਸੜਕਾਂ ਕਿਨਾਰੇ ਗਰਦਨ ਝੁਕਾ ਕੇ ਖੜੇ, ਫੇਸਬੁੱਕ ਅਤੇ ਵਟਸਐਪ ਦੀ ਦੁਨੀਆ ਵਿਚ ਗੁਆਚੇ ਅਕਸਰ ਵੇਖੇ ਜਾ ਸਕਦੇ ਹਨ।

ਫੇਸਬੁੱਕ 'ਤੇ ਗੇਮਾਂ ਖੇਡਣ, ਚੈਟਿੰਗ, ਫੋਟੋ ਵੇਖਣ, ਪੋਸਟਾਂ ਪੜਨ ਵਿਚ ਏਨਾ ਸਮਾਂ ਅਜਾਈਂ ਜਾ ਰਿਹਾ ਹੈ, ਜਿਸ ਦੀ ਕਦੇ ਵੀ ਭਰਪਾਈ ਨਹੀਂ ਹੋ ਸਕਦੀ। ਪਰਿਵਾਰ, ਸਮਾਜ ਵਲੋਂ ਮੂੰਹ ਮੋੜ ਕੇ ਫੇਸਬੁੱਕ ਦੀ ਦੁਨੀਆ ਨੂੰ ਤਰਜੀਹ ਦਿੱਤੀ ਜਾ ਰਹੀ ਹੈ। ਅਸਲੀ ਸੰਸਾਰ ਨਾਲੋਂ, ਨਕਲੀ ਸੰਸਾਰ ਲੁਭਾਉਣਾ ਲੱਗ ਰਿਹਾ ਹੈ।

ਫੇਸਬੁੱਕ ਦੀ ਵਧੇਰੇ ਵਰਤੋਂ ਤੁਹਾਨੂੰ ਈਰਖਾ ਤੇ ਤਣਾਅ ਦੀ ਦੁਨੀਆ ਵਿਚ ਲੈ ਜਾਂਦੀ ਹੈ। ਇਕਾਗਰਤਾ ਦੀ ਕਮੀ ਹੋਣ ਲੱਗਦੀ ਹੈ। ਸਿਹਤ ਅਤੇ ਸਮੁੱਚੇ ਜੀਵਨ ਨੂੰ ਪ੍ਰਭਾਵਿਤ ਕਰਨ ਦੇ ਨਾਲ-ਨਾਲ ਇਹ ਤੁਹਾਡੇ ਲਈ ਕਾਨੂੰਨੀ ਅੜਚਣਾਂ ਖੜੀਆਂ ਕਰਦੀ ਹੈ। ਤੁਹਾਨੂੰ ਪਤਾ ਵੀ ਨਹੀਂ ਲਗਦਾ ਕਿ ਕਦੋਂ ਤੁਸੀਂ ਫੇਸਬੁੱਕ ਦੇ ਨਕਲੀ ਸੰਸਾਰ ਵਿਚ ਪ੍ਰਵੇਸ਼ ਕਰ ਜਾਂਦੇ ਹੋ, ਕਦੋਂ ਇਸ ਵਿਚ ਗੁਆਚ ਜਾਂਦੇ ਹੋ। ਜਦੋਂ ਤੱਕ ਪਤਾ ਲਗਦਾ ਹੈ, ਸਮਝ ਆਉਂਦੀ ਹੈ, ਉਦੋਂ ਤੱਕ ਦੇਰ ਹੋ ਚੁੱਕੀ ਹੁੰਦੀ ਹੈ। ਤੁਹਾਡਾ ਕਈ ਤਰਾਂ ਦਾ ਮਾਨਸਿਕ, ਸਰੀਰਕ, ਸਮਾਜਿਕ, ਪਰਿਵਾਰਕ, ਭਾਈਚਾਰਕ ਨੁਕਸਾਨ ਹੋ ਚੁੱਕਾ ਹੁੰਦਾ ਹੈ। ਫਿਰ ਤੁਸੀਂ ਇਸ ਨਕਲੀ ਸੰਸਾਰ ਵਿਚੋਂ ਨਿਕਲਣ ਲਈ ਛਟਪਟਾਉਂਦੇ ਹੋ, ਪਰ ਨਿਕਲ ਨਹੀਂ ਪਾਉਂਦੇ। ਪੱਕੇ ਇਰਾਦੇ, ਦ੍ਰਿੜ ਨਿਸ਼ਚੇ ਵਾਲੇ ਹੌਲੀ-ਹੌਲੀ ਖ਼ੁਦ 'ਤੇ ਕਾਬੂ ਪਾ ਲੈਂਦੇ ਹਨ। ਇਸ ਦੀ ਵਰਤੋਂ ਘਟਾ ਲੈਂਦੇ ਹਨ। ਪਰ ਬਹੁਤੇ ਚਾਹੁੰਦੇ ਹੋਏ ਵੀ ਇਸ ਦੇ ਚੁੰਗਲ 'ਚੋਂ ਬਚ ਨਹੀਂ ਪਾਉਂਦੇ। ਮੇਰੇ ਕੋਲ ਅਨੇਕਾਂ ਉਦਾਹਰਨਾਂ ਹਨ ਜਿਹੜੇ ਵਾਰ-ਵਾਰ ਫੇਸਬੁੱਕ ਛੱਡਣ, ਘਟਾਉਣ ਦੇ ਐਲਾਨ ਕਰਦੇ ਹਨ। ਦੀਵਾਲੀ ਤੋਂ ਅੱਠ ਮਹੀਨੇ ਪਹਿਲਾਂ ਦੀਵਾਲੀ ਤੱਕ ਨਾ ਵਰਤਣ ਦੀ ਪੋਸਟ ਪਾਉਂਦੇ ਹਨ। ਪ੍ਰੰਤੂ ਮਹੀਨੇ ਬਾਅਦ ਹੀ ਮੁੜ ਸਰਗਰਮ ਹੋ ਜਾਂਦੇ ਹਨ। ਫੇਸਬੁੱਕ ਦਾ ਇਹ ਆਕਰਸ਼ਨ, ਇਹ ਖਿੱਚ, ਤੁਹਾਨੂੰ ਵਾਰ-ਵਾਰ ਖਿੱਚਦੀ ਹੈ। ਇਸ ਵਿਚੋਂ ਤੁਸੀਂ ਉਦੋਂ ਹੀ ਨਿਕਲ ਸਕਦੇ ਹੋ ਜਦੋਂ ਧੁਰ ਅੰਦਰੋਂ ਅਹਿਸਾਸ ਹੋ ਜਾਵੇ ਕਿ ਇਹ ਨਕਲੀ ਸੰਸਾਰ ਹੈ ਅਤੇ ਇਹ ਤੁਹਾਡੇ ਅਸਲੀ ਸੰਸਾਰ ਨੂੰ, ਮਾਨਸਿਕ ਤੇ ਸਰੀਰਕ ਸਿਹਤ ਨੂੰ ਬੁਰੀ ਤਰਾਂ ਪ੍ਰਭਾਵਿਤ ਕਰ ਰਿਹਾ ਹੈ। ਤੁਹਾਡਾ ਬਹੁਮੁੱਲਾ ਸਮਾਂ ਨਸ਼ਟ ਕਰ ਰਿਹਾ ਹੈ। ਇਸ ਦੀ ਕੇਵਲ ਆਰਜ਼ੀ ਵਰਤੋਂ ਹੀ ਦਰੁਸਤ ਹੈ।

# ਬੇਬੇ ਕਹਾਣੀ ਸੁਣਾਉਂਦੀ

**ਬਲਜੀਤ ਖ਼ਾਨ**

**(ਸਪੁੱਤਰ ਮਾਂ ਬਸ਼ੀਰਾਂ)**

ਪੈਂਤੀ ਸਾਲ ਪਹਿਲਾਂ, ਸੰਨ ਵੀਹ ਸੌ ਵੀਹ ਵਿਚ ਤਿੰਨ ਖੇਤੀ ਕਾਨੂੰਨ ਆਏ ਸੀ। ਕੀ ਮਜ਼ਦੂਰ, ਕਿਸਾਨ, ਲਿਖਾਰੀ, ਦੁਕਾਨਦਾਰ, ਵਕੀਲ, ਫ਼ਕੀਰ, ਅੰਗੋਂ-ਹੀਣੇ, ਅੰਧੇ-ਸਬੂਤੇ, ਗੈਰ, ਮਹੰਤ ਸਰਕਾਰ ਨਾਲ ਆਢਾ ਵਿੱਢ ਕੇ ਦਿੱਲੀ ਦੇ ਬਾਡਰਾਂ 'ਤੇ ਜਾ ਬੈਠੇ ਸੀ। ਲੱਖਾਂ 'ਚ ਸੰਗਤ ਜੁੜ ਆਈ। ਸਰਕਾਰ ਨੇ ਅੱਡੀ ਚੋਟੀ ਦਾ ਜ਼ੋਰ ਲਾਇਆ, ਸੜਕਾਂ ਪੱਟ ਕੇ ਖ਼ਤਾਨ ਬਣਾ ਦਿੱਤੇ, ਰਾਹਾਂ 'ਚ ਕਿੱਲ ਗੱਡੇ, ਬੈਰੀਕੇਡ ਲਾਏ, ਸੀਮਿੰਟ-ਬੱਜਰੀ ਦੀਆਂ ਕੰਧਾਂ ਕੱਢ ਛੱਡੀਆਂ, ਪਾਣੀ ਦੀ ਬੌਛਾੜਾਂ ਮਾਰੀਆਂ, ਕੁੱਟਮਾਰ ਵੀ ਕੀਤੀ ਪਰ ਹੱਕਾਂ ਲਈ ਲੜਨ ਆਏ ਲੋਕਾਂ ਦੇ ਹੜ ਨੂੰ ਠੱਲ ਨਾ ਪਾ ਸਕੀ।

ਸ਼ਾਹ ਮੁਹੰਮਦ ਦੇ ਕਹਿਣ ਅੰਗੂੰ,

'ਧੌਂਸਾ ਵੱਜਿਆ ਕੂਚ ਹੁਕਮ ਹੋਇਆ
ਚੜੇ ਸੂਰਮੇ ਮਰਦ ਦਲੇਰ ਮੀਆਂ
ਚੜੇ ਪੁੱਤ ਸਰਦਾਰਾਂ ਦੇ ਛੈਲ ਬਾਂਕੇ
ਜੈਸੇ ਬੇਲਿਉਂ ਨਿਕਲਦੇ ਸ਼ੇਰ ਮੀਆਂ!'

ਦਿਨਾਂ ਵਿਚ ਈ ਰਾਜਧਾਨੀ ਦੀਆਂ ਸੜਕਾਂ 'ਤੇ ਲੋਕਾਂ ਨੇ ਟ੍ਰੈਕਟਰ-ਟਰਾਲੀਆਂ ਆਣ ਖਲਿਆਰੇ, ਤੰਬੂ ਤਾਣ ਦਿੱਤੇ, ਲੰਗਰ ਲੱਗ ਗਏ ਉਹ ਵੀ ਕਾਜੂਆਂ-ਬਦਾਮਾਂ ਦੇ, ਪੰਜੀਰੀਆਂ, ਹਲਵਿਆਂ ਦੇ। ਪਿੰਡ ਵਸ ਗਏ, ਲਾਲ-ਹਰੇ ਝੰਡੇ ਲਹਿਰਾਉਣ ਲੱਗੇ, ਕੇਸਰੀ ਨਿਸ਼ਾਨ ਸਾਹਬ ਝੂਲਣ ਲੱਗੇ। ਕਿਸੇ ਮਾਈ-ਭਾਈ ਨੇ ਸੇਵਾ ਦਾ ਮੌਕਾ ਹੱਥੋਂ ਖੁੰਝਣ ਨਾ ਦਿੱਤਾ, ਮਣਾਂ-ਮੂੰਹੀਂ ਦੁੱਧ, ਗੱਟੇ ਭਰ-ਭਰ ਕੇ ਆਟਾ, ਦਾਲਾਂ-ਸਬਜ਼ੀਆਂ, ਘਿਉ ਦੇ ਪੀਪੇ ਅੱਪੜਦੇ ਰਹੇ ਓਥੇ, ਦੇਸਾਂ-ਪ੍ਰਦੇਸਾਂ 'ਚੋਂ ਸੰਗਤ ਨੇ ਭਰਪੂਰ ਦਸਵੰਧ ਭੇਜਿਆ।



ਸਟੇਜਾਂ ਸਜ ਗਈਆਂ, ਕੀ ਨਾਂ ਸੀ ਉਹਦਾ ਭਲਾ ਜਿਹਾ? ਹਾਂ, ਕੰਵਰ ਗਰੇਵਾਲ, ਉਹਦਾ ਗਾਉਣ 'ਪਰ ਫ਼ਸਲਾਂ ਦੇ ਫ਼ੈਸਲੇ ਕਿਸਾਨ ਕਰੂਗਾ।' ਹਰੇਕ ਦੀ ਜੁਬਾਨ 'ਤੇ ਦੂਣੀ ਦੇ ਪਹਾੜੇ ਵਾਂਗ ਚੜ ਗਿਆ।

ਜਿਹੜਾ ਅਸੀਂ ਓਥੇ ਮਨਾਇਆ ਸੀ, ਉਹੋ ਜਿਹਾ ਪਹਿਲੇ ਪਾਤਸ਼ਾਹ ਦਾ ਗੁਰਪੁਰਬ ਮੁੜ ਨੀਂ ਆਇਆ।

ਬਥੇਰਾ ਕੁਝ ਕਿਹਾ-ਖਵਾਇਆ ਸਰਕਾਰਾਂ ਨੇ 'ਅੱਤਵਾਦੀ', 'ਨਕਸਲਵਾਦੀ', 'ਖਾਲਿਸਤਾਨੀ', 'ਟੁਕੜੇ-ਟੁਕੜੇ ਗੈਂਗ', 'ਦੇਸ਼ ਕੇ ਗੱਦਾਰੋਂ ਕੋ, ਗੋਲੀ ਮਾਰੋ ਸਾਲੋਂ ਕੋ।' 'ਅਰਬਨ ਨਕਸਲ', ਹੋਰ ਪਤਾ ਨੀਂ ਕੀ ਕੀ ਪਰ ਅੱਗੋਂ ਖ਼ਲਕਤ ਨੇ 'ਕਿਸਾਨ-ਮਜ਼ਦੂਰ ਏਕਤਾ, ਜ਼ਿੰਦਾਬਾਦ!', 'ਜੋ ਬੋਲੇ ਸੋ ਨਿਹਾਲ, ਸੱਤ-ਸਰੀਆ-ਕਾਲ!' ਦੇ ਨਾਹਰੇ ਲਾ ਛੱਡੇ।

ਗਰਮੀਆਂ, ਸਰਦੀਆਂ ਦੇ ਪਾਲੇ, ਕੱਕਰ ਸਿਰ ਤੋਂ ਦੀ ਲੰਘੇ, ਮਰਜੀਵੜਿਆਂ ਨੇ ਗਰਮੀਆਂ ਦੀਆਂ ਤੱਤੀਆਂ ਹਵਾਵਾਂ ਝੱਲੀਆਂ, ਮੀਂਹ, ਹਨੇਰੀਆਂ ਆ ਕੇ ਚਲੇ ਗਏ ਜਿਵੇਂ ਕੁਦਰਤ ਵੀ ਸਿਦਕ, ਜਤ-ਸਤ ਪਰਖਦੀ ਹੋਵੇ ਪਰ ਉਹ ਟੱਸ ਤੋਂ ਮੱਸ ਨਾ ਹੋਏ।

ਇੱਕ ਇੱਕ ਕਰਕੇ ਸੱਤ ਸੌ ਬੰਦਾ ਸ਼ਹੀਦ ਹੋਇਆ। ਬੱਸ, ਗੋਲ਼ੀ ਨੀਂ ਚੱਲੀ ਉਂਝ ਉਨੀ ਸੌ ਉਨੀ ਤੋਂ ਪੂਰੀ ਇੱਕ ਸਦੀ ਬਾਅਦ ਵੀਹ ਸੌ ਵੀਹ ਵਿੱਚ ਜ਼ਿਲਿਆਂ ਵਾਲੇ ਬਾਗ ਆਲਾ ਨਜ਼ਾਰਾ ਬੱਝ ਗਿਆ।

ਸ਼ਰਾਰਤੀ ਅਨਸਰਾਂ ਨੇ ਮੋਰਚੇ ਨੂੰ ਢਾਹ ਲਾਉਣ ਲਈ ਹਰ ਪੈਂਤੜਾ ਲਾਇਆ, ਹਰ ਵਿਧ ਵਰਤੀ ਪਰ ਉਨਾਂ ਦੀ ਪੇਸ਼ ਨਾ ਗਈ।

ਮੈਂ ਚਸ਼ਮਦੀਦ ਗਵਾਹ ਹਾਂ ਓਸ ਘੜੀਆਂ ਦੀ, ਯਾਦ ਕਰਦੀ ਆਂ ਤਾਂ ਮਾਣ ਹੁੰਦਾ ਏ, ਮਨ ਖ਼ੁਸ਼ ਵੀ ਹੁੰਦਾ ਏ, ਵੈਰਾਗ ਨਾਲ ਵੀ ਭਰਦਾ ਏ। ਓਥੇ ਬੜੇ ਨਵੇਂ ਲੋਕਾਂ ਨਾਲ ਜਾਣ-ਪਛਾਣ ਹੋਈ, ਸਿਆਸਤ ਦੀਆਂ ਖਿੱਚੀਆਂ ਲਕੀਰਾਂ ਮਲੀਆ-ਮੇਟ ਹੋ ਗਈਆਂ। ਪੰਜਾਬ, ਹਰਿਆਣਾ ਭਾਈ-ਭਾਈ ਹੋ ਗਏ।

ਪੁੱਤ, ਵੰਡਾਂ ਪਾਉਣੀ ਸਿਆਸਤ ਕਿਸੇ ਦੀ ਸਕੀ ਨੀਂ।

ਥੋਡੀ ਦਿੱਲੀ ਆਲੀ ਭੂਆ ਜੀਹਦੀ ਕੁੜੀ ਅੰਜਲੀ ਦਾ ਅਗਲੇ ਮਹੀਨੇ ਵਿਆਹ ਏ, ਓਥੇ ਈ ਤਾਂ ਮਿਲੀ ਸੀ ਤੇ ਮੇਰੀ ਸਕੀ ਧੀ ਬਣ ਗਈ ਸੀ, ਪੰਡਤਾਂ ਦੀ ਕੁੜੀ ਏ ਪਰ ਲਹੂ ਤਾਂ ਸਾਡੇ ਆਂਗੂੰ ਲਾਲ ਈ ਵਗਦਾ ਏ ਰਗਾਂ 'ਚ। ਇੱਕ ਵਾਰ ਆਈ ਸੀ ਮੋਰਚੇ ਵਿਚ, ਰੋਜ਼ ਆਉਣ ਲੱਗੀ, ਸਾਡੇ ਨਾਲ ਲੰਗਰ ਪਕਾਉਂਦੀ, ਹੱਸਦੀ-ਖੇਡਦੀ ਸਾਡੇ ਪਰਵਾਰ ਦਾ ਹਿੱਸਾ ਈ ਬਣ ਗਈ। ਮੈਨੂੰ ਨੀਂ ਲੱਗਦੇ ਮੇਰੀ ਕੁੱਖੋਂ ਜੰਮੀ ਵੀ ਏਨਾ ਨਿਭਦੀ ਜਿੰਨਾ ਉਹ ਨਿਭੀ। ਮੋਰਚੇ ਤੋਂ ਤੁਰਨ ਲੱਗਿਆਂ ਬੁੱਕ-ਬੁੱਕ ਰੋਈ ਸੀ।

ਤੇ ਇਉਂ ਗੱਲਾਂ ਕਰਦੀ ਬੇਬੇ ਆਪਣੀ ਚੁੰਨੀ ਨਾਲ ਹੰਝੂ ਪੂੰਝ ਛੱਡਦੀ ਏ।

# ਜਰੂਰੀ ਹੈ ਹਰ ਪਿੰਡ ਅਤੇ ਸ਼ਹਿਰ ਵਿੱਚ ਲਾਇਬ੍ਰੇਰੀ ਦਾ ਹੋਣਾ



**ਹਰਕੀਰਤ ਕੌਰ**
੯੭੭੯੧੧੮੦੬੬

ਅਸੀਂ ਸਾਰੇ ਸਮਾਜ ਸੁਧਾਰ ਦੀਆਂ ਗੱਲਾਂ ਕਰਦੇ ਹਾਂ, ਸਮਾਜ ਦੀ ਵਿਵਸਥਾ ਦੇ ਵਿਗੜਦੇ ਢਾਂਚੇ ਬਾਰੇ ਚਿੰਤਤ ਹੁੰਦੇ ਹਾਂ । ਨੌਜਵਾਨ ਪੀੜੀ ਦੇ ਵਿਵਹਾਰ ਵਿੱਚ ਆ ਰਹੇ ਪਰਿਵਰਤਨ ਬਾਰੇ ਘਰਾਂ ਵਿੱਚ ਜਾਂ ਹੋਰ ਜਗਾ ਜਿੱਥੇ ਵੀ ਅਸੀਂ ਵਿਚਰਦੇ ਹਾਂ ਵਿਚਾਰ ਚਰਚਾ ਕਰਦੇ ਹਾਂ, ਇਸ ਆਈ ਤਬਦੀਲੀ ਦਾ ਕਾਰਣ ਆਧੁਨਿਕੀਕਰਨ ਮੰਨਿਆ ਜਾਂਦਾ ਹੈ ਜੇ ਗੱਲ ਅਧੁਨਿਕਤਾ ਦੇ ਵਿਗਾੜ ਦੀ ਆਉਂਦੀ ਹੈ ਤਾਂ ਮੋਬਾਇਲ ਦਾ ਖਿਆਲ ਸਭ ਤੋਂ ਪਹਿਲਾਂ ਆਉਂਦਾ ਹੈ । ਹਰ ਹੱਥ ਵਿੱਚ ਮੋਬਾਇਲ ਹੈ ਅਤੇ ਮੋਬਾਇਲ ਵਿੱਚ ਦੁਨੀਆਂ ਸਮਾਈ ਹੋਈ ਹੈ, ਹਰ ਤਰਾਂ ਦੇ ਲੋਕ, ਹਰ ਤਰਾਂ ਦੇ ਮਨੋਰੰਜਨ ਦੇ ਸਾਧਨ, ਹਰ ਤਰਾਂ ਦਾ ਗਿਆਨ। ਜੇ ਜ਼ਿਕਰ ਗਿਆਨ ਦਾ ਕੀਤਾ ਤਾਂ ਗਿਆਨ ਦਾ ਸਭ ਤੋਂ ਵੱਡਾ ਸੋਮਾ ਲਾਇਬ੍ਰੇਰੀਆਂ ਨੂੰ ਮੰਨਿਆ ਜਾਂਦਾ ਹੈ। ਜਿੰਨੇ ਵੀ ਮਹਾਨ ਲੋਕਾਂ ਦੀ ਜੀਵਨੀ ਪੜੀ ਜਾਵੇ ਸਿੱਟਾ ਇੱਕੋ ਹੀ ਨਿਕਲਦਾ ਹੈ ਕਿ ਉਨਾਂ ਦੇ ਜੀਵਨ ਵਿੱਚ ਕਿਤਾਬਾਂ ਦਾ ਇੱਕ ਖਾਸ ਮਹੱਤਵ ਸੀ। ਉਨਾਂ ਦੇ ਨਿੱਤ ਦੇ ਕੰਮਾਂ ਵਿੱਚ ਲਾਇਬ੍ਰੇਰੀ ਜਾਣਾ ਵੀ ਸ਼ਾਮਿਲ ਹੁੰਦਾ ਸੀ। ਜਿਵੇਂ ਮੈਂ ਸ਼ੁਰੂਆਤ ਵਿੱਚ ਜ਼ਿਕਰ ਕੀਤਾ ਕਿ ਅਸੀਂ ਸਮਾਜ ਨੂੰ ਲੈਕੇ ਚਿੰਤਤ ਹਾਂ ਪਰ ਸੋਚਣ ਵਾਲੀ ਗੱਲ ਇਹ ਹੈ ਕਿ ਅਸੀਂ ਉਸ ਵਿੱਚ ਬਦਲਾਵ ਲਿਆਉਣ ਲਈ ਕੰਮ ਕੀ ਕਰ ਰਹੇ ਹਾਂ? ਵਿਕਾਸ ਅਤੇ ਸਮਾਜ ਅਸੀਂ ਵਿਕਸਿਤ ਦੇਸ਼ਾਂ ਵਰਗਾ ਚਾਹੁੰਦੇ ਹਾਂ ਪਰ ਉਸ ਲਈ ਕੋਈ ਵੀ ਉਦਮ ਕਰਨ ਲਈ ਤਿਆਰ ਨਹੀਂ। ਜਿੰਨੇ ਵੀ ਵਿਕਸਿਤ ਦੇਸ਼ ਹਨ ਉਸ ਪਿੱਛੇ ਕਿਤਾਬਾਂ ਦੀ ਇੱਕ ਬਹੁਤ ਵੱਡੀ ਭੂਮਿਕਾ ਰਹੀ ਹੈ। ਪਰ ਸਾਡੇ ਸਮਾਜ ਵਿਚੋਂ ਕਿਤਾਬਾਂ ਪ੍ਰਤੀ ਸਨੇਹ ਜਿਵੇਂ ਖਤਮ ਹੀ ਹੁੰਦਾ ਜਾ ਰਿਹਾ। ਜੇਕਰ ਗੱਲ ਪੰਜਾਬ ਦੀ ਹੀ ਕਰ ਲਈ ਜਾਵੇ ਤਾਂ ਬਹੁਤ ਘੱਟ ਅਜਿਹੇ ਜਿਲੇ ਹੋਣਗੇ ਜਿੰਨਾ ਵਿੱਚ ਲਾਇਬ੍ਰੇਰੀਆਂ ਹੋਣਗੀਆਂ। ਪਿੰਡ ਤਾਂ ਸੋ ਵਿਚੋਂ ਕੋਈ ਇੱਕ ਹੀ ਹੋਵੇਗਾ ਜਿੱਥੇ ਲਾਇਬ੍ਰੇਰੀ ਬਣੀ ਹੋਵੇਗੀ, ਜੇ ਕਿਸੇ ਪਿੰਡ ਸ਼ਹਿਰ ਵਿੱਚ ਲਾਇਬ੍ਰੇਰੀ ਬਣੀ ਵੀ ਹੈ ਤਾਂ ਉਸ ਦੀ ਹਾਲਤ ਏਨੀ ਤਰਸਯੋਗ ਹੈ ਕਿ ਉਸਦਾ ਹੁਲੀਆ ਵੇਖ ਕੋਈ ਅੰਦਰ ਜਾਣ ਦੀ ਜੁਅਰਤ ਨਹੀਂ ਕਰਦਾ, ਅੰਦਰ ਜਾਣ ਵਾਲੇ ਨੂੰ ਲਾਇਬ੍ਰੇਰੀ ਦੀ ਹਾਲਤ ਦੇਖ ਡਰ ਲੱਗਣ ਲੱਗਦਾ ਹੈ ਕਿ ਕਿਤੇ ਇਹ ਖਸਤਾ ਹਾਲਤ ਵਿੱਚ ਬਣੀਆਂ ਲਾਇਬ੍ਰੇਰੀਆਂ ਦੀ ਬਿਲਡਿੰਗ ਹੀ ਨਾ ਡਿੱਗ ਪਵੇ! ਲਾਇਬ੍ਰੇਰੀ ਵਿੱਚ ਕੋਈ ਲਾਇਬ੍ਰੇਰੀਅਨ ਨਹੀ ਹਨ, ਕੋਈ ਕਿਤਾਬਾਂ ਦੀ ਸਾਂਭ ਸੰਭਾਲ ਲਈ ਨਹੀਂ ਹੈ, ਕੋਈ ਅਜਿਹਾ ਨਹੀਂ ਜੋ ਹਿੰਮਤ ਕਰਕੇ ਨੋਜਵਾਨਾਂ ਨੂੰ ਪ੍ਰੇਰਿਤ ਕਰ ਸਕੇ ਕਿ ਕੁਝ ਸਮਾਂ ਲਾਇਬ੍ਰੇਰੀ ਲਈ ਵੀ ਜਰੂਰ ਕੱਢੋ।

ਜਿਸ ਸਮਾਜ ਦਾ ਨੌਜਵਾਨ ਵਰਗ ਕਿਤਾਬਾਂ ਨਾਲ ਜੁੜਿਆ ਹੁੰਦਾ ਹੈ ਉਸ ਸਮਾਜ ਵਿੱਚ ਸੁਨਹਿਰੀ ਭਵਿੱਖ ਦੀ ਉਮੀਦ ਰੱਖੀ ਜਾ ਸਕਦੀ ਹੈ , ਪਰ ਜਿੱਥੇ ਜਨਤਕ ਲਾਇਬ੍ਰੇਰੀ ਹੀ ਨਾ ਹੋਣ ਜੇ ਹੋਣ ਵੀ ਤਾਂ ਤਰਸਯੋਗ ਹਾਲਤ ਵਿੱਚ ਤਾਂ ਉਥੇ ਅਸੀਂ ਜਿਆਦਾ ਸੁਲਝੇ ਹੋਏ ਲੋਕਾਂ ਦੇ ਸਮਾਜ ਦੀ ਆਸ ਨਹੀਂ ਰੱਖ ਸਕਦੇ।

ਮੈਂ ਅਕਸਰ ਦੇਖਦੀ ਹਾਂ ਸਾਹਿਤ ਨਾਲ ਜੁੜੀਆਂ ਕਿੰਨੀਆਂ ਗਤੀਵਿਧੀਆਂ ਹੁੰਦੀਆਂ ਹਨ, ਕਿੰਨੇ ਸਮਾਰੋਹ ਕਰਵਾਏ ਜਾਂਦੇ ਹਨ, ਕਿੰਨੇ ਕਵੀ ਸੰਮੇਲਨ ਹੁੰਦੇ ਹਨ, ਪਰ ਅਫਸੋਸ ਸਾਰੇ ਫੋਕੇ, ਅਫਸੋਸ ਸਾਰੇ ਸਨਮਾਨ ਚਿੰਨ ਦੇਣ ਅਤੇ ਪ੍ਰਾਪਤ ਕਰਨ ਤੱਕ ਸੀਮਤ ਹਨ। ਵੱਡੇ ਵੱਡੇ ਬੁਲਾਰੇ ਆਉਦੇ ਹਨ, ਬੋਲ ਕੇ ਚਲੇ ਜਾਂਦੇ ਹਨ, ਸੁਣਨ ਵਾਲੇ ਵੀ ਸੁਣ ਕੇ ਨਾਲ ਲੈਕੇ ਜਾਣ ਦੀ ਬਜਾਏ ਜੋ ਸੁਣਿਆ ਹੁੰਦਾ ਹੈ ਉੱਥੇ ਹੀ ਛੱਡ ਰਾਹ ਪੈਂਦੇਂ ਹਨ। ਕਿਸੇ ਨੇ ਜਨਤਕ ਲਾਇਬ੍ਰੇਰੀਆਂ ਦੀ ਸਾਂਭ ਸੰਭਾਲ ਲਈ ਕਦਮ ਚੁੱਕਣ ਦਾ ਹੀਲਾ ਨਹੀਂ ਕੀਤਾ ਅਤੇ ਨਾ ਹੀ ਬੋਲਣ ਦਾ।ਕਹਿਣ ਤੋਂ ਭਾਵ ਕਿ ਸਾਹਿਤ ਦਾ ਸਭ ਤੋਂ ਵੱਡਾ ਘਰ ਲਾਇਬ੍ਰੇਰੀਆਂ ਹਨ, ਵੱਡੇ ਵੱਡੇ ਸਾਹਿਤਕਾਰ ਜਾਂ ਸਮਾਜ ਦੇ ਆਗੂਆਂ ਨੂੰ ਲਾਇਬ੍ਰੇਰੀਆਂ ਦੀ ਹੋਂਦ ਲਈ ਹੰਬਲਾ ਜਰੂਰ ਮਾਰਨਾ ਚਾਹੀਦਾ ਹੈ।

ਲਾਇਬ੍ਰੇਰੀ ਦੀ ਉਸਾਰੀ ਅਤੇ ਸਾਂਭ ਸੰਭਾਲ ਲਈ ਬਹੁਤ ਸਾਰੇ ਕਦਮ ਚੁੱਕਣ ਦੀ ਜਰੂਰਤ ਹੈ। ਜਿਹੜੀਆਂ ਸਰਕਾਰਾਂ ਫੋਨ, ਲੈਪਟਾਪ ਜਾਂ ਅਜਿਹੀਆਂ ਹੋਰ ਨਿੱਕੀਆਂ ਮੋਟੀਆਂ ਚੀਜ਼ਾਂ ਦੇ ਲਾਲਚ ਦੇ ਤੇ ਲਾਰੇ ਲਾ ਕੇ ਵੋਟਾਂ ਮੰਗਦੀਆਂ ਹਨ, ਉਨਾਂ ਨੂੰ ਚਾਹੀਦਾ ਹੈ ਕਿ ਭੁੱਲੇ ਚੁੱਕੇ ਕਿਤੇ ਇਹ ਵੀ ਕਹਿ ਦੇਣ ਕਿ ਹਰ ਪਿੰਡ ਹਰ ਸ਼ਹਿਰ ਵਿੱਚ ਲਾਇਬ੍ਰੇਰੀ ਬਣਾਈ ਜਾਵੇਗੀ, ਤਾਂ ਜੋ ਪੜਨ ਦੇ ਸ਼ੌਕੀਨ ਉਹ ਲੋਕ ਜਿਨਾਂ ਕੋਲ ਕਿਤਾਬਾਂ ਖਰੀਦਣ ਦੀ ਗੁੰਜਾਇਸ਼ ਨਹੀਂ ਹੈ ਇਸਦਾ ਲਾਭ ਉਠਾ ਸਕਣ।

ਇਸ ਤੋਂ ਇਲਾਵਾ ਜਿਨਾਂ ਸ਼ਹਿਰਾਂ ਜਾਂ ਪਿੰਡਾਂ ਵਿੱਚ ਲਾਇਬ੍ਰੇਰੀਆਂ ਬਣੀਆਂ ਹਨ ਪਰ ਸੰਭਾਲ ਨਹੀਂ ਹੈ ਤਾਂ ਉਥੋਂ ਦੇ ਵਸਨੀਕਾਂ ਨੂੰ ਲਾਇਬ੍ਰੇਰੀ ਨੂੰ ਵੀ ਇੱਕ ਗਿਆਨ ਦਾ ਮੰਦਿਰ ਸਮਝ ਸਾਂਭ ਸੰਭਾਲ ਕਰ ਲੈਣੀ ਚਾਹੀਦੀ ਹੈ। ਕਿਤਾਬਾਂ ਸਾਡੀਆਂ ਸਭ ਤੋਂ ਵੱਡੀਆਂ ਰਾਹ ਦਸੇਰਾ ਹਨ। ਮੁਹਤਬਰਾਂ ਨੂੰ ਚਾਹੀਦਾ ਹੈ ਕਿ ਪਿੰਡ ਤੇ ਸ਼ਹਿਰਾਂ ਦੀ ਸੜਕਾਂ ਤੇ ਹੋਰ ਕੰਮਾਂ ਲਈ ਗ੍ਰਾਂਟਾ ਮੰਗਣ ਵੇਲੇ ਲਾਇਬ੍ਰੇਰੀ ਦਾ ਖਿਆਲ ਵੀ ਕਰ ਲਿਆ ਜਾਵੇ। ਮਾਪਿਆਂ ਨੂੰ ਵੀ ਬੱਚਿਆਂ ਨੂੰ ਫੋਨ ਦੇ ਆਹਰੇ ਲਗਾਉਣ ਦੀ ਬਜਾਇ ਲਾਇਬ੍ਰੇਰੀ ਵਿੱਚ ਕੁਝ ਸਮਾਂ ਜਰੂਰ ਲੈਕੇ ਜਾਣਾ ਚਾਹੀਦਾ ਹੈ।

ਸੋ ਜੇਕਰ ਅਸੀਂ ਇੱਕ ਸੁਲਝਿਆ ਹੋਇਆ ਸਮਾਜ ਸਿਰਜਣਾ ਚਾਹੁੰਦੇ ਹਾਂ ਤਾਂ ਕਿਤਾਬਾਂ ਨਾਲ ਸਾਂਝ ਪਾਉਣੀ ਪਵੇਗੀ। ਕੋਈ ਵੀ ਵਰਗ ਹੋਵੇ, ਰਾਜਨੇਤਾ, ਪਿੰਡਾਂ ਸ਼ਹਿਰਾਂ ਦੇ ਮੁਹਤਬਰ, ਆਮ ਜਨਤਾ, ਮਾਪੇ ਸਾਰਿਆਂ ਨੂੰ ਇਸ ਲਈ ਹੰਭਲਾ ਮਾਰਨ ਦੀ ਜਰੂਰਤ ਹੈ। ਕਿਤਾਬਾਂ ਨਾਲ ਜੁੜ ਕੇ ਇੱਕ ਚੰਗੇ ਸਮਾਜ ਦੀ ਸਿਰਜਣਾ ਕੀਤੀ ਜਾ ਸਕਦੀ ਹੈ, ਇੱਕ ਅਜਿਹਾ ਸਮਾਜ ਜੋ ਆਪਣੇ ਅਤੇ ਦੂਸਰਿਆਂ ਦੇ ਹੱਕਾਂ ਪ੍ਰੀ ਜਾਗਰੂਕ ਹੋਵੇ, ਇੱਕ ਅਜਿਹਾ ਸਮਾਜ ਜੋ ਫੋਕੇ ਦਿਖਾਵੇ ਤੋਂ ਕੋਹਾਂ ਦੂਰ ਹੋਵੇ ਤੇ ਪਿਆਰ, ਸਤਿਕਾਰ ਤੇ ਮਿਲਵਰਤਨ ਦੀ ਭਾਵਨਾ ਦਾ ਸੁਨੇਹਾ ਦਿੰਦਾ ਹੋਵੇ।

# ਆਓ ਗਲਤੀਆਂ ਤੋਂ ਸਬਕ ਲਈਏ ?



**ਸੰਜੀਵ ਸਿੰਘ ਸੈਣੀ, ਮੋਹਾਲੀ**

ਜਿੰਦਗੀ ਬਹੁਤ ਖੂਬਸੂਰਤ ਹੈ। ਸਾਡੀ ਜ਼ਿੰਦਗੀ ਵਿੱਚ ਬਹੁਤ ਉਤਾਰ ਚੜਾਅ ਆਉਂਦੇ ਹਨ। ਇਹ ਉਤਾਰ-ਚੜਾਅ ਸਾਨੂੰ ਜ਼ਿੰਦਗੀ ਨੂੰ ਹੋਰ ਵਧੀਆ ਜਿਉਂਣ ਲਈ ਪ੍ਰੇਰਿਤ ਕਰਦੇ ਹਨ। ਜੋ ਇਨਸਾਨ ਅਜਿਹੀਆਂ ਮੁਸੀਬਤਾਂ ਦਾ ਡਟ ਕੇ ਸਾਹਮਣਾ ਕਰਦਾ ਹੈ, ਉਹ ਆਪਣੀ ਮੰਜ਼ਿਲ ਨੂੰ ਸਰ ਕਰ ਲੈਂਦਾ ਹੈ। ਕਦੇ ਵੀ ਉਦਾਸ ਨਾ ਬੈਠੋ। ਕਦੇ ਵੀ ਇਹ ਨਾ ਸੋਚੋ ਕਿ ਮੇਰੀ ਕਿਸਮਤ ਬਹੁਤ ਮਾੜੀ ਹੈ। ਜੇ ਜ਼ਿੰਦਗੀ ਵਿੱਚ ਕਿਸੇ ਮੁਕਾਮ ਤੇ ਸਫ਼ਲਤਾ ਨਹੀਂ ਮਿਲਦੀ ਤਾਂ ਉਸ ਤੇ ਵਿਚਾਰ ਕਰੋ। ਸਾਡੀ ਕਿਹੜੀ ਅਜਿਹੀ ਕਮੀ ਰਹਿ ਗਈ ਕਿ ਸਾਨੂੰ ਉਹ ਟੀਚਾ ਹਾਸਿਲ ਨਾ ਹੋ ਸਕਿਆ। ਆਪਣੇ ਆਪ ਨੂੰ ਹੋਰ ਮਜ਼ਬੂਤ ਕਰੋ। ਗਲਤੀਆਂ ਤੋਂ ਸਿੱਖੋ। ਆਪਣੇ ਅੰਦਰ ਅਜਿਹਾ ਜਨੂੰਨ ਪੈਦਾ ਕਰੋ ਕਿ ਮੈਂ ਇਹ ਟੀਚਾ ਹਾਸਲ ਕਰ ਸਕਦਾ ਹਾਂ। ਮੈਂ ਇਹ ਮੰਜ਼ਿਲ ਸਰ ਕਰ ਸਕਦਾ ਹਾਂ। ਵੱਡਾ ਟੀਚਾ ਹਾਸਲ ਕਰਨ ਲਈ ਸਾਨੂੰ ਬਹੁਤ ਮਿਹਨਤ ਦੀ ਜ਼ਰੂਰਤ ਹੁੰਦੀ ਹੈ। ਇਸ ਮੰਜ਼ਿਲ ਵੱਲ ਵਧਦੇ ਹੋਏ ਤੁਹਾਨੂੰ ਨਕਰਾਤਮਕ ਸੋਚ ਵਾਲੇ ਬੰਦੇ ਵੀ ਮਿਲਣਗੇ। ਉਹ ਤੁਹਾਨੂੰ ਕਈ ਵਾਰ ਇਹ ਗੱਲ ਵੀ ਕਹਿਣਗੇ, ਛੱਡ ਪਰੇ, ਤੂੰ ਇਹ ਟੀਚੇ ਨਹੀਂ ਹਾਸਲ ਕਰ ਸਕਦਾ, ਤੁਹਾਡੇ ਅੰਦਰ ਨਕਰਾਤਮਕ ਊਰਜਾ ਪੈਦਾ ਕਰ ਦੇਣਗੇ।

ਸੋ ਨਕਰਾਤਮਕ ਵਿਚਾਰਾਂ ਵਾਲੇ ਇਨਸਾਨ ਹੁੰਦੇ ਹਨ, ਉਨਾਂ ਨੇ ਕਦੇ ਵੀ ਟੀਚਾ ਹਾਸਲ ਨਹੀਂ ਕੀਤਾ ਹੁੰਦਾ। ਨਾ ਉਹ ਕਦੇ ਇਸ ਮੁਕਾਮ ਤੇ ਪਹੁੰਚ ਸਕਦੇ ਹਨ। ਕੋਈ ਵੀ ਟੀਚਾ ਹਾਸਲ ਕਰਨ ਲਈ ਪਹਿਲਾਂ ਸਾਨੂੰ ਅੰਦਰੋਂ ਮਜ਼ਬੂਤ ਹੋਣਾ ਪੈਂਦਾ ਹੈ। ਆਪਣੇ ਅੰਦਰ ਧਾਰਨਾ ਬਣਾਉਣੀ ਪੈਂਦੀ ਹੈ ਕਿ ਮੈਂ ਇਹ ਮੁਕਾਮ ਹਰ ਕੀਮਤ ਤੇ ਹਾਸਿਲ ਕਰਨਾ ਹੈ। ਮਿਹਨਤ ਕਰਨੀ ਹੈ। ਜੇ ਬਾਰ- ਬਾਰ ਅਸਫ਼ਲ ਹੋ ਰਹੇ ਹਨ ਤਾਂ ਕਾਰਣਾਂ ਦਾ ਪਤਾ ਲਗਾਓ, ਕਿ ਕਿਉਂ ਅਸਫ਼ਲ ਹੋ ਰਹੇ ਹਾਂ। ਕਦੇ ਵੀ ਉਦਾਸ ਨਾ ਬੈਠੋ। ਠੀਕ ਹੈ, ਅਸਫ਼ਲ ਹੋਏ ਹੋ। ਅਸਫ਼ਲਤਾ ਤੋਂ ਵੀ ਬਹੁਤ ਕੁਝ ਸਿੱਖਣ ਨੂੰ ਮਿਲਦਾ ਹੈ। ਯੋਜਨਾ ਮੁਤਾਬਕ ਵਧੀਆ ਢੰਗ ਤਰੀਕੇ ਨਾਲ ਉਸ ਮੁਕਾਮ ਨੂੰ ਹਾਸਲ ਕਰਨ ਲਈ ਆਪਣਾ ਹੋਰ ਇਰਾਦਾ ਮਜ਼ਬੂਤ ਕਰੋ। ਮਾਹਿਰਾਂ ਦੀ ਸਲਾਹ ਲਵੋ। ਵਧੀਆ ਵਧੀਆ ਲੋਕਾਂ ਦੀ ਜੀਵਨੀ ਪੜੋ। ਜੋ ਇਸ ਟੀਚੇ ਤੇ ਪਹੁੰਚੇ ਹਨ। ਜੇ ਅਸੀਂ ਇਮਾਨਦਾਰੀ ਨਾਲ ਮਿਹਨਤ ਕਰਾਂਗੇ ਤਾਂ ਪ੍ਰਮਾਤਮਾ ਸਾਨੂੰ ਫਲ ਜ਼ਰੂਰ ਦਿੰਦਾ ਹੈ। ਅਜਿਹੀਆਂ ਉਦਾਹਰਨਾਂ ਸਾਡੇ ਸਾਹਮਣੇ ਬਹੁਤ ਹਨ, ਜਿਨਾਂ ਨੇ ਬਹੁਤ ਮਿਹਨਤ ਕੀਤੀ ਤੇ ਫਿਰ ਅਸਫ਼ਲ ਹੋਏ, ਫਿਰ ਉਹਨੇ ਅਪਣਾ ਇਰਾਦਾ ਕਰ ਕੇ ਉਸ ਮੁਕਾਮ ਨੂੰ ਹਾਸਲ ਕੀਤਾ। ਅਬਰਾਹਿਮ ਲਿੰਕਨ ਨੂੰ ਬਹੁਤ ਚੰਗੀ ਤਰਾਂ ਜਾਣਦੇ ਹਾਂ। ਬਾਰ ਬਾਰ ਅਸਫਲ ਹੋਣ ਤੋਂ ਬਾਅਦ ਉਸ ਨੇ ਆਪਣਾ ਹੌਂਸਲਾ ਨਹੀਂ ਛੱਡਿਆ। ਇੱਕ ਦਿਨ ਮਿਹਨਤ ਕਰਕੇ ਉਹ ਅਮਰੀਕਾ ਦਾ ਰਾਸ਼ਟਰਪਤੀ ਬਣਿਆ। ਕੇਰਲ ਦੀ 104 ਉਮਰਾਂ ਦੀ ਭਾਗੀਰਥੀ ਅੰਮਾਂ ਨੇ ਦਰਜਾ ਚਾਰ ਨੌਕਰੀ ਹਾਸਲ ਕੀਤੀ। ਹਾਲਾਂਕਿ ਪਿਛਲੇ ਮਹੀਨੇ ਹੀ ਉਹ ਸਵਰਗ ਸਿਧਾਰ ਗਏ ਹਨ। ਉਨਾਂ ਨੇ ਮੁਸੀਬਤਾਂ ਦਾ ਡੱਟ ਕੇ ਸਾਹਮਣਾ ਕੀਤਾ ਸੀ। ਤੇ ਹੌਂਸਲਾ ਕਦੇ ਨਹੀਂ ਛੱਡਿਆ। ਅਜਿਹੀਆਂ ਉਦਾਹਰਨਾਂ ਸਾਨੂੰ ਹੋਰ ਅੱਗੇ ਮਿਹਨਤ ਕਰਨ ਲਈ ਪ੍ਰੇਰਿਤ ਕਰਦੀਆਂ ਹਨ।

ਹਰ ਇੱਕ ਦਿਨ ਜਿੰਦਗੀ ਦੀ ਨਵੀਂ ਸ਼ੁਰੂਆਤ ਲੈ ਕੇ ਆਉਂਦਾ ਹੈ। ਕਦੇ ਵੀ ਆਪਣੇ ਕਰਮਾਂ ਨੂੰ ਨਾ ਕੋਸੀਏ। ਹਰ ਇੱਕ ਦਿਨ ਦੀ ਸ਼ੁਰੂਆਤ ਵਧੀਆ ਤਰੀਕੇ ਨਾਲ ਕਰਨੀ ਚਾਹੀਦੀ ਹੈ।

ਬਾਕੀ ਸਫ਼ਾ 31 'ਤੇ



# ਬੋਲੇ ਸੋ ਨਿਹਾਲ



ਹੰਸਰਾਜ ਰਹਿਬਰ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ



**ਅਨੁਵਾਦ : ਮਹਿੰਦਰ ਬੇਦੀ, ਜੈਤੋ**
**9417730600**

ਇਸ ਵਿਚ ਕੋਈ ਸ਼ੱਕ ਨਹੀਂ ਕਿ ਸਿੱਖ ਸਮੇਂ ਦੀ ਹਕੂਮਤ ਦੇ ਬਾਗੀ ਸਨ, ਪਰ ਉਨਾਂ ਦਾ ਮਕਸਦ ਸੀ ਪੰਜਾਬ ਨੂੰ ਵਿਦੇਸ਼ੀ ਗ਼ੁਲਾਮੀ ਤੋਂ ਆਜ਼ਾਦ ਕਰਵਾਉਣਾ। ਉਹ ਵੀ ਜਾਣਦੇ ਸਨ ਕਿ ਅਜ਼ਾਦੀ ਮੁਫ਼ਤ ਵਿਚ ਨਹੀਂ ਮਿਲਦੀ, ਇਸ ਲਈ ਕੁਰਬਾਨੀਆਂ ਦੇਣੀਆਂ ਪੈਂਦੀਆਂ ਨੇ। ਇਸ ਲਈ ਉਹਨਾਂ ਆਪਣੇ ਘਰ ਘੋੜਿਆਂ ਦੀਆਂ ਕਾਠੀਆਂ ਉਪਰ ਬਣਾ ਲਏ ਸਨ ਜਾਂ ਇੰਜ ਕਹਿ ਲਓ ਬਣਾਉਣੇ ਹੀ ਪੈਣੇ ਸਨ, ਕਿਉਂਕਿ ਮੁਗਲ ਸਰਕਾਰ ਉਹਨਾਂ ਦਾ ਨਾਂ-ਨਿਸ਼ਾਨ ਮਿਟਾਉਣ ਉੱਤੇ ਤੁਲੀ ਹੋਈ ਸੀ। 1716 ਵਿਚ ਬੰਦਾ ਬਹਾਦਰ ਦੀ ਸ਼ਹਾਦਤ ਪਿੱਛੋਂ ਦਿੱਲੀ ਦੇ ਬਾਦਸ਼ਾਹ ਫ਼ਰੁੱਖ਼ ਸੀਯਰ ਨੇ ਇਹ ਹੁਕਮ ਜਾਰੀ ਕੀਤਾ ਕਿ ਸਿੱਖ ਜਿੱਥੇ ਵੀ ਮਿਲੇ, ਉਸਨੂੰ ਤੁਰੰਤ ਗ੍ਰਿਫ਼ਤਾਰ ਕਰ ਲਓ। ਉਸ ਲਈ ਦੋ ਹੀ ਹੁਕਮ ਸਨ : ਜਾਂ ਤਾਂ ਉਹ ਮੁਸਲਮਾਨ ਬਣਨਾ ਸਵੀਕਾਰ ਕਰੇ ਜਾਂ ਫੇਰ ਉਸੇ ਸਮੇਂ ਬਿਨਾਂ ਕਿਸੇ ਪੁੱਛ-ਦੱਸ ਦੇ ਕਤਲ ਕਰ ਦਿੱਤਾ ਜਾਵੇ। ਹਰ ਸਿੱਖ ਦੇ ਸਿਰ ਦਾ ਮੁੱਲ ਮਿਥ ਦਿੱਤਾ ਗਿਆ।

ਦਲੇਰ ਜੰਗ ਅਬਦੁਲ ਸਮਦ ਖਾਂ ਬੰਦਾ ਬਹਾਦੁਰ ਨੂੰ ਗੁਰਦਾਸਪੁਰ ਤੋਂ ਗ੍ਰਿਫ਼ਤਾਰ ਕਰਕੇ ਦਿੱਲੀ ਲੈ ਆਇਆ ਸੀ। ਉਸਦੀ ਇਸ ਬਹਾਦਰੀ 'ਤੇ ਖ਼ੁਸ਼ ਹੋ ਕੇ ਉਸਨੂੰ ਪੰਜਾਬ ਦਾ ਸੂਬੇਦਾਰ ਬਣਾ ਦਿੱਤਾ ਗਿਆ ਸੀ। ਸਰਹੰਦ ਤੇ ਜੰਮੂ ਦੇ ਫੌਜਦਾਰ ਉਸਦੇ ਸਹਿਯੋਗੀ ਸਨ। ਤਿੰਨੇ ਜਗਾ ਇਹ ਐਲਾਨ ਕਰ ਦਿੱਤਾ ਗਿਆ ਸੀ ਕਿ ਸਿੱਖਾਂ ਦੀਆਂ ਗਤੀਵਿਧੀਆਂ ਬਾਰੇ ਖਬਰ ਦੇਣ ਵਾਲੇ ਨੂੰ 10 ਰੁਪਏ, ਫੜਾਉਣ ਵਾਲੇ ਨੂੰ 25 ਰੁਪਏ, ਗਿਰਫ਼ਤਾਰ ਕਰਕੇ ਥਾਨੇ ਪਹੁੰਚਾਉਣ ਵਾਲੇ ਨੂੰ 50 ਤੇ ਸਿਰ ਕੱਟ ਕੇ ਲਿਆਉਣ ਵਾਲੇ ਨੂੰ 100 ਰੁਪਏ ਦਿੱਤੇ ਜਾਣਗੇ। ਪਿੰਡਾਂ ਦੇ ਨੰਬਰਦਾਰਾਂ ਤੇ ਚੌਧਰੀਆਂ ਨੂੰ ਹਦਾਇਤ ਕਰ ਦਿੱਤੀ ਗਈ ਕਿ ਉਹ ਸਿੱਖਾਂ ਨੂੰ ਵੱਸਣ ਲਈ ਜਗਾ ਨਾ ਦੇਣ। ਜੇ ਉਹ ਆਪ ਗ੍ਰਿਫ਼ਤਾਰ ਨਾ ਕਰ ਸਕਣ ਤਾਂ ਸਰਕਾਰ ਨੂੰ ਸੂਚਨਾ ਦੇਣ। ਹਰ ਜਗਾ ਮੁਖਬਰ ਤੇ ਜਾਸੂਸ ਮੰਡਲਾਉਣ ਲੱਗੇ। ਸਿੱਖਾਂ ਲਈ ਕਿਤੇ ਵੀ ਸਿਰ ਛੁਪਾਉਣਾ ਮੁਸ਼ਕਲ ਹੋ ਗਿਆ। ਉਨਾਂ ਨੂੰ ਫੜ-ਫੜ ਕੇ ਕਤਲ ਕੀਤਾ ਜਾਣ ਲੱਗਿਆ। ਕੁਝ ਲੋਕ ਵਾਲ ਕਟਵਾ ਕੇ ਤੇ ਸਿੱਖ ਪੰਥ ਦੇ ਨਿਸ਼ਾਨਾਂ ਨੂੰ ਤਜ ਕੇ ਆਮ ਲੋਕਾਂ ਵਾਂਗ ਰਹਿਣ ਲੱਗ ਪਏ ਪਰ ਜਿਹੜੇ ਧਰਮ ਤੇ ਦੇਸ਼-ਸੇਵਾ ਲਈ ਪ੍ਰੀਤੀਬੱਧ ਸਨ ਤੇ ਕਿਸੇ ਹਾਲਤ ਵਿਚ ਹਥਿਆਰ ਸੁੱਟਣ ਲਈ ਤਿਆਰ ਨਹੀਂ ਸਨ, ਉਹ ਸ਼ਿਵਾਲਿਕ ਦੀਆਂ ਪਹਾੜੀਆਂ, ਲੱਖੀ ਦੇ ਸੰਘਣੇ ਜੰਗਲਾਂ ਤੇ ਬੀਕਾਨੇਰ ਦੇ ਰੇਤਲੇ ਟਿੱਬਿਆਂ ਵੱਲ ਨਿਕਲ ਗਏ। ਸਿੱਖਾਂ ਲਈ ਇਹ ਭਾਰੀ ਸੰਕਟ ਦਾ ਸਮਾਂ ਸੀ। ਸ਼ਾਹੀ ਹੁਕਮ ਦੀ ਮੁਨਿਆਦੀ ਹੁੰਦਿਆਂ ਹੀ ਸਾਰੇ ਸਰਕਾਰੀ ਕਰਮਚਾਰੀ, ਵੱਡੇ ਅਫਸਰਾਂ ਨੂੰ ਖ਼ੁਸ਼ ਕਰਨ ਲਈ; ਤੇ ਸਰਕਾਰ-ਪ੍ਰਸਤ ਤੇ ਮੌਕਾ-ਪ੍ਰਸਤ, ਇਨਾਮ ਦੇ ਲਾਲਚ ਵਿਚ ਹੱਥ ਧੋ ਕੇ ਸਿੱਖਾਂ ਦੇ ਪਿੱਛੇ ਪੈ ਗਏ। ਸਿੱਖਾਂ ਦੇ ਟੋਲੇ ਦੇ ਟੋਲੇ ਫੜ-ਫੜ ਕੇ ਲਾਹੌਰ ਭੇਜੇ ਜਾਣ ਲੱਗੇ, ਜਿੱਥੇ ਉਨਾਂ ਨੂੰ ਤਰਾਂ-ਤਰਾਂ ਦੇ ਤਸੀਹੇ ਦੇ ਕੇ ਕਤਲ ਕਰ ਦਿੱਤਾ ਜਾਂਦਾ ਸੀ। ਜਿਹੜੇ ਸਿੱਖ ਜੰਗਲਾਂ ਤੇ ਪਹਾੜਾਂ ਵਿਚ ਜਾ ਛੁਪੇ ਸਨ, ਉੱਥੇ ਉਹਨਾਂ ਦੇ ਰੋਟੀ ਕਪੜੇ ਦਾ ਕੋਈ ਵਸੀਲਾ ਨਹੀਂ ਸੀ। ਇਸ ਦੇ ਇਲਾਵਾ ਇਕੱਲੇ-ਇਕੱਲੇ ਰਹਿਣ ਵਿਚ ਫੜੇ ਜਾਣ ਦਾ ਖਤਰਾ ਵੀ ਸੀ। ਇਸ ਲਈ ਰੋਟੀ ਕਪੜਾ ਪ੍ਰਾਪਤ ਕਰਨ ਤੇ ਦੁਸ਼ਮਣਾਂ ਤੋਂ ਆਪਣੀ ਰੱਖਿਆ ਕਰਨ ਲਈ ਉਹਨਾਂ ਜੱਥੇ ਬਣਾ ਲਏ। ਸ਼ੁਰੂ ਵਿਚ ਇਹ ਜੱਥੇ ਛੋਟੇ-ਛੋਟੇ ਸਨ, ਪਰ ਜਿਵੇਂ-ਜਿਵੇਂ ਮੈਦਾਨਾਂ ਵਿਚੋਂ ਆ ਕੇ ਹੋਰ ਲੋਕ ਇਹਨਾਂ ਨਾਲ ਰਲਦੇ ਰਹੇ, ਜੱਥੇ ਵੱਡੇ ਹੁੰਦੇ ਗਏ। ਇਹਨਾਂ ਜੱਥਿਆਂ ਨੂੰ ਧਾੜਵੀ-ਜੱਥੇ ਕਿਹਾ ਜਾਂਦਾ ਸੀ। ਉਹ ਆਪਣੇ ਸੁਰੱਖਿਅਤ ਠਿਕਾਣਿਆਂ ਵਿਚੋਂ ਨਿਕਲ ਕੇ ਆਸੇ-ਪਾਸੇ ਦੇ ਪਿੰਡਾਂ ਵਿਚ 'ਛਾਪੇ' ਮਾਰਦੇ ਤੇ ਸਰਕਾਰੀ ਅਧਿਕਾਰੀਆਂ ਤੇ ਅਮੀਰਾਂ ਨੂੰ ਲੁੱਟ ਕੇ ਲੈ ਜਾਂਦੇ। ਜਿਹੜਾ ਵੀ ਉਹਨਾਂ ਦੇ ਵਿਰੁੱਧ ਸਰਕਾਰ ਦੀ ਮਦਦ ਕਰਦਾ ਜਾਂ ਜਾਸੂਸੀ, ਮੁਖਬਰੀ ਕਰਦਾ, ਉਹ ਉਸਦੇ ਖੇਤ ਉਜਾੜ ਦਿੰਦੇ ਤੇ ਉਸਦੇ ਪੂਰੇ ਪਰਿਵਾਰ ਦਾ ਸਫਾਇਆ ਕਰ ਦਿੰਦੇ। ਨਤੀਜਾ ਇਹ ਕਿ ਉਹਨਾਂ ਦਾ ਆਤੰਕ ਏਨਾ ਛਾ ਗਿਆ ਕਿ ਜੇ ਕਿਤੇ ਕੋਈ ਸਿੱਖ ਨਜ਼ਰ ਆ ਜਾਂਦਾ ਤਾਂ ਲੋਕ 'ਸ਼ੀਹ ਆਇਆ, ਸ਼ੀਹ ਆਇਆ' ਦਾ ਰੌਲਾ ਪਾਉਂਦੇ ਏਧਰ-ਉਧਰ ਭੱਜ ਖੜੇ ਹੁੰਦੇ।

ਅਬਦੁੱਲ ਸਮਦ ਕੋਲ ਜਿੰਨੀ ਫੌਜ ਸੀ, ਉਹ ਸਾਰੀ ਲਾਹੌਰ ਵਿਚ ਸੀ, ਬਾਕੀ ਸਿੱਖਾਂ ਨੂੰ ਫੜਨ ਲਈ ਦੌੜਾਈ ਜਾ ਰਹੀ ਸੀ ਪਰ ਸਿੱਖ ਉਸਦੇ ਹੱਥ ਨਹੀਂ ਸੀ ਆਉਂਦੇ। ਇਕ ਤਾਂ ਉਸ ਵੇਲੇ ਆਵਾਜਾਈ ਦੇ ਸਾਧਨ ਬੜੇ ਸੀਮਿਤ ਸਨ, ਦੂਜਾ ਸਿੱਖ ਗੁਰੀਲਿਆਂ ਦੀ ਨੀਤੀ ਇਹ ਸੀ ਕਿ ਜੇ ਅੱਜ ਉਹ ਇੱਥੇ ਧਾਵਾ ਬੋਲਦੇ ਹਨ, ਤਾਂ ਕੱਲ 25-30 ਕੋਹ ਦੇ ਫਾਸਲੇ ਉਪਰ ਕਿਸੇ ਹੋਰ ਜਗਾ ਜਾ ਕੇ ਧਾਵਾ ਬੋਲਦੇ ਸਨ। ਸਰਕਾਰ ਪ੍ਰੇਸ਼ਾਨ ਸੀ। ਉਸਦੇ ਕੋਰੇ-ਅਤੰਕ ਨੂੰ ਸਿੱਖਾਂ ਦੇ ਕਰਾਂਤੀਕਾਰੀ-ਆਤੰਕ ਨੇ ਮਾਤ ਪਾ ਦਿੱਤੀ ਸੀ।

ਸਿੱਖ ਖਤਮ ਹੋਣ ਦੇ ਬਜਾਏ ਵਧ ਰਹੇ ਸਨ, ਕਿਉਂਕਿ ਸਰਕਾਰੀ ਸਖਤੀ ਤੇ ਸਿੱਖਾਂ ਦੀ ਬਹਾਦਰੀ ਦੇਖ ਕੇ ਸਵੈਮਾਨ ਵਾਲੇ ਜਾਟ ਨੌਜਵਾਨ ਘਰ-ਬਾਰ ਛੱਡ ਕੇ ਉਹਨਾਂ ਨਾਲ ਜਾ ਰਲਦੇ ਸਨ। ਇਹ ਦੇਖ ਕੇ ਅਬਦੁੱਲ ਸਮਦ ਨੇ ਆਪਣੀ ਨੀਤੀ ਬਦਲੀ। ਉਸਦੀ ਸਖਤੀ ਸਿਰਫ ਉਨਾਂ ਦੇ ਖ਼ਿਲਾਫ਼ ਰਹਿ ਗਈ ਜਿਹੜੇ ਬੰਦਾ ਬਹਾਦਰ ਦੇ ਸਾਥੀ ਰਹਿ ਚੁੱਕੇ ਸਨ ਤੇ ਜੱਥੇਬੰਦ ਹੋ ਕੇ ਧਾਵੇ ਬੋਲਦੇ ਸਨ, ਇਨਾਂ ਨੂੰ ਰਾਠ-ਸਿੰਘ ਕਿਹਾ ਜਾਂਦਾ ਸੀ। ਜਿਹੜੇ ਸਿੱਖ ਪਿੰਡਾਂ ਵਿਚ ਖੇਤੀ, ਵਪਾਰ ਜਾਂ ਦਸਤਕਾਰੀ ਕਰਦੇ ਸਨ, ਭਾਵੇਂ ਉਹ ਸਰਕਾਰ ਵਿਰੁੱਧ ਪ੍ਰਤੱਖ ਰੂਪ ਵਿਚ ਕੁਝ ਵੀ ਨਹੀਂ ਸਨ ਕਰਦੇ, ਪਰ ਉਨਾਂ ਦੀ ਦਿਲੀ-ਹਮਦਰਦੀ, ਉਨਾਂ ਰਾਠ-ਸਿੱਖਾਂ ਨਾਲ ਹੀ ਸੀ ਜਿਹੜੇ ਦੇਸ਼ ਤੇ ਧਰਮ ਦੀ ਰੱਖਿਆ ਖਾਤਰ ਸਰਕਾਰੀ ਜ਼ੁਲਮ ਤੇ ਭਾਂਤ-ਭਾਂਤ ਦੀਆਂ ਮੁਸੀਬਤਾਂ ਝੱਲ ਰਹੇ ਸਨ। ਉਹ ਉਨਾਂ ਨੂੰ ਚੁੱਪਚਾਪ ਰਸਦ-ਪਾਣੀ ਪਹੁੰਚਾ ਆਉਂਦੇ ਸਨ। ਇਨਾਂ ਨੂੰ ਵੀ ਗ੍ਰਿਫਤਾਰ ਕਰ ਲਿਆ ਜਾਂਦਾ ਸੀ। ਪਰ ਹੁਣ ਇਨਾਂ ਦੇ ਵਿਰੁੱਧ ਤੇ ਉਹ ਜਿਹੜੇ ਪਹਾੜਾਂ ਜੰਗਲਾਂ ਵਿਚੋਂ ਨਿਕਲ ਕੇ ਘਰਾਂ ਵਿਚ ਆ ਵਸੇ ਸਨ, ਕਾਰਵਾਈ ਬੰਦ ਕਰ ਦਿੱਤੀ ਗਈ ਸੀ।

ਇਸੇ ਦੌਰਾਨ ਫ਼ਰੁੱਖ ਸੀਯਰ ਦੀ ਹੱਤਿਆ ਪਿੱਛੋਂ ਜਿਹੜਾ ਗ੍ਰਹਿ-ਯੁੱਧ ਛਿੜਿਆ, ਉਹ ਕਈ ਸਾਲ ਤਕ ਚੱਲਦਾ ਰਿਹਾ। ਦਿੱਲੀ ਸਰਕਾਰ ਨੂੰ ਗ੍ਰਹਿ-ਯੁੱਧ ਵਿਚ ਉਲਝਿਆਂ ਦੇਖ ਕੇ ਮੰਝ-ਤਿਹਾੜ ਦੇ ਈਸਾ ਖਾਂ, ਕਸੂਰ ਦੇ ਹੁਸੈਨ ਖਾਂ ਖੇਰੂਗੀ ਤੇ ਕਸ਼ਮੀਰ ਦੇ ਸਰਫ਼ੁੱਦੀਨ ਨੇ ਬਗਾਵਤ ਕਰ ਦਿੱਤੀ। ਇਨਾਂ ਬਗਾਵਤਾਂ ਨੂੰ ਦਬਾਉਣ ਦੀ ਜ਼ਿੰਮੇਵਾਰੀ ਅਬਦੁੱਲ ਸਮਦ 'ਤੇ ਆ ਪਈ। ਹੁਣ ਉਸਨੇ ਸਿੱਖਾਂ ਦੇ ਵਿਰੁੱਧ ਆਪਣੀ ਨੀਤੀ ਇੱਥੋਂ ਤਕ ਨਰਮ ਕਰ ਦਿੱਤੀ ਕਿ ਉਹਨਾਂ ਨੂੰ ਸਰਕਾਰੀ ਅਹੁਦਿਆਂ ਉਪਰ ਰੱਖਣਾ ਸ਼ੁਰੂ ਕਰ ਦਿੱਤਾ। ਪਿੰਡਾਂ ਵਿਚ ਰਹਿਣ ਵਾਲੇ ਸਿੱਖ, ਜਿਹੜੇ ਚੋਰੀ-ਛਿੱਪੇ ਰਸਦ ਪਹੁੰਚਾਉਂਦੇ ਸਨ, ਉਹਨਾਂ ਤੋਂ ਨਿਗਰਾਨੀ ਹਟ ਗਈ ਤੇ ਜਿਹੜੇ ਸਿੱਖ ਅਹੁਦਿਆਂ ਉਪਰ ਰੱਖੇ ਸਨ ਉਹਨਾਂ ਰਾਹੀਂ ਸਰਕਾਰੀ ਕਾਰਵਾਈਆਂ ਦੀ ਖਬਰ ਮਿਲਣ ਲੱਗੀ, ਜਿਸ ਨਾਲ ਧਾੜਵੀ ਜੱਥੇ ਸਮੇਂ ਸਿਰ ਚੌਕਸ ਹੋ ਜਾਂਦੇ। ਪਿੰਡਾਂ ਵਿਚ ਵੱਸਣ ਵਾਲੇ ਸਿੱਖਾਂ ਨੂੰ 'ਗੁਰਸਿੱਖ' ਤੇ ਅਹੁਦਿਆਂ ਉਤੇ ਲੱਗਿਆਂ ਨੂੰ ਖਾਲਸਾਈ ਭਾਸ਼ਾ ਵਿਚ 'ਚਕਰੈਲ' ਆਖਿਆ ਜਾਣ ਲੱਗਿਆ। ਗੁਰਸਿੱਖਾਂ ਤੇ ਚਕਰੈਲਾਂ ਦੀ ਮਦਦ ਦਾ ਰਾਠ-ਸਿੱਖਾਂ ਨੂੰ ਕਾਫੀ ਲਾਭ ਹੋਇਆ।

ਮਰਵਾਉਣ ਲਈ ਫੇਰ ਲਾਲਚ ਦਿੱਤੇ ਗਏ। ਉਨਾਂ ਨਾਲ ਹਮਦਰਦੀ ਰੱਖਣ ਤੇ ਮਦਦ ਕਰਨ ਵਾਲਿਆਂ ਨੂੰ ਵੀ ਨਹੀਂ ਸੀ ਬਖ਼ਸ਼ਿਆ ਜਾਂਦਾ। ਸੈਂਕੜੇ ਸਿੱਖ ਫੜ ਕੇ ਆਏ ਦਿਨ ਲਾਹੌਰ ਲਿਆਏ ਜਾਂਦੇ ਸਨ ਤੇ ਉਨਾਂ ਨੂੰ ਖੁੱਲੇਆਮ ਲੋਕਾਂ ਦੇ ਸਾਹਮਣੇ, ਦਿੱਲੀ ਦਰਵਾਜ਼ੇ ਦੇ ਬਾਹਰ, ਨਖਾਸ ਚੌਕ ਵਿਚ ਸ਼ਹੀਦ ਕਰ ਦਿੱਤਾ ਜਾਂਦਾ ਸੀ, ਤਾਂ ਕਿ ਦੂਜਿਆਂ ਨੂੰ ਨਸੀਹਤ ਹੋਵੇ। ਨਖਾਸ ਚੌਕ ਨੂੰ 'ਘੋੜਾ ਮੰਡੀ' ਵੀ ਕਿਹਾ ਜਾਂਦਾ ਸੀ ਪਰ ਪਿੱਛੋਂ ਇਹਨਾਂ ਸ਼ਹੀਦੀਆਂ ਸਦਕਾ ਉਸ



ਅਬਦੁੱਲ ਸਮਦ ਜਦੋਂ ਕਸ਼ਮੀਰ ਦੀ ਬਗਾਵਤ ਨੂੰ ਦਬਾਉਣ ਵਿਚ ਉਲਝਿਆ ਹੋਇਆ ਸੀ, ਉਦੋਂ ਹੀ ਪੱਛਮੀ ਪੰਜਾਬ ਵਿਚ ਮੁਲਤਾਨ ਦੇ ਇਲਾਕੇ ਵਿਚ ਹਫੜਾ-ਦਫੜੀ ਮੱਚ ਗਈ। ਇਸ ਹਫੜਾ-ਦਫੜੀ ਵਿਚ ਪਹਾੜੀ ਖੇਤਰ ਦੇ ਕਬਾਇਲੀਆਂ ਨੇ ਮਾਰ-ਧਾੜ ਸ਼ੁਰੂ ਕਰ ਦਿੱਤੀ। ਮਾਲਵੇ, ਸਿਰਸੇ ਤੇ ਦੁੱਲੇ ਦੀ ਵਾੜ ਵਿਚ ਭੱਟੀ, ਡੋਗਰ, ਸਿਆਲ, ਖਰਲ ਤੇ ਬਲੂਚਾਂ ਨੇ ਪਿੰਡਾਂ ਦੇ ਪਿੰਡ ਲੁੱਟ ਲਈ। ਇਹ ਸਾਰੇ ਉਤਪਾਤ ਸਿੱਖਾਂ ਦੇ ਨਾਂ ਪੈ ਜਾਂਦੇ ਸਨ। ਇਸ ਹਫੜਾ-ਦਫੜੀ ਨੂੰ ਰੋਕਣ ਲਈ ਅਬਦੁੱਲ ਸਮਦ ਤੋਂ ਕੁਝ ਵੀ ਨਾ ਕੀਤਾ ਜਾ ਸਕਿਆ, ਉਹ ਬੁੱਢਾ ਹੋ ਚੁੱਕਿਆ ਸੀ।

ਅਬਦੁੱਲ ਸਮਦ ਦੇ ਪੁੱਤਰ ਜ਼ਕਰੀਆ ਖਾਂ ਨੇ ਦਿੱਲੀ ਜਾ ਕੇ ਨਵੇਂ ਬਾਦਸ਼ਾਹ ਮੁਹੰਮਦ ਸ਼ਾਹ ਨੂੰ ਕਿਹਾ ਕਿ ਪੰਜਾਬ ਦਾ ਸੂਬੇਦਾਰ ਮੈਨੂੰ ਬਣਾਇਆ ਜਾਏ। ਮੈਂ ਬਹੁਤ ਜਲਦੀ ਅਮਨ ਬਹਾਲ ਕਰ ਦਿਆਂਗਾ। ਪ੍ਰਧਾਨ ਮੰਤਰੀ ਕਮਰੁੱਦੀਨ ਦੀ ਸਿਫਾਰਸ਼ ਉਪਰ, ਜਿਸ ਦਾ ਜ਼ਕਰੀਆ ਖਾਂ ਜੀਜਾ ਸੀ, ਇਹ ਗੱਲ ਮੰਨ ਲਈ ਗਈ। ਪੰਜਾਬ ਨੂੰ ਦੋ ਹਿੱਸਿਆਂ ਵਿਚ ਵੰਡ ਕੇ ਜ਼ਕਰੀਆ ਖਾਂ ਨੂੰ ਲਾਹੌਰ ਦਾ ਤੇ ਅਬਦੁੱਲ ਸਮਦ ਨੂੰ ਮੁਲਤਾਨ ਦਾ ਸੂਬੇਦਾਰ ਬਣਇਆ ਗਿਆ, ਜਿੱਥੇ ਉਸ ਦੀ ਮੌਤ ਹੋ ਗਈ।

ਜ਼ਕਰੀਆ ਖਾਂ ਨੇ ਲਾਹੌਰ ਦਾ ਸੂਬੇਦਾਰ ਬਣਦਿਆਂ ਹੀ 20,000 ਫੌਜੀ ਭਰਤੀ ਕੀਤੇ। ਉਹਨਾਂ ਵਿਚੋਂ ਦਸ ਹਜ਼ਾਰ ਲਾਹੌਰ ਵਿਚ ਰੱਖੇ। ਬਾਕੀ ਦੇ ਦਸ ਹਜ਼ਾਰ ਨੂੰ ਹਜ਼ਾਰ-ਹਜ਼ਾਰ ਦੇ ਦਸਤਿਆਂ ਵਿਚ ਵੰਡ ਦਿੱਤਾ। ਉਹਨਾਂ ਨੂੰ ਤੇਜ਼ ਚੱਲਣ ਵਾਲੇ ਘੋੜੇ-ਊਠ ਦੇ ਕੇ ਤੇ ਜੰਬੂਰਕ ਨਾਂ ਦੀਆਂ ਹਲਕੀਆਂ ਤੋਪਾਂ ਨਾਲ ਲੈਸ ਕਰ ਕੇ ਪੂਰੇ ਰਾਜ ਵਿਚ ਫੈਲਾ ਦਿੱਤਾ। ਇਹ 1721 ਦੀ ਗੱਲ ਹੈ। ਇਹਨਾਂ ਦਸਤਿਆਂ ਨੂੰ ਗਸ਼ਤੀ-ਫੌਜ ਕਿਹਾ ਜਾਂਦਾ ਸੀ। ਇਹਨਾਂ ਨੂੰ ਹੁਕਮ ਸੀ ਕਿ ਜਿੱਥੇ ਵੀ ਸਿੱਖ ਮਿਲਣ, ਉਨਾਂ ਨੂੰ ਫੜ ਕੇ ਲਾਹੌਰ ਭੇਜ ਦਿੱਤਾ ਜਾਵੇ।

ਜ਼ਕਰੀਆ ਖਾਂ ਸਿੱਖਾਂ ਨੂੰ ਮਿਟਾਉਣ ਉਪਰ ਤੁਲਿਆ ਹੋਇਆ ਸੀ। ਉਸ ਦੀ ਗਸ਼ਤੀ-ਫੌਜ ਪਿੰਡ-ਪਿੰਡ ਗਸ਼ਤ ਕਰਨ ਲੱਗੀ। ਨੰਬਰਦਾਰਾਂ, ਚੌਧਰੀਆਂ ਤੇ ਮੁੱਕਦਮਾਂ ਨੂੰ ਫੇਰ ਸਤਰਕ ਕੀਤਾ ਗਿਆ ਤੇ ਸਿੱਖਾਂ ਨੂੰ ਗ੍ਰਿਫ਼ਤਾਰ ਕਰਵਾਉਣ ਤੇ

ਦਾ ਨਾਂ ਸ਼ਹੀਦ-ਗੰਜ ਪੈ ਗਿਆ।

ਰਾਠ-ਸਿੱਖਾਂ ਦਾ ਜੰਗਲਾਂ ਤੇ ਪਹਾੜੀਆਂ ਵਿਚ ਵੀ ਪਿੱਛਾ ਕੀਤਾ ਜਾਂਦਾ ਸੀ ਪਰ ਉਹ ਗਸ਼ਤੀ ਫੌਜ ਦੀ ਪਹੁੰਚ ਤੋਂ ਬਹੁਤ ਦੂਰ ਨਿਕਲ ਜਾਂਦੇ ਸਨ। ਉਹ ਬੀਕਾਨੇਰ ਦੇ ਰੇਤ ਦੇ ਟਿੱਬਿਆਂ ਵਿਚ ਰਹਿਣ ਦੇ ਆਦਿ ਵੀ ਸਨ, ਜਿੱਥੇ ਦੂਰ-ਦੂਰ ਤਕ ਪਾਣੀ ਨਹੀਂ ਮਿਲਦਾ ਸੀ। ਜੰਗਲੀ ਫਲ, ਸਾਗ ਸਬਜ਼ੀਆਂ ਤੇ ਸ਼ਿਕਾਰ, ਜੋ ਵੀ ਮਿਲਦਾ, ਉਸੇ ਉੱਤੇ ਗੁਜਾਰਾ ਕਰ ਲੈਂਦੇ ਸਨ। ਕੁਝ ਨਾ ਮਿਲਦਾ ਤਾਂ 'ਲੰਗਰ-ਮਸਤ' ਭਾਵ ਫਾਕੇ ਵਿਚ ਹੀ ਮਸਤੀ ਮਾਰਦੇ ਸਨ। ਉਹ ਮੁਸੀਬਤਾਂ ਵਿਚ ਮੁਸਕਰਾਉਣ ਤੇ ਮੌਤ ਨਾਲ ਮਖੌਲਾਂ ਕਰਨ ਵਾਲੇ ਅਜਿਹੇ ਖੁਸ਼ਮਿਜਾਜ਼ ਤੇ ਮਨਮੌਜੀ ਜੀਵ ਸਨ, ਜਿਹੜੇ ਕਿਸੇ ਵੀ ਹਾਲਤ ਵਿਚ ਢੇਰੀ ਨਹੀਂ ਸੀ ਢਾਉਂਦੇ। ਥੁੜਾਂ ਦੀ ਪੂਰਤੀ ਖਾਤਰ ਉਹਨਾਂ ਰਸਹੀਣ ਛੋਟੀਆਂ-ਛੋਟੀਆਂ ਵਸਤਾਂ ਦੇ ਵੱਡੇ-ਵੱਡੇ ਰਸਭਰੇ ਤੇ ਰੌਚਕ ਨਾਂ ਰੱਖ ਲਏ ਸਨ, ਉਹ ਖਾਲੀ ਪਰਾਤਾਂ ਤੇ ਬੁਝੇ ਹੋਏ ਚੁੱਲਿਆਂ ਨੂੰ 'ਲੰਗਰ-ਭਰਪੂਰ', ਉਬਾਲੇ ਹੋਏ ਪੱਤਿਆਂ ਦੇ ਸਾਗ ਨੂੰ 'ਸਬਜ਼-ਪੁਲਾਅ'; ਭੁੱਜੇ ਹੋਏ ਦਾਣਿਆਂ ਨੂੰ 'ਖੁਸ਼ਕ-ਪੁਲਾਅ'; ਕਣਕ ਦੇ ਕੱਚੇ ਦਾਣਿਆਂ ਨੂੰ 'ਸੌਗੀ', ਭੁੱਜੇ ਹੋਏ ਛੋਲਿਆਂ ਨੂੰ 'ਬਾਦਾਮ', ਲੂਣ ਨੂੰ 'ਸਰਵ-ਰਸ'; ਗੁੜ ਨੂੰ 'ਸੂਬੇਦਾਰ', ਕੜੀ ਨੂੰ 'ਅੰਮ੍ਰਿਤੀ', ਕਟੀਰ ਦੇ ਫਲ ਨੂੰ 'ਅੰਗੂਰ', ਬੇਰਾਂ ਨੂੰ 'ਸਿਓ' ਗੰਢੇ ਨੂੰ 'ਰੂਪਾ-ਪ੍ਰਸ਼ਾਦ' ਤੇ ਬੈਂਗਣ ਨੂੰ 'ਰਾਮ ਬਟੇਰਾ' ਕਹਿੰਦੇ ਸਨ। ਇੰਜ ਉਨਾਂ ਸੈਂਕੜੇ ਚੀਜਾਂ ਦੇ ਆਪਣੇ ਵੱਖਰੇ ਨਾਂ ਰੱਖੇ ਹੋਏ ਸਨ। ਪਿਸ਼ਾਬ ਕਰਨ ਜਾਂਦੇ ਤਾਂ ਕਹਿੰਦੇ ਕਿ 'ਚੀਤਾ ਮਾਰਨ ਜਾ ਰਹੇ ਹਾਂ'। ਜੰਗਲ ਪਾਣੀ ਜਾਣਾ ਹੁੰਦਾ ਤਾਂ 'ਕਾਜੀ ਨੂੰ ਭੋਜਨ ਕਰਾਉਣ ਜਾ ਰਿਹਾਂ'। ਵਿਦੇਸ਼ੀ ਹਾਕਮਾਂ ਦੇ ਪ੍ਰਤੀ ਉਹਨਾਂ ਦੇ ਮਨ ਵਿਚ ਜੋ ਨਫ਼ਰਤ ਸੀ ਉਸਨੂੰ ਪ੍ਰਗਟ ਕਰਨ ਦਾ ਵੀ ਉਨਾਂ ਦਾ ਆਪਣਾ ਹੀ ਢੰਗ ਸੀ। ਰਾਤ ਨੂੰ ਉਹ ਖੁੱਲੇ ਅਸਮਾਨ ਹੇਠ ਪਏ ਹੇਕਾਂ ਲਾ ਲਾ ਗਾਉਂਦੇ...।'

'ਨੀਂ ਮੁਗਲਾਂ ਦੀਏ ਮਾਏਂ ਸੁਣ।
ਆਏ ਤੇਰੇ ਜਵਾਈ ਹੁਣ।।
ਤੂੰ ਵੀ ਸੁਣ ਲੈ ਮੁਗਲ ਦੀ ਭੈਣੇ।
ਹੀਰੇ ਮੋਤੀ ਅਸਾਂ ਨੇ ਖੋਹ ਲੈਣੇ।।'

ਮੌਤ ਦਾ ਭੈ ਮਨਾਂ ਵਿਚੋਂ ਕੱਢ ਸੁੱਟਿਆ ਸੀ। ਪੰਜਾਬ ਦੇ ਇਹਨਾਂ ਯੋਧਿਆਂ ਨੇ ਇਹ ਫੈਸਲਾ ਕਰ ਲਿਆ ਸੀ ਕਿ ਜੇ ਮਰਨਾ ਹੀ ਹੈ ਤਾਂ ਮੁਫ਼ਤ ਵਿਚ ਕਿਉਂ ਮਰੀਏ, ਦੁਸ਼ਮਣ ਦੇ ਜਿੰਨੇ ਆਦਮੀ ਮਾਰੇ ਜਾ ਸਕਦੇ ਹਨ, ਉਹਨਾਂ ਨੂੰ ਮਾਰ ਕੇ ਹੀ ਮਰੀਏ। ਇਹ ਫੈਸਲਾ ਬੁਜ਼ਦਿਲਾਂ ਨੂੰ ਵੀ ਬਹਾਦਰ ਬਣਾ ਦਿੰਦਾ ਸੀ। ਉਹ ਦੁਸ਼ਮਣ ਦਾ ਸਾਹਮਣਾ ਕਰਨ ਸਮੇਂ ਸ਼ੇਰ ਵਾਂਗ ਗੱਜਦੇ ਤੇ ਉਸ ਉੱਤੇ ਚੀਤੇ ਵਾਂਗ ਝਪਟ ਪੈਂਦੇ। ਸੰਘਰਸ਼ ਦੀ ਕੁਠਾਲੀ ਵਿਚ ਤਪੇ ਖਾੜਕੂ ਯੋਧੇ ਸਨ ਉਹ। ਉਦੇਸ਼ ਉੱਚਾ ਸੀ ਤੇ ਵਿਚਾਰ ਪੂਰੀ ਤਰਾਂ ਨਿੱਖਰੇ ਹੋਏ।...ਉਹ ਦੁਸ਼ਮਣ ਲਈ ਜਿੰਨੇ ਖਤਰਨਾਕ ਸਨ, ਆਪੂ ਵਿਚ ਤੇ ਸੱਜਣਾਂ-ਪਿਆਰਿਆਂ ਲਈ ਓਨੇ ਹੀ ਸੱਜਣ-ਪੁਰਖ ਸਨ।

ਮਾਝੇ ਦੇ ਕਿਸਾਨਾਂ ਨੂੰ ਬਿਲਕੁਲ ਉਜਾੜ ਦਿੱਤਾ ਗਿਆ। ਉਹ ਤੰਗ ਆ ਕੇ ਧਾੜਵੀ ਜੱਥਿਆਂ ਨਾਲ ਆ ਮਿਲੇ। ਗਿਣਤੀ ਵਧੀ, ਸ਼ਕਤੀ ਵਧੀ ਤੇ ਹੌਂਸਲਾ ਵੀ ਵਧਿਆ। ਉਹ ਮੈਦਾਨਾਂ ਵਿਚ ਆ ਕੇ ਮੁਗਲ ਅਫਸਰਾਂ ਤੇ ਅਮੀਰਾਂ ਨੂੰ ਲੁੱਟ ਕੇ ਲੈ ਜਾਂਦੇ। ਜ਼ਕਰੀਆ ਖਾਂ ਨੇ ਤੋਪਾਂ ਨਾਲ ਲੈਸ ਜਿਹੜੀ ਫੌਜ ਤਿਆਰ ਕੀਤੀ ਸੀ, ਉਸ ਵਿਚ ਵੀ ਇਹਨਾਂ ਧਾੜਵੀ ਜੱਥਿਆਂ ਦੀ ਦਹਿਸ਼ਤ ਫੈਲ ਗਈ ਸੀ। ਦੋ ਤਿੰਨ ਜੱਥੇ ਇਕੱਠੇ ਰਲ ਕੇ ਇਸ ਗਸ਼ਤੀ ਫੌਜ ਉਪਰ ਅਚਾਨਕ ਹਮਲਾ ਕਰਦੇ। ਉਸਦੇ ਹਥਿਆਰ, ਘੋੜੇ ਤੇ ਰਸਦ ਵਗੈਰਾ ਖੋਹ ਕੇ ਲੈ ਜਾਂਦੇ। ਹੁਣ ਇਸ ਫੌਜ ਲਈ ਗਸ਼ਤ ਲਾਉਣਾ ਆਸਾਨ ਨਹੀਂ ਸੀ ਰਹਿ ਗਿਆ। ਬਾਗੀਆਂ ਨੂੰ ਫੜਨ ਦੀ ਬਜਾਏ, ਖ਼ੁਦ ਉਹਨਾਂ ਨੂੰ ਆਪਣੀ ਸੁਰੱਖਿਆ ਦੀ ਚਿੰਤਾ ਪੈ ਗਈ ਸੀ। ਸਿੱਖ ਗੁਰੀਲੇ ਪਤਾ ਨਹੀਂ ਕਦੋਂ ਤੇ ਕਿੱਧਰੋਂ ਹੱਲਾ ਬੋਲ ਦੇਣ। ਹਰ ਪਲ ਭੈ ਵਿਚ ਲੰਘਦਾ ਤੇ ਰਾਤ ਨੂੰ ਵੀ ਸੌਂਣਾ ਨਸੀਬ ਨਹੀਂ ਸੀ ਹੁੰਦਾ। ਇਕ ਵਾਰੀ ਧਾੜਵੀ ਜੱਥਿਆਂ ਨੇ ਤਰਨ ਤਾਰਨ ਲਾਗੇ ਉਹ ਸ਼ਾਹੀ ਖਜਾਨਾ ਲੁੱਟ ਲਿਆ, ਜਿਸ ਨੂੰ ਇਕ ਹਜ਼ਾਰ ਸਿਪਾਹੀ ਲਾਹੌਰ ਤੋਂ ਦਿੱਲੀ ਲਿਜਾਅ ਰਹੇ ਸਨ।

ਹੌਲੀ-ਹੌਲੀ ਇਹਨਾਂ ਧਾੜਵੀ ਜੱਥਿਆਂ ਦੇ ਹੌਂਸਲੇ ਏਨੇ ਵਧ ਗਏ ਕਿ ਮੈਦਾਨਾਂ ਵਿਚ ਉਤਰ ਕੇ ਮੁਗਲ ਸੈਨਾ ਨਾਲ ਸਿੱਧੀ ਟੱਕਰ ਲੈਣ ਲੱਗ ਪਏ। ਬੰਦਾ ਬਹਾਦਰ ਦੇ ਜਮਾਨੇ ਵਿਚ ਹੀ ਸ਼ਕਤੀਸ਼ਾਲੀ ਦੁਸ਼ਮਣ ਨਾਲ ਲੜਨ ਦਾ ਉਨਾਂ ਇਕ ਨਵਾਂ ਤਰੀਕਾ ਇਜਾਦ ਕਰ ਲਿਆ ਸੀ, ਜਿਸ ਦਾ ਨਾਂ ਸੀ 'ਧਾਏ ਫਟ'।

ਉਹ ਜੰਗਲ ਵਿਚੋਂ ਅਚਾਨਕ ਨਿਕਲ ਆਉਂਦੇ। ਮੁਗਲ ਸੈਨਾ ਉਤੇ ਬਾਜ ਵਾਂਗ ਝਪਟਦੇ ਤੇ ਲੁੱਟ ਮਾਰ ਕਰਕੇ ਜਿੰਨੀ ਫੁਰਤੀ ਨਾਲ ਆਉਂਦੇ, ਓਨੀਂ ਫੁਰਤੀ ਨਾਲ ਹੀ ਨੱਸ ਜਾਂਦੇ। ਦੁਸ਼ਮਣ ਪਿੱਛਾ ਕਰਦਾ ਤਾਂ ਪਲਟ ਕੇ ਫੇਰ ਹਮਲਾ ਕਰਦੇ ਤੇ ਫੇਰ ਨੱਸ ਪੈਂਦੇ। ਉਨਾਂ ਦੇ ਘੋੜੇ ਵੀ ਪੂਰੇ ਸਧੇ ਹੋਏ ਸਨ। ਉਨਾਂ ਨੂੰ ਅੱਡੀ ਲਾਉਣ ਜਾਂ ਲਗਾਮ ਖਿੱਚਣ ਦੀ ਲੋੜ ਨਹੀਂ ਸੀ ਪੈਂਦੀ। ਉਹ ਆਵਾਜ਼ੀ-ਇਸ਼ਾਰਿਆਂ ਨਾਲ ਹੀ ਭੱਜ ਪੈਂਦੇ, ਪਲਟਦੇ ਤੇ ਫੇਰ ਪਰਤ ਜਾਂਦੇ ਸਨ।

ਸ਼ਹਿਰਾਂ ਤੇ ਕਸਬਿਆਂ ਵਿਚ ਮੁਗਲਾਂ ਦਾ ਰਾਜ ਸੀ ਪਰ ਜੰਗਲ ਵਿਚ ਸਿੱਖਾਂ ਦਾ ਰਾਜ ਸੀ, ਜਿੱਥੇ ਉਹ ਆਪਣੇ ਆਪ ਨੂੰ ਆਜ਼ਾਦ ਮਹਿਸੂਸ ਕਰਦੇ ਤੇ ਸਿਰ ਚੁੱਕ ਕੇ ਤੁਰਦੇ। ਗਸ਼ਤੀ-ਫੌਜ ਦੇ ਸਿਪਾਹੀ ਉਨਾਂ ਦਾ ਪਿੱਛਾ ਕਰਨ ਦੇ ਬਜਾਏ ਆਮ ਲੋਕਾਂ ਨੂੰ ਲੁੱਟਦੇ ਤੇ ਤੰਗ ਕਰਦੇ ਸਨ। ਸਰਕਾਰ ਕੋਲ ਉਨਾਂ ਨੂੰ ਤਨਖਾਹ ਦੇਣ ਲਈ ਪੈਸੇ ਨਹੀਂ ਸੀ। ਇਸ ਲਈ ਬਗਾਵਤ, ਅਸੰਤੋਖ ਤੇ ਰੋਸ ਦੀ ਅਜਿਹੀ ਹਨੇਰੀ ਉਠੀ ਕਿ ਚਾਰੇ ਪਾਸੇ ਹਫੜਾ-ਦਫੜੀ ਮੱਚ ਗਈ। (ਚਲਦਾ...)

# ਦਸਤੂਰ ਏ ਜ਼ਿੰਦਗੀ ਤੇ ਵਹਿੰਦੇ ਪਾਣੀ

**ਪਰਵੀਨ ਕੌਰ ਸਿੱਧੂ**
**੮੧੪੬੫੩੬੨੦੦**



ਜ਼ਿੰਦਗੀ ਦੀ ਰਵਾਨਗੀ ਵਹਿੰਦੇ ਪਾਣੀਆਂ ਵਰਗੀ ਪ੍ਰਤੀਤ ਹੁੰਦੀ ਹੈ।ਵਹਿੰਦੇ ਪਾਣੀ ਵੀ ਜੀਵਨ ਵਾਂਗ ਗਹਿਰਾ ਭੇਦ ਦੱਸਦੇ ਹਨ। ਜਿਵੇਂ ਪਾਣੀ ਵਿੱਚ ਅਨੇਕਾਂ ਰਹੱਸ ਛੁਪੇ ਹੋਏ ਹਨ, ਉਵੇਂ ਹੀ ਜ਼ਿੰਦਗੀ ਵੀ ਰਹੱਸਾਂ ਨਾਲ ਭਰਪੂਰ ਹੈ। ਹਰ ਇੱਕ ਦੇ ਆਪਣੇ ਵੱਖਰੇ ਤਜਰਬੇ ਅਤੇ ਖੱਟੇ-ਮਿੱਠੇ ਸਵਾਦ ਹਨ। ਗਹੁ ਨਾਲ ਵੇਖਣ ਅਤੇ ਸਵਾਦ ਵਾਂਗ ਮਾਨਣ 'ਤੇ ਪਤਾ ਚਲਦਾ ਹੈ ਕਿ ਜ਼ਿੰਦਗੀ ਬਹੁਤ ਖ਼ੂਬਸੂਰਤ ਪਾਣੀ ਦਾ ਵਹਿੰਦਾ ਚਸ਼ਮਾ ਹੈ।

ਪਾਣੀ ਦੀ ਚਾਲ ਵੀ ਕਦੀ ਤੇਜ਼ ਅਤੇ ਕਦੀ ਧੀਮੀ ਹੁੰਦੀ ਹੈ। ਕਦੀ ਉਛਾਲੇ ਅਤੇ ਕਦੀ ਰਵਾਨਗੀ ਵੀ ਹੁੰਦੀ ਹੈ। ਇਵੇਂ ਹੀ ਜ਼ਿੰਦਗੀ ਵਿੱਚ ਵੀ ਉਤਰਾਅ ਚੜ੍ਹਾਅ ਆਉਂਦੇ ਹੀ ਰਹਿੰਦੇ ਹਨ। ਛੋਟੇ ਹੁੰਦਿਆਂ ਜਦੋਂ ਚਲਦੀ ਮੋਟਰ ਹੇਠਾਂ ਨਹਾਉਂਦੇ ਸੀ ਤਾਂ ਵੱਖਰਾ ਹੀ ਆਨੰਦ ਆਉਂਦਾ ਸੀ, ਉਹ ਆਤਮਾ ਦਾ ਸਰੂਰ ਵੱਖਰਾ ਹੀ ਹੁੰਦਾ ਸੀ। ਖਾਲ ਵਿੱਚਲੇ ਵਗਦੇ ਪਾਣੀ ਵਿੱਚ ਪੱਤੇ, ਬਾਲ ਜਾਂ ਕੋਈ ਵੀ ਚੀਜ਼ ਸੁੱਟ ਕੇ ਪਿੱਛੇ-ਪਿੱਛੇ ਭੱਜਦੇ ਹੁੰਦੇ ਸੀ। ਹੁਣ ਪਤਾ ਲਗਦਾ ਹੈ ਕਿ ਸੱਚਮੁੱਚ ਹੀ ਅਸੀਂ ਚੀਜ਼ਾਂ ਪਿੱਛੇ ਦੌੜਦਿਆਂ ਹੀ ਜ਼ਿੰਦਗੀ ਨੂੰ ਬਿਤਾ ਰਹੇ ਹਾਂ।

ਖਾਲ ਦੇ ਉੱਤੇ ਮੰਜੀ ਡਾਹ ਕੇ ਪਾਣੀ ਵਿੱਚ ਪੈਰਾਂ ਨੂੰ ਡੁਬਾਉਣਾ ਵੱਖਰਾ ਹੀ ਸਰੂਰ ਦਿੰਦਾ ਸੀ। ਇੱਕ ਦੂਜੇ ਨੂੰ ਪਾਣੀ ਦੇ ਛੱਟਿਆਂ ਨਾਲ ਭਿਉਂ ਕੇ ਭੱਜ ਜਾਣਾ ਤੇ ਫਿਰ ਸਾਰਿਆਂ ਨੇ ਇਕੱਠੇ ਪਾਣੀ ਵਿੱਚ ਵੜ ਕੇ ਖ਼ੂਬ ਮਜ਼ਾ ਕਰਨਾ। ਇਹ ਪਿਆਰ ਦਾ ਅਹਿਸਾਸ ਚਿਰਾਂ ਤੱਕ ਰਹਿੰਦਾ ਹੈ। ਜ਼ਿੰਦਗੀ ਵੀ ਵਗਦੇ ਪਾਣੀਆਂ ਵਾਂਗ ਚਲਦੀ ਹੀ ਜਾਂਦੀ ਹੈ, ਪਰ ਰੁਕਦੀ ਨਹੀਂ, ਰੁਕ ਗਈ ਤਾਂ ਸਮਝੋ ਇਸ ਜਹਾਨੋ ਚਲਦੀ ਬਣੀ।

ਜਿਵੇਂ ਵਗਦਾ ਪਾਣੀ ਜਿਸ ਜਗਾ ਤੋਂ ਜਾਂਦਾ ਹੈ ਉਹੋ ਜਿਹਾ ਹੀ ਹੋ ਜਾਂਦਾ ਹੈ। ਕਦੀ ਥੋੜਾ ਗਰਮ ਅਤੇ ਕਦੀ ਸਰਦ। ਕਦੀ ਠੰਡਾ ਬਰਫ਼ ਤੇ ਕਦੀ ਜੰਮ ਕੇ ਸਖ਼ਤ ਬਰਫ਼। ਜੀਵਨ ਵਿੱਚ ਵੀ ਇਵੇਂ ਹੀ ਹਲਾਤ ਬਦਲਦੇ ਹੀ ਰਹਿੰਦੇ ਹਨ। ਸਦਾ ਇੱਕੋ ਜਹੇ ਵਾਤਾਵਰਨ ਵਿੱਚ ਰਹਿ ਕੇ ਤਾਂ ਮਨ ਵੀ ਸੁਸਤ ਜਿਹਾ ਹੋ ਜਾਂਦਾ ਹੈ।

ਜ਼ਿੰਦਗੀ ਵਿੱਚ ਵੀ ਨਵੇਂ ਪੁਰਾਣੇ ਲੋਕੀ ਆਉਂਦੇ ਹੀ ਰਹਿੰਦੇ ਹਨ। ਹਰ ਵਿਅਕਤੀ ਆਪਣੀ ਹੋਂਦ ਦੀ ਅਲੱਗ ਪਛਾਣ ਛੱਡ ਕੇ ਜਾਂਦਾ ਹੈ। ਕਈ ਵਾਰ-ਵਾਰ ਯਾਦ ਆਉਂਦੇ ਹਨ ਅਤੇ ਕਈ ਯਾਦ ਕਰਨ 'ਤੇ ਵੀ ਵਿਸਰੇ ਹੀ ਰਹਿੰਦੇ ਹਨ। ਹਰ ਵਿਅਕਤੀ ਦੀ ਭੂਮਿਕਾ ਲਾਜਵਾਬ ਹੁੰਦੀ ਹੈ। ਕਈ ਅਣਜਾਣ ਹੋ ਕੇ ਵੀ ਜ਼ਿੰਦਗੀ ਦਾ ਹਿੱਸਾ ਬਣ ਜਾਂਦੇ ਹਨ ਅਤੇ ਕਈ ਜ਼ਿੰਦਗੀ ਦਾ ਹਿੱਸਾ ਹੁੰਦੇ ਹੋਏ ਵੀ ਅਣਜਾਣ ਹੀ ਰਹਿੰਦੇ ਹਨ।

ਵਗਦੇ ਪਾਣੀ ਵਿੱਚ ਵੀ ਕਦੇ ਮਿੱਟੀ ਮਿਲਦੀ ਹੈ, ਕਦੇ ਸੂਰਜ ਦੀ ਲਾਲੀ, ਕਦੇ ਚੰਦਰਮਾ ਦਾ ਅਕਸ ਤੇ ਕਦੇ ਰੁੱਖਾਂ ਦੀ ਹਰਿਆਲੀ ਝਲਕਦੀ ਹੈ, ਇਸੇ ਤਰਾਂ ਹੀ ਜੀਵਨ ਵੀ ਰੰਗ ਬਿਰੰਗੇ ਹਾਦਸਿਆਂ, ਲੋਕਾਂ ਅਤੇ ਖੁਸ਼ੀਆਂ ਗ਼ਮੀਆਂ ਨਾਲ ਭਰਿਆ ਹੋਇਆ ਚਲਦਾ ਹੀ ਰਹਿੰਦਾ ਹੈ। ਕਈ ਤਾਰੂ ਤੇ ਕਈ ਡੋਬੂ ਵੀ ਮਿਲ ਜਾਂਦੇ ਹਨ। ਕਈ ਡਿੱਗਦੇ- ਢਹਿੰਦੇ ਮੰਜ਼ਿਲ ਤੱਕ ਪਹੁੰਚ ਹੀ ਜਾਂਦੇ ਹਨ। ਹਿੰਮਤ ਬਣਾਈ ਰੱਖਣਾ ਬਹੁਤ ਜਰੂਰੀ ਹੈ। ਕਈ ਹਿੰਮਤ ਸਦਕਾ ਔਖੇ ਰਾਹਾਂ ਨੂੰ ਵੀ ਅਸਾਨੀ ਨਾਲ ਪਾਰ ਕਰ ਲੈਂਦੇ ਹਨ। ਜਵਾਨੀ ਵਿੱਚ ਕਈ ਨੁਕੀਲੇ ਪੱਥਰਾਂ ਵਾਂਗ ਹੁੰਦੇ ਹਨ, ਪਰ ਜੀਵਨ ਰੂਪੀ ਪਾਣੀ ਵਿੱਚ ਵਹਿੰਦਿਆਂ ਠੋਕਰਾਂ ਖਾ-ਖਾ ਕੇ ਐਨ ਗੋਲ ਹੋ ਜਾਦੇ ਹਨ। ਹਲਾਤ ਆਪ ਹੀ ਬਹੁਤ ਕੁਝ ਸਿੱਖਾ ਦਿੰਦੇ ਹਨ। ਕਿਸੇ ਨੇ ਸੱਚ ਹੀ ਆਖਿਆ ਹੈ, 'ਅਕਲ ਬਦਾਮ ਖਾ ਕੇ ਨਹੀਂ, ਧੱਕੇ ਖਾ ਕੇ ਆਉਂਦੀ ਹੈ।'

ਸੁੱਖੀ ਜੀਵਨ ਬਤੀਤ ਕਰਨ ਲਈ ਰਵਾਨਗੀ ਨਾਲ ਵਹਿੰਦੇ ਰਹਿਣਾ ਜਰੂਰੀ ਹੈ। ਪਾਣੀ ਵੀ ਕਿਨਾਰਿਆਂ ਨਾਲ ਹੀ ਚਲਦਾ ਹੈ। ਜੇਕਰ ਕਦੀ ਉਛਾਲ ਆ ਜਾਵੇ ਤਾਂ ਜੋ ਪਾਣੀ ਵਜੂਦ ਤੋਂ ਦੂਰ ਚਲਾ ਜਾਂਦਾ ਹੈ ਉਹ ਆਪਣੀ ਹੋਂਦ ਖ਼ਤਮ ਕਰ ਬੈਠਦਾ ਹੈ।ਵਗਦਾ ਪਾਣੀ ਤੇ ਚਲਦੀ ਜ਼ਿੰਦਗੀ ਨੂੰ ਆਪਣੇ ਵਹਾਅ ਵਿੱਚ ਚੱਲਣ ਦਿਉ। ਹਰ ਹਾਲਤ ਵਿੱਚ ਚਿਹਰੇ 'ਤੇ ਮੁਸਕਰਾਹਟ ਬਿਖੇਰ ਕੇ ਅਗਲੇ ਰਾਹਾਂ ਲਈ ਚਲਦੇ ਰਹੋ। ਦਿਨ ਦੀ ਆਪਣੀ ਅਤੇ ਰਾਤ ਦੀ ਆਪਣੀ ਅਹਿਮੀਅਤ ਹੈ। ਰੱਬ ਦੀ ਰਜਾ ਵਿੱਚ ਰਹਿ ਕੇ ਚਲਦੇ ਰਹਿਣਾ ਹੀ ਦਸਤੂਰ-ਏ-ਜ਼ਿੰਦਗੀ ਹੈ ਜਨਾਬ।

# ਲੈਂਡ ਲਾਇਨ ਫੋਨ ਦਾ ਜ਼ਮਾਨਾ




ਅਸੀਂ ਬੀ.ਐਡ.ਕਰਦੇ ਸੀ ਮੋਗੇ ਡੀ.ਐਮ ਕਾਲਜ ਵਿੱਚ। ਉਨੀਂ ਦਿਨੀ ਲੈਂਡ ਲਾਇਨ ਫ਼ੋਨ ਹੀ ਹੁੰਦੇ ਸੀ। ਆਹ ਮੋਬਾਇਲ ਆਲੀ ਬਿਪਤਾ ਨਹੀਂ ਆਈ ਸੀ। ਸਾਡਾ ਜਮਾਤੀ ਸੀ ਗਿੱਲ, ਬੜਾ ਹੀਰਾ ਬੰਦਾ, ਯਾਰਾਂ ਦਾ ਯਾਰ। ਸਾਡੇ ਸਾਰਿਆਂ ਵਿੱਚ ਵਾਹਵਾ ਹਰਮਨ ਪਿਆਰਾ ਸੀ, ਹਾਜ਼ਰ ਜਬਾਬ ਵੀ ਸਿਰੇ ਦਾ। ਸਾਡੀ ਇੱਕ ਜਮਾਤਣ ਸੇਖੋਂ ਸੀ ਉਹਦੇ ਨਾਲ ਬੜੀ ਨੋਕ ਝੋਕ ਹੁੰਦੀ ਸੀ ਇਹਦੀ। ਅੱਗੋਂ ਸੇਖੋਂ ਵੀ ਸਿਰੇ ਦੀ ਹਾਜ਼ਰ ਜਬਾਬ ਸੀ, ਦੋਨਾਂ ਨੇ ਇੱਕ ਦੂਜੇ ਦੇ ਪੁੱਠੇ ਸਿੱਧੇ ਨਾਂ ਲੈਣੇ। ਸੇਖੋਂ ਨੇ ਗਿੱਲ ਨੂੰ ਬਾਂਦਰ, ਟੀਰਾ, ਚੌਰਾ ਹੀ ਕਹਿ ਕੇ ਬੁਲਾਉਣਾ। ਗਿੱਲ ਨੇ ਸੇਖੋਂ ਨੂੰ ਜੈਲਦਾਰਨੀ, ਝਿੰਗਪ੍ਰੀਤ ਹੋਰ ਪਤਾ ਨਹੀ ਕੀ ਕੀ ਕਹਿਣਾ। ਗਿੱਲ ਦਾ ਬਾਪੂ ਸਿਰੇ ਦਾ ਸ਼ੱਕੀ ਸੀ, ਉਹਨੂੰ ਲੱਗਦਾ ਸੀ ਮੁੰਡੇ ਨੂੰ ਕੁੜੀਆਂ ਦੇ ਫ਼ੋਨ ਬਹੁਤ ਆਉਂਦੇ ਨੇ। ਇਕੱਲਾ ਮੁੰਡਾ ਕਿਤੇ ਹੋਰ ਨਾ ਲਵ ਮੈਰਜ ਵਾਲੀ ਲੈ ਆਵੇ ਕੋਈ। ਇਸੇ ਕਰਕੇ ਹਰ ਫ਼ੋਨ ਭੱਜ ਕੇ ਪਹਿਲਾਂ ਚੱਕਦਾ ਸੀ।ਅੱਗੋ ਇਹੀ ਕਹਿਣਾ ਗਿੱਲ ਬੋਲਦਾ।ਅਵਾਜ ਵੀ ਪਿਉ ਪੁੱਤਾਂ ਦੀ ਜਮਾਂ ਇੱਕੋ ਜਿਹੀ ਸੀ। ਮੈਨੂੰ ਵੀ ਸ਼ੁਰੂ ਵਿੱਚ ਇੱਕ ਦੋ ਵਾਰ ਭੁਲੇਖਾ ਲੱਗਿਆ ਸੀ।ਮੈਂ ਕਹਿਣਾ ਕਿੱਦਾਂ ਗਿੱਲ ਇੱਕ ਦੋ ਗੱਲਾਂ ਕਰਕੇ ਫ਼ੇਰ ਕਹਿਣਾ ਕਿ ਮੈਂ ਉਹਦਾ ਡੈਡੀ ਬੋਲਦਾ। ਕਈ ਵਾਰ ਹੈਰਾਨੀ ਹੋਣੀ ਅੰਕਲ ਪਹਿਲੀ ਵਾਰ ਹੀ ਕਿਉਂ ਨਹੀਂ ਦੱਸਦਾ।

ਅਸੀਂ ਸਰਦੀ ਦੀਆਂ ਛੁੱਟੀਆਂ ਵਿੱਚ ਘਰ ਗਏ ਸਾਰੇ ਵਾਪਸ ਆਏ ਤਾਂ ਗਿੱਲ ਖੁਸ਼ ਹੋਇਆ ਫਿਰੇ। ਕਹਿੰਦਾ ਸੇਖੋਂ ਕਿੱਥੇ ਆ ਯਾਰ, ਉਹਦਾ ਧੰਨਵਾਦ ਕਰਨਾ ਸੈਪਸ਼ਲ, ਅਸੀਂ ਹੈਰਾਨ ਵੀ ਇਹ ਕੀ ਕਹੀ ਜਾਂਦਾ? ਇਹ ਤਾਂ ਜੁਵਾਕਾਂ ਵਾਂਗ ਲੜਦੇ ਰਹਿੰਦੇ ਨੇ। ਉਧਰ ਸੇਖੋਂ ਨੂੰ ਬੁਲਾਇਆ ਉਹ ਹੋਸਟਲ ਵਿੱਚੋਂ ਡਰਦੀ ਬਾਹਰ ਨਾ ਆਵੇ। ਕਹਿੰਦੀ ਗਿੱਲ ਲੜੂਗਾ, ਮੈਂ ਨੀ ਆਉਣਾ ਤੁਸੀਂ ਮੇਰੇ ਵੱਲੋਂ ਮੁਆਫੀ ਮੰਗ ਲਉ ਬੱਸ। ਅਸੀਂ ਮਸਾ ਮਨਾ ਕੇ ਲਿਆਂਦੀ ਵੀ ਉਹ ਤਾਂ ਧੰਨਵਾਦ ਕਰਨ ਨੂੰ ਕਹਿੰਦਾ ਤੂੰ ਓਦਾਂ ਹੀ ਡਰੀ ਜਾਂਨੀ ਆ। ਅਸੀਂ ਕਿਹਾ ਗੱਲ ਤਾਂ ਦੱਸੋ ਕੀ ਹੋਇਆ? ਗਿੱਲ ਕਹਿੰਦਾ ਯਾਰ ਏਹਨੇ ਤਾਂ ਰੋਗ ਹੀ ਜੜੋ ਚੱਕਤਾ ਸਵਾਦ ਲਿਆ ਦਿੱਤਾ। ਸਾਨੂੰ ਗੱਲ ਨਾ ਸਮਝ ਆਵੇ ਕਿ ਇਹੋ ਜਿਹਾ ਕੀ ਕਰਤਾ ਉਹਨੇ ਆਈ ਤਾਂ ਘਰੋਂ ਆ। ਅਸੀਂ ਕਿਹਾ ਚੰਗੀ ਤਰਾਂ ਦੱਸ ਖੁੱਲ ਕੇ, ਕੀ ਬੁਝਾਰਤਾਂ ਜਿਹੀਆਂ ਪਾਈ ਜਾਨਾਂ।

ਕਹਿੰਦਾ ਸੇਖੋਂ ਨੇ ਛੁੱਟੀਆਂ ਵਿੱਚ ਮੈਨੂੰ ਫ਼ੋਨ ਕੀਤਾ ਘਰ, ਜਿਵੇਂ ਪੱਕਾ ਹੀ ਹੁੰਦਾ ਮੇਰੇ ਬਾਪੂ ਨੇ ਭੱਜ ਕੇ ਫ਼ੋਨ ਚੱਕਿਆ, ਇਹ ਕਹਿੰਦੀ ਕੌਣ ਗਿੱਲ, ਬਾਪੂ ਕਹਿੰਦਾ ਹਾਂ ਗਿੱਲ ਬੋਲਦਾ ਇਹਨੂੰ ਵਿਚਾਰੀ ਨੂੰ ਲੱਗਿਆ ਮੈਂ ਹਾਂ, ਇਹ ਚੱਲ ਪਈ ਹੋਣੀ ਆ ਫ਼ੇਰ ਕਾਲਜ ਵਾਂਗ ਹੀ ਵਿਸ਼ੇਸ਼ਣ ਲਾਉਣ, ਬਾਂਦਰ ਜਿਹਾ, ਚੌਰਿਆ, ਟੀਰਾ ਜਿਹਾ।

ਭਰਾਵੋ ਬਾਪੂ ਤਾਂ ਫ਼ੋਨ ਹੋਲਡ ਰੱਖ ਕੇ ਭੱਜ ਕੇ ਮੇਰੇ ਕਮਰੇ ਵਿੱਚ ਆਇਆ ਤੇਰਾ ਫ਼ੋਨ ਆ ਉਏ ਸੁਣ ਲਾ, ਮੈਂ ਤਾਂ ਬਾਪੂ ਦਾ ਢਿੱਲਾ ਜਿਹਾ ਮੂੰਹ ਦੇਖ ਕੇ ਹੀ ਅੰਦਾਜ਼ਾ ਲਾਇਆ ਕਿ ਬਾਪੂ ਨਾਲ ਮਾੜੀ ਹੋ ਗਈ। ਕਈ ਦਿਨ ਬਾਪੂ ਨੇ ਅੱਖ ਜਿਹੀ ਨੀ ਮਿਲਾਈ, ਨਾਲੇ ਹੁਣ ਜੇ ਫ਼ੋਨ ਵੱਜੇ ਕੋਲ ਬੈਠਾ ਵੀ ਕਹੀ ਜਾਊ ਕਿ ਚੱਕ ਉਏ ਆ ਕੇ ਫ਼ੋਨ। ਹੁਣ ਵੀ ਜਦੋਂ ਇਕੱਠੇ ਹੋਈ ਦਾ ਉਹ ਗੱਲ ਯਾਦ ਕਰਕੇ ਬਹੁਤ ਖੁਸ਼ ਹੋਈ ਦਾ।

**ਹਰਵਿੰਦਰ ਸਿੰਘ ਭੱਟੋਂ**

# ਮੌਤ ਦਾ ਫ਼ੈਸਲਾ ਲੈਣ ਤੋਂ ਪਹਿਲਾਂ ਵੀਚਾਰ

**ਦਵਿੰਦਰ ਜੌਹਲ**

ਟੀ ਵੀ ਚਲਾਇਆ, ਭਾਰਤ ਦਾ ਬੈਸਟ ਡਾਂਸਰ ਚੁਣਨ ਦਾ ਮੁਕਾਬਲਾ ਚੱਲ ਰਿਹਾ ਹੈ। ਤਿੰਨ ਜੱਜ ਬੈਠੇ ਹਨ, ਦੋ ਔਰਤਾਂ ਤੇ ਇੱਕ ਮਰਦ। ਇਸ ਮੁਕਾਬਲੇ ਵਿੱਚ ਅੱਗੇ ਵਧਣ ਲਈ ਮਾਪ-ਦੰਡ ਏ ਕਿ ਘੱਟੋ ਘੱਟ ਦੋ ਜੱਜ ਸਵੀਕਾਰ ਕਰਨ ਤਾਂ ਉਮੀਦਵਾਰ ਅੱਗੇ ਵਧਦਾ ਹੈ, ਨਹੀਂ ਤੇ ਘਰ ਵਾਪਸੀ। ਪਤਾ ਨਹੀਂ ਕਿਉਂ, ਬੈਠੇ ਬੈਠੇ ਦ੍ਰਿਸ਼ ਘੁੰਮ ਗਿਆ। ਸੰਨ 1992 ਦੇ ਅਖੀਰ ਦਾ ਵਕਤ, ਪੰਜਾਬ ਵਿੱਚ ਇੱਕਤਰਫਾ ਵੋਟਾਂ ਨਾਲ ਬਣੀ ਲੋਕ-ਤੰਤਰੀ ਸਰਕਾਰ ਦਾ ਸਮਾਂ। ਪੈਰਾ ਮਿਲਟਰੀ ਫੋਰਸਾਂ, ਪੰਜਾਬ ਦੀ ਆਪਣੀ ਪੁਲਿਸ ਹਾਲਾਤਾਂ ਨਾਲ ਜੂਝਦੀ ਹੋਈ। ਓਧਰ ਸਿਰ ਧੜ ਦੀ ਜੰਗ ਲੜਨ ਵਾਲੇ ਜੁਝਾਰੂ। ਹਰ ਪਾਸੇ ਪੂਰੀ ਤਰਾਂ ਖੁੱਲੀ ਛੁੱਟੀ, ਜੋ ਮਰਜ਼ੀ ਕਰੋ, ਖ਼ੂਨ ਦੇ ਫੁਹਾਰੇ ਚੱਲਣੇ ਚਾਹੀਦੇ ਹਨ, ਬਸ, ਤਰੱਕੀ ਹੀ ਤਰੱਕੀ। ਇੱਕ ਹੀ ਰਾਤ ਵਿੱਚ ਏਰੀਆ ਕਮਾਂਡਰ ਤੋਂ ਲੈਫਟੀਨੈਂਟ, ਦੂਜੇ ਪਾਸੇ ਅੱਜ ਦਾ ਹੌਲਦਾਰ ਰਾਤੋ ਰਾਤ ਸਬ ਇੰਸਪੈਕਟਰ। ਤਿੰਨ ਸਾਲ ਦੀ ਸੇਵਾ ਵਾਲੇ ਸਿਪਾਹੀ ਵੀ ਥਾਣਾ ਮੁਖੀ ਬਣ ਬੈਠੇ। ਸਰਹੱਦੀ ਜ਼ਿਲੇ ਦੇ ਇੱਕ ਥਾਣੇ ਦਾ ਮੁਖੀ ਸੀ ਇੱਕ ਸਰਦਾਰ, ਨੱਕ ਤੇ ਟੱਕ ਦਾ ਨਿਸ਼ਾਨ, ਸਿਰੇ ਦਾ ਅੜਬ। ਸ਼ੱਕੀ ਹਾਲਾਤ ਵਿੱਚ ਕੋਈ ਨੌਜਵਾਨ ਮੁੰਡਾ ਫੜ ਲਿਆਉਣਾ, ਮਗਰ ਪੈਰਵੀ ਕਰਨ ਵਾਸਤੇ ਓਹਦੇ ਘਰਦਿਆਂ ਨੇ ਲੇਲੜੀਆਂ ਕੱਢਣੀਆਂ, ਪੰਚਾਇਤ ਨੇ ਵਾਸਤੇ ਪਾਉਣੇ ਕਿ ਕੱਲਾ ਪੁੱਤ ਏ ਮਾਪਿਆਂ ਦਾ, ਜਾਨ ਬਖ਼ਸ਼ ਦਿਓ। ਓਸ ਬੰਦੇ ਨੇ ਗੱਲ ਸੁਣਨੀ ਸ਼ੁਰੂ ਕਰਨੀ ਨਾਲ ਦੀ ਨਾਲ, ਆਪਣੇ ਨੱਕ ਤੇ ਉਂਗਲ ਫੇਰੀ ਜਾਣੀ, ਜਿਵੇਂ ਸਾਰੰਗੀ ਤੇ ਗਜ ਫਿਰਦਾ ਹੋਵੇ। ਦੂਰ ਖੜੇ ਗੰਨਮੈਨਾਂ ਨੇ ਨਿਗਾ ਰੱਖਣੀ ਕਿ ਉਂਗਲੀ ਕਿਵੇਂ ਹਰਕਤ ਕਰਦੀ ਏ ਨੱਕ ਦੇ ਟੱਕ ਵਾਲ਼ੀ ਥਾਂ ਤੇ। ਜੇਕਰ ਗੱਲ-ਬਾਤ ਸੁਣਕੇ ਉਂਗਲ ਟੱਕ ਤੋਂ ਆਰ ਪਾਰ ਹੋ ਜਾਣੀ ਤਾਂ ਸੈਨਤਾਂ ਰਲ ਜਾਣੀਆਂ ਕਿ ਬੰਦਾ ਛੁੱਟ ਗਿਆ ਬਈ, ਚਲੋ, ਸ਼ਾਮੀਂ ਤੋਂ ਪਾਰਟੀ ਸ਼ਾਰਟੀ ਮੰਗੀਏ। ਪਰ ਜੇ ਆਖਰ ਨੂੰ ਉਂਗਲ ਨੱਕ ਦੇ ਵਿਚਾਲੇ ਰੁਕ ਜਾਣੀ ਤਾਂ ਗੰਨਮੈਨਾਂ ਨੇ ਆਪਣੇ ਅਸਲੇ ਤੇ ਨਿਗਾ ਮਾਰਨੀ ਕਿ ਸਹੀ ਏ ਨਾ ਸਭ ਕੁਝ। ਪੱਕਾ ਪਤਾ ਹੁੰਦਾ ਸੀ ਕਿ ਰਾਤ ਨੂੰ ਮੁਕਾਬਲਾ ਬਣਨਾ




ਏ, ਕਿਸੇ ਤੁਰਨ ਫਿਰਨ ਤੋਂ ਵੀ ਆਤੁਰ ਦਾ। ਨਾਲ ਈ ਟਾਸ ਪਾ ਲੈਣੀ ਕਿ ਅੱਜ ਵਾਲੀ ਤਰੱਕੀ ਕੀਹਦੇ ਨਾਮ ਕਰਾਉਣੀ ਏ। ਇੱਕ ਈ ਬੰਦਾ, ਜੱਜ, ਵਕੀਲ ਤੇ ਜੱਲਾਦ ਬਣ ਜਾਂਦਾ ਸੀ ਜਿੰਦਗੀ ਮੌਤ ਦੇ ਫ਼ੈਸਲੇ ਕਰਨ ਲਈ। ਜੇਕਰ ਮਹਿਜ਼ ਮੁਕਾਬਲੇ ਵਿਚ ਬਣੇ ਰਹਿਣ ਲਈ ਦੋ ਜੱਜਾਂ ਦੀ ਮਨਜੂਰੀ ਜ਼ਰੂਰੀ ਏ ਤਾਂ ਜਿੰਦਗੀ ਮੌਤ ਦੇ ਫ਼ੈਸਲੇ ਕਿਵੇਂ ਛੱਡ ਦਿੱਤੇ ਜਾਂਦੇ ਨੇ ਇੱਕ ਇਕੱਲੇ ਬੰਦੇ ਦੀ ਮਰਜ਼ੀ ਤੇ? ਜੋ ਚੀਜ਼ ਦੁਬਾਰਾ ਬਣਾਈ ਨਹੀਂ ਜਾ ਸਕਦੀ, ਉਸਨੂੰ ਢਾਹ ਦੇਣ ਦਾ ਹੀਆ ਕਿਵੇਂ ਕਰ ਲੈਂਦਾ ਏ ਇਨਸਾਨ?

ਜਦੋਂ ਬੱਚਾ ਜਵਾਨ ਹੁੰਦਾ ਏ ਤਾਂ ਨਾਲ ਈ ਮਾਂ ਪਿਓ ਦੀਆਂ ਸੱਧਰਾਂ ਵੀ ਜਵਾਨ ਹੁੰਦੀਆਂ ਨੇ, ਅੰਗੜਾਈ ਭਰਦੀਆਂ ਨੇ। ਕੀ ਬੀਤਦੀ ਹੋਵੇਗੀ ਉਨਾਂ ਤੇ ਜਿਨਾਂ ਦੀ ਦੁਨੀਆਂ ਈ ਉੱਜੜ ਜਾਂਦੀ ਏ। ਸਾਡੇ ਲਈ ਮਹਿਜ਼ ਇੱਕ ਹੱਡ ਮਾਸ ਦਾ ਮਨੁੱਖ, ਆਪਣੇ ਪ੍ਰਾਣ ਪਿਆਰਿਆਂ ਲਈ ਪੂਰੀ ਦੁਨੀਆਂ ਹੁੰਦਾ ਏ, ਕਿਵੇਂ ਸਾਡੀ ਸੁੱਟੀ ਇੱਕ ਚੰਗਿਆੜੀ ਕਿਸੇ ਦਾ ਉਮਰਾਂ ਦੀ ਕਮਾਈ ਕਰਕੇ ਬਣਾਇਆਂ ਘਰ ਸਵਾਹ ਕਰ ਦੇਂਦੀ ਏ। ਕੁਝ ਦਿਨ ਪਹਿਲਾਂ ਦਿੱਲੀ ਵਿੱਚ ਹੋਏ ਕਤਲੇਆਮ ਦੀਆਂ ਦਿਲ ਦਹਿਲਾਉਣ ਵਾਲ਼ੀਆਂ ਖ਼ਬਰਾਂ ਸੁਣਨ, ਵੇਖਣ ਨੂੰ ਮਿਲੀਆਂ। ਕਿੰਨਾ ਘਟੀਆ ਚਿਹਰਾ ਦਿਸਿਆ ਮਨੁੱਖ ਦਾ, ਜਦੋਂ ਓਹਦੇ ਸਿਰ ਤੇ ਧਰਮ ਦੇ ਸਿੰਗ ਉੱਗ ਪੈਂਦੇ ਨੇ। ਮਾਸੂਮ ਬੱਚਿਆਂ ਦੇ ਚਿਹਰੇ ਦਾ ਦਰਦ ਵੇਖਿਆ ਨਹੀਂ ਜਾਂਦਾ ਜਿੰਨਾਂ ਦੇ ਪਿਓ ਦੇ ਸਿਰ ਚ ਡਰਿੱਲ ਨਾਲ ਛੇਕ ਕਰ ਦਿੱਤਾ ਸੀ ਵਹਿਸ਼ੀ ਦਰਿੰਦਿਆਂ ਨੇ, ਬਿਨਾ ਕਿਸੇ ਕਸੂਰ ਤੋਂ, ਬਿਨਾ ਉਕਸਾਹਟ ਤੋਂ ਈ। ਕੌਣ ਪੂੰਝੇਗਾ ਹੰਝੂ ਉਨਾਂ ਮਾਸੂਮਾਂ ਦੇ, ਜਿਨਾਂ ਨੂੰ ਰੋਟੀ ਦੇ ਵਕਤ ਵੀ ਬਾਪ ਦਾ ਦਰਦ ਨਾਲ ਕੁਰਲਾ ਰਿਹਾ ਚਿਹਰਾ ਦਿਸਦਾ ਰਹੇਗਾ ਹਮੇਸ਼ਾ। ਆਪਣਿਆਂ ਤੋਂ ਬਗੈਰ ਬੰਦਾ ਜੀਅ ਤਾਂ ਲੈਂਦਾ ਏ ਪਰ ਅੰਦਰ ਕੁਝ ਅਜਿਹਾ ਹੁੰਦਾ ਏ ਜੋ ਹਮੇਸ਼ਾ ਲਈ ਮਰ ਜਾਂਦਾ ਏ, ਬੇਸ਼ੱਕ ਬਾਹਰੋਂ ਨਹੀ ਦਿਸਦਾ।

ਕਾਸ਼, ਧਰਮੀ ਹੋਣ ਦੀ ਬਜਾਏ ਮਨੁੱਖ ਹੋਣ ਬਾਰੇ ਸੋਚਿਆ ਕਰੀਏ। ਹਰ ਕਰਮ ਕਰਨ ਤੋ ਪਹਿਲਾਂ ਓਸਦੇ ਨਤੀਜਿਆਂ ਬਾਰੇ ਵੀ ਸੋਚ ਲਿਆ ਕਰੀਏ ਕਿ ਜੋ ਇਮਾਰਤ ਢਾਹੁਣ ਦੀ ਸੋਚਦੇ ਆਂ, ਕੀ ਓਹਨੂੰ ਮੁੜ ਉਸਾਰਨ ਦੀ ਯੋਗਤਾ ਰੱਖਦੇ ਆਂ?

ਮਨੋਰੰਜਨ ਦੇ ਮੁਕਾਬਲਿਆਂ ਦਾ ਫੈਸਲਾ ਕਰਦੇ ਵਕਤ ਗਲਤੀ ਦੀ ਗੁੰਜਾਇਸ਼ ਰਹਿ ਸਕਦੀ ਏ, ਪਰ ਜਿੰਦਗੀ ਮੌਤ ਦੇ ਫ਼ੈਸਲੇ ਲੈਣ ਤੋਂ ਪਹਿਲਾਂ ਹਜ਼ਾਰ ਵਾਰ ਸੋਚਣਾ ਬਣਦਾ ਏ। ਨਿੱਕੀ ਉਮਰੇ ਟਾਂਗੇ ਦੀ ਸਵਾਰੀ ਕਰਦਿਆਂ ਅਕਸਰ ਏਹ ਸਤਰਾਂ ਪੜਦੇ ਹੁੰਦੇ ਸੀ ਜੋ ਟਾਂਗੇ ਦੇ ਦਰਮਿਆਨ ਵਾਲੇ ਫੱਟੇ ਤੇ ਲਿਖੀਆਂ ਹੁੰਦੀਆਂ ਸਨ।

ਮੰਦਰ ਢਾਅ ਦੇ ਮਸਜਿਦ ਢਾਅ ਦੇ
ਢਾਅ ਦੇ ਜੋ ਕੁਝ ਢਹਿੰਦਾ ਈ।
ਇੱਕ ਬੰਦੇ ਦਾ ਦਿਲ ਨਾ ਢਾਵੀਂ,
ਦਿਲ ਵਿੱਚ ਦਿਲਬਰ ਰਹਿੰਦਾ ਈ।

ਇਹਸ ਅਸਲ ਸੱਚ ਏ ਤੇ ਹਮੇਸ਼ਾ ਸੱਚ ਹੀ ਰਹੇਗਾ।

**Homeopathicvibes**

We treat Acute and chronic diseases like Asthma, Allergies, Mood swings, Migraine, Anxiety, Depression, Insomnia, Bed wetting, Acne, Diabetes, Arthritis, PMS, Acidity, Indigestion, Hot flashes, Blood Pressure, Kidney stones, Neuralgic pains, Skin disorders, especially non specific headaches and many more....

Now we have two locations :



940, E. El Camino Real, Sunnyvale, CA 94087
Office : (408) 737-7100 Fax: (408) 737-7102

39039 Paseo Padre Pkwy Suite #209 (upstairs) Fremont CA 94538

www.homeopathicvibes.com

We sell and ship homeopathic remedies through out North America.

ਸਮੂਹ ਸਰਪ੍ਰਸਤਾਂ ਅਤੇ ਸਹਿਯੋਗੀਆਂ ਦਾ ਬਹੁਤ ਬਹੁਤ ਧੰਨਵਾਦ

Harminder Singh Gill D.H.M.S;B.C.I.H
(Ex Homeopathic Medical officer Punjab Govt.)

# ਵਿਸ਼ਵ ਸਰਕਾਰ ਅਤੇ ਸਿੱਖ ਧਰਮ

**ਡਾਕਟਰ ਸਰਬਜੋਤ ਕੌਰ**

ਡਾ. ਰਾਧਾ ਕ੍ਰਿਸ਼ਨਨ ਨੇ ਕਿਸੇ ਸਮੇਂ ਆਪਣੀ ਪੁਸਤਕ 'ਧਰਮ ਤੇ ਸਮਾਜ' ਵਿਚ ਲਿਖਿਆ ਸੀ ਕਿ ਸੰਸਾਰ ਅੱਜ ਦੋਰਾਹੇ ਤੇ ਖੜਾ ਹੈ। ਇਸ ਦੇ ਸਾਹਮਣੇ ਦੋ ਰਸਤੇ ਹਨ। ਜਾਂ ਤਾਂ ਸਾਰਾ ਸੰਸਾਰ ਇਕ ਰਾਜ ਪ੍ਰਬੰਧ ਹੇਠ ਆ ਜਾਏ ਜਾਂ ਫਿਰ ਲਗਾਤਾਰ ਯੁਧ, ਕਤਲੇਆਮ, ਬਲਾਤਕਾਰ, ਲੁਟ-ਖਸੁਟ ਤੇ ਅਸੁਰੱਖਿਆ ਦਾ ਸਾਹਮਣਾ ਕਰੇ। ਰਾਜਨੀਤਕ ਵਿਗਿਆਨੀ ਅਤੇ ਵਿਗਿਆਨ ਗਲਪ ਲਿਖਾਰੀ ਵੀ ਬੜੇ ਲੰਬੇ ਸਮੇਂ ਤੋਂ ਇਸ ਵਿਚਾਰ ਦੇ ਧਾਰਨੀ ਰਹੇ ਹਨ ਕਿ ਸ਼ਾਂਤੀ ਪੂਰਨ ਜੀਵਨ ਜੀਊਣ ਲਈ ਮਨੁੱਖ ਨੂੰ ਇਕ ਦਿਨ ਸਾਰੇ ਸੰਸਾਰ ਵਿਚ ਇਕ ਸਰਕਾਰ ਬਣਾਉਣੀ ਪਏਗੀ। ਇੰਜ ਲਗਦਾ ਹੈ ਜਿਵੇਂ ਅੱਜ ਉਹ ਦਿਨ ਨੇੜੇ ਆ ਗਿਆ ਹੋਵੇ। ਵਿਸ਼ਵੀਕਰਨ ਦੀ ਗਤੀ ਨੂੰ ਦੇਖਦੇ ਹੋਏ ਅੱਜ ਇਸ ਦੇ ਚਿੰਨ ਵੀ ਨਜ਼ਰ ਆਉਣ ਲੱਗ ਪਏ ਹਨ। ਸੰਯੁਕਤ ਰਾਸ਼ਟਰ ਵਰਗੀ ਸੰਸਥਾ ਦੀ ਹੋਂਦ ਇਸ ਦਾ ਇਕ ਪ੍ਰਤੱਖ ਪ੍ਰਮਾਣ ਹੈ। ਜੇਮਜ਼ ਹਿਊਗਜ਼, ਜੋ ਵਿਸ਼ਵ ਸਰਕਾਰ ਦਾ ਵੱਡਾ ਸਮਰਥਕ ਹੈ, ਅਨੁਸਾਰ ਬਹੁਤ ਸਾਰੀਆਂ ਚੀਜ਼ਾਂ ਜਿਵੇਂ ਪ੍ਰਮਾਣੂ ਸ਼ਕਤੀ ਦਾ ਖ਼ਾਤਮਾ, ਵਿਸ਼ਵ ਵਿਆਪੀ ਸੁਰੱਖਿਆ, ਕਤਲੇਆਮ ਆਦਿ ਨੂੰ ਖਤਮ ਕਰਨ ਲਈ ਕਿਸੇ ਵੱਡੀ ਤਾਕਤ ਦੀ ਦਖਲ ਅੰਦਾਜ਼ੀ ਅਤੇ ਮਨੁੱਖੀ ਅਧਿਕਾਰਾਂ ਦੀ ਸੁਰੱਖਿਆ ਕੇਵਲ ਵਿਸ਼ਵ ਗੌਰਮਿੰਟ ਨਾਲ ਹੀ ਸੰਭਵ ਹਨ। ਵਿਸ਼ਵ ਗੌਰਮਿੰਟ ਦਾ ਸੰਕਲਪ ਅੱਜ ਦੇ ਸਮੇਂ ਦੀ ਵੱਡੀ ਲੋੜ ਬਣ ਕੇ ਜ਼ੋਰ ਪਕੜ ਰਿਹਾ ਹੈ ਅਤੇ ਇਸ ਦਾ ਸੰਵਿਧਾਨ ਵੀ ਤਿਆਰ ਕੀਤਾ ਜਾ ਰਿਹਾ ਹੈ। ਸੰਵਿਧਾਨ ਦਾ ਜੋ ਪ੍ਰਸਤਾਵਿਤ ਰੂਪ ਸਾਹਮਣੇ ਆਇਆ ਹੈ ਉਸ ਦੀ ਭੂਮਿਕਾ ਵਿਚ ਮਨੁੱਖ ਦੀ ਅਧਿਆਤਮਕ ਅਤੇ ਸਰੀਰਕ ਉੱਨਤੀ ਨੂੰ ਹਾਸਲ ਕਰਨ ਲਈ ਵਿਸ਼ਵਵਿਆਪੀ ਸ਼ਾਂਤੀ ਪਹਿਲੀ ਸ਼ਰਤ ਦਸੀ ਗਈ ਹੈ। ਸ਼ਾਂਤੀ ਅਤੇ ਨਿਆਂ ਕਿਉਂ ਕਿ ਨਾਲੋ ਨਾਲ ਚਲਦੇ ਹਨ। ਇਸ ਲਈ ਸ਼ਾਂਤੀ ਹਾਸਲ ਕਰਨ ਲਈ ਨਿਆਂ ਦੀ ਲੋੜ ਹੈ। ਅਨਿਆਂ ਤੇ ਅਸ਼ਾਂਤੀ ਵੱਖ ਵੱਖ ਦੇਸ਼ਾਂ ਵਿਚਲੇ ਮੁਕਾਬਲੇ ਅਤੇ ਅਰਾਜਕਤਾ ਵਿਚੋਂ ਪੈਦਾ ਹੁੰਦੇ ਹਨ। ਇਸ ਲਈ ਵਿਦਵਾਨਾਂ ਦਾ ਵਿਸ਼ਵਾਸ਼ ਹੈ ਕਿ ਹੁਣ ਸਮਾਂ ਆ ਗਿਆ ਹੈ ਕਿ ਦੁਨੀਆਂ ਦੇ ਸਾਰੇ ਦੇਸ਼ ਫੈਡਰਲ ਰੀਪਬਲਿਕ ਆਫ ਦੀ ਵਰਲਡ ਦੇ ਝੰਡੇ ਹੇਠਾਂ ਇਕੱਠੇ ਹੋਣ ਤਾਂ ਕਿ ਸਾਰੀ ਮਨੁੱਖਤਾ ਦੇ ਭਲੇ ਦੀ ਗੱਲ ਕੀਤੀ ਜਾ ਸਕੇ। ਸਮੁਚੀ ਮਨੁੱਖ ਜਾਤੀ ਅਵੰਡ ਹੈ ਅਤੇ ਸਾਰੀ ਮਨੁੱਖ ਜਾਤੀ ਦੇ ਹੱਕਾਂ ਦੀ ਰਾਖੀ ਲਈ ਭਵਿੱਖ ਦੀ ਵਿਸ਼ਵ ਗੌਰਮਿੰਟ ਹੀ ਜ਼ਿਆਦਾ ਵਧੀਆ ਢੰਗ ਨਾਲ ਕੰਮ ਕਰ ਸਕੇਗੀ। ਪਰ ਵਿਸ਼ਵ ਗੌਰਮਿੰਟ ਦੇ ਨਿਰਮਾਣ ਲਈ ਰਾਜਾਂ ਨੂੰ ਆਪਣੇ ਵਿਅਕਤੀਗਤ ਹਿੱਤ ਤਿਆਗ ਕੇ ਸਮੁਚੀ ਮਾਨਵਤਾ ਦੇ ਹਿੱਤਾਂ ਨੂੰ ਸਾਹਮਣੇ ਰਖਣਾ ਪਏਗਾ। ਪ੍ਰਸਤਾਵਿਤ ਸੰਵਿਧਾਨ ਵਿਚ ਨਾਗਰਿਕਾਂ ਦੇ ਫ਼ਰਜ਼ਾਂ ਅਤੇ ਹੱਕਾਂ ਦੀ ਗੱਲ ਕਰਦਿਆਂ ਕਿਹਾ ਗਿਆ ਹੈ :

ਹਰ ਮਨੁੱਖ ਦੂਜੇ ਨਾਲ ਉਹੋ ਜਿਹਾ ਵਤੀਰਾ ਕਰੇਗਾ ਜੋ ਉਹ ਆਪ ਦੂਜਿਆਂ ਕੋਲੋਂ ਚਾਹੁੰਦਾ ਹੈ।

ਹਿੰਸਾ ਤੋਂ ਦੂਰ ਰਹੇਗਾ ਪਰ ਜੇ ਇਸ ਦੀ ਵਰਤੋਂ ਕਰਨੀ ਪਈ ਤਾਂ ਕੇਵਲ ਆਪਣੇ ਬਚਾਅ ਲਈ ਕਰੇਗਾ।

ਜਿਥੋਂ ਤਕ ਸਮਾਜਿਕ ਫ਼ਰਜ਼ਾਂ ਦਾ ਸਬੰਧ ਹੈ, ਵਿਸ਼ਵ ਸਰਕਾਰ ਹਰ ਮਨੁੱਖ ਨੂੰ ਉਸ ਦੀ ਯੋਗਤਾ ਅਤੇ ਲੋੜ ਅਨੁਸਾਰ ਕੰਮ ਅਤੇ ਸੁਰੱਖਿਆ ਦੇ ਕੇ ਉਸ ਨੂੰ ਗਰੀਬੀ ਅਤੇ ਸ਼ੋਸ਼ਣ ਤੋਂ ਛੁਟਕਾਰਾ ਦਿਵਾਏਗੀ।

ਧਾਰਮਿਕ ਅਤੇ ਰਾਜਨੀਤਕ ਸਹਿਣਸ਼ੀਲਤਾ ਕਾਇਮ ਰਖਦਿਆਂ ਵਿਅਕਤੀ, ਖ਼ਾਸ ਕਰ ਅਲਪਸੰਖਿਆ, ਨੂੰ ਜਬਰ ਅਤੇ ਜ਼ੁਲਮ ਦੇ ਰਾਜ ਤੋਂ ਬਚਾਉਣਾ ਵਿਸ਼ਵ ਸਰਕਾਰ ਦਾ ਮੁਖ ਮੰਤਵ ਹੋਏਗਾ।

ਮਨੁੱਖਤਾ ਦੀ ਅਧਿਆਤਮਕ, ਮਾਨਸਿਕ ਅਤੇ ਸਰੀਰਕ ਭਲਾਈ ਲਈ ਕੀਤੇ ਕੰਮ ਨੂੰ ਧਰਮ ਅਤੇ ਮਨੁੱਖਤਾ ਵਿਰੋਧੀ ਕੰਮ ਨੂੰ ਅਧਰਮ ਸਮਝਿਆ ਜਾਏਗਾ।

ਭਾਵੇਂ ਵਿਸ਼ਵ ਸਰਕਾਰ ਦਾ ਇਹ ਸੰਕਲਪ ਅਜੇ ਕਾਗਜ਼ਾਂ ਵਿਚ ਹੀ ਹੈ ਪਰੰਤੂ ਦੁਨੀਆਂ ਦੀ ਹਰ ਨਵੀਂ ਖੋਜ ਪਹਿਲਾਂ ਵਿਚਾਰ ਵਿਚ ਹੀ ਆਉਂਦੀ ਹੈ, ਬਾਅਦ ਵਿਚ ਹੀ ਉਸ ਨੂੰ ਵਿਵਹਾਰਕ ਰੂਪ ਦਿੱਤਾ ਜਾਂਦਾ ਹੈ। ਸੋ ਆਸ ਕੀਤੀ ਜਾ ਸਕਦੀ ਹੈ ਕਿ ਉਹ ਦਿਨ ਜ਼ਰੂਰ ਆਏਗਾ ਜਦੋਂ ਸਮੁਚੇ ਸੰਸਾਰ ਵਿਚ ਇਕ ਤਾਕਤ ਦਾ ਰਾਜ ਹੋਏਗਾ ਤੇ ਉਹ ਤਾਕਤ ਧਰਮ ਉਪਰ ਆਧਾਰਿਤ ਹੋਏਗੀ ਕਿਉਂ ਕਿ ਸਾਇੰਸ ਅਤੇ ਸ਼ਿਲਪ ਵਿਗਿਆਨ ਦੀ ਉੱਨਤੀ ਇਨਸਾਨ ਨੂੰ ਸਵੈਪੂਰਨ ਨਹੀਂ ਬਣਾ ਸਕੀ ਅਤੇ ਮਨੁਖੀ ਆਚਰਨ ਕਾਇਮ ਰੱਖਣ ਲਈ ਸਾਇੰਸ ਅਜੇ ਤਕ ਧਰਮ ਦਾ ਕੋਈ ਬਦਲ ਵੀ ਤਿਆਰ ਨਹੀਂ ਕਰ ਸਕੀ। ਇਸ ਲਈ ਆਉਣ ਵਾਲੇ ਸਮੇਂ ਵਿਚ ਧਰਮ ਮਨੁੱਖ ਦੀ ਪਹਿਲੀ ਲੋੜ ਹੋਏਗੀ। ਮਨੁੱਖ ਦਾ ਮਨੁੱਖ ਪ੍ਰਤੀ ਕੀ ਫ਼ਰਜ਼ ਹੈ ਅਤੇ ਕੀ ਅਧਿਕਾਰ ਹਨ, ਇਹ ਸਾਰਾ ਕੁਝ ਧਰਮ ਹੀ ਤੈਅ ਕਰਦਾ ਹੈ। ਇਸੇ ਲਈ ਵਿਦਵਾਨਾਂ ਦਾ ਵਿਚਾਰ ਹੈ ਕਿ ਮਨੁੱਖ ਨੂੰ ਅਰਥ ਭਰਪੂਰ ਜੀਵਨ ਜੀਉਣ ਲਈ ਜਿਨਾਂ ਚੀਜ਼ਾਂ ਦੀ ਲੋੜ ਪੈਂਦੀ ਹੈ, ਉਨਾਂ ਵਿੱਚੋਂ ਧਰਮ ਸਭ ਤੋਂ ਵੱਧ ਜ਼ਰੂਰੀ ਹੈ।

ਆਮ ਕਰਕੇ ਧਰਮ ਅਤੇ ਮੱਤ ਨੂੰ ਇਕ ਸਮਝਣ ਦਾ ਭੁਲੇਖਾ ਖਾ ਲਿਆ ਜਾਂਦਾ ਹੈ। ਪਰ ਮੱਤ ਅਤੇ ਧਰਮ ਦੋ ਅਲੱਗ ਅਲੱਗ ਚੀਜ਼ਾਂ ਹਨ। ਸਮੇਂ ਸਮੇਂ ਹੋਏ ਵੱਖ ਵੱਖ ਮਹਾਂਪੁਰਸ਼ਾਂ ਨੇ ਆਪਣੀ ਆਪਣੀ ਪਹੁੰਚ ਅਤੇ ਤਰੀਕੇ ਅਨੁਸਾਰ ਆਪਣੇ ਸਾਥੀਆਂ ਨੂੰ ਜੋ ਮਾਰਗ ਦਿਖਾਇਆ, ਉਹ ਮੱਤ ਅਖਵਾਇਆ। ਧਰਮ ਇਸ ਤੋਂ ਉਪਰ ਦੀ ਚੀਜ਼ ਹੈ। ਧਰਮ ਮਨੁਖ ਦੇ ਪਰਾ-ਮਨੁਖੀ ਅਤੇ ਪਰਾ-ਭੌਤਿਕ ਸ਼ਕਤੀ ਨਾਲ ਅੰਤਰ ਸਬੰਧਾਂ ਦਾ ਨਾਮ ਹੈ। ਪਰ ਇਸ ਦਾ ਮਤਲਬ ਇਹ ਨਹੀਂ ਕਿ ਸਮਾਜ ਅਤੇ ਸਦਾਚਾਰ ਇਸ ਦੇ ਘੇਰੇ ਵਿਚ ਨਹੀਂ ਆਉਂਦੇ। ਅਸਲ ਵਿਚ ਧਰਮ ਮਨੁਖੀ ਵਿਕਾਸ ਦਾ ਧੁਰਾ ਹੈ। ਇਸ ਦਾ ਕਰਤੱਵ ਦੁਵੱਲਾ ਹੈ। ਇਕ ਪਾਸੇ ਇਸ ਦਾ ਸਬੰਧ ਰੱਬ, ਬ੍ਰਹਿਮੰਡ ਅਤੇ ਅਗਮ ਅਗਾਧ ਨਾਲ ਹੈ ਤੇ ਦੂਜੇ ਪਾਸੇ ਰੱਬ ਦੀ ਪੈਦਾ ਕੀਤੀ ਖਲਕਤ ਨਾਲ। ਇਹਨਾਂ ਦੋਹਾਂ ਨਾਲ ਸਬੰਧ 'ਅਨੁਭਵ' ਨਾਲ ਪੈਦਾ ਹੁੰਦਾ ਹੈ ਦਲੀਲ ਜਾਂ ਤਰਕ ਨਾਲ ਨਹੀਂ। ਅਕਲ ਅਤੇ ਦਲੀਲ ਤਾਂ ਸਗੋਂ ਕਈ ਵਾਰ ਅਗਿਆਨਤਾ ਬਣ ਜਾਂਦੇ ਹਨ। ਜਰਮਨੀ ਦਾ ਪ੍ਰਸਿੱਧ ਫ਼ਿਲਾਸਫ਼ਰ ਸ਼ਾਪਨਹਾਰ ਲਿਖਦਾ ਹੈ ਕਿ ਅਕਲ ਅਤੇ ਦਲੀਲ ਰਾਹੀਂ ਦੁਨੀਆਂ ਦੇ ਦੋ ਟੋਟੇ ਹੋ ਜਾਂਦੇ ਹਨ ਪਰ ਅਨੁਭਵਤਾ ਰਾਹੀਂ ਦੁਨੀਆਂ ਜੁੜਦੀ ਹੈ। ਅਕਲ ਅਤੇ ਦਲੀਲ ਕੇਵਲ ਦਿਸਦੇ ਉਪਰ ਆਧਾਰਿਤ ਹੁੰਦੇ ਹਨ, ਸਦੀਵੀ ਸਚਾਈ ਦਾ ਪਤਾ ਦੇਣਾ ਅਨੁਭਵ ਦਾ ਵਿਸ਼ਾ ਹੈ।

**ਗੁਰੂ ਸਾਹਿਬ ਲਿਖਦੇ ਹਨ:**

**ਅਦਿਸਟੁ ਦਿਸੈ ਤਾ ਕਹਿਆ ਜਾਇ॥**
**ਬਿਨੁ ਦੇਖੇ ਕਹਣਾ ਬਿਰਥਾ ਜਾਇ॥**
**ਗੁਰਮੁਖਿ ਦੀਸੈ ਸਹਜਿ ਸੁਭਾਇ॥**
**ਸੇਵਾ ਸੁਰਤਿ ਏਕ ਲਿਵਲਾਇ॥**

(ਪੰਨਾ ੨੨੨)

ਸੰਸਾਰ ਦੇ ਸਾਰੇ ਮੱਤ ਭਾਵੇਂ ਰੱਬ ਦੀ ਹੋਂਦ ਵਿਚ ਵਿਸ਼ਵਾਸ ਰੱਖਦੇ ਹਨ ਪਰ ਹਰ ਮੱਤ ਦਾ ਆਪਣਾ ਰੱਬ, ਆਪਣਾ ਦੇਵਤਾ, ਆਪਣਾ ਫਲਸਫਾ ਅਤੇ ਆਪਣਾ ਪੂਜਾ ਢੰਗ ਹੈ। ਕੇਵਲ ਹਰ ਮੱਤ ਦਾ ਹੀ ਨਹੀਂ ਸਗੋਂ ਇਕ ਮੱਤ ਵਿਚ ਵੀ ਕਈ ਕਈ ਦੇਵਤੇ ਅਤੇ ਕਈ ਕਈ ਪੂਜਾ ਢੰਗ ਹਨ। ਜਿਥੋਂ ਤਕ ਕਿਸੇ ਦੀ ਪਹੁੰਚ ਸੀ ਉਸ ਨੇ ਉਥੋਂ ਤਕ ਦੀ ਗੱਲ ਕੀਤੀ। ਹਜ਼ਰਤ ਮੂਸਾ ਅਨੁਸਾਰ ਰੱਬ ਨਾਲ ਗੱਲਾਂ ਕਰਨ ਲਈ ਤੂਰ ਪਰਬਤ ਤੇ ਚੜਨਾ ਪਏਗਾ। ਹਜ਼ਰਤ ਈਸਾ ਨੇ ਕੇਵਲ ਉਹਨਾਂ ਇਜ਼ਰਾਈਲੀਆਂ ਦੀ ਰਾਖੀ ਕਰਨ ਤੇ ਗੁਨਾਹ ਆਪਣੇ ਮੋਢਿਆਂ ਤੇ ਚੁਕਣ ਦਾ ਵਾਅਦਾ ਕੀਤਾ ਜੋ ਉਨਾਂ ਉਤੇ ਈਮਾਨ ਲਿਆਉਣਗੇ। ਇਸਲਾਮ ਦਾ ਰੱਬ ਸਤਵੇਂ ਆਕਾਸ਼ ਉਪਰ ਹੈ। ਉਸ ਨੂੰ ਮਿਲਣ ਲਈ ਹਜ਼ਰਤ ਮੁਹੰਮਦ ਦੇ ਦੱਸੇ ਕਲਾਮ, ਨਮਾਜ਼, ਰੋਜ਼ਾ, ਜ਼ਕਾਤ ਆਦਿ ਸ਼ਰਾ ਦਾ ਪਾਬੰਦ ਰਹਿਣਾ ਪਏਗਾ। ਜੋ ਇਉਂ ਨਹੀਂ ਕਰਦੇ ਉਹ ਕਾਫ਼ਰ ਹਨ। ਉਨਾਂ ਨਾਲ ਸਾਂਝ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ। ਸਗੋਂ ਉਨਾਂ ਨੂੰ ਤਾਂ ਇਸਲਾਮ ਵਿਚ ਲਿਆਉਣ ਲਈ ਹਰ ਯਤਨ ਵਾਜਬ ਹੈ। ਜੇ ਸਾਰੀ ਵਾਹ ਲਾਉਣ ਦੇ ਬਾਵਜੂਦ ਵੀ ਉਨਾਂ ਨੂੰ ਇਸਲਾਮ ਵਿਚ ਲਿਆਉਣ ਵਿਚ ਸਫ਼ਲਤਾ ਨਾ ਮਿਲੇ ਤਾਂ ਉਨਾਂ ਨੂੰ ਖ਼ਤਮ ਕਰਨ ਦਾ ਪੁੰਨ ਲੈਣਾ ਯੋਗ ਤੇ ਪ੍ਰਵਾਨ ਹੈ। ਹਿੰਦੂ ਧਰਮ ਵਿਚ ਕਈ ਦੇਵੀ ਦੇਵਤੇ ਹੋਣ ਕਰਕੇ ਉਹਨਾਂ ਦੇ ਮੰਦਰ, ਖਾਣ-ਪਾਣ, ਪੂਜਾ ਢੰਗ ਆਦਿ ਸਭ ਵੱਖ ਵੱਖ ਹਨ। ਇਸੇ ਲਈ ਸਮਾਨਤਾ ਤੇ ਸਾਂਝੀਵਾਲਤਾ ਦੀ ਘਾਟ ਹੈ।

ਇੰਜ ਇਹ ਸਾਰੀਆਂ ਵਿਚਾਰਧਾਰਾਵਾਂ ਮੱਤ ਤਾਂ ਬਣ ਗਈਆਂ ਪਰ ਧਰਮ ਨਹੀਂ ਬਣ ਸਕੀਆਂ। ਧਰਮ ਗੱਲ ਕਰਦਾ ਹੈ ਸਾਂਝੀਵਾਲਤਾ ਦੀ। ਧਰਮ ਗੱਲ ਕਰਦਾ ਹੈ ਪਿਆਰ ਦੀ। ਧਰਮ ਗੱਲ ਕਰਦਾ ਹੈ ਏਕਤਾ ਦੀ। ਸਿੱਖ ਵਿਚਾਰਧਾਰਾ ਇਸ ਵਿਚਾਰ ਦੀ ਧਾਰਨੀ ਹੈ :

**ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ॥** (ਪੰਨਾ ੯੭)

**ਸਭ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ॥** (ਪੰਨਾ ੬੭੧)

ਇਸੇ ਲਈ ਵਿਦਵਾਨ ਸਾਧੂ ਸਵਰਗੀ ਸ਼੍ਰੀ ਟੀ. ਐਲ ਵਾਸਵਾਨੀ ਗੁਰੂ ਨਾਨਕ ਦੇਵ ਜੀ ਨੂੰ 'ਲੋਕਾਈ ਦਾ ਰਹਿਬਰ' ਕਹਿ ਕੇ ਪਿਆਰਦਾ, ਸਤਿਕਾਰਦਾ ਹੈ। ਮਾਨਵੀ ਸਾਂਝਾਂ ਦੇ ਮੁਦੱਈ-ਗੁਰੂ ਨਾਨਕ ਸਾਹਿਬ-ਹਿੰਦੂਆਂ ਦੇ ਤੀਰਥਾਂ, ਜੋਗੀਆਂ ਦੇ ਪਰਬਤੀ ਟਿਕਾਣਿਆਂ, ਇਸਲਾਮੀ ਤਾਲੀਮ ਦੇ ਕੇਂਦਰਾਂ ਤੇ ਪਹੁੰਚ ਕੇ ਸਭ ਥਾਈਂ ਸਤਿਨਾਮ ਤੇ ਸਤਿ-ਕਰਤਾਰ ਦੀ ਧੁਨੀ ਅਲਾਪਦੇ ਹਨ। ਸਭ ਨੂੰ ਇਕ ਸਮਾਨ ਹਉਮੈਂ ਤੇ ਤੁਅੱਸਬ ਦੇ ਖੱਡਿਆਂ ਦੀ ਇਕੱਲਤਾ ਵਿਚੋਂ ਕੱਢ ਕੇ ਸਰਬ ਸੁਖਦਾਈ ਸਾਂਝੀਵਾਲਤਾ ਦੀ ਸੰਥਿਆ ਦੇ ਕੇ ਸਰਬੱਤ ਦੇ ਭਲੇ ਦੀ ਜਾਚ ਸਿਖਾਉਂਦੇ ਹਨ। 'ਗੁਰੂ ਨਾਨਕ ਸਭ ਦਾ ਸਾਂਝਾ ਹੈ' ਦਾ ਸਬੂਤ ਇਸ ਗੱਲ ਤੋਂ ਮਿਲਦਾ ਹੈ ਕਿ ਗੁਰੂ ਨਾਨਕ ਦੇਵ ਜੀ ਦੇ ਜੋਤੀ ਜੋਤ ਸਮਾਉਣ ਸਮੇਂ ਹਿੰਦੂਆਂ ਤੇ ਮੁਸਲਮਾਨਾਂ ਵਿਚ ਅੰਤਮ ਰਸਮਾਂ ਅਦਾ ਕਰਨ ਬਾਰੇ ਝਗੜਾ ਹੋ ਗਿਆ। ਦੋਨੋਂ ਆਪਣੇ ਆਪਣੇ ਢੰਗ ਨਾਲ ਰਸਮਾਂ ਅਦਾ ਕਰਨਾ ਚਾਹੁੰਦੇ ਸਨ। ਪਰ 'ਬਾਬਾ ਮੜੀ ਨ ਗੋਰ, ਗੁਰ ਅੰਗਦ ਕੇ ਹੀਐ ਮਾਹਿ॥' ਇਕੋ ਥਾਂ ਤੇ ਗੁਰਦੁਆਰੇ ਅਤੇ ਮਸਜਿਦ ਦੀ ਹੋਂਦ ਗੁਰੂ ਨਾਨਕ ਦੇਵ ਜੀ ਦੀ ਸਾਂਝੀਵਾਲਤਾ ਦੀ ਜੀਊਂਦੀ ਜਾਗਦੀ ਉਦਾਹਰਣ ਹੈ। ਜੇ ਗੁਰਮਤਿ ਦੀ ਵਿਸ਼ਾਲਤਾ, ਸਾਂਝੀਵਾਲਤਾ ਤੇ ਸਹਿਵਾਸ ਦੀ ਹੋਰ ਉਦਾਹਰਣ ਵੇਖਣੀ ਹੋਵੇ ਤਾਂ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਪ੍ਰਵਾਨਿਤ ਭਾਈ ਨੰਦ ਲਾਲ ਜੀ ਦੀ ਰਚਨਾ ਪੜੀ ਜਾ ਸਕਦੀ ਹੈ ਜਿਸ ਵਿਚ ਉਹ ਲਿਖਦੇ ਹਨ-'ਮੈਂ ਤੈਨੂੰ ਇਹ ਨਹੀਂ ਆਖਦਾ ਕਿ ਮੰਦਰ ਵਲ ਜਾਹ ਜਾਂ ਮਸਜਿਦ ਵਲ ਜਾਹ। ਜਿਸ ਪਾਸੇ ਵੀ ਜਾਣਾ ਏ ਜਾਹ, ਪਰ ਸ਼ਰਤ ਇਹ ਹੈ ਕਿ ਰੱਬ ਵਲ ਜਾਈਂ।' ਧਿਆਨਯੋਗ ਗੱਲ ਇਹ ਹੈ ਕਿ ਰੱਬ ਇਕ ਹੈ। ਉਹ ਹਰ ਥਾਂ ਮੌਜੂਦ ਹੈ। ਇਸੇ ਲਈ ਗੁਰੂ ਨਾਨਕ ਦਾ ਰੱਬ ਸਭ ਦਾ ਸਾਂਝਾ ਰੱਬ ਹੈ।

**ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥**
**ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥**

(ਪੰਨਾ ੧੩੪੯)

ਨਫ਼ਰਤ, ਈਰਖਾ, ਸਵਾਰਥ ਜਾਂ ਲੁਟ ਖਸੁਟ ਦੀ ਤ੍ਰੇੜ ਉਦੋਂ ਪੈਂਦੀ ਹੈ ਜਦੋਂ ਅਸੀਂ ਉਸ ਇਕ ਰੱਬ ਨੂੰ ਹਿੰਦੂ ਰੱਬ, ਈਸਾਈ ਰੱਬ, ਮੁਸਲਮਾਨ ਰੱਬ ਕਰਕੇ ਮੰਨੀਏ। ਗੁਰਬਾਣੀ ਵਿਚ ਸਾਨੂੰ ਇਸ ਨੁਕਤੇ ਬਾਰੇ ਬੜੀ ਭਾਵਪੂਰਤ ਸੇਧ ਬਖ਼ਸ਼ੀ ਗਈ ਹੈ:

**ਕਹੁ ਨਾਨਕ ਗੁਰਿ ਖੋਏ ਭਰਮ ॥ ਏਕੋ ਅਲਹੁ ਪਾਰਬ੍ਰਹਮ ॥੫॥** (ਪੰਨਾ ੮੯੭)

ਵੱਖ ਵੱਖ ਦੇਵਤੇ ਤੇ ਵੱਖ ਵੱਖ ਦਿਸ਼ਾਵਾਂ ਮਨੁਖਤਾ ਨੂੰ 'ਇਕ' ਵਿਚ ਜੋੜਨ ਦੀ ਥਾਂ ਵੰਡੀਆਂ ਪਾਉਂਦੀਆਂ ਹਨ। ਸਿੱਖ ਧਰਮ ਨਾ ਤਾਂ ਕਿਸੇ ਵਿਸ਼ੇਸ਼ ਦੇਵਤੇ ਨੂੰ ਮੰਨਦਾ ਹੈ, ਨਾ ਕਿਸੇ ਵਿਸ਼ੇਸ਼ ਧਰਮ ਮੰਦਰ ਨੂੰ ਤੇ ਨਾ ਹੀ ਕਿਸੇ ਵਿਸ਼ੇਸ਼ ਦਿਸ਼ਾ ਨੂੰ। ਸਿੱਖ ਧਰਮ ਵਿਚ ਸਾਂਝਾ ਧਰਮ ਮੰਦਰ ਹੈ ਜਿਸ ਦੇ ਦਰਵਾਜ਼ੇ ਚਾਰਾਂ ਦਿਸ਼ਾਵਾਂ ਵਿਚ ਹਨ। ਸਾਰੇ ਧਰਮਾਂ ਤੇ ਸਾਰੀਆਂ ਦਿਸ਼ਾਵਾਂ ਦੇ ਲੋਕਾਂ ਦਾ ਇਸ ਵਿਚ ਸੁਆਗਤ ਹੈ। ਇਹ ਇਕ ਅਜਿਹਾ ਮੰਦਰ ਹੈ ਜਿਸ ਦੀ ਨੀਂਹ ਇਸਲਾਮ ਦੇ ਪੈਰੋਕਾਰ ਨੇ ਰੱਖੀ। ਇਸ ਵਿਚ ਇਕ ਅਜਿਹਾ ਗ੍ਰੰਥ ਸਥਾਪਿਤ ਹੈ ਜਿਸ ਵਿਚ ਹਿੰਦੂ, ਸਿੱਖ, ਮੁਸਲਮਾਨ ਸਾਰੇ ਬਿਰਾਜਮਾਨ ਹਨ। ਇਹ ਇਕ ਅਜਿਹਾ ਗ੍ਰੰਥ ਹੈ ਜਿਸ ਵਿਚ ਗੁਰੂ ਵੀ ਬੈਠੇ ਹਨ ਤੇ ਚੇਲੇ ਵੀ, ਬ੍ਰਾਹਮਣ ਵੀ ਹਾਜ਼ਰ ਹੈ ਤੇ ਸ਼ੂਦਰ ਵੀ। ਇਸ ਗ੍ਰੰਥ ਵਿਚ ਗਿਆਨ ਵੀ ਹੈ ਤੇ ਅਨੁਭਵ ਵੀ। 400 ਸਾਲ ਪਹਿਲਾਂ ਸੰਸਾਰ ਦੇ ਧਾਰਮਿਕ ਇਤਿਹਾਸ ਵਿਚ ਇਹ ਇਕ ਅਜ਼ੀਮ ਇਨਕਲਾਬ ਸੀ। ਅਨੇਕਤਾ ਵਿਚ ਏਕਤਾ ਦੀ ਇਸ ਤੋਂ ਵੱਡੀ ਉਦਾਹਰਣ ਸੰਸਾਰ ਦੇ ਧਾਰਮਿਕ ਇਤਿਹਾਸ ਵਿਚ ਹੋਰ ਕਿਧਰੇ ਮਿਲਣੀ ਅਸੰਭਵ ਹੈ। ਜਿਸ ਸਾਂਝੀਵਾਲਤਾ ਤੇ ਮਿਲਵਰਤਨ ਦੀ ਗੱਲ ਅੱਜ ਸੰਸਾਰ ਵਿਚ ਸ਼ਾਂਤੀ ਲਿਆਉਣ ਲਈ ਕੀਤੀ ਜਾ ਰਹੀ ਹੈ ਉਹ ਸਿੱਖੀ ਦਾ ਮੁਢ ਹਨ। ਸਿੱਖਾਂ ਦਾ ਰੱਬ ਸਾਂਝਾ, ਗੁਰੂ ਸਾਂਝਾ, ਮੰਦਰ ਸਾਂਝਾ, ਲੰਗਰ ਸਾਂਝਾ, ਅੰਮ੍ਰਿਤ ਸਾਂਝਾ, ਰਾਜ ਸਾਂਝਾ, ਜੈਕਾਰਾ ਸਾਂਝਾ, ਅਰਦਾਸ ਸਾਂਝੀ, ਲੜਾਈ ਸਾਂਝੀ, ਇਥੋਂ ਤਕ ਕਿ ਫ਼ਤਹਿ ਵੀ ਸਾਂਝੀ ਹੈ। ਇਸ ਤੋਂ ਵੱਧ ਸਾਂਝੀਵਾਲਤਾ ਅਤੇ ਮਿਲ ਬੈਠਣ ਦੀ ਹੋਰ ਕਿਹੜੀ ਗੱਲ ਹੋ ਸਕਦੀ ਹੈ ?

ਦੁਨੀਆਂ ਦੀਆਂ ਸਾਰੀਆਂ ਸਮੱਸਿਆਵਾਂ ਅੰਦਰਲੇ ਖਜ਼ਾਨੇ ਦੀ ਭਾਲ ਨਾ ਕਰਨ ਕਰਕੇ ਹੀ ਹਨ। ਮਨ ਚੰਚਲ ਹੈ। ਬਾਹਰ ਨੂੰ ਦੌੜਦਾ ਹੈ। ਮਿੰਟਾਂ ਸਕਿੰਟਾਂ ਵਿਚ ਦੁਨੀਆਂ ਘੁੰਮ ਆਉਂਦਾ ਹੈ। ਇਹ ਮਨ ਹੀ ਹੈ ਜੋ ਮਨੁਖ ਕੋਲੋਂ ਕਦੀ ਬਲਾਤਕਾਰ ਕਰਾਉਂਦਾ ਹੈ ਤੇ ਕਦੀ ਕਤਲ। ਕਦੀ ਜ਼ਮੀਨ ਪਿਛੇ ਲੜਾਈ ਕਰਾਉਂਦਾ ਹੈ ਤੇ ਕਦੀ ਜ਼ੋਰੂ ਪਿਛੇ। ਸਾਰਾ ਸੰਸਾਰ ਮਨ ਪਿਛੇ ਲੱਗ ਕੇ ਹੀ ਭਟਕਦਾ ਫਿਰਦਾ ਹੈ। ਵਿਸ਼ਵ ਸਰਕਾਰ ਦੇ ਮੁਖ ਉਦੇਸ਼ 'ਸ਼ਾਂਤੀ ਦਾ ਪ੍ਰਚਲਨ' ਦੀ ਪ੍ਰਾਪਤੀ ਲਈ ਸਿੱਖੀ ਦਾ ਮੁਖ ਅਸੂਲ 'ਮਨ ਜੀਤੈ ਜਗੁ ਜੀਤੁ' ਇਕ ਮੀਲ ਪੱਥਰ ਦਾ ਕੰਮ ਕਰ ਸਕਦਾ ਹੈ। ਸੰਸਾਰ ਦੇ ਸਾਰੇ ਧਰਮ ਮਨ ਨੂੰ ਮਾਰਨ ਦੀ ਗੱਲ ਤਾਂ ਕਰਦੇ ਹਨ ਪਰ ਮਨ ਜਿੱਤਣ ਦੀ ਗੱਲ ਕਿਸੇ ਨੇ ਨਹੀਂ ਕੀਤੀ। ਇਸੇ ਲਈ ਭਟਕਣ ਹੈ। ਮਨ ਜਿੱਤਣ ਨਾਲ ਇਕ ਭਿਖਾਰੀ ਰਾਜਾ ਬਣ ਜਾਂਦਾ ਹੈ:

**ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ ॥** (੭੦੭)

**ਮਾਣਕੁ ਮਨ ਮਹਿ ਮਨੁ ਮਾਰਸੀ ਸਚਿ ਨ ਲਾਗੈ ਕਤੁ ॥**
**ਰਾਜਾ ਤਖਤਿ ਟਿਕੈ ਗੁਣੀ ਭੈ ਪੰਚਾਇਣ ਰਤੁ ॥** (੯੯੨)

**ਤੇ ਰਾਜਾ ਆਪਣੇ ਆਪ ਨੂੰ ਭਿਖਾਰੀ ਸਮਝਣ ਲੱਗਦਾ ਹੈ:**

**ਹਮ ਭੀਖਕ ਭੇਖਾਰੀ ਤੇਰੇ ਤੂ ਨਿਜਪਤਿ ਹੈ ਦਾਤਾ॥** (੬੬੬)

**ਹਮ ਤੇਰੇ ਭਿਖਾਰੀ ਦਾਨੁ ਦੇਹਿ ਦਾਤਾਰਾ॥** (੧੧੪੪)

ਜਦੋਂ ਇਕ ਰਾਜਾ ਆਪਣੇ ਆਪ ਨੂੰ ਭਿਖਾਰੀ ਸਮਝਣ ਲੱਗ ਪਏ ਤਾਂ ਪਰਜਾ ਅਤੇ ਰਾਜਾ ਵਿਚ ਫਰਕ ਨਹੀਂ ਰਹਿ ਜਾਂਦਾ। ਰਾਜ ਪਰਜਾ ਦਾ ਹੀ ਹੋ ਜਾਂਦਾ ਹੈ। ਸਿੱਖ ਚਿੰਤਨ ਇਕ ਸੰਪੂਰਨ ਧਰਮ-ਚਿੰਤਨ ਹੈ ਅਤੇ ਇਸ ਸੰਪੂਰਨ ਧਰਮ ਚਿੰਤਨ ਅਨੁਸਾਰ ਧਰਮ ਦਾ ਕਾਰਜ ਖੇਤਰ ਅਸੀਮ ਹੈ। ਰਾਜ ਵੀ ਸਿੱਖ ਚਿੰਤਨ ਦਾ ਇਕ ਕੇਂਦਰੀ ਵਿਸ਼ਾ ਹੈ। ਗੁਰੂ ਨਾਨਕ ਦੇਵ ਜੀ ਮੱਧਕਾਲ ਦੇ ਪਹਿਲੇ ਧਰਮ-ਚਿੰਤਕ ਸਨ ਜਿਹਨਾਂ ਨੇ ਭਗਤੀ ਦੇ ਨਾਲ ਨਾਲ ਸ਼ਕਤੀ ਦੀ ਗੱਲ ਕੀਤੀ, ਅਧਿਆਤਮਕਤਾ ਦੇ ਨਾਲ ਨਾਲ ਰਾਜ ਅਤੇ ਸਮਾਜ ਪ੍ਰਤੀ ਜਾਗਰੂਕਤਾ ਲਿਆਉਂਦੀ। ਗੁਰੂ ਨਾਨਕ ਦੇਵ ਜੀ ਤੋਂ ਬਾਅਦ ਦੇ ਗੁਰੂ ਸਾਹਿਬਾਨ ਨੇ ਵੀ ਇਸ ਵਿਲੱਖਣ ਗੁਣ ਨੂੰ ਅਪਣਾਈ ਰਖਿਆ। ਆਰੰਭ ਵਿਚ ਤੱਤ-ਕਾਲੀਨ ਰਾਜ ਬਾਰੇ ਪ੍ਰਤੀਕਰਮ ਬਾਣੀ ਰੂਪ ਵਿਚ ਰਿਹਾ ਪਰ ਜਦੋਂ ਪ੍ਰਸਥਿਤੀਆਂ ਨੇ ਹਥਿਆਰ ਚੁਕਣ ਲਈ ਮਜਬੂਰ ਕੀਤਾ ਤਾਂ ਗੁਰੂ ਪਰੰਪਰਾ ਦਾ ਸ਼ਾਂਤਮਈ ਘੋਲ ਹਥਿਆਰਬੰਦ ਘੋਲ ਵਿਚ ਤਬਦੀਲ ਹੋ ਗਿਆ।

ਸਿੱਖੀ ਵਿਚ ਰਾਜ ਦਾ ਸੰਕਲਪ ਮੀਰੀ ਅਤੇ ਪੀਰੀ ਦੇ ਸਿਧਾਂਤ ਉਪਰ ਆਧਾਰਿਤ ਹੈ। ਸਿੱਖ ਵਿਚਾਰਧਾਰਾ ਵਿਚ ਧਰਮ ਅਤੇ ਰਾਜ ਦੋਵੇਂ ਮਨੁੱਖ ਨਾਲ ਸਬੰਧਤ ਸੰਸਥਾਵਾਂ ਹਨ। ਧਰਮ ਅਤੇ ਰਾਜ ਦੋਹਾਂ ਨੂੰ ਜੀਉਣ ਵਾਲਾ ਅਤੇ ਦੋਹਾਂ ਖੇਤਰਾਂ ਵਿਚ ਕਾਰਜਸ਼ੀਲ ਮਨੁੱਖ ਮੂਲ ਰੂਪ ਵਿਚ ਇਕੋ ਹੀ ਹੈ। ਉਪਰੀ ਪੱਧਰ ਤੇ ਦੇਖਿਆਂ ਧਰਮ ਤੇ ਰਾਜ ਦੇ ਕਾਰਜ ਭਾਵੇਂ ਵੱਖੋ ਵੱਖਰੇ ਪ੍ਰਤੀਤ ਹੁੰਦੇ ਹਨ ਪਰ ਦੋਵੇਂ ਇਕ ਸੰਯੁਕਤ ਵਿਵਸਥਾ ਵਲ ਸੰਕੇਤ ਕਰਦੇ ਹਨ। ਸਿੱਖੀ ਵਿਚ ਇਕ ਪਾਸੇ ਸਰਬੱਤ ਦਾ ਭਲਾ ਹੈ ਤੇ ਦੂਜੇ ਪਾਸੇ ਬੁਰਾਈ ਦਾ ਟਾਕਰਾ। ਹੇਠਲਾ ਗੁਰਵਾਕ ਸਿੱਖ ਲਈ ਪ੍ਰੇਰਨਾ ਸਰੋਤ ਹੈ:

**ਸੰਤਾ ਮਾਨਉ ਦੂਤਾ ਡਾਨਉ ਇਹ ਕੁਟਵਾਰੀ ਮੇਰੀ॥** (ਪੰਨਾ ੬੯੯)

ਸਤਿਗੁਰਾਂ ਦੀ ਬਖ਼ਸ਼ੀ ਮੀਰੀ, ਪੀਰੀ ਦੀ ਪੂਰਕ ਹੈ। ਇਹ ਮੀਰੀ ਕੁਝ ਲੈਣ ਵਾਸਤੇ ਨਹੀਂ, ਕੁਝ ਨਿਛਾਵਰ ਕਰਨ ਵਾਸਤੇ ਹੈ। ਸੰਸਾਰਕ ਲੁਟ ਖਸੁਟ ਕਰਨ ਵਾਲੀ ਮੀਰੀ ਦੇ ਮੁਕਾਬਲੇ ਇਹ ਮੀਰੀ ਜਨਤਾ ਦੀ ਪੱਤ ਆਬਰੋ ਦੀ ਰਖਿਅਕ ਹੈ। ਸਿੱਖ ਦੀ ਤਲਵਾਰ ਸਿਰਫ ਦੋ ਮੌਕਿਆਂ 'ਤੇ ਉੱਠਦੀ ਹੈ - ਇਕ ਸ੍ਵੈ-ਰੱਖਿਆ ਲਈ ਤੇ ਦੂਜਾ ਦੀਨਾਂ ਦੀ ਰੱਖਿਆ ਲਈ। ਅਸਲ ਵਿਚ ਸਿੱਖ ਦੀ ਤਲਵਾਰ, ਤਲਵਾਰ ਘੱਟ ਤੇ ਢਾਲ ਬਹੁਤੀ ਹੈ। ਸਿੱਖ ਕੇਵਲ ਸਿਪਾਹੀ ਹੀ ਨਹੀਂ, ਸੰਤ ਵੀ ਹੈ। ਨਿਹੱਥਿਆਂ, ਇਸਤਰੀਆਂ, ਬੱਚਿਆਂ, ਬੁੱਢਿਆਂ, ਬੀਮਾਰਾਂ ਆਦਿ 'ਤੇ ਉਹ ਕਦੇ ਵੀ ਵਾਰ ਨਹੀਂ ਕਰਦਾ। ਜੰਗ ਵਿਚ ਉਹ ਕਦੇ ਝੂਠ, ਧੋਖਾ, ਫਰੇਬ ਆਦਿ ਦੇ ਦਾਅ-ਪੇਚ ਨਹੀਂ ਖੇਡਦਾ। ਉਹ ਨਾ ਤਾਂ ਪਹਿਲਾਂ ਹਮਲਾ ਕਰਦਾ ਹੈ ਤੇ ਨਾ ਹੀ ਕਦੇ ਕਿਸੇ ਮਜ਼ਲੂਮ ਉਤੇ ਜ਼ੁਲਮ ਢਾਉਂਦਾ ਹੈ। ਇਸਤਰੀਆਂ ਚਾਹੇ ਦੁਸ਼ਮਣਾਂ ਦੀਆਂ ਹੀ ਕਿਉਂ ਨਾ ਹੋਣ, ਉਹਨਾਂ ਵੱਲ ਉਹ ਅੱਖ ਚੁਕ ਕੇ ਵੀ ਨਹੀਂ ਦੇਖਦਾ। ਇਤਿਹਾਸ ਗਵਾਹ ਹੈ ਕਿ ਖਾਲਸਾ ਫੌਜ ਨੇ ਅਫਗਾਨਿਸਤਾਨ ਨੂੰ ਲਿਜਾਈਆਂ ਜਾ ਰਹੀਆਂ ਇੱਕੀ ਸੌ ਇਸਤਰੀਆਂ (ਚਾਹੇ ਉਹ ਹਿੰਦੂ ਸਨ ਤੇ ਚਾਹੇ ਮੁਸਲਮਾਨ) ਨੂੰ ਅਫਗਾਨਾਂ ਦੀ ਫੌਜ ਹੱਥੋਂ ਛੁਡਵਾਇਆ ਅਤੇ ਇੱਜ਼ਤ ਨਾਲ ਘਰੋ-ਘਰੀ ਪਹੁੰਚਾਇਆ। ਸਿੱਖੀ ਪਰ-ਇਸਤਰੀ ਦੇ ਸੰਗ ਤੋਂ ਵਰਜਦੀ ਹੈ। ਸਿੱਖੀ ਦੇ ਉਪਦੇਸ਼ ਵਿਚ ਸ਼ਕਤੀ ਦੀ ਵਰਤੋਂ ਕਰਦਿਆਂ ਨੈਤਿਕਤਾ ਦਾ ਪੱਲਾ ਨਾ ਛੱਡਣਾ ਲਿਖਿਆ ਹੈ। ਅੰਮ੍ਰਿਤ ਦੀ ਤਿਆਰੀ ਵੇਲੇ ਗੁਰਬਾਣੀ ਦਾ ਪਾਠ ਕਰਨਾ ਅਤੇ ਸਿੱਖ ਰਹਿਤ ਵਿਚ ਨਿੱਤਨੇਮ ਦਾ ਲਾਜ਼ਮੀ ਕਰਨਾ ਸਿੱਖਾਂ ਨੂੰ ਸ਼ਕਤੀ ਦੇ ਨਾਲ-ਨਾਲ ਭਗਤੀ ਨਾਲ ਜੋੜ ਕੇ ਰੱਖਣ ਵਾਸਤੇ ਹੀ ਹੈ। ਭਗਤੀ ਅਤੇ ਸ਼ਕਤੀ ਦੇ ਸੁਮੇਲ ਦਾ ਉਪਦੇਸ਼ ਭਾਵੇਂ ਗੁਰੂ ਨਾਨਕ ਦੇਵ ਜੀ ਨੇ ਹੀ ਦੇ ਦਿੱਤਾ ਸੀ ਪਰ ਅੰਮ੍ਰਿਤ ਨੇ ਇਸ ਨੂੰ ਅਮਲੀ ਰੂਪ ਵਿਚ ਸਿੱਖਾਂ ਲਈ ਲਾਜ਼ਮੀ ਕਰ ਦਿੱਤਾ। ਮੀਰੀ ਤੇ ਪੀਰੀ ਦਾ ਇਹ ਸੰਕਲਪ 'ਜੀਓ ਅਤੇ ਜੀਣ ਦਿਓ' ਦਾ ਆਦਰਸ਼ ਹੈ। ਅਸੀਂ ਜਾਣਦੇ ਹਾਂ ਕਿ ਸਾਰੀ ਦੁਨੀਆਂ ਦੀ ਬੋਲੀ, ਵਿਸ਼ਵਾਸ, ਪਹਿਰਾਵਾ ਤੇ ਖਾਣ-ਪੀਣ ਇੱਕ ਨਹੀਂ ਕੀਤੇ ਜਾ ਸਕਦੇ ਹਨ। ਇਹ ਅਨੇਕਤਾ ਜਾਂ ਭਿੰਨਤਾ ਹੀ ਕੁਦਰਤ ਅਤੇ ਮਨੁਖਤਾ ਦੀ ਸੁੰਦਰਤਾ ਹੈ। ਇਹ ਅਨੇਕਤਾ ਹੀ ਸਭਿਆਚਾਰਕ ਸੁਤੰਤਰਤਾ ਦਾ ਦੂਜਾ ਨਾਂ ਹੈ।

ਬਾਕੀ ਸਫ਼ਾ 28 'ਤੇ

# ਖੇਤੀ ਕਾਨੂੰਨਾਂ ਦੀ ਵਾਪਸੀ ਦਾ ਪੰਜਾਬ ਦੀ ਰਾਜਨੀਤੀ ਉੱਪਰ ਪ੍ਰਭਾਵ



**ਰਣਜੀਤ ਸਿੰਘ ਕੁਕੀ**

ਕਿਸਾਨ ਸੰਘਰਸ਼ ਦੇ ਨਤੀਜੇ ਵਜੋਂ ਵਾਪਿਸ ਹੋਏ ਖੇਤੀ ਕਾਨੂੰਨਾਂ ਦੇ ਬਾਵਜੂਦ ਭਾਰਤੀ ਜਨਤਾ ਪਾਰਟੀ ਪੰਜਾਬ ਦੇ ਰਾਜਨੀਤਿਕ ਸਮੀਕਰਣਾਂ ਨੂੰ ਮਹੱਤਵਪੂਰਨ ਢੰਗ ਨਾਲ ਬਦਲ ਸਕਦੀ ਹੈ। ਨਰਿੰਦਰ ਮੋਦੀ ਸਰਕਾਰ ਦੁਆਰਾ ਪਾਸ ਕੀਤੇ ਗਏ ਖੇਤੀ ਕਾਨੂੰਨਾਂ ਦੇ ਵਿਰੋਧ ਵਿਚ ਅੰਦੋਲਨ ਪੰਜਾਬ ਵਿਚ ਉਦੋਂ ਸ਼ੁਰੂ ਹੋ ਗਏ ਸਨ ਜਦੋਂ ਬਾਕੀ ਭਾਰਤ ਨੇ ਅਜੇ ਇਸ ਬਾਰੇ ਸੁਣਿਆ ਵੀ ਨਹੀ ਸੀ।ਦਿੱਲੀ ਦੀਆਂ ਬਰੂਹਾਂ ਵੱਲ ਵਧਣ ਦੀ ਸ਼ੁਰੂਆਤ ਵੀ ਪੰਜਾਬ ਵਿਚੋਂ ਹੀ ਹੋਈ ਸੀ।ਕਿਸਾਨ ਅੰਦੋਲਨ ਦੌਰਾਨ ਆਪਣੀ ਜਾਨ ਗੁਆਉਣ ਵਾਲੇ ਸੱਤ ਸੌ ਕਿਸਾਨਾਂ ਵਿਚੋਂ ਵੀ ਜਿਆਦਾਤਰ ਪੰਜਾਬ ਵਿਚੋਂ ਹੀ ਹਨ।ਕਿਸਾਨੀ ਕਾਨੂੰਨਾਂ ਦੀ ਵਾਪਸੀ ਤੋਂ ਬਾਅਦ ਭਾਰਤੀ ਜਨਤਾ ਪਾਰਟੀ ਉਮੀਦ ਕਰ ਰਹੀ ਹੈ ਕਿ ਉਹ ਆਪਣੇ ਨਵੇਂ ਸਹਿਯੋਗੀ ਕੈਪਟਨ ਅਮਰਿੰਦਰ ਸਿੰਘ ਨਾਲ ਮਿਲ ਕੇ ਪੰਜਾਬ ਵਿਚ ਆਪਣੀ ਗੁਆਚੀ ਜ਼ਮੀਨ ਮੁੜ ਤੋਂ ਪ੍ਰਾਪਤ ਕਰ ਲਵੇਗੀ।ਆਪਣੇ ਰਵਾਇਤੀ ਸਹਿਯੋਗੀ ਅਕਾਲੀ ਦਲ ਨਾਲੋਂ ਗਠਬੰਧਨ ਟੁਟਣ ਤੋਂ ਬਾਅਦ ਉਸ ਲਈ ਪੰਜਾਬ ਵਿਚ ਨਵੇਂ ਸਮੀਕਰਨ ਪੈਦਾ ਹੋ ਰਹੇ ਹਨ ਕਿਉਂ ਖੇਤੀ ਕਾਨੂੰਨਾਂ ਦੇ ਪਾਸ ਹੋਣ ਅਤੇ ਪੰਜਾਬ ਵਿਚ ਵਿਰੋਧ ਤੋਂ ਬਾਅਦ ਸਿੱਖ ਬਹੁਗਿਣਤੀ ਰਾਜ ਵਿਚ ਭਾਜਪਾ ਹਾਸ਼ੀਏ 'ਤੇ ਚਲੀ ਗਈ ਹੈ। ਖੇਤੀ ਕਾਨੂੰਨਾਂ ਦੀ ਵਾਪਸੀ ਉੱਪਰ ਕਿਸਾਨ ਜਸ਼ਨ ਮਨਾ ਸਕਦੇ ਹਨ, ਪਰ ਕੁਝ ਮਾਹਿਰਾਂ ਦਾ ਮੰਨਣਾ ਹੈ ਕਿ ਇਸ ਨਾਲ ਖੇਤੀ ਸੈਕਟਰ ਨੂੰ ਨੁਕਸਾਨ ਹੋਵੇਗਾ। ਇਹ ਆਮ ਸਹਿਮਤੀ ਦੇ ਬਾਵਜੂਦ ਕਿ ਖੇਤੀ ਸੈਕਟਰ ਵਿਚ ਸੁਧਾਰਾਂ ਦੀ ਲੋੜ ਹੈ, ਸਾਰੇ ਮਾਹਿਰ ਇਹ ਨਹੀਂ ਮੰਨਦੇ ਹਨ ਕਿ ਇਹ ਤਿੰਨ ਕਾਨੂੰਨ ਇਸ ਦਿਸ਼ਾ ਵਿਚ ਠੀਕ ਕਦਮ ਹਨ।ਪਰ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਹੁਣ ਕੇਂਦਰ ਸਰਕਾਰ ਅਤੇ ਪੰਜਾਬ ਸੂਬਾ ਸਰਕਾਰ ਖੇਤੀ ਸੈਕਟਰ ਵਿਚ ਢਾਂਚਾਗਤ ਬਦਲਾਅ ਲੈ ਕੇ ਆਉਣ ਦਾ ਬਿਰਤਾਂਤ ਗੁਆ ਦਿੱਤਾ ਹੈ।ਸਤਾ ਤੋਂ ਦੇਖਿਆ ਖੇਤੀ ਕਾਨੂੰਨਾਂ ਦੀ ਵਾਪਸੀ ਜਿੱਤ ਲੱਗ ਸਕਦੀ ਹੈ, ਪਰ ਢਾਂਚਾਗਤ ਬਦਲਾਅ ਲੈ ਕੇ ਆਉਣ ਦੇ ਸਬੰਧ ਵਿਚ ਇਨਾਂ ਕਾਨੂੰਨਾਂ ਦੀ ਵਾਪਸੀ ਦੇ ਦੂਰਗਾਮੀ ਪ੍ਰਭਾਵ ਪੈਣਗੇ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੁਆਰਾ ਅਚਾਨਕ ਖੇਤੀ ਕਾਨੂੰਨਾਂ ਨੂੰ ਵਾਪਿਸ ਲਏ ਜਾਣ ਦੀ ਘੋਸ਼ਣਾ ਨੇ ਪੰਜਾਬ ਦੇ ਰਾਜਨੀਤਿਕ ਪਰਿਦ੍ਰਿਸ਼ ਲਈ ਰੋਚਕ ਸੰਭਾਵਨਾਵਾਂ ਪੈਦਾ ਕੀਤੀਆਂ ਹਨ ਕਿਉਂ ਕਿ ਪੰਜਾਬ ਦੀਆਂ ਅਸੈਂਬਲੀ ਚੋਣਾਂ ਕੁਝ ਕੁ ਮਹੀਨੇ ਹੀ ਦੂਰ ਹਨ।ਪੰਜਾਬ ਦੇ ਰਾਜਨੀਤਿਕ ਪ੍ਰਵਚਨ ਨੂੰ ਇਕ ਹੀ ਮੁੱਦਾ ਪ੍ਰਭਾਵਿਤ ਕਰ ਰਿਹਾ ਸੀ : ਕਿਸਾਨ ਅੰਦੋਲਨ ਦਾ ਜਾਰੀ ਰਹਿਣਾ ਅਤੇ ਇਸ ਦੇ ਚੋਣਾਂ ਉੱਪਰ ਪ੍ਰਭਾਵ।ਪਰ ਖੇਤੀ ਕਾਨੂੰਨਾਂ ਦੀ ਵਾਪਸੀ ਤੋਂ ਬਾਅਦ ਪੰਜਾਬ ਦੀ ਰਾਜਨੀਤੀ ਵਿਚ ਰੋਚਕ ਲੜਾਈ ਸ਼ੁਰੂ ਹੋ ਗਈ ਹੈ ਕਿਉਂਕਿ ਰਾਜਨੀਤਿਕ ਪਾਰਟੀਆਂ ਨੇ ਇਸ ਦਾ ਸਿਹਰਾ ਲੈਣ ਦਾ ਦਾਅਵਾ ਸ਼ੁਰੂ ਕਰ ਦਿੱਤਾ ਹੈ।

ਸ਼੍ਰੋਮਣੀ ਅਕਾਲੀ ਦਲ ਨੇ ਵੀ ਸੂਬੇ ਵਿਚ ਉਸ ਪਾਰਟੀ ਨਾਲ ਗਠਬੰਧਨ ਕੀਤਾ ਹੋਇਆ ਸੀ ਜੋ ਕਿ ਇਹ ਮੰਨਦੇ ਰਹੇ ਕਿ ਉਹ ਕਿਸਾਨ ਦੇ ਅਸਲੀ 'ਹਮਦਰਦ' ਹਨ।ਸੀਨੀਅਰ ਅਕਾਲੀ ਨੇਤਾ ਅਤੇ ਸਾਬਕਾ ਕੈਬਿਨਟ ਮੰਤਰੀ ਹਰਸਿਮਰਤ ਕੌਰ ਬਾਦਲ ਦੁਆਰਾ ਦਿੱਤੇ ਗਏ ਅਸਤੀਫੇ ਨੂੰ ਇਕ ਵੱਡਾ ਕਦਮ ਮੰਨਿਆ ਗਿਆ।ਅਕਾਲੀ ਦਲ ਇਸ ਨੂੰ ਇਕ ਵੱਡੇ ਕਦਮ ਵਜੋਂ ਪੇਸ਼ ਕਰ ਰਿਹਾ ਸੀ ਕਿ ਉਨਾਂ ਨੇ ਕਿਸਾਨਾਂ ਦੀ ਖਾਤਿਰ ਇੰਨੀ ਵੱਡੀ 'ਕੁਰਬਾਨੀ' ਦਿੱਤੀ ਹੈ।ਪਰ ਖੇਤੀ ਕਾਨੂੰਨਾਂ ਦੀ ਵਾਪਿਸੀ ਤੋਂ ਬਾਅਦ ਪਾਰਟੀ ਆਪਣੇ ਆਪ ਨੂੰ ਉਲਝਣ ਵਿਚ ਮਹਿਸੂਸ ਕਰ ਰਹੀ ਹੈ।ਕੈਪਟਨ ਅਮਰਿੰਦਰ ਸਿੰਘ ਦੁਆਰਾ ਭਾਜਪਾ ਨਾਲ ਨਜਦੀਕੀਆਂ ਕਰਨ ਤੋਂ ਬਾਅਦ ਇਸ ਦਾ ਆਪਣੇ ਪਹਿਲੇ ਸਹਿਯੋਗੀ ਵੱਲ ਮੁੜਨਾ ਮੁਸ਼ਕਿਲ ਹੋਵੇਗਾ।ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਦੁਆਰਾ ਪਾਰਟੀ ਤੋਂ ਅਸਤੀਫਾ ਦੇ ਕੇ ਭਾਜਪਾ ਵਿਚ ਸ਼ਾਮਿਲ ਹੋਣਾ ਇਸ ਦੇ ਮਨੋਬਲ ਨੂੰ ਕਮਜੋਰ ਕਰ ਸਕਦਾ ਹੈ, ਪਰ ਪੰਜਾਬ ਦੇ ਚੋਣ ਸਮੀਕਰਣਾਂ ਉੱਪਰ ਇਸ ਦਾ ਜਿਆਦਾ ਪ੍ਰਭਾਵ ਨਹੀਂ ਪਵੇਗਾ ਕਿਉਂਕਿ ਪ੍ਰਧਾਨ ਦਾ ਪੰਜਾਬ ਦੇ ਸਿੱਖਾਂ ਨਾਲ ਕੋਈ ਸਿੱਧਾ ਸੰਪਰਕ ਨਹੀ ਹੈ।

ਸੱਤਾਧਾਰੀ ਕਾਂਗਰਸ ਪਾਰਟੀ ਨੇ ਵੀ ਇਹ ਕਹਿ ਕੇ ਇਸ ਫੈਸਲੇ ਉੱਪਰ ਆਪਣਾ ਦਾਅਵਾ ਕਰਨ ਦੀ ਕੋਸ਼ਿਸ਼ ਕੀਤੀ ਕਿ ਉਹ ਕਿਸਾਨਾਂ ਦੇ ਅਹਿੱਤ ਵਿਚ ਕੁਝ ਨਹੀਂ ਹੋਣ ਦੇਣਗੇ।ਚਰਨਜੀਤ ਸਿੰਘ ਚੰਨੀ ਦੇ ਮੁੱਖ ਮੰਤਰੀ ਬਣਨ ਤੋਂ ਬਾਅਦ ਉਹ 'ਕਿਸਾਨ ਦੇ ਪੱਖ' ਦੀਆਂ ਘੋਸ਼ਣਾਵਾਂ ਕਰਨ ਵਿਚ ਲੱਗਿਆ ਹੋਇਆ ਹੈ ਜਿਸ ਵਿਚ 26 ਜਨਵਰੀ ਨੂੰ ਲਾਲ ਕਿਲੇ ਉੱਪਰ ਹੋਈ ਹਿੰਸਾ ਸਮੇਂ ਗ੍ਰਿਫਤਾਰ ਕੀਤੇ ਜਾਣ ਵਾਲੇ ਕਿਸਾਨਾਂ ਲਈ ਦੋ ਲੱਖ ਦਾ ਮੁਆਵਜ਼ਾ ਸ਼ਾਮਿਲ ਹੈ। ਹਾਲੀਆ ਕੈਬਨਿਟ ਮੀਟਿੰਗ ਵਿਚ ਪਰਾਲੀ ਜਲਾਉਣ ਵਾਲੇ ਕਿਸਾਨਾਂ ਉੱਪਰ ਹੋਈਆਂ ਰਿਪੋਰਟਾਂ ਨੂੰ ਖਾਰਿਜ ਕਰਨ ਦਾ ਫੈਸਲਾ ਕੀਤਾ ਗਿਆ।ਪਾਰਟੀ ਦੇ ਰਣਨੀਤੀ ਦੇ ਕੇਂਦਰ ਵਿਚ ਕਿਸਾਨ ਅੰਦੋਲਨ ਹੀ ਰਿਹਾ ਹੈ। ਪਰ ਖੇਤੀ ਕਾਨੂੰਨਾਂ ਦੀ ਵਾਪਸੀ ਤੋਂ ਬਾਅਦ ਪਾਰਟੀ ਨੂੰ ਆਪਣੀ ਰਣਨੀਤੀ ਉੱਪਰ ਮੁੜ ਵਿਚਾਰ ਕਰਨਾ ਪਵੇਗਾ ਅਤੇ ਸੱਤਾ-ਵਿਰੋਧੀ ਹਵਾ ਦਾ ਸਾਹਮਣਾ ਕਰਨਾ ਪਵੇਗਾ।ਮੁੱਖ ਵਿਰੋਧੀ ਪਾਰਟੀ ਆਪ ਪਾਰਟੀ ਨੂੰ ਮੁੱਖ ਮੰਤਰੀ ਦਾ ਚਿਹਰਾ ਘੋਸ਼ਿਤ ਕਰਨ ਦੀ ਦਿਸ਼ਾ ਵਿਚ ਠੋਸ ਕਦਮ ਚੁੱਕਣੇ ਪੈਣਗੇ ਅਤੇ ਨਾਲ ਹੀ ਆਪਣੀ ਰਣਨੀਤੀ ਉੱਪਰ ਮੁੜ ਵਿਚਾਰ ਕਰਨਾ ਪਵੇਗਾ। ਰਾਜਨੀਤਿਕ ਸਮੀਖਿਅਕਾਂ ਦਾ ਮੱਤ ਹੈ ਕਿ ਆਉਣ ਵਾਲੇ ਦਿਨਾਂ ਵਿਚ ਇਹ ਦੇਖਣਾ ਕਾਫੀ ਰੋਚਕ ਰਹੇਗਾ ਕਿ ਪਾਰਟੀਆਂ ਕਿਸ ਤਰਾਂ ਦੇ ਮੁੱਦੇ ਚੁੱਕਦੀਆਂ ਹਨ, ਕੌਣ ਇਸ ਫੈਸਲੇ ਦਾ ਸਿਹਰਾ ਲੈਣ ਦੀ ਕੋਸ਼ਿਸ਼ ਕਰੇਗਾ ਅਤੇ ਕਿਹੜੇ ਨਵੇਂ ਗਠਬੰਧਨ ਸਾਹਮਣੇ ਆਉਣਗੇ।ਖੇਤੀ ਕਾਨੂੰਨਾਂ ਦੀ ਵਾਪਸੀ ਦੇ ਫੈਸਲੇ ਨਾਲ ਪੰਜਾਬ ਦੀ ਰਾਜਨੀਤੀ ਹੋਰ ਜਿਆਦਾ ਰੌਚਕ ਹੋ ਗਈ ਹੈ।

ਪੰਜਾਬ ਵਿਚ ਔਸਤ ਜੋਤ ਦਾ ਖੇਤਰ 0.9 ਹੈਕਟੇਅਰ ਹੈ ਜੋ ਕਿ ਸਮੇਂ ਨਾਲ ਹੋਰ ਛੋਟਾ ਹੋਇਆ ਹੈ। ਇਹ ਕਿਆਸ ਲਗਾਉਣਾ ਕੋਈ ਜਿਆਦਾ ਮੁਸ਼ਕਿਲ ਨਹੀਂ ਹੈ ਕਿ ਆਮ ਫਸਲਾਂ ਨਾਲ ਇਸ ਤੋਂ ਕਿੰਨੀ ਕੁ ਆਮਦਨੀ ਪੈਦਾ ਕੀਤੀ ਜਾ ਸਕਦੀ ਹੈ।ਉੱਚ ਉਪਯੋਗਿਕਤਾ ਵਾਲੀ ਖੇਤੀ ਲਈ ਯੋਗ ਅਤੇ ਕਾਰਜਕਾਰੀ ਕੀਮਤ ਕੜੀ ਤੋਂ ਬਿਨਾਂ, ਜਿਸ ਵਿਚ ਨਿੱਜੀ ਖੇਤਰ ਦੁਆਰਾ ਨਿਵੇਸ਼, ਸੰਚਾਲਨ, ਭੰਡਾਰਨ, ਸੰਸਾਧਨ ਅਤੇ ਡਿਜੀਟਲ ਤਕਨੀਤਕ ਵਿਚ ਭਾਗੀਦਾਰੀ ਸ਼ਾਮਿਲ ਹੈ, ਕਿਸਾਨਾਂ ਦੀ ਆਮਦਨ ਵਿਚ ਵਾਧਾ ਨਹੀਂ ਕੀਤਾ ਜਾ ਸਕਦਾ।ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਖੇਤੀ ਖੇਤਰ ਵਿਚ ਲਾਗਤ ਅਤੇ ਉਤਪਾਦਨ ਦੇ ਪੱਧਰ 'ਤੇ ਸੁਧਾਰਾਂ ਦੀ ਲੋੜ ਹੈ।

ਪ੍ਰਧਾਨ ਮੰਤਰੀ ਦੁਆਰਾ ਖੇਤੀ ਕਾਨੂੰਨਾਂ ਨੂੰ ਵਾਪਿਸ ਲਏ ਜਾਣ ਦੀ ਘੋਸ਼ਣਾ ਦਾ ਸਭ ਤੋਂ ਰੋਚਕ ਪੱਖ ਰਾਜਨੀਤਿਕ ਹੈ।ਇਸ ਦੀ ਪੂਰੀ ਸੰਭਾਵਨਾ ਹੈ ਕਿ ਰਾਜਨੀਤਿਕ ਖੇਡ ਹੀ ਇਨਾਂ ਦੀ 'ਵਾਪਸੀ' ਦਾ ਕਾਰਣ ਬਣੀ ਹੈ।ਭਾਜਪਾ ਦੁਆਰਾ ਕੈਪਟਨ ਅਮਰਿੰਦਰ ਸਿੰਘ ਨਾਲ ਹੱਥ ਮਿਲਾਏ ਜਾਣ ਦੀ ਪੂਰੀ ਸੰਭਾਵਨਾ ਹੈ ਜਿਸ ਬਾਰੇ ਉਸ ਨੇ ਮੀਡੀਆ ਵਿਚ ਕਾਫੀ ਖੁਲ ਕੇ ਗੱਲ ਕੀਤੀ ਹੈ।ਪੰਜਾਬ ਕਾਂਗਰਸ ਵਿਚ ਚੱਲ ਰਿਹਾ ਕਾਟੋ-ਕਲੇਸ਼ ਇਸ ਉੱਪਰ ਪ੍ਰਭਾਵ ਪਾ ਸਕਦਾ ਹੈ। ਇਸ ਘੋਸ਼ਣਾ ਦੀ ਇਕ ਹੋਰ ਸੰਭਾਵਨਾ ਭਾਜਪਾ ਦੁਆਰਾ ਅਕਾਲੀ ਦਲ ਨਾਲ ਆਪਣੇ ਵਿਗੜੇ ਰਿਸ਼ਤਿਆਂ ਨੂੰ ਸੁਧਾਰਨਾ ਵੀ ਹੋ ਸਕਦਾ ਹੈ।ਆਉਣ ਵਾਲੇ ਦਿਨਾਂ ਵਿਚ ਇਸ ਸੰਬੰਧੀ ਗੱਲ ਹੋਰ ਸਪੱਸ਼ਟ ਹੋਵੇਗੀ।ਅਗਰ ਕਾਂਗਰਸ ਪੰਜਾਬ ਵਿਚ ਆਪਣੀ ਸੱਤਾ ਗੁਆ ਲੈਂਦੀ ਹੈ ਅਤੇ ਕੋਈ ਵੀ ਹੋਰ ਪਾਰਟੀ ਭਾਜਪਾ ਦੇ ਸਹਿਯੋਗ ਨਾਲ ਸੱਤਾ ਵਿਚ ਆਉਂਦੀ ਹੈ ਤਾਂ ਮੋਦੀ ਇਹ ਮੰਨ ਸਕਦਾ ਹੈ ਕਿ ਖੇਤੀ ਕਾਨੂੰਨਾਂ ਨੂੰ ਵਾਪਸ ਲੈਣ ਦੀ ਰਣਨੀਤਿਕ ਚਾਲ ਨੇ ਉਨਾਂ ਨੂੰ ਫਾਇਦਾ ਪਹੁੰਚਾਇਆ ਹੈ।ਕਿਸਾਨ ਜੱਥੇਬੰਦੀਆਂ ਪਹਿਲਾਂ ਹੀ ਤੇਈ ਫਸਲਾਂ ਉੱਪਰ ਦਿੱਤੇ ਜਾਣ ਵਾਲੇ ਘੱਟੋ-ਘੱਟ ਸਮਰਥਨ ਮੁੱਲ ਨੂੰ ਕਾਨੂੰਨੀ ਜਾਮਾ ਪੁਆਉਣ ਦੀ ਮੰਗ ਕਰ ਰਹੀਆਂ ਹਨ।ਇਸ ਦਾ ਕੁੱਲ ਨਤੀਜਾ ਆਰਥਿਕ ਸੁਧਾਰਾਂ ਦੀ ਗਤੀ ਧੀਮੀ ਕਰਨ ਵੱਲ ਹੋਵੇਗਾ ਜਿਹਨਾਂ ਦੀ ਹੁਣ ਬਹੁਤ ਜਿਆਦਾ ਜਰੂਰਤ ਹੈ। ਇਸ ਦੇ ਬਜਾਇ ਅਸੀ ਚੋਣਾਂ ਵਿਚ ਦਿੱਤੇ ਜਾਂਦੇ 'ਮੁਫਤ ਉਪਹਾਰਾਂ' ਦੀਆਂ ਘੋਸ਼ਣਾਵਾਂ ਸੁਣਾਂਗੇ ਜਿਨਾਂ ਦੀ ਗਤੀ 2024 ਦੀਆਂ ਚੋਣਾਂ ਸਮੇਂ ਹੋਰ ਜ਼ਿਆਦਾ ਤੇਜ਼ ਹੋਵੇਗੀ।

ਪੰਜਾਬ ਵਿਚ ਖੇਤੀ ਸੈਕਟਰ ਵਿਚ ਸੁਧਾਰ ਲਿਆਉਣ ਲਈ ਰਾਜਨੀਤਿਕ ਇੱਛਾ ਦੀ ਕਮੀ ਕਰਕੇ ਇਹ ਉਸੇ ਦਿਸ਼ਾ ਵੱਲ ਹੀ ਵਧਦਾ ਰਹੇਗਾ ਜਿਸ ਵੱਲ ਇਹ ਪਿਛਲੇ ਦਹਾਕੇ ਤੋਂ ਵੱਧ ਰਿਹਾ ਹੈ।ਮੋਦੀ ਸਰਕਾਰ ਦੇ ਪਹਿਲੇ ਸੱਤ ਸਾਲਾਂ ਦੇ ਕਾਰਜਕਾਲ ਵਿਚ ਭਾਰਤ ਦੀ ਸਾਲਾਨਾ ਜੀਡੀਪੀ ਦਰ 3.5 ਪ੍ਰਤੀਸ਼ਤ ਰਹੀ ਹੈ ਜੋ ਕਿ ਮਨਮੋਹਨ ਸਿੰਘ ਦੀ ਸਰਕਾਰ ਦੇ ਪਹਿਲੇ ਸੱਤ ਸਾਲਾਂ ਦੇ ਬਰਾਬਰ ਹੈ।ਇਹ ਉਮੀਦ ਕੀਤੀ ਜਾਂਦੀ ਹੈ ਕਿ ਇਹ ਕੁਝ ਕੁ ਬਦਲਾਅ ਨਾਲ ਇਸੇ ਦਿਸ਼ਾ ਵੱਲ ਹੀ ਵਧਦੀ ਰਹੇਗੀ। ਪੰਜਾਬ ਵਿਚ ਫਸਲੀ ਚੱਕਰ ਵੀ ਝੋਨੇ ਅਤੇ ਕਣਕ ਦੀ ਖੇਤੀ ਦੁਆਲੇ ਘੁੰਮਦਾ ਰਹੇਗਾ ਜਿਸ ਦੇ ਭੰਡਾਰਣ ਦੀ ਜਿੰਮੇਵਾਰੀ ਭਾਰਤੀ ਖਾਧ ਨਿਗਮ ਸਿਰ ਹੋਵੇਗੀ। ਖਾਧਾਂ ਉੱਪਰ ਦਿੱਤੀ ਸਬਸਿਡੀ ਵੀ ਵਿਅਰਥ ਜਾਂਦੀ ਰਹੇਗੀ। ਉੱਤਰ-ਪੱਛਮੀ ਰਾਜਾਂ ਵਿਚ ਪਾਣੀ ਦਾ ਪੱਧਰ ਦਿਨ-ਬ-ਦਿਨ ਹੋਰ ਗਿਰਦਾ ਜਾਵੇਗਾ ਅਤੇ ਮੀਥੇਨ ਅਤੇ ਨਾਈਟ੍ਰਸ ਆਕਸਾਈਗਡ ਚੌਗਿਰਦੇ ਨੂੰ ਪ੍ਰਦੂਸ਼ਿਤ ਕਰਦੇ ਰਹਿਣਗੇ।ਖੇਤੀ ਮੰਡੀਕਰਨ ਵੀ ਇਸੇ ਧੋਖੇਧੜੀ ਨਾਲ ਚੱਲਦਾ ਰਹੇਗਾ ਅਤੇ ਖੇਤੀ ਖੇਤਰ ਵਿਚ ਲਿਆਂਦੇ ਸੁਧਾਰ ਦੇ ਸੰਭਾਵਿਤ ਲਾਭ ਵੀ ਉਦੋਂ ਤੱਕ ਭਰਮ ਹੀ ਰਹਿਣਗੇ ਜਦੋਂ ਤੱਕ ਅਰਥਪੂਰਨ ਸੁਧਾਰਾਂ ਲਈ ਕਮੇਟੀ ਨਹੀਂ ਬਣਾਈ ਜਾਂਦੀ।

ਸੰਯੁਕਤ ਕਿਸਾਨ ਮੋਰਚੇ ਨਾਲ ਸਬੰਧਤ 32 ਜਥੇਬੰਦੀਆਂ ਵਿਚੋਂ ਜਿਆਦਾਤਰ ਪੰਜਾਬ ਨਾਲ ਸੰਬੰਧਿਤ ਹਨ ਜੋ ਖੇਤੀ ਕਾਨੂੰਨਾਂ ਨੂੰ ਆਪਣੀ ਵੱਡੀ ਜਿੱਤ ਵਜੋਂ ਪੇਸ਼ ਕਰ ਰਹੀਆਂ ਹਨ। ਪਰ ਕੀ ਉਹ ਇਸ ਜਿੱਤ ਨੂੰ ਅੱਗੇ ਵਧਾਉਣ ਲਈ ਚੁਣਾਂਵੀ ਖੇਤਰ ਵੱਲ ਕੋਈ ਕਦਮ ਵਧਾਉਣਗੀਆਂ ? ਅਜੇ ਤੱਕ ਉਨਾਂ ਨੇ ਚੋਣਾਂ ਲੜਨ ਤੋਂ ਇਨਕਾਰ ਕੀਤਾ ਹੈ, ਪਰ ਸੰਯੁਕਤ ਕਿਸਾਨ ਮੋਰਚੇ ਵਿਚ ਸ਼ਾਮਿਲ ਰਾਜੇਵਾਲ ਗਰੁੱਪ ਦੀਆਂ ਰਾਜਨੀਤਿਕ ਇਛਾਵਾਂ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਜਿਸ ਨੂੰ ਕਾਂਗਰਸ ਜਾਂ ਆਪ ਦੁਆਰਾ ਆਪਣੇ ਵਿਚ ਸ਼ਾਮਿਲ ਕਰਨ ਦੀ ਕੋਸ਼ਿਸ਼ਾਂ ਜਾਰੀ ਹਨ।ਕਿਸਾਨ ਜਥੇਬੰਦੀਆਂ ਆਉਣ ਵਾਲੀਆਂ ਅਸੈਂਬਲੀ ਚੋਣਾਂ ਵਿਚ ਮਹੱਤਵਪੂਰਨ ਰੋਲ ਅਦਾ ਕਰ ਸਕਦੀਆਂ ਹਨ ਕਿਉਂਕਿ ਉਨਾਂ ਦੁਆਰਾ ਰਾਜਨੀਤਿਕ ਪਾਰਟੀ ਬਣਾਏ ਜਾਣ ਦੀ ਅਫਵਾਹਾਂ ਦਾ ਬਾਜ਼ਾਰ ਪਹਿਲਾਂ ਹੀ ਗਰਮ ਹੈ।



## ਖੇਤੀ ਕਾਨੂੰਨਾਂ ਦੀ...

**ਕਾਰਪੋਰੇਟ ਤੇ ਖੇਤੀ ਖੇਤਰ**

ਇਸ ਵੇਲੇ ਦੇਸ਼ ਵਿੱਚ ਕਾਰਪੋਰੇਟ ਸੈਕਟਰ ਖੇਤੀ ਸੈਕਟਰ ਨੂੰ ਝਪਟ ਰਿਹਾ ਹੈ ਅਤੇ ਸਰਕਾਰ ਦੀ ਖੇਤੀ ਸੈਕਟਰ ਪ੍ਰਤੀ ਬੇਰੁਖ਼ੀ ਹੈ। ਖੇਤੀ ਸੈਕਟਰ ਦੇਸ਼ ਵਿੱਚ ਵੱਡੀ ਗਿਣਤੀ ਲੋਕਾਂ ਨੂੰ ਰੁਜ਼ਗਾਰ ਦੇਣ ਦੇ ਸਮਰੱਥ ਹੈ। ਸਰਕਾਰੀ ਨਿਵੇਸ਼ ਖੇਤੀ ਉਤਪਾਦਨ ਵਿੱਚ ਵਧਣ, ਫ਼ਸਲਾਂ ਦੇ ਯੋਗ ਭੰਡਾਰਨ ਹੋਣ, ਐਗਰੋ-ਉਦਯੋਗ ਰਾਹੀਂ ਫ਼ਸਲਾਂ ਦੀ ਪ੍ਰੋਸੈੱਸਿੰਗ ਅਤੇ ਮੁੱਲ-ਵਾਧੇ ਨਾਲ ਖੇਤੀ ਅਰਥਚਾਰੇ ਦਾ ਵਿਕਾਸ ਹੋ ਸਕਦਾ ਹੈ। ਪਰ ਸਰਕਾਰ ਅੱਖਾਂ ਮੀਟ ਜਿਵੇਂ ਦੇਸ਼ ਦੇ ਨਾਗਰਿਕਾਂ ਨੂੰ ਵਾਜਬ ਸਿੱਖਿਆ ਸਿਹਤ, ਸਹੂਲਤਾਂ ਦੇਣ ਤੋਂ ਕਿਨਾਰਾ ਕਰੀ ਬੈਠੀ ਹੈ, ਉਵੇਂ ਹੀ ਖੇਤੀ ਸੈਕਟਰ ਪ੍ਰਤੀ ਉਸਦੀ ਰੁਚੀ ਜੱਗ ਜ਼ਾਹਰ ਹੋਈ ਹੈ, ਜਿਸਨੇ ਸਰਕਾਰ ਦਾ ਨਿੱਜੀਕਰਨ, ਕਾਰਪੋਰੇਟਾਂ ਹੱਥ ਜ਼ਮੀਨ ਗਿਰਵੀ ਕਰਨ ਦਾ ਹੀਜ-ਪਿਆਜ਼ ਨੰਗਾ ਕੀਤਾ ਹੈ।

**ਮੋਦੀ ਸਰਕਾਰ ਵਿਰੁੱਧ ਕਿਸਾਨ ਸੰਘਰਸ਼**

ਮੋਦੀ ਸਰਕਾਰ ਜ਼ਬਰੀ ਪਾਸ ਕੀਤੇ ਕਾਨੂੰਨਾਂ ਸਬੰਧੀ ਇਹ ਢੰਡੋਰਾ ਪਿੱਟਦੀ ਰਹੀ ਹੈ ਕਿ ਇਹ ਕਾਨੂੰਨ ਕਿਸਾਨਾਂ ਦੇ ਫ਼ਾਇਦੇ ਵਾਲੇ ਹਨ। ਇਸ ਨਾਲ ਕਿਸਾਨਾਂ ਦੀ ਆਮਦਨ ਵਧੇਗੀ, ਕਿਸਾਨਾਂ ਨੂੰ ਘੋਰ ਸੰਕਟ ਵਿੱਚੋਂ ਕੱਢੇਗੀ, ਕਿਸਾਨਾਂ ਨੂੰ ਕਰਜ਼ੇ ਦੀ ਪੰਡ ਤੋਂ ਮੁਕਤੀ ਮਿਲੇਗੀ, ਕਿਸਾਨ ਖ਼ੁਦਕੁਸ਼ੀਆਂ ਦੇ ਵਰਤਾਰੇ ਤੋਂ ਨਿਜਾਤ ਪਾਉਣਗੇ। ਪਰ ਮੋਦੀ ਸਰਕਾਰ ਦਾ ਕਾਰਪੋਰੇਟਾਂ ਹੱਥ ਕਿਸਾਨੀ ਜ਼ਮੀਨ ਫੜਾਉਣ ਦਾ ਏਜੰਡਾ ਕਿਸਾਨਾਂ ਦੀ ਸਮਝ ਵਿੱਚ ਆ ਗਿਆ, ਅਤੇ ਉਹ ਸੰਘਰਸ਼ ਦੇ ਰਾਹ ਪੈ ਗਏ, ਉਨਾਂ ਕਾਰਪੋਰੇਟ ਵਿਕਾਸ ਮਾਡਲ ਨੂੰ ਚੁਣੌਤੀ ਦਿੱਤੀ। ਕਿਸਾਨਾਂ ਨੇ ਆਪਣੀ ਸ਼ਕਤੀ ਅਤੇ ਊਰਜਾ ਤੋਂ ਬਿਨਾਂ ਪੇਂਡੂ, ਸ਼ਹਿਰੀ ਇਲਾਕਿਆਂ ਵਿੱਚ ਕਿਰਤੀਆਂ, ਛੋਟੇ ਵਪਾਰੀਆਂ, ਵਿਦਿਆਰਥੀਆਂ, ਅਧਿਆਪਕਾਂ, ਬੁੱਧੀਜੀਵੀਆਂ, ਕਲਾਕਾਰਾਂ, ਰਿਟਾਇਰਡ ਪੁਲਿਸ ਤੇ ਸਿਵਲ ਅਧਿਕਾਰਾਂ ਦਾ ਸਮਰਥਨ ਪ੍ਰਾਪਤ ਕੀਤਾ ਅਤੇ ਕਿਸਾਨ ਅੰਦੋਲਨ ਨੂੰ ਜਨ ਅੰਦੋਲਨ ਬਣਾ ਦਿੱਤਾ ਅਤੇ ਲੋਕ-ਆਜ਼ਾਦੀ ਦਾ ਇੱਕ ਨਵਾਂ ਬਿਰਤਾਂਤ ਸਿਰਜ ਦਿੱਤਾ। ਭਾਵੇਂ ਇਸ ਅੰਦੋਲਨ ਕਾਰਨ ਅੰਦੋਲਨਕਾਰੀਆਂ ਕਿਸਾਨਾਂ, ਮਜ਼ਦੂਰਾਂ, ਔਰਤਾਂ ਅਤੇ ਹੋਰ ਅੰਦੋਲਨਕਾਰੀਆਂ ਤੇ ਉਹਨਾਂ ਦੇ ਪਰਿਵਾਰਾਂ ਨੇ ਵੱਡੇ ਦਰਦ ਝੱਲੇ। ਆਰਥਿਕ ਘਾਟਾ ਸਿਹਾ, ਮਾਨਸਿਕ ਦਬਾਅ ਝੱਲਿਆ, ਸਰਕਾਰ ਦਾ ਤਸ਼ੱਦਦ ਸਿਹਾ ਪਰ ਤਸੱਲੀ ਵਾਲੀ ਗੱਲ ਇਹ ਕਿ ਉਹ ਸਮਾਜ ਦੇ ਹਰ ਵਰਗ ਦੇ ਲੋਕਾਂ ਦਾ ਸਮਰਥਨ ਪਰਾਪਤ ਕਰਕੇ ਇਸ ਅੰਦੋਲਨ ਵਿੱਚ, ਭਾਰਤ ਦੇ ਮੁੱਖ ਕਿਸਾਨ ਅੰਦੋਲਨਾਂ-ਚੰਪਾਰਕ ਲਹਿਰ 1917-18, ਖੇੜਾ ਲਹਿਰ 1918-19, ਬਰਡੋਲੀ ਸਤਿਆਗ੍ਰਹਿ 1928, ਮੋਪਲਹਾ ਵਿਦਰੋਹ 1921, ਤਿਲੰਗਾਨਾ ਕਿਸਾਨ ਲਹਿਰ-1945-46, ਪੰਜਾਬ ਕਿਰਸਾਨੀ ਅੰਦੋਲਨ 1907 ਤੇ 1930 ਆਦਿ ਵਾਂਗ ਮੁਸ਼ਕਲਾਂ ਦੇ ਬਾਵਜੂਦ, ਕਿਸਾਨ ਲੀਡਰਸ਼ਿਪ ਦੀ ਸੂਝਬੂਝ ਨਾਲ ਸਫ਼ਲ ਹੋਏ।

**ਕਿਸਾਨਾਂ ਦੀ ਅਧੂਰੀ ਜਿੱਤ ?**

ਐੱਸ.ਐੱਸ.ਪੀ. ਨੂੰ ਕਿਸਾਨਾਂ ਦਾ ਕਾਨੂੰਨੀ ਹੱਕ ਬਣਾਉਣਾ ਹੀ ਅਜਿਹਾ ਹਕੀਕੀ ਸੁਧਾਰ ਹੈ ਜਿਸਦੀ ਭਾਰਤੀ ਖੇਤੀ ਨੂੰ ਲੋੜ ਹੈ। ਇਸਦਾ ਭਾਵ ਹੋਵੇਗਾ ਕਿ ਐੱਮ.ਐੱਸ.ਪੀ. ਤਹਿਤ ਮਿਥੀ ਕੀਮਤ ਤੋਂ ਘੱਟ ਕੀਮਤ ਉੱਤੇ ਖੇਤੀ ਜਿਣਸਾਂ ਦੀ ਕੋਈ ਖ਼ਰੀਦ ਨਹੀਂ ਹੋਵੇਗੀ। ਇਹ ਸੁਧਾਰ ਮੁਖੀ ਖੇਤੀ ਦੀ ਦਿਸ਼ਾ ਵਿੱਚ ਦੂਜਾ ਕਦਮ ਹੋਏਗਾ। ਸਰਕਾਰ ਵੱਲੋਂ 23 ਖੇਤੀ ਜਿਣਸਾਂ ਲਈ ਐਲਾਨੇ ਜਾਂਦੇ ਘੱਟੋ-ਘੱਟ ਸਮਰਥਨ ਮੁੱਲ ਦੇ ਮੁਕਾਬਲੇ ਕਿਸਾਨਾਂ ਨੂੰ ਬਾਜ਼ਾਰ ਵਿੱਚ ਔਸਤ ਕੀਮਤ 40 ਫ਼ੀਸਦੀ ਘੱਟ ਮਿਲਦੀ ਹੈ। ਇਹ ਗੱਲ ਆਰਥਿਕ ਸਰਵੇ 2016 ਨੇ ਵੀ ਮੰਨੀ ਹੈ ਕਿ ਦੇਸ਼ ਦੇ 17 ਸੂਬਿਆਂ, ਜੋ ਕੁਲ ਮਿਲਾਕੇ ਦੇਸ਼ ਦਾ ਅੱਧਾ ਹਿੱਸਾ ਬਣਦਾ ਹੈ, ਵਿੱਚ ਔਸਤ ਖੇਤੀ ਆਮਦਨ ਮਹਿਜ਼ 20,000 ਰੁਪਏ ਸਲਾਨਾ ਹੈ। ਮੁਲਾਂਕਣ ਸਰਵੇ 2019 ਅਨੁਸਾਰ ਫ਼ਸਲਾਂ ਦੇ ਝਾੜ ਤੋਂ ਖੇਤੀ ਆਮਦਨ ਮਹਿਜ਼ 27 ਰੁਪਏ ਰੋਜ਼ਾਨਾ ਬਣਦੀ ਹੈ। ਐੱਮ.ਐੱਸ.ਪੀ. ਨੂੰ ਕਾਨੂੰਨੀ ਹੱਕ ਮਿਲਣ 'ਤੇ ਕਿਸਾਨਾਂ ਦੀਆਂ ਜੇਬਾਂ ਵਿੱਚ ਪੈਸੇ ਅਉਣਗੇ। ਦੇਸ਼ ਦੀ ਜੀ.ਡੀ.ਪੀ. ਨੂੰ ਹੁਲਾਰਾ ਮਿਲੇਗਾ। ਪੇਂਡੂ ਅਰਥਚਾਰੇ ਦੀ ਕਾਇਆ ਕਲਪ ਹੋਏਗਾ। ਅੱਜ ਤਾਂ ਸਨੱਅਤਾਂ ਨੂੰ ਫ਼ਾਇਦਾ ਪਹੁੰਚਾਉਣ ਲਈ ਖੇਤੀ ਦੀ ਕੀਮਤ ਉੱਤੇ ਆਰਥਿਕ ਢਾਂਚਾ ਉਸਾਰਿਆ ਗਿਆ ਹੈ। ਇਸ ਨੂੰ ਇਹੋ ਜਿਹੇ ਅਰਥਚਾਰੇ ਵਿੱਚ ਬਦਲਿਆ ਜਾਣਾ ਲੋੜੀਂਦਾ ਹੈ, ਜਿਹੜਾ ਲੋਕਾਂ ਲਈ ਕੰਮ ਕਰੇ ਅਤੇ ਜਿਸ ਵਿੱਚ ਮਨੁੱਖੀ ਪੂੰਜੀ ਦਾ ਨਿਵੇਸ਼ ਹੋਵੇ। ਐੱਮ.ਐੱਸ.ਪੀ. ਕਾਨੂੰਨੀ ਗਰੰਟੀ ਬਿਨਾਂ ਕਿਸਾਨਾਂ ਦੀ ਕਿਸਾਨ ਸੰਘਰਸ਼ ਜਿੱਤ ਅਧੂਰੀ ਹੈ।

**ਕੀ ਫ਼ਸਲਾਂ ਦੀ ਐੱਮ.ਐੱਸ.ਪੀ. ਕਾਨੂੰਨੀ ਗਰੰਟੀ ਹੋ ਸਕਦੀ ਹੈ ?**

ਵੇਖਣ ਵਾਲੀ ਗੱਲ ਹੈ ਕਿ ਐੱਮ.ਐੱਸ.ਪੀ. ਦਾ ਵਿਸਤ੍ਰਿਤ ਅਰਥ ਕੀ ਹੈ ? ਐੱਮ.ਐੱਸ.ਪੀ. ਤੋਂ ਭਾਵ ਕਿਸਾਨਾਂ ਨੂੰ ਫ਼ਸਲ ਦੀ ਲਾਗਤ ਦੇ ਹਿਸਾਬ ਨਾਲ ਘੱਟੋ-ਘੱਟ ਕੀਮਤ ਮੁਹਈਆ ਕਰਨਾ ਹੈ। ਸਾਲ 1964 ਵਿੱਚ ਐਲ਼ ਕੇ. ਝਾਅ ਕਮੇਟੀ ਨੇ ਖੇਤੀ ਲਾਗਤ ਮੁੱਲ ਕਮਿਸ਼ਨ ਅਤੇ ਭਾਰਤੀ ਖਾਧ ਨਿਗਮ ਬਣਾਏ ਸਨ। ਜਿਸ ਅਨੁਸਾਰ ਫ਼ਸਲਾਂ ਦੀ ਖ਼ਰੀਦ ਤੇ ਭੰਡਾਰਣ ਦਾ ਪ੍ਰਬੰਧ ਕਰਨਾ ਸ਼ੁਰੂ ਕੀਤਾ ਗਿਆ। ਸ਼ੁਰੂ ਵਿੱਚ ਦੋ ਕੀਮਤਾਂ ਐਲਾਨੀਆਂ ਜਾਂਦੀਆਂ ਸਨ-ਐੱਮ.ਐੱਸ.ਪੀ. ਅਤੇ ਖ਼ਰੀਦ ਕੀਮਤ, ਲੇਕਿਨ 1973-74 ਤੋਂ ਬਾਅਦ ਖ਼ਰੀਦ ਕੀਮਤ ਜੋ ਐੱਮ.ਐੱਸ.ਪੀ. ਤੋਂ ਉੱਪਰ ਹੁੰਦੀ ਸੀ, ਉਸਦਾ ਐਲਾਨ ਬੰਦ ਕਰ ਦਿੱਤਾ ਗਿਆ। ਮੌਜੂਦਾ ਦੌਰ ਵਿੱਚ ਫ਼ਸਲਾਂ ਦੀ ਖ਼ਰੀਦ ਕੀਮਤ ਤਾਂ ਕੀ ਐੱਮ.ਐੱਸ.ਪੀ. ਨੂੰ ਵੀ ਬੰਦ ਕਰਨ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ। ਪਰ ਕੇ ਅਸਲੀਅਤ ਵੇਖੀਏ ਤਾਂ ਭਾਰਤ ਦੇ 23 ਫ਼ਸਲਾਂ ਦੇ ਸਮੁੱਚੇ ਉਤਪਾਦਨ ਦਾ ਐੱਮ.ਐੱਸ.ਪੀ. ਉੱਪਰ ਮੁੱਲ 9 ਲੱਖ ਕਰੋੜ ਬਣਦਾ ਹੈ, ਪਰ ਸਾਰੇ ਦਾ ਸਾਰਾ ਉਤਪਾਦਨ ਮੰਡੀਆਂ ਵਿੱਚ ਨਹੀਂ ਜਾਂਦਾ। ਜੇਕਰ ਪਰਿਵਾਰ ਦੀਆਂ ਖਾਧ ਲੋੜਾਂ, ਪਸ਼ੂਆਂ ਦੇ ਚਾਰੇ ਅਤੇ ਬੀਜ ਲਈ ਰੱਖਣ ਤੋਂ ਬਾਅਦ ਮੰਡੀ ਵਿੱਚ ਪਹੁੰਚੇ ਉਤਪਾਦਨ ਨੂੰ ਜੇ ਐੱਮ.ਐੱਸ.ਪੀ. ਉੱਤੇ ਖ਼ਰੀਦਣਾ ਹੋਵੇ ਤਾਂ ਕੁਲ 7.8 ਲੱਖ ਕਰੋੜ ਰੁਪਏ ਚਾਹੀਦੇ ਹਨ। ਇਹ ਰਕਮ ਹਾੜੀ-ਸਾਉਣੀ ਵਿੱਚ ਵੱਖੋ-ਵੱਖਰੇ ਸਮੇਂ ਵਿੱਚ ਚਾਹੀਦੇ ਹਨ। ਸਰਕਾਰ ਵੱਲੋਂ ਖ਼ਰੀਦੀ ਫ਼ਸਲ ਜੇ ਥੋਕ ਵਿੱਚ ਵੇਚੀ ਜਾਵੇ ਤਾਂ ਇਸ ਤੋਂ ਬਰਾਬਰ ਦੀ ਰਕਮ ਹਾਸਲ ਹੋ ਸਕਦੀ ਹੈ। ਸਰਕਾਰ ਵੱਲੋਂ ਖ਼ਰਚ ਕੀਤੀ ਜਾਂਦੀ ਕੁਲ ਰਾਸ਼ੀ ਦਾ ਵੱਡਾ ਹਿੱਸਾ ਫ਼ਸਲਾਂ ਦੇ ਭੰਡਾਰਣ ਸਬੰਧੀ ਕਾਰਜਸ਼ੀਲ ਊਣਤਾਈਆਂ ਅਤੇ ਭ੍ਰਿਸ਼ਟਾਚਾਰ ਹੋਣ ਕਰਕੇ ਵਿਅਰਥ ਜਾਂਦਾ ਹੈ ਜਿਸਦੇ ਕੁਸ਼ਲ ਪ੍ਰਬੰਧ ਰਾਹੀਂ ਵੱਡੀ ਬੱਚਤ ਕੀਤੀ ਜਾ ਸਕਦੀ ਹੈ।

**ਗੁਰੂ ਨਾਨਕ ਖੇਤੀ ਮਾਡਲ ਸਮੇਂ ਦੀ ਲੋੜ**

ਕਿਸਾਨੀ ਦੀ ਮੌਜੂਦਾ ਸਥਿਤੀ ਨੂੰ ਥਾਂ ਸਿਰ ਕਰਨ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਕਰਤਾਰਪੁਰ ਵਿੱਚ ਚਲਾਏ ਗਏ ਮਾਡਲ ਨੂੰ ਧੁਰਾ ਬਣਾਕੇ ਸੇਧ ਲਈ ਜਾ ਸਕਦੀ ਹੈ। ਕਿਰਤ ਕਰੋ, ਵੰਡ ਛਕਣ ਦਾ ਇਹ ਮਾਡਲ ਕਿਸਾਨਾਂ, ਖੇਤ ਮਜ਼ਦੂਰਾਂ ਅਤੇ ਹੋਰ ਸਾਰੇ ਪੇਂਡੂ ਕਿਰਤੀਆਂ ਨੂੰ ਆਰਥਿਕ ਵਿਕਾਸ ਅਤੇ ਗਤੀਵਿਧੀਆਂ ਵਿੱਚ ਸਾਮਲ ਕਰਨ ਦੀ ਸਮਰੱਥਾ ਰੱਖ ਸਕਦਾ ਹੈ। ਪੰਜਾਬ ਵਿੱਚ ਹੁਸ਼ਿਆਰਪੁਰ ਜ਼ਿਲੇ ਵਿੱਚ ਕਾਂਗੜੀ-ਲਾਬੜਾ ਦੇ ਪਿੰਡਾਂ ਵਿੱਚ ਚੱਲ ਰਹੇ ਸਹਿਕਾਰੀ ਖੇਤੀ ਮਾਡਲ ਉੱਤੇ ਮੰਡੀਕਰਨ ਵਿੱਚ ਮਿਲਕਫੈੱਡ ਪੰਜਾਬ ਤੇ ਅਮੂਲ ਡੇਅਰੀ ਦੇ ਸਹਿਕਾਰੀ ਮਾਡਲ ਨੂੰ ਵਿਚਾਰਿਆ ਜਾ ਸਕਦਾ ਹੈ। ਕੇਰਲ ਪ੍ਰਾਂਤ ਵਿੱਚ ਕੁੰਟਮਬਸ਼ਰੀ (ਔਰਤਾਂ ਦੀ ਜਥੇਬੰਦੀ) ਦੇ ਗਰੁੱਪ ਖੇਤੀ ਵਾਲੇ ਮਾਡਲ ਤੋਂ ਵੀ ਸਿੱਖਿਆ ਜਾ ਸਕਦਾ ਹੈ। ਪੰਜਾਬ ਵਿੱਚ ਜ਼ਮੀਨ ਪ੍ਰਾਪਤੀ ਕਮੇਟੀ ਦਾ ਸਾਂਝੀ ਖੇਤੀ ਮਾਡਲ ਵੀ ਵਿਚਾਰਿਆ ਜਾ ਸਕਦਾ ਹੈ। ਸਾਂਝੀ ਖੇਤੀ ਦੇ ਮਾਡਲ ਦੇ ਇਲਾਵਾ ਸਰਕਾਰੀ ਮਦਦ ਨਾਲ ਚਲਾਏ ਜਾ ਰਹੇ ਫਾਰਮਰਜ਼ ਪ੍ਰੋਡਿਊਸਰ ਆਰਗੇਨਾਈਜ਼ੇਸ਼ਨਜ਼ ਨੂੰ ਵੀ ਵਿਚਾਰਨ ਦੀ ਲੋੜ ਹੈ। ਇਸ ਸਮੇਂ ਖੇਤੀ ਢਾਂਚੇ ਨੂੰ ਨਵਾਂ ਰੂਪ ਦੇਣਾ, ਕਿਸਾਨਾਂ ਨੂੰ ਬਜ਼ਾਰਾਂ ਦੇ ਕਰੀਬ ਲਿਆਉਣਾ ਅੱਜ ਦੇ ਸਮੇਂ ਦੀ ਅਣ ਸਰਦੀ ਲੋੜ ਹੈ ਪਰ ਲੋੜ ਇਸ ਗੱਲ ਦੀ ਵੀ ਹੈ ਕਿ ਅਜਿਹੀ ਖ਼ੁਰਾਕ ਵੰਡ ਪ੍ਰਣਾਲੀ ਲਾਜ਼ਮੀ ਵਿਕਸਤ ਕੀਤੀ ਜਾਵੇ ਜੋ ਆਮ ਲੋਕਾਂ ਤੇ ਪਰਿਵਾਰਾਂ ਦੀ ਪੋਸ਼ਣ ਸੁਰੱਖਿਆ ਯਕੀਨੀ ਬਣਾਏ।

**ਗੈਰ-ਲੋਕਤੰਤਰੀ ਸ਼ਾਸਨ ਦਾ ਭਾਂਡਾ ਭੰਨਣ ਵਾਲਾ ਅੰਦੋਲਨ**

ਭਾਰਤੀ ਕਿਸਾਨਾਂ ਅੰਦੋਲਨ ਸੰਭਵ ਤੌਰ 'ਤੇ ਦੁਨੀਆ ਭਰ ਵਿੱਚ ਅਜਿਹਾ ਅੰਦੋਲਨ ਹੋ ਨਿੱਬੜਿਆ ਜੋ ਸਭ ਤੋਂ ਲੰਮਾ ਸਮਾਂ ਚੱਲਣ ਵਾਲਾ ਸੀ ਤੇ ਦੁਨੀਆ ਭਰ ਦਾ ਧਿਆਨ ਇਸ ਅੰਦੋਲਨ ਨੇ ਖਿੱਚਿਆ। ਇਸ ਅੰਦੋਲਨ ਨੇ ਸਦਾਬਹਾਰ ਇਨਕਲਾਬ ਦੇ ਬੀਜ ਬੀਜਣ ਦੀ ਸਮਰੱਥਾ ਹਾਸਲ ਕੀਤੀ ਹੈ। ਇਸ ਅੰਦੋਲਨ ਨੇ ਮੋਦੀ ਸਰਕਾਰ ਦੇ ਲੋਕਤੰਤਰੀ ਸ਼ਾਸਨ ਦਾ ਭਾਂਡਾ ਚੌਰਾਹੇ ਵਿੱਚ ਭੰਨਿਆ ਹੈ।

ਅਸਲ ਵਿੱਚ ਕਿਸਾਨ ਅੰਦੋਲਨ ਇੱਕ ਇਤਿਹਾਸਕ ਜਿੱਤ ਹੈ ਜਿਸਨੇ ਨਵੇਂ ਦਿਸਹੱਦੇ ਸਿਰਜੇ ਹਨ, ਹਾਕਮਾਂ ਨੂੰ ਸਬਕ ਸਿਖਾਇਆ ਹੈ। ਸਾਂਝੀਵਾਲਤਾ, ਧਰਮ ਨਿਰਪੱਖਤਾ, ਭਾਈਚਾਰੇ ਦਾ ਇੱਕ ਨਵਾਂ ਸੰਦੇਸ਼ ਭਾਰਤ ਵਾਸੀਆਂ ਨੂੰ ਦਿੱਤਾ ਹੈ।

## ਬੀਬੀ ਵੀਰੋ ਜੀ

ਗੁਰੂ ਜੀ ਆਪ ਇਨਾਂ ਦੇ ਸਰੀਰਾਂ ਦਾ ਇਸ਼ਨਾਨ ਕਰਾ ਪੂਰੇ ਸਤਿਕਾਰ ਤੇ ਗੁਰ ਮਰਿਆਦਾ ਨਾਲ ਇਨਾਂ ਦੇ ਪ੍ਰਤੀ ਅਰਦਾਸ ਕਰ ਦਾਗ ਦਿੱਤਾ। ਇਨਾਂ ਸ਼ਹੀਦਾਂ ਦੀ ਯਾਦ ਵਿਚ ਗੁਰਦੁਆਰਾ ਸੰਗਰਾਣਾ ਸਾਹਿਬ ਅੰਮ੍ਰਿਤਸਰ ਤੇ ਚਾਰ ਕੁ ਮੀਲ ਹਟਵਾਂ ਬਣਿਆ ਹੋਇਆ ਹੈ ।

ਬੀਬੀ ਵੀਰੋ ਜੀ ਦਾ ਵਿਆਹ : ਤਿੰਨ ਦਿਨ ਰਹਿੰਦੇ ਸਨ ਸਿੱਖਾਂ ਤੇ ਆਫਤ ਆ ਪਈ, ਜਦੋਂ ਕਿਲੇ ਦੀ ਕੰਧ ਟੁੱਟ ਗਈ ਤਾਂ ਗੁਰੂ ਜੀ ਹੋਰਾਂ ਇਕ ਦਮ ਸਾਰੇ ਪ੍ਰਵਾਰ ਨੂੰ ਭਾਈ ਲੰਘਾਹ ਜਿਹੜਾ ਚੜਦੀਆਂ ਕਲਾਂ ਵਾਲਾ ਨਿਧੱੜਕ ਸਿੱਖ ਸੀ ਵਲ ਨਿਗਾਹ ਪਈ ਕਿ ਉਹ ਇਸ ਬਿਪਤਾ ਵੇਲੇ ਕੰਮ ਆ ਸਕਦਾ ਹੈ । ਗੁਰੂ ਕੇ ਮਹਿਲਾਂ ਵਿਚੋਂ ਸਾਰਾ ਪ੍ਰਵਾਰ ਆ ਗਿਆ । ਪਰ ਹਫੜਾ ਦਫੜੀ ਵਿਚ ਬੀਬੀ ਵੀਰੋ ਜੀ ਉਪਰ ਚੁਬਾਰੇ ਵਿੱਚ ਸੁਤੇ ਹੀ ਰਹਿ ਗਏ। ਜਦੋਂ ਬਾਹਰ ਆ ਕੇ ਗੜ ਬੈਹਲਾਂ ਤੇ ਬੈਠਣ ਲੱਗੇ ਤਾਂ ਪਤਾ ਲਗਾ ਬੀਬੀ ਵੀਰੋ ਜੀ ਪ੍ਰਵਾਰ ਵਿਚ ਨਹੀਂ ਹੈ। ਭੜਥੂ ਮੱਚ ਗਿਆ ਸੱਭ ਚਿੰਤਾ ਤੁਰ ਹੋਏ। ਗੁਰੂ ਜੀ ਮਾਤਾਵਾਂ ਨੂੰ ਹੌਸਲਾ ਦਿੱਤਾ। ਸਿੰਘੋ ਤੇ ਬਾਬਕ ਨੂੰ ਘੋੜਿਆਂ ਤੇ ਭੇਜਿਆ ਗਿਆ ਨਾਲ ਹੀ ਗੁਰੂ ਜੀ ਹੋਰਾਂ ਆਪਣਾ ਸਿਮਰਨਾ ਭੇਜਿਆ ਕਿ ਇਹ ਸਿਮਰਨਾ ਦਿਖਾ ਬੀਬੀ ਨੂੰ ਘੋੜੇ ਤੇ ਬਿਠਾ ਸਾਥ ਲੈ ਆਉਣਾ। ਦੋਵੇਂ ਸਿੱਖ ਬੜੇ ਬਹਾਦਰ ਤੇ ਨਿਰਭੈ ਸਨ। ਬਾਬਕ ਫਾਰਸੀ ਤੇ ਪਸ਼ਤੋ ਵੀ ਜਾਣਦਾ ਸੀ। ਇਹ ਰਾਤ ਦੇ ਹਨੇਰੇ ਵਿਚ ਪਸ਼ਤੋ ਬੋਲਦਾ ਮਹਿਲਾਂ ਵਿਚ ਪੁੱਜ ਗਿਆ। ਘੋੜੇ ਤੋਂ ਉਤਰ ਸਿੰਘਾਂ ਉਪਰ ਬੈਠੇ ਬੀਬੀ ਜੀ ਨੂੰ ਗੁਰੂ ਜੀ ਦਾ ਸਿਮਰਨਾ ਦਿਖਲਾ ਘੋੜੇ ਤੇ ਚੜਾ ਚੱਲ ਪਿਆ। ਅੰਦਰ ਤੁਰਕ ਮਠਿਆਈ ਦੇ ਆਹੂ ਲਾਹੁਣ ਲੱਗੇ ਹੋਏ ਸਨ। ਜਦੋਂ ਤੁਰਨ ਲਗੇ ਤਾਂ ਕਿਸੇ ਪਸ਼ਤੋ ਵਿੱਚ ਪੁਛਿਆ ਕਿ 'ਕੌਣ ਹੈ ? ਬਾਬਕ ਨੇ ਪਸ਼ਤੋ ਵਿਚ ਉਤਰ ਦਿਤਾ ਕਿ 'ਤੁਹਾਡੇ ਸਾਥੀ ਹਨ । ਇਸ ਤਰਾਂ ਘੋੜੇ ਭਜਾਉਂਦੇ ਬੀਬੀ ਜੀ ਨੂੰ ਨਾਲ ਲੈ ਆਏ । ਰਾਹ ਵਿਚ ਬੀਬੀ ਜੀ ਦੀ ਜੁਤੀ ਦਾ ਇਕ ਪੈਰ ਡਿਗਾ ਤਾਂ ਇਕ ਸਿਪਾਹੀ ਨੇ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ ਤਾਂ ਬਾਬਕ ਨੇ ਉਸ ਦੇ ਮੂੰਹ ਵਿਚ ਗੋਲੀ ਮਾਰ ਪਾਰ ਬੁਲਾ ਦਿੱਤਾ । ਹੁਣ ਸਾਰਾ ਪ੍ਰਵਾਰ ਝਬਾਲ ਵੱਲ ਚਲ ਪਿਆ । ਬਰਾਤ ਜਿਹੜੀ ਕਿ ਮੱਲੇ ਤੋਂ ਆਉਣੀ ਸੀ ਨੂੰ ਏਲਚੀ ਭੇਜ ਝਬਾਲ ਆਉਣ ਲਈ ਸੁਨੇਹਾ ਭੇਜ ਦਿਤਾ। ਝਬਾਲ ਪੁੱਜਣ ਤੇ ਗੁਰੂ ਜੀ ਦਾ ਬੜਾ ਨਿਘਾ ਸਵਾਗਤ ਕੀਤਾ ਗਿਆ । ਦਿਨ ਚੜੇ 26 ਜੇਠ ਨੂੰ ਗੁਰੂ ਜੀ ਨੇ ਉਥੋਂ ਇਕ ਸ਼ਾਹੂਕਾਰ ਪਾਸੋਂ ਰਸਦ ਆਦਿ ਖਰੀਦ ਕੜਾਹ ਪ੍ਰਸ਼ਾਦਿ ਕੀਤਾ ਆਪਣੀ ਸੈਨਾ ਨੂੰ ਛਕਾ ਕੇ ਹਟੇ ਸਨ ਕਿ ਬਰਾਤ ਵੀ ਆ ਗਈ । ਭਾਈ ਧਰਮਾ ਆਪਣੇ ਲਾਡਲੇ ਭਾਈ ਸਾਧੂ ਨੂੰ ਲੈ ਪੂਰੀ ਸੱਜ ਧੱਜ ਨਾਲ ਝਬਾਲ ਪੁੱਜੇ । ਬੀਬੀ ਰਾਮੋ ਜੀ ਭਾਈ ਸਾਂਈ ਦਾਸ ਵਿਚੋਲੇ ਵੀ ਨਾਲ। ਗੁਰ ਮਰਿਆਦਾ ਨਾਲ ਆਦਿ ਗ੍ਰੰਥ ਤੋਂ ਲਾਵਾਂ ਪੜੀਆਂ ਗਈਆਂ । ਜਦੋਂ ਬੀਬੀ ਵੀਰੋ ਜੀ ਨੂੰ ਵਿਦਾ ਕਰਨ ਲੱਗੇ ਤਾਂ ਬਚਨ ਰਾਹੀਂ ਉਪਦੇਸ਼ ਕੀਤਾ ਕਿ 'ਬੀਬੀ ਬੇਟੀ ! ਪਤੀ ਨਾਲ ਹੀ ਸੱਭ ਕੁਝ ਚੰਗਾ ਸੋਂਹਦਾ ਹੈ। ਘਰ ਵਿਚ ਆਇਆਂ ਦਾ ਆਦਰ-ਮਾਣ ਕਰਨਾ ਸੱਸ -ਸੋਹਰੇ ਨੂੰ ਮਾਤਾ ਪਿਤਾ ਜਾਣ ਸਤਿਕਾਰ ਕਰਨਾ ਹੈ। ਪਤੀ ਦੀ ਸੇਵਾ ਹੀ ਇਸਤਰੀ ਲਈ ਚੰਗੀ ਹੈ। ਸੋਹਣ ਕਵੀ ਲਿਖਦਾ ਹੈ : 'ਸੁਨ ਬੀਬੀ ਮੈਂ ਤੁਝੇ ਸੁਨਾਉ ॥ ਪਤਿ ਕੀ ਮਹਮਾ ਕਹਿ ਭਰ ਗਾਉ ॥ ਪਤੀ ਕੀ ਸੇਵਾ ਕਰਨੀ ਸਫਲੀ ਪਤਿਬਿਨ ਔਰ ਕਰੇ ਸੱਭ ਨਫਲੀ ॥ ਗੁਰੂ ਜਨ ਕੀ ਇਜ਼ਤ ਬਹੁ ਕਰਨੀ। ਸਾਸਾ ਸੇਵ ਰਿਦੁ ਮਹਿ ਸੁ ਧਰਨੀ।

ਉਧਰ ਮਾਤਾ ਦਮੋਦਰੀ ਜੀ ਨੇ ਵੀ ਸਿੱਖ ਮਤ ਦਿੱਤੀ ਕਿ ਸੰਗਤ ਚੰਗੀ ਕਰਨੀ ਹੈ ਭੈੜੀ ਸੰਗਤ ਨਹੀਂ ਕਰਨੀ । ਇਥੋਂ ਵਾਂਗ ਅੰਮ੍ਰਿਤ ਵੇਲੇ ਉਠ ਇਸ਼ਨਾਨ ਕਰ ਗੁਰਬਾਣੀ ਗਾਉਂਦਿਆਂ ਸਾਰਾ ਕੰਮ ਕਾਰ ਕਰਨਾ ਹੈ । ਸੁਚੱਜੀ ਬਨਣਾ ਕੁਚੱਜੀ ਨਹੀਂ ਬਣਨਾ। ਬਹੁਤੀਆਂ ਗੱਲਾਂ ਨਹੀਂ ਕਰਨੀਆਂ । ਨਿਰਮਾਨ, ਨਿਵ ਚਲਣਾ ਹੈ । ਹਉਮੈ ਦਾ ਤਿਆਗ ਕਰਨਾ ਹੈ। ਪੇਕੇ ਘਰ ਨੂੰ ਕੋਈ ਉਲਾਮਾ ਨਹੀਂ ਮਿਲਣਾ ਚਾਹੀਦਾ। ਕਵੀ ਸੋਹਨ ਲਿਖਦਾ ਹੈ ਸੁਨ ਪੁਤਰੀ ਪ੍ਰਾਨ ਤੇ ਪਿਆਰੀ । ਜਿਸ ਤੇ ਬੈਸ ਕਿਤੇ ਸੁਖਕਾਰੀ ॥ ਕੁਲ ਕੀ ਬਾਤ ਚਿਤ ਮੈ ਧਰਨੀ ) ਖੋਟੀ ਸੰਗਤ ਨਹੀਂ ਸੋ ਕਰਨੀ ॥ ਪ੍ਰਭਾਤੇ ਉਠ ਕਰ ਮੰਜਨ ਕਰਯੋ ।। ਗੁਰੂ ਬਾਣੀ ਮੁਖ ਤੇ ਰਹੀਯੋ ॥ ਪੁਨਾ ਔਰ ਬਿਵਹਾਰ ਸੋ ਹੋਈ । ਭਲੇ ਸੰਭਾਲੋ ਨੀਕੋ ਸੋਈ ॥ ਮੈਂ ਢਿਗ ਉਪਾਲੰਭ ਨਹਿ ਆਵੈ ॥ ਐਸੀ ਥਾਂ ਸਰਬ ਸੁਖ ਪਾਵੈ ॥ ਬਰਾਤ ਬੀਬੀ ਵੀਰੋ ਜੀ ਦੀ ਡੋਲੀ ਲੈ ਵਾਪਸ ਪਰਤਨ ਲੱਗੀ ਤਾਂ ਭਾਈ ਸਾਧੂ ਜੀ ਨੇ ਗੁਰੂ ਜੀ ਦੇ ਚਰਨ ਪਕੜ ਲਏ । ਗੁਰੂ ਜੀ ਹੋਰਾਂ ਉੱਠਾ ਆਪਣੀ ਛਾਤੀ ਲਾ ਲਿਆ। ਅਨੰਦ ਕਾਰਜ ਤੋਂ ਗੁਰੂ ਜੀ ਕਿਹਾ ਕਿ ਇਸ ਅਸਥਾਨ ਮੇਲੇ ਲਗਣਗੇ। ਏਥੇ 26 ਜੇਠ ਵਾਲੇ ਦਿਨ ਬੀਬੀ ਵੀਰੋ ਜੀ ਦੇ ਵਿਆਹ ਦੀ ਯਾਦ ਵਿਚ ਹਰ ਸਾਲ ਮਹਾਨ ਮੇਲਾ ਲੱਗਦਾ ਹੈ ਬੜੀ ਧੂਮ ਧਾਮ ਨਾਲ ਮਨਾਇਆ ਜਾਂਦਾ ਹੈ । ਬੀਬੀ ਵੀਰੋ ਜੀ ਦੀ ਕੁੱਖੋਂ ਪੰਜ ਸੂਰਬੀਰਾਂ ਜਨਮ ਲਿਆ ਜਿਹੜੇ ਪੰਜੇ ਹੀ ਆਪਣੇ ਨਾਨੇ ਜੀ ਵਾਂਗ ਸੂਰਬੀਰ ਸਨ । ਇਨਾਂ ਨੇ ਆਪਣੇ ਮਾਮੇ ਦੇ ਪੁੱਤਰ ਗੁਰੂ ਗੋਬਿੰਦ ਸਿੰਘ ਜੀ ਦਾ ਯੁੱਧਾਂ ਵਿਚ ਸਾਥ ਦਿੱਤਾ। ਸੰਗੋ ਸ਼ਾਹ, ਗੁਲਾਬ ਚੰਦ, ਜੀਤ ਮੱਲ, ਗੰਗਾ ਰਾਮ ਤੇ ਮੋਹਰੀ ਚੰਦ ਸੰਗੋ ਸ਼ਾਹ ਨੂੰ ਦਸ਼ਮੇਸ਼ ਪਿਤਾ ਨੇ 'ਯੁੱਧ ਦਾ ਮਹਾਨ ਸੂਰਮੇ' ਦਾ ਖਿਤਾਬ ਬਖਸ਼ਿਆ (ਸ਼ਾਹ ਸੰਗਰਾਮ) ਭੰਗਾਣੀ ਦੇ ਯੁੱਧ ਵਿਚ ਗੁਰੂ ਗੋਬਿੰਦ ਸਿੰਘ ਜੀ ਬਚਿੱਤਰ ਨਾਟਕ ਵਿਚ ਇਉਂ ਲਿਖਿਆ ਹੈ : ਤਹਾਂ ਸ਼ਾਹ ਸ੍ਰੀ ਸਾਹ ਸੰਗ੍ਰਾਮ ਕੋਪੇ ਪੰਚੈ ਬੀਰ ਬੰਕੇ ਪ੍ਰਥੀ ਪਾਇ ਰੋਪੇ। ਹੱਠੀ ਜੀਤ ਮੰਝ ਸੁੰਗਾਜੀ ਸੁਲਾਬੰ ਰਣੇ ਦੇਖੀਐ ਰੰਗ ਰੂਪੇ ਸ਼ਹਾਬੰ ॥੪ ।। ਪੰਜਾ ਸੂਰਮਿਆਂ ਭੂਆ ਦੇ ਪੁਤ੍ਰ ਭਰਾ। ਉਥੇ ਯੁੱਧ ਵਿਚ 'ਸ਼ਾਹ ਸ੍ਰੀ ਸੰਗੋਸ਼ਾਹ (ਸ਼ਾਹ ਸੰਗਰਾਮ ਅਰਥ ਸਰਦਾਰਾਂ ਦਾ ਸਰਦਾਰ) ਕ੍ਰੋਧਵਾਨ ਹੋਏ । ਇਨਾਂ ਪੰਜਾਂ ਸੁੰਦਰ ਭਰਾਵਾਂ ਨੇ ਧਰਤੀ ਤੇ ਪੈਰ ਗੱਡ ਦਿੱਤੇ । ਜੀਤ ਮੱਤ (ਹੱਠੀ) ਗੁਲਾਬ ਰਾਇ (ਗਾਜ਼ੀ) ਸੰਗੀਆਂ ਤੇ ਲਾਲ ਚੰਦ ਨੇ ਯੁੱਧ ਦਾ ਰੰਗ ਵੇਖਦੇ ਹੀ ਲਾਲ ਰੂਪ ਕਰ ਲਿਆ। ਅਰਥ ਬੀਰ ਰਸ ਨਾਲ ਮਤੇ ਜਾਣ ਕਰਕੇ ਪੰਜਾਂ ਭਰਾਵਾਂ ਦੇ ਚੇਹਰੇ ਲਾਲੋ ਲਾਲ ਹੋ ਗਏ ॥ ਭਟ ਵਹੀ ਮੁਲਤਾਨੀ ਸਿੰਧੀ ਵਿਚ ਵੀ ਇਉਂ ਜ਼ਿਕਰ ਆਉਂਦਾ ਹੈ : ਸੰਗੋ ਸ਼ਾਹ, ਜੀਤ ਮਲ, ਬੇਟੇ ਸਾਧੂ ਰਾਮ ਕੇ ਪੋਤੇ ਧਰਮ ਚੰਦ ਕੇ ਗੋਤਰੇ ਖੱਤਰੀ ਸੰਬਤ ਸਤਰਾਂ ਸੌ ਪੰਜਤਾਲੀ ਅਸੁਨ ਮਾਸ ਦੀ ਅਠਾਰਾਂ ਸੀ ਮੰਗਲਵਾਰ ਕੇ ਦਿੰਹੁ ਭਗਾਣੀ ਪਰਗਣਾ ਪਾਂਵਟਾ ਕੇ ਮਲਾਨ ਤੀਜੇ ਪਹਰ ਨਜਾਬਤ ਖਾਂ ਆਦਿ ਕੋ ਮਾਰ ਸ਼ਾਮ ਆਨ ਸ਼ਹਾਦਤਾਂ ਪਾਈਆਂ। ਬੀਬੀ ਵੀਰੋ ਜੀ ਨੇ ਜੋ ਸਿਖਿਆਵਾਂ ਆਪਣੇ ਪੇਕੇ ਘਰ ਮਾਪਿਆ ਪਾਸੋਂ ਲਈਆਂ ਸਨ ਉਹ ਤੇ ਮੀਰੀ - ਪੀਰੀ ਦੇ ਮਾਲਕ ਦੇ ਜੰਗਾਂ ਯੁੱਧਾਂ ਦੀਆਂ ਕਹਾਣੀਆਂ ਆਪਣੇ ਪੁੱਤਰਾਂ ਨੂੰ ਸੁਣਾ ਸੁਣਾ ਕੇ ਉਨਾਂ ਨੂੰ ਸੂਰਬੀਰ ਤੇ ਨਿਰਭੈ ਬਣਾ ਦਿੱਤਾ ਸੀ । ਉਨਾਂ ਨੂੰ ਹਰ ਔਕੜ ਤੇ ਬਿਪਤਾ ਵੇਲੇ ਆਪਣੇ ਨਾਨੇ (ਗੁਰੂ ਹਰਿਗੋਬਿੰਦ ਸਿੰਘ) ਵਾਂਗ ਨਿਤ ਚੜਦੀਆਂ ਕਲਾ ਵਿੱਚ ਰਹਿਣ ਦੀ ਉਚੇਰੀ ਸਿੱਖਿਆ ਦਿੱਤੀ ਗਈ ਸੀ। ਬੀਬੀ ਵੀਰੋ ਜੀ ਨੇ ਆਪਣੇ ਲਖਤੇ ਜਿਗਰਾਂ ਨੂੰ ਉਹ ਹਰ ਸਿਖਿਆ ਦਿੱਤੀ ਜਿਹੜੀ ਕਿ ਇਕ ਸੂਰਮੇ ਨੂੰ ਮੈਦਾਨੇ ਜੰਗ ਵਿੱਚ ਲੋੜੀਂਦੀ ਹੈ। ਇਸੇ ਸਿੱਖਿਆ ਸਦਕਾ ਇਨਾਂ ਦੇ ਦੋ ਪੁੱਤਰਾਂ ਜੀਤ ਮੱਲ ਨੇ ਸੰਗੋ ਸ਼ਾਹ ਨੇ ਗੁਰੂ ਜੀ ਦੇ ਸਨਮੁਖ ਸ਼ਹੀਦੀ ਪਾਈ।

## ਕੀ ਗੁਰੂ ਗੋਬਿੰਦ ਸਿੰਘ...

ਜਿੰਨਾ ਕਿ ਸ੍ਰੀ ਅਕਾਲ ਪੁਰਖ ਜੀ ਉੱਤੇ। ਆਪਣੀ ਬਾਣੀ 'ਅਕਾਲ ਉਸਤਤਿ' ਦੇ ਆਰੰਭ ਵਿਚ ਉਹ ਲਿਖਦੇ ਹਨ :-

ਅਕਾਲ ਪੁਰਖ ਕੀ ਰਛਾ ਹਮਨੈ॥
ਸਰਬ ਲੋਹ ਕੀ ਰਛਿਆ ਹਮਨੈ॥
ਸਰਬ ਕਾਲ ਜੀ ਕੀ ਰਛਿਆ ਹਮਨੈ॥
ਸਰਬ ਲੋਹ ਜੀ ਦੀ ਸਦਾ ਰਛਿਆ ਹਮਨੈ॥

ਇੱਥੇ ਇਕ ਸਵਾਲ ਪੈਦਾ ਹੁੰਦਾ ਹੈ ਕਿ ਕੀ ਗੁਰੂ ਗੋਬਿੰਦ ਸਿੰਘ ਜੀ ਨਿਪਟ ਇਕ ਯੁੱਧ-ਪ੍ਰੇਮੀ ਸਨ ? ਕੀ ਉਨਾਂ ਨੂੰ ਹਰ ਸਮੇਂ ਯੁੱਧ ਦਾ ਚਾਅ ਚੜਿਆ ਰਹਿੰਦਾ ਸੀ ? ਕਿਸੇ ਵੀ ਵਿਅਕਤੀ ਨੂੰ ਅਜਿਹੇ ਭਰਮ ਦਾ ਸ਼ਿਕਾਰ ਨਹੀਂ ਹੋਣਾ ਚਾਹੀਦਾ। ਗੁਰੂ ਗੋਬਿੰਦ ਸਿੰਘ ਇਕ ਬਹੁਪੱਖੀ ਸ਼ਖ਼ਸੀਅਤ ਦੇ ਮਾਲਕ ਸਨ। ਉਨਾਂ ਨੇ ਆਪਣੀ 42 ਸਾਲ ਦੀ ਛੋਟੀ ਜਿਹੀ ਉਮਰ ਵਿਚ ਜੀਵਨ ਦੇ ਤਕਰੀਬਨ ਹਰ ਖੇਤਰ ਵਿਚ ਬੇਹੱਦ ਸਾਰਥਿਕ ਭੂਮਿਕਾ ਨਿਭਾਈ। ਉਹ 'ਮਾਨਸ ਕੀ ਜਾਤਿ ਸਬੈ ਏਕੈ ਪਹਚਾਨਬੋ' ਦੇ ਧਾਰਨੀ ਸਨ। ਕਹਿੰਦੇ ਹਨ ਕਿ ਜੇ ਕੁਝ ਲੋਕਾਂ ਦੀ ਸ਼ਕਲ-ਸੂਰਤ ਕੁਝ ਵੱਖਰੀ ਤਰਾਂ ਦੀ ਦਿਸਦੀ ਹੈ ਤਾਂ ਇਹ 'ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਪ੍ਰਭਾਉ ਹੈ॥' ਗੁਰੂ ਗੋਬਿੰਦ ਸਿੰਘ ਕਿਸੇ ਧਰਮ ਦੇ ਅਤੇ ਖਾਸ ਕਰਕੇ ਇਸਲਾਮ ਦੇ ਵਿਰੋਧੀ ਨਹੀਂ ਸਨ। ਉਹ ਕੇਵਲ ਜਬਰ-ਜ਼ੁਲਮ ਅਤੇ ਅਨਿਆਂ ਦੇ ਵਿਰੋਧੀ ਸਨ। ਉਨਾਂ ਨੇ ਕਦੀ ਕਿਸੇ ਉੱਤੇ ਹਮਲਾ ਨਹੀਂ ਕੀਤਾ। ਸਾਰੇ ਯੁੱਧ ਸਵੈ-ਰੱਖਿਆ ਲਈ ਲੜੇ। ਉਹ ਯੁੱਧ ਨੂੰ ਆਖਰੀ ਹਥਿਆਰ ਵਜੋਂ ਵਰਤਦੇ ਸਨ। ਉਨਾਂ ਦੇ ਇਸ ਵਿਚਾਰ ਅਤੇ ਅਸੂਲ ਨੂੰ ਵਿਅਕਤ ਕਰਦਾ ਜ਼ਫ਼ਰਨਾਮੇ ਵਿਚ ਉਨਾਂ ਦਾ ਪ੍ਰਸਿੱਧ ਸ਼ਿਅਰ ਹੈ-

ਚੂ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ।
ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਸੱਚ, ਧਰਮ ਅਤੇ ਨਿਆਂ ਦੀ ਖਾਤਰ ਜੂਝ ਮਰਨ ਦੀ ਪ੍ਰੇਰਨਾ ਦਿੰਦੀ ਹੈ। ਗੁਰੂ ਨਾਨਕ ਸਾਹਿਬ ਫਰਮਾਉਂਦੇ ਹਨ-

ਜਉ ਤਉ ਪ੍ਰੇਮ ਖੇਲਣ ਕਾ ਚਾਉ॥
ਸਿਰੁ ਧਰਿ ਤਲੀ ਗਲੀ ਮੇਰੀ ਆਉ॥
ਇਤੁ ਮਾਰਗਿ ਪੈਰੁ ਧਰੀਜੈ॥
ਸਿਰੁ ਦੀਜੈ ਕਾਨ ਨ ਕੀਜੈ॥

ਗੁਰੂ ਅਰਜਨ ਦੇਵ ਜੀ ਦਾ ਬਚਨ ਹੈ-

ਜੋ ਸੂਰਾ ਤਿਸ ਹੀ ਹੋਇ ਮਰਣਾ॥
ਜੋ ਭਾਗੈ ਤਿਸੁ ਜੋਨੀ ਫਿਰਣਾ॥

ਇਸੇ ਪ੍ਰਸੰਗ ਵਿਚ ਗੁਰੂ ਗੋਬਿੰਦ ਸਿੰਘ ਜੀ ਅਕਾਲ ਪੁਰਖ ਅੱਗੇ ਬੇਨਤੀ ਕਰਦੇ ਹਨ-

ਹੇ ਰਵਿ ਹੇ ਸਸਿ ਹੇ ਕਰੁਨਾਨਿਧ
ਮੇਰੀ ਅਬੈ ਬਿਨਤੀ ਸੁਨਿ ਲੀਜੈ॥
ਅਉਰ ਨ ਮਾਗਤ ਹਉ ਤੁਮ ਤੇ ਕਛੁ
ਚਾਹਤ ਹਉ ਚਿਤ ਮੈਂ ਸੋਈ ਕੀਜੈ।
ਸਸਤ੍ਰਨ ਸੋ ਅਤਿ ਹੀ ਰਨ ਭੀਤਰ
ਜੂਝ ਮਰੋ ਕਹਿ ਸਾਚ ਪਤੀਜੈ॥

# ਪੂੰਜੀਵਾਦ ਧਰਤੀ ਤੇ ਲੋਕਾਂ ਦੀ ਤਬਾਹੀ ਦਾ ਕਾਰਨ

**ਹਰੀਪਾਲ**

ਪੂੰਜੀਵਾਦ ਤਾਂ ਖ਼ਤਰਨਾਕ ਹੈ ਹੀ ਪਰ ਪੂੰਜੀਵਾਦੀ ਸੋਚ ਜਿਹੜੀ ਆਮ ਲੋਕਾਂ ਦੇ ਦਿਮਾਗ ਵਿਚ ਘਰ ਕਰ ਗਈ ਹੈ, ਇਸ ਤੋਂ ਵੀ ਵੱਧ ਖਤਰਨਾਕ ਹੈ। ਅਸੀਂ ਇਹੋ ਜਿਹੇ ਸਮੇਂ ਵਿਚ ਜੀਅ ਰਹੇ ਹਾਂ ਜਦ ਕੋਈ ਕਿਸੇ ਤੇ ਇਤਬਾਰ ਨਹੀਂ ਕਰ ਸਕਦਾ, ਜਾਂ ਕਹੀਏ ਕਿ ਇਹ ਬੇਇਤਬਾਰੀ ਦਾ ਯੁਗ ਹੈ। ਹਾਲਤ ਇਹ ਹੋ ਗਏ ਹਨ ਕਿ ਗੂੜੇ ਰਿਸ਼ਤੇ ਪਤਲੇ ਪੈ ਗਏ ਹਨ। ਬਾਹਰ ਜਾਣ ਵਾਲ਼ਾ ਸ਼ਖ਼ਸ ਆਪਣੀ ਕੋਠੀ ਜਾਂ ਜ਼ਮੀਨ ਵਗੈਰਾ ਆਪਣੇ ਰਿਸ਼ਤੇਦਾਰਾਂ ਨੂੰ ਸੰਭਾਲ਼ ਜਾਂਦਾ ਹੈ ਤੇ ਜਦ ਵਾਪਸ ਆ ਕੇ ਆਪਣੀ ਕੋਠੀ ਜਾਂ ਜ਼ਮੀਨ ਵਾਪਸ ਮੰਗਦਾ ਹੈ ਤਾਂ ਕਈ ਵਾਰੀ ਆਪਣੀ ਜਾਨ ਤੋਂ ਵੀ ਹੱਥ ਧੋ ਬੈਠਦਾ ਹੈ। ਕਿੰਨੇ ਹੀ ਭਰਾ ਜਿਹਨਾਂ ਨੇ ਬਾਹਰ ਜਾ ਕੇ ਬੇਹੱਦ ਕੰਮ ਕਰਕੇ ਆਪਣੇ ਘਰਾਂ ਨੂੰ ਪੈਰਾਂ ਸਿਰ ਕੀਤਾ, ਆਪਣੇ ਹੀ ਭਰਾਵਾਂ ਹੱਥੋਂ ਮਾਰੇ ਗਏ। ਕਿੰਨੀਆਂ ਹੀ ਸਾਡੀਆਂ ਧੀਆਂ ਜਾਂ ਭੈਣਾਂ ਆਪਣੇ ਮਾਪਿਆਂ ਤੋਂ ਜ਼ਮੀਨ ਵਿਚੋਂ ਹਿੱਸਾ ਲੈ ਲੈਂਦੀਆਂ ਹਨ ਜਾਂ ਮੰਗਦੀਆਂ ਹਨ ਪਰ ਆਪਣੇ ਸਹੁਰਿਆਂ ਦੀ ਜ਼ਮੀਨ ਵਿਚੋਂ ਆਪਣੀਆਂ ਨਣਦਾਂ ਨੂੰ ਹਿੱਸਾ ਦੇਣ ਨੂੰ ਤਿਆਰ ਨਹੀਂ।

ਪੂੰਜੀਵਾਦੀ ਸੋਚ ਨੇ ਮਨੁੱਖ ਨੂੰ ਹਾਬੜਾ ਲਾ ਦਿੱਤਾ ਹੈ। ਹਰ ਵੇਲ਼ੇ ਪੈਸਾ ਪੈਸਾ। ਮਨੁੱਖ ਨੇ ਪੈਸਾ ਕਮਾਉਣ ਲਈ ਫੈਕਟਰੀਆਂ ਲਾਈਆਂ, ਮਜ਼ਦੂਰਾਂ ਦੀ ਲੁੱਟ ਕੀਤੀ, ਫੈਕਟਰੀਆਂ ਦਾ ਗੰਦ ਧਰਤੀ ਵਿਚ ਬੋਰ ਕਰਕੇ ਗਰਕ ਕਰ ਰਿਹਾ ਹੈ ਜਾਂ ਦਰਿਆਵਾਂ ਵਿਚ ਸੁੱਟ ਰਿਹਾ ਹੈ, ਨਾਲ਼ੇ ਉਸ ਨੂੰ ਪਤਾ ਹੈ ਕਿ ਪਾਣੀ ਹੀ ਜੀਵਨ ਹੈ : ਫਿਰ ਵੀ ਥੋੜਚਿਰੇ ਮੁਨਾਫੇ ਲਈ ਕੁਝ ਵੀ ਨਹੀਂ ਦੇਖਦਾ। ਸਾਰੇ ਮੁਲਕਾਂ ਵਿਚ ਪਲਾਸਟਿਕ ਦੀਆਂ ਫੈਕਟਰੀਆਂ ਹਨ, ਐਸ ਵੇਲ਼ੇ ਇੱਕ ਟਨ ਤੋਂ ਉਪਰ ਪਲਾਸਟਿਕ ਹਰ ਘੰਟੇ ਸਮੁੰਦਰ ਵਿਚ ਜਾ ਰਿਹਾ ਹੈ ਪਰ ਕੋਈ ਵੀ ਪ੍ਰਵਾਹ ਨਹੀਂ ਕਰ ਰਿਹਾ। ਸਮੁੰਦਰ ਵਿਚ ਪਲਾਸਟਿਕ ਦੇ ਤਿੰਨ ਵੱਡੇ ਵੱਡੇ ਗਾਰਬੇਜ ਟਾਪੂ ਬਣ ਗਏ ਹਨ। ਕੈਲੀਫੋਰਨੀਆ ਅਤੇ ਹਵਾਈ ਦੇ ਵਿਚਕਾਰ ਪਲਾਸਟਿਕ ਦਾ ਟਾਪੂ ਫਰਾਂਸ ਤੋਂ ਵੀ ਵੱਡਾ ਹੈ ਜਿਸ ਤੋਂ ਸਮੁੰਦਰੀ ਜਹਾਜ਼ ਪਾਸੇ ਹੋ ਕੇ ਲੰਘਦੇ ਹਨ ਪਰ ਕਿਸ ਸਰਕਾਰ ਦੀ ਜੁਰਅਤ ਹੈ ਜਿਹੜੀ ਪਲਾਸਟਿਕ ਬਣਾਉਣ ਵਾਲ਼ੀਆਂ ਫੈਕਟਰੀਆਂ ਨਾਲ਼ ਪੰਗਾ ਲਵੇ।

ਮਾਹਰ ਕਹਿੰਦੇ ਹਨ ਕਿ 2050 ਤੱਕ ਜੇਕਰ ਇਸੇ ਹਿਸਾਬ ਨਾਲ਼ ਪਲਾਸਟਿਕ ਸਮੁੰਦਰ ਵਿਚ ਜਾਂਦਾ ਰਿਹਾ ਤਾਂ ਸਮੁੰਦਰ ਵਿਚ ਪਲਾਸਟਿਕ ਸਮੁੰਦਰੀ ਜੀਵਾਂ ਨਾਲ਼ੋਂ ਵੀ ਵਧ ਜਾਵੇਗਾ। ਫਿਰ ਜਿਹੜੇ ਲੋਕ ਸਿਰਫ ਸਮੁੰਦਰੀ ਜੀਵਾਂ ਤੋਂ ਆਪਣਾ ਰੁਜ਼ਗਾਰ ਕਮਾਂਉਦੇ ਹਨ ਜਾਂ ਜਿਹਨਾਂ ਦੀ ਖੁਰਾਕ ਹੀ ਸਮੁੰਦਰੀ ਜੀਵ ਹਨ, ਉਹ ਕੀ ਕਰਨਗੇ? ਕੁਝ ਚਿਰ ਬਾਅਦ ਇਹ ਕਾਰਪੋਰੇਸ਼ਨਾਂ ਸਰਕਾਰਾਂ ਤੋਂ ਪੈਸੇ ਲੈ ਕੇ ਸਮੁੰਦਰ ਵਿਚੋਂ ਪਲਾਸਟਿਕ ਕੱਢਣ ਦਾ ਕੰਮ ਸ਼ੁਰੂ ਕਰਨਗੀਆਂ ਅਤੇ ਆਮ ਲੋਕ ਟੈਕਸਾਂ ਰਾਹੀਂ ਇਸ ਦੀ ਭਰਪਾਈ ਕਰਨਗੇ। ਜਿਹੜੀ ਹੇਠਲੀ ਜਮਾਤ ਪਹਿਲਾਂ ਹੀ ਟੈਕਸਾਂ ਦੇ ਬੋਝ ਨਾਲ਼ ਮਾਰੀ ਪਈ ਹੈ, ਉਸ ਤੇ ਹੋਰ ਬੋਝ ਪਾਇਆ ਜਾਵੇਗਾ। ਧਰਤੀ ਦੀ ਇੱਕ ਹੋਰ ਦੁਸ਼ਮਣ ਹੈ ਮਾਈਨਿੰਗ : ਸਮੁੰਦਰੀ ਰੇਤ ਜਾਂ ਦਰਿਆਵਾਂ ਦੀ ਰੇਤ ਅੱਜ ਕੱਲ ਬੁਰੀ ਤਰਾਂ ਕੱਢੀ ਜਾ ਰਹੀ ਹੈ। ਆਸਟ੍ਰੇਲੀਆਂ ਦੀਆਂ ਕੰਪਨੀਆਂ, ਇੰਡੋਨੇਸ਼ੀਆਂ ਦੇ ਲਾਗਿਓਂ ਸਮੁੰਦਰ ਵਿਚੋਂ ਰੇਤ ਕੱਢਦੀਆਂ ਹਨ। ਵੱਡੀਆਂ ਵੱਡੀਆਂ ਪਾਈਪਾਂ ਰਾਹੀਂ ਧਰਤੀ ਵਿਚੋਂ ਰੇਤ ਖਿੱਚੀ ਜਾਂਦੀ ਹੈ, ਰੇਤ ਦੇ ਨਾਲ਼ ਹੀ ਸਮੁੰਦਰੀ ਜੀਵ, ਕੀੜੇ ਮਕੌੜੇ ਵਗੈਰਾ ਖਿੱਚੇ ਜਾਂਦੇ ਹਨ। ਇਹ ਕੀੜੇ ਮਕੌੜੇ ਘੋਗੇ ਸਿੱਪੀਆਂ ਮਨੁੱਖ ਦੀ ਲਾਲਚ ਦੀ ਭੇਟਾ ਚੜ ਜਾਂਦੇ ਹਨ। ਸਮੁੰਦਰ ਵਿਚ ਇਸ ਸੈਂਡ ਮਾਈਨਿੰਗ ਕਰਕੇ ਇੰਡੋਨੇਸ਼ੀਆ ਦਾ ਇੱਕ ਟਾਪੂ ਸਮੁੰਦਰ ਵਿਚ ਹੀ ਗਰਕ ਗਿਆ। ਬਹੁਤ ਸਾਰੇ ਮੁਲਕਾਂ ਵਿਚ ਧਰਤੀ ਵਿਚੋਂ ਪੱਥਰ ਕੱਢਣ ਦਾ ਰੁਝਾਨ ਹੈ। ਧਰਤੀ ਵਿਚੋਂ ਵੱਡੇ ਵੱਡੇ ਟੋਏ ਜਾਂ ਖੁੱਲੀਆਂ ਖਦਾਣਾਂ ਰਾਹੀਂ ਪੱਥਰ ਕੱਢਿਆ ਜਾਂਦਾ ਹੈ। ਫਿਰ ਇਸ ਪੱਥਰ ਨੂੰ ਕਰੱਸ਼ ਕਰਕੇ ਕੰਸਟਰੱਕਸ਼ਨ ਲਈ ਵਰਤਿਆ ਜਾਂਦਾ ਹੈ। ਪੰਜਾਬ ਵਿਚ ਹੁਸ਼ਿਆਰਪੁਰ ਲਾਗੇ ਇਹ ਕੰਮ ਜ਼ੋਰ-ਸ਼ੋਰਾਂ ਨਾਲ਼ ਚੱਲ ਰਿਹਾ ਹੈ। ਇਹ ਉਪਜਾਊ ਧਰਤੀ ਜਿਸ ਨੇ ਮਨੁੱਖਤਾ ਲਈ ਅੰਨ ਪੈਦਾ ਕਰਨਾ ਸੀ, ਵੱਡੇ ਵੱਡੇ ਟੋਇਆਂ ਦੀ ਸ਼ਕਲ ਵਿਚ ਛੱਡ ਦਿੱਤੀ ਜਾਂਦੀ ਹੈ।

ਬਹੁਤ ਮੁਲਕਾਂ ਵਿਚ ਪਹਾੜਾਂ ਨੂੰ ਡਾਇਨਾਮਾਈਟ ਰਾਹੀਂ ਉਡਾ ਦਿੱਤਾ ਜਾਂਦਾ ਹੈ ਕਿਉਂਕਿ ਪਹਾੜਾਂ ਵਿਚ ਹੀਰੇ ਜਵਾਹਰਾਤ ਜਾਂ ਹੋਰ ਬਹੁਤ ਤਰਾਂ ਦੇ ਖਣਿਜ ਪਦਾਰਥ ਭਰੇ ਪਏ ਹਨ। ਇਹ ਪਹਾੜ ਨਮੀ ਨਾਲ਼ ਭਰੀਆਂ ਹਵਾਵਾਂ ਨੂੰ ਰੋਕ ਕੇ ਬਾਰਸ਼ ਦਾ ਕਾਰਨ ਬਣਦੇ ਹਨ। ਇਹ ਬਾਰਸ਼ ਦਰਿਆਵਾਂ ਨੂੰ ਪਾਣੀ ਨਾਲ਼ ਭਰਪੂਰ ਕਰਦੀ ਹੈ ਅਤੇ ਇਹਨਾਂ ਦਰਿਆਵਾਂ ਤੋਂ ਨਹਿਰਾਂ ਵਗੈਰਾ ਕੱਢ ਕੇ ਖੇਤਾਂ ਨੂੰ ਪਾਣੀ ਦਿੱਤਾ ਜਾਂਦਾ ਹੈ। ਕਿੰਨਾ ਜਨ ਜੀਵਨ ਇਹਨਾਂ ਦਰਿਆਵਾਂ ਤੇ ਨਿਰਭਰ ਕਰਦਾ ਹੈ। ਇੱਕ ਗੱਲ ਹੋਰ, ਇਹਨਾਂ ਪਹਾੜਾਂ ਤੋਂ ਦਰੱਖਤਾਂ ਦਾ ਵਢਾਂਗਾ ਕਰਕੇ ਦਰੱਖਤ ਰੋਡੇ ਭੋਡੇ ਕੀਤੇ ਜਾ ਰਹੇ ਹਨ। ਇਸੇ ਕਰਕੇ ਪਹਾੜਾਂ ਦੀ ਮਿੱਟੀ ਖਿਸਕ ਕੇ ਫਿਰ ਤਬਾਹੀ ਲਿਆਉਂਦੀ ਹੈ ਪਰ ਕੌਣ ਪ੍ਰਵਾਹ ਕਰਦਾ ਹੈ। ਕਾਰਪੋਰੇਸ਼ਨਾਂ ਅਤੇ ਸਰਕਾਰਾਂ ਨੂੰ ਤਾਂ ਪੈਸਾ ਚਾਹੀਦਾ ਹੈ। ਮਨੁੱਖ ਦੀ ਸੋਚਣੀ ਕਿੰਨੀ ਛੋਟੀ ਹੋ ਗਈ ਹੈ। ਧਰਤੀ ਦੇ ਮੌਸਮ ਦਾ ਵਿਗਾੜ ਤਾਂ ਇਨਾਂ ਅਮੀਰਾਂ ਦੀਆਂ ਪੀੜੀਆਂ ਨੂੰ ਵੀ ਝੱਲਣਾ ਪਵੇਗਾ, ਇਨਾਂ ਅਮੀਰਾਂ ਦੇ ਪੋਤੇ ਪੋਤੀਆਂ ਜਾਂ ਦੋਹਤੇ ਦੋਹਤੀਆਂ ਐਡੀ ਛੇਤੀ ਤਾਂ ਮੰਗਲ਼ ਤੇ ਕਲੋਨੀਆਂ ਨਹੀਂ ਪਾ ਸਕਣਗੇ। ਦੁਨੀਆ ਤੇ ਸਰਦਾਰੀ ਕਾਰਪੋਰੇਸ਼ਨਾਂ ਦੀ ਹੈ ਅਤੇ ਸਰਕਾਰਾਂ ਸਮਝੋ ਉਹਨਾਂ ਦੇ ਅਧੀਨ ਹਨ। ਸਾਰੀ ਦੁਨੀਆ ਵਿਚ ਜੰਗਲ਼ਾਂ ਦਾ ਵਢਾਂਗਾ ਬੁਰੀ ਤਰਾਂ ਹੋ ਰਿਹਾ ਹੈ। ਧਰਤੀ ਦੇ ਜੀਅ ਜੰਤ ਦੀ ਆਕਸੀਜਨ ਦੀ ਪੂਰਤੀ ਦਰੱਖਤ ਕਰਦੇ ਹਨ। ਜੰਗਲ਼ ਧਰਤੀ ਦੇ ਫੇਫੜੇ ਹਨ। ਪਿਛਲੇ ਸਾਲ ਐਮਾਜ਼ੌਨ ਦੇ ਜੰਗਲ਼ ਨੂੰ ਜਾਣ ਬੁੱਝ ਕੇ ਅੱਗ ਲਗਾਈ ਗਈ ਅਤੇ ਫਿਰ ਜੰਗਲ਼ ਨੂੰ ਬੁਰੀ ਤਰਾਂ ਮੱਚਣ ਦਿੱਤਾ ਗਿਆ ਤਾਂ ਕਿ ਸਾਫ਼ ਹੋਈ ਧਰਤੀ ਤੇ ਫਾਰਮਿੰਗ ਕੀਤੀ ਜਾ ਸਕੇ। ਜਦ ਐਮਾਜ਼ੌਨ ਦੇ ਆਦੀਵਾਸੀਆਂ ਨੇ ਉਹ ਲੋਕ ਫੜ ਲਏ ਜਿਨਾਂ ਨੇ ਅੱਗ ਲਾਈ ਸੀ ਤਾਂ ਸਰਕਾਰ ਨੇ ਅੱਗ ਲਾਉਣ ਵਾਲ਼ਿਆਂ ਨੂੰ ਤਾਂ ਕੁਝ ਨਹੀਂ ਕਿਹਾ ਪਰ ਉਨਾਂ ਆਦੀਵਾਸੀਆਂ ਨੂੰ ਜੇਲਾਂ ਵਿਚ ਸੁੱਟ ਦਿੱਤਾ ਤਾਂ ਕਿ ਹੋਰ ਵੀ ਕੋਈ ਸਰਕਾਰ ਨੂੰ ਚੈਲਿੰਜ ਕਰਨ ਦੀ ਹਿਮਾਕਤ ਨਾ ਕਰੇ। ਇਹ ਹੈ ਇਨਸਾਫ ਜਿਹੜਾ ਧਰਤੀ ਪੁੱਤਰਾਂ ਨੂੰ ਮਿਲ਼ਦਾ ਹੈ। ਹਰ ਸਾਲ ਵਾਤਾਵਰਨ ਬਚਾਉਣ ਵਾਲ਼ੇ ਲੋਕਾਂ ਦੇ ਕਤਲ ਹੋ ਰਹੇ ਹਨ। ਬਰਟਾ ਕੈਸਰਸ ਵਰਗੀ ਵਾਤਾਵਰਨ ਕਾਰਕੁਨ ਨੂੰ ਉਸ ਦੇ ਘਰੇ ਜਾ ਕੇ ਗੋਲ਼ੀਆਂ ਨਾਲ਼ ਭੁੰਨ ਦਿੱਤਾ ਜਾਂਦਾ ਹੈ ਅਤੇ ਕਾਤਲਾਂ ਨੂੰ ਸ਼ੱਕ ਦੇ ਆਧਾਰ ਤੇ ਛੱਡ ਦਿੱਤਾ ਜਾਂਦਾ ਹੈ। ਸਾਰੀ ਦੁਨੀਆ ਵਿਚ ਹੀ ਜਲ ਜੰਗਲ਼ ਬਚਾਉਣ ਵਾਲ਼ੇ ਲੋਕਾਂ ਨੂੰ ਅਤਿਵਾਦੀ ਗਰਦਾਨ ਕੇ ਗੋਲ਼ੀਆਂ ਨਾਲ਼ ਭੁੰਨ ਦਿੱਤਾ ਜਾਂਦਾ ਹੈ ਜਾਂ ਜੇਲਾਂ ਵਿਚ ਸੁੱਟ ਦਿੱਤਾ ਜਾਂਦਾ ਹੈ।

ਦੁਨੀਆ ਭਰ ਦਾ ਗੰਦ ਸਮੁੰਦਰ ਵਿਚ ਡੰਪ ਹੋ ਰਿਹਾ ਹੈ। ਸਮੁੰਦਰੀ ਕਿਨਾਰੇ ਦੇ ਬਹੁਤ ਸ਼ਹਿਰ ਉਹ ਹਨ ਜਿਹੜੇ ਅਣਸੋਧਿਆ ਸੀਵਰੇਜ ਸਮੁੰਦਰ ਵਿਚ ਸੁੱਟ ਰਹੇ ਹਨ। ਇਸ ਤੋਂ ਬਿਨਾ ਕਿੰਨੇ ਹੀ ਸਮੁੰਦਰੀ ਜਹਾਜ਼ ਵੀ ਮਨੁੱਖੀ ਰਹਿੰਦ-ਖੂੰਹਦ ਸਮੁੰਦਰ ਵਿਚ ਡੰਪ ਕਰ ਦਿੰਦੇ ਹਨ। ਸਭ ਨੂੰ ਪਤਾ ਹੈ ਕਿ ਇਹ ਕੱਚਾ ਸੀਵਰੇਜ ਸਮੁੰਦਰ ਨੂੰ ਕਿੰਨਾ ਤੇਜ਼ਾਬੀ ਕਰ ਰਿਹਾ ਹੈ ਪਰ ਕੋਈ ਨਹੀਂ ਬੋਲਦਾ, ਸਮੁੰਦਰ ਵਿਚੋਂ ਤੇਲ ਕੱਢਣਾ ਗੈਰ ਕਾਨੂੰਨੀ ਕਰ ਦੇਣਾ ਚਾਹੀਦਾ ਹੈ ਕਿਉਂਕਿ ਜਦ ਤੇਲ ਕੱਢਣ ਵਾਲ਼ੇ ਬੋਰ ਸਮੁੰਦਰ ਵਿਚ ਫਟ ਜਾਂਦੇ ਹਨ ਤਾਂ ਜਿਹੜੀ ਤਬਾਹੀ ਆਉਂਦੀ ਹੈ, ਉਹ ਮੈਕਸਿਕੋ ਦੀ ਖਾੜੀ ਵਿਚ ਦੇਖੀ ਹੈ ਜਦ ਬ੍ਰਿਟਿਸ਼ ਪੈਟਰੋਲੀਅਮ ਦਾ ਬੋਰ ਸਮੁੰਦਰ ਵਿਚ ਫਟ ਗਿਆ ਸੀ ਅਤੇ ਕਈ ਹਫਤੇ ਸਾਰਾ ਕੱਚਾ ਤੇਲ ਸਮੁੰਦਰ ਵਿਚ ਰਲ਼ੀ ਗਿਆ ਸੀ। ਕਿੰਨੇ ਹੀ ਜੀਵ ਜੰਤੂ, ਮੱਛੀਆਂ, ਮੁਰਗਾਬੀਆਂ, ਸਮੁੰਦਰੀ ਮਗਰਮੱਛ, ਗੀਜ਼ ਵਗੈਰਾ ਤੜਫ ਤੜਫ ਕੇ ਮਰੇ ਪਰ ਸਦਕੇ ਜਾਈਏ ਯੂਐੱਨਓ ਵਗੈਰਾ ਵਰਗੀਆਂ ਕੌਮਾਂਤਰੀ ਸੰਸਥਾਵਾਂ ਦੇ ਜਿਹੜੀਆਂ ਵਾਤਾਵਰਨ ਦੀ ਇੰਨੀ ਤਬਾਹੀ ਹੋਣ ਦੇ ਬਾਵਜੂਦ ਟੱਸ ਤੋਂ ਮੱਸ ਨਹੀਂ ਹੋਈਆਂ। ਇੱਥੇ ਤਾਂ ਸ਼ੈਲ ਵਰਗੀਆਂ ਕੰਪਨੀਆਂ ਨੂੰ ਜਦ ਤੇਲ ਰੁੜਨ/ਡੋਲਣ ਤੇ ਜੁਰਮਾਨਾ ਕੀਤਾ ਜਾਂਦਾ ਹੈ ਤਾਂ ਹਾਸਾ ਆਉਂਦਾ ਹੈ। ਜਿਹੜੀਆਂ ਕੰਪਨੀਆਂ ਅਰਬਾਂ ਦਾ ਵਪਾਰ ਕਰਦੀਆਂ ਹਨ, ਉਨਾਂ ਨੂੰ ਜੁਰਮਾਨਾ ਹੁੰਦਾ ਹੈ ਕੁਝ ਲੱਖ ਡਾਲਰ ਅਤੇ ਕਈ ਵਾਰੀ ਉਹ ਵੀ ਬਾਅਦ ਵਿਚ ਮੁਆਫ ਕਰ ਦਿੱਤਾ ਜਾਂਦਾ ਹੈ।

ਅਮਰੀਕਾ ਵਰਗਾ ਮੁਲਕ ਆਪਣੇ ਹਥਿਆਰ ਟੈਸਟ ਕਰਨ ਲਈ ਬਿਨਾ ਕਿਸੇ ਕਾਰਨ ਕਿਸੇ ਵੀ ਮੁਲਕ ਨੂੰ ਬਲੀ ਦਾ ਬੱਕਰਾ ਬਣਾ ਸਕਦਾ ਹੈ ਅਤੇ ਲੜਾਈ ਲਾ ਕੇ ਲੱਖਾਂ ਟਨ ਪ੍ਰਦੂਸ਼ਣ ਪੈਦਾ ਕਰ ਦਿੰਦਾ ਹੈ। ਇਰਾਕ ਦੀ ਲੜਾਈ ਤੋਂ ਬਾਅਦ ਇਸ ਨੇ ਐੱਫ16 ਜਹਾਜ਼ ਵਗੈਰਾ ਵੇਚ ਕੇ ਅਰਬਾਂ ਡਾਲਰ ਬਣਾਏ ਅਤੇ ਬਿਨਾ ਮਤਲਬ ਇਰਾਕ ਦੇ ਲੱਖਾਂ ਲੋਕ ਮੌਤ ਦੇ ਘਾਟ ਉਤਾਰ ਦਿੱਤੇ। ਇਰਾਕ ਜਾਂ ਲਿਬੀਆ ਦੀ ਤਬਾਹੀ ਇਸ ਕਰਕੇ ਹੋਈ ਕਿਉਂਕਿ ਅਮਰੀਕੀ ਕੰਪਨੀਆਂ, ਇਨਾਂ ਦੇਸ਼ਾਂ ਦੇ ਤੇਲ ਤੇ ਕਬਜ਼ਾ ਕਰਨਾ ਚਾਹੁੰਦੀਆਂ ਸਨ।

ਹਰ ਸਾਲ ਟਨਾਂ ਦੇ ਟਨ ਹਿਸਾਬ ਪਰਮਾਣੂ ਰਹਿੰਦ-ਖੂੰਹਦ ਅਫਰੀਕਾ ਦੇ ਟਿੱਬਿਆਂ ਵਿਚ ਡੰਪ ਕੀਤੀ ਜਾ ਰਹੀ ਹੈ। ਯਾਦ ਰਹੇ, ਟਿੱਬੇ ਪਾਣੀ ਦੇ ਭੰਡਾਰ ਹੁੰਦੇ ਹਨ ਕਿਉਂਕਿ ਬਰਸਾਤੀ ਪਾਣੀ ਟਿੱਬਿਆਂ ਵਿਚ ਸਮਾ ਜਾਂਦਾ ਹੈ। ਇਹ ਪਾਣੀ ਤਾਂ ਹੁਣ ਪ੍ਰਦੂਸ਼ਿਤ ਹੋਵੇਗਾ ਹੀ, ਨਾਲ਼ ਮਾਰੂਥਲ ਦੇ ਜੀਅ ਜੰਤ ਵੀ ਮਰਨਗੇ। ਇਹ ਦੁਨੀਆ 43 ਬਿਲੀਅਨ ਟਨ ਕਾਰਬਨ ਡਾਇਆਕਸਾਈਡ ਹਵਾ ਵਿਚ ਛੱਡ ਰਹੀ ਹੈ। ਇਸ ਨੂੰ ਰੋਕ ਕੌਣ ਪਾਵੇਗਾ? ਇਹ ਤੇਲ ਕੰਪਨੀਆਂ ਜਾਂ ਕੋਲੇ ਦੀਆਂ ਖਦਾਣਾਂ ਵਾਲ਼ੇ ਮਾਲਕ ਇਹ ਹੋਣ ਦੇਣਗੇ? ਬਿਲਕੁਲ ਨਹੀਂ। ਗਲਾਸਗੋ ਵਿਚ ਵਾਤਾਵਰਨ ਨੂੰ ਬਚਾਉਣ ਵਾਰੇ ਕਾਨਫਰੰਸ ਕੀਤੀ ਜਾਂਦੀ ਹੈ। ਉਥੇ ਇਹਨਾਂ ਲੀਡਰਾਂ ਦੇ ਇੰਨੇ ਜਹਾਜ਼ ਪਹੁੰਚਦੇ ਹਨ ਕਿ ਏਅਰਪੋਰਟ ਤੇ ਜਹਾਜ਼ ਪਾਰਕ ਕਰਨ ਲਈ ਜਗਾ ਵੀ ਨਹੀਂ ਲੱਭਦੀ। ਫਿਰ ਇਹ ਜਹਾਜ਼ ਪਾਰਕ ਕਰਨ ਲਈ ਦੂਜੇ ਏਅਰਪੋਰਟਾਂ ਤੇ ਭੇਜੇ ਜਾਂਦੇ ਹਨ। ਇੰਨੇ ਜਹਾਜ਼ ਲਿਜਾ ਕੇ ਪ੍ਰਦੂਸ਼ਣ ਫੈਲਾ ਕੇ ਲੀਡਰ ਵਾਤਾਵਰਨ ਬਚਾਉਣ ਦੀਆਂ ਗੱਲਾਂ ਕਰਦੇ ਹਨ, ਇਹ ਲੀਡਰ ਸਵਾਰੀਆਂ ਵਾਲ਼ੇ ਜਹਾਜ਼ਾਂ ਵਿਚ ਕਿਉਂ ਨਹੀ ਜਾ ਸਕਦੇ? 737 ਜਹਾਜ਼ ਜਿਹੜਾ 174 ਸਵਾਰੀਆਂ ਲਿਜਾ ਸਕਦਾ ਹੈ, ਉਹ ਇਕ ਲੀਡਰ ਲਈ ਵਰਤਿਆ ਜਾ ਰਿਹਾ ਹੈ। ਇਸ ਜਹਾਜ਼ ਦੀ ਟੈਂਕੀ 32000 ਲਿਟਰ ਤੇਲ ਨਾਲ਼ ਭਰਦੀ ਹੈ। ਇਹਨਾਂ ਲੀਡਰਾਂ ਨੇ ਪ੍ਰਦੂਸ਼ਣ ਰੋਕਣ ਵਾਲ਼ੀ ਕਾਨਫਰੰਸ ਕਰਨ ਤੇ ਖੁਦ ਕਿੰਨਾ ਪ੍ਰਦੂਸ਼ਣ ਫੈਲਾਇਆ, ਕੌਣ ਇਸ ਦਾ ਹਿਸਾਬ ਕਰੇਗਾ? ਫਿਰ ਇਸ ਕਾਨਫਰੰਸ ਵਿਚੋਂ ਨਿਕਲ਼ਿਆ ਕੀ? ਵਾਤਾਵਰਨ ਬਚਾਉਣ ਵਾਲ਼ੀ ਗੱਲ ਪਹਿਲਾਂ ਵਾਂਗ ਅਗਲੇ ਵੀਹ ਤੀਹ ਸਾਲ ਤੇ ਸੁੱਟ ਦਿੱਤੀ ਗਈ।

ਬੇਹੱਦ ਪ੍ਰਦੂਸ਼ਣ ਅਸਮਾਨ ਨੂੰ ਚੜਨ ਵਾਲ਼ੇ ਰਾਕਟ ਕਰਦੇ ਹਨ, ਅੱਜ ਕੱਲ ਜੈਫ ਬੀਜ਼ੋ ਜਾਂ ਐਲੋਨ ਮਸਕ ਵਰਗੇ ਇਨਾਂ ਰਾਕਟਾਂ ਤੇ ਬੈਠ ਕੇ ਧਰਤੀ ਦੇ ਚੱਕਰ ਲਾਉਂਦੇ ਹਨ ਅਤੇ ਇਹ ਸੋਚ ਕੇ ਹੱਸਦੇ ਹੋਣਗੇ ਕਿ ਅਸੀਂ ਤਾਂ ਸਾਰੇ ਪਲੈਨਿਟ ਨੂੰ ਹੀ ਬੁੱਧੂ ਬਣਾ ਦਿੱਤਾ ਹੈ। ਇਹ ਮੰਗਲ਼ ਤਾਰੇ ਤੇ ਜ਼ਿੰਦਗੀ ਜਿਊਣ ਦੀਆਂ ਹਾਲਤਾਂ ਭਾਲਦੇ ਹਨ ਪਰ ਧਰਤੀ ਜਿਸ ਤੇ ਸੱਤ ਅਰਬ ਲੋਕਾਂ ਤੋਂ ਬਿਨਾ ਹੋਰ ਪਤਾ ਨਹੀਂ ਕਿੰਨੇ ਅਰਬ ਜੀਅ ਜੰਤੂ ਰਹਿ ਰਹੇ ਹਨ, ਨੂੰ ਤਬਾਹ ਕਰਨ ਤੇ ਤੁਲੇ ਹੋਏ ਹਨ। ਇਹ ਕਾਰਪੋਰੇਟ ਸਿਸਟਮ ਆਪ ਹੀ ਬਿਮਾਰੀਆਂ ਪੈਦਾ ਕਰਦਾ ਹੈ ਅਤੇ ਆਪ ਹੀ ਉਨਾਂ ਦੇ ਇਲਾਜ ਦੀਆਂ ਦਵਾਈਆਂ ਵੇਚਦਾ ਹੈ। ਕਿਸੇ ਬਿਮਾਰੀ ਦਾ ਖਾਤਮਾ ਨਹੀਂ ਕਰਦਾ ਸਗੋਂ ਬਿਮਾਰੀ ਦਾ ਡਰਾਵਾ ਦੇ ਕੇ, ਦਵਾਈਆਂ ਬਣਾਉਣ ਵਾਲ਼ੀਆਂ ਫੈਕਟਰੀਆਂ ਚਾਲੂ ਰੱਖਦਾ ਹੈ।

ਯੁੱਧ ਦਾ ਸਮਾਂ ਹੋਵੇ ਜਾਂ ਸ਼ਾਂਤੀ ਦਾ, ਹਥਿਆਰ ਧੜਾ-ਧੜ ਬਣ ਰਹੇ ਹਨ। ਫਿਰ ਇਨਾਂ ਨੂੰ ਵੇਚਣ ਲਈ ਲੜਾਈਆਂ ਵੀ ਕਰਾਉਣੀਆਂ ਪੈਣਗੀਆਂ। ਹਥਿਆਰ ਬਣਾਉਣ ਵਾਲ਼ੀਆਂ ਕੰਪਨੀਆਂ ਕਦੋਂ ਚਾਹੁਣਗੀਆਂ ਕਿ ਧਰਤੀ ਤੇ ਸ਼ਾਂਤੀ ਹੋਵੇ ਜਾਂ ਦਵਾਈਆਂ ਬਣਾਉਣ ਵਾਲ਼ੀਆਂ ਕੰਪਨੀਆਂ ਕਦੋਂ ਚਾਹੁਣਗੀਆਂ ਕਿ ਇਸ ਦੁਨੀਆ ਵਿਚ ਬਿਮਾਰੀਆਂ ਨਾ ਫੈਲਣ। ਧਰਤੀ ਦੇ ਵਧ ਰਹੇ ਤਾਪਮਾਨ ਕਰਕੇ ਗਲੇਸ਼ੀਅਰ ਖੁਰ ਰਹੇ ਹਨ, ਸਮੁੰਦਰ ਦੇ ਪਾਣੀ ਦਾ ਪੱਧਰ ਉਚਾ ਹੋ ਰਿਹਾ ਹੈ। ਯਾਦ ਰਹੇ ਕਿ ਇੱਕ ਡਿਗਰੀ ਤਾਪਮਾਨ ਵਧਣ ਨਾਲ਼ ਸਮੁੰਦਰ ਦਾ ਪੱਧਰ ਇੱਕ ਮੀਟਰ ਵਧਦਾ ਹੈ। ਇਸ ਸਾਲ ਫਿਜ਼ੀ ਅਤੇ ਇੰਡੋਨੇਸ਼ੀਆ ਦੇ ਕਈ ਟਾਪੂਆਂ ਦੀ ਹਾਲਤ ਡੁੱਬਣ ਵਾਲ਼ੀ ਹੋ ਗਈ। ਕਿੰਨੇ ਹੀ ਟਾਪੂਆਂ ਦੇ ਲੋਕ ਆਪਣਾ ਘਰ ਬਾਰ ਛੱਡ ਕੇ ਬੇਘਰ ਹੋਏ ਬੈਠੇ ਹਨ। ਧਰਤੀ ਉਤੇ ਪ੍ਰਦੂਸ਼ਣ ਵਧਣ ਕਰਕੇ ਜਾਨਵਰਾਂ ਦੀਆਂ ਕਿੰਨੀਆਂ ਹੀ ਜਾਤੀਆਂ ਲੋਪ ਹੋ ਰਹੀਆਂ ਹਨ। ਪੰਜਾਬ ਦੇ ਲੋਕ ਤਾਂ ਸ਼ਰੇਆਮ ਦੇਖ ਰਹੇ ਹਨ ਕਿ ਗਿਰਝਾਂ, ਘੋਗੜ ਤੇ ਹੋਰ ਕਈ ਪੰਛੀ ਤਾਂ ਦਿਸਣੋ ਹੀ ਹਟ ਗਏ ਹਨ ਅਤੇ ਚਿੜੀਆਂ, ਕਾਂ, ਮੋਰ ਵੀ ਬਹੁਤ ਘੱਟ ਦਿਸਦੇ ਹਨ।

ਦੁਨੀਆ ਦੇ ਹੋਰ ਦੇਸ਼ਾਂ ਤੇ ਨਜ਼ਰ ਮਾਰੀਏ ਤਾਂ ਅਫਰੀਕਾ ਦਾ ਕਾਲ਼ਾ ਰਾਈਨੋ, ਚਿੱਟੀਆਂ ਡੌਲਫਿਨ, ਪੈਸੰਜਰ ਕਬੂਤਰ, ਸਪੈਨਿਸ਼ ਆਈਬਰੀਅਨ ਬੱਕਰੀਆਂ, ਤਾਸਮੇਨੀਅਨ ਟਾਈਗਰ, ਸਟੈਬਰ ਸਮੁੰਦਰੀ ਗਾਂ, ਵੱਡੇ ਵੱਡੇ ਦੰਦਾਂ ਵਾਲ਼ੇ ਸ਼ੇਰ, ਜੱਤ ਵਾਲ਼ਾ ਮਮੋਥ (ਹਾਥੀ ਵਰਗਾ ਜਾਨਵਰ) ਧਰਤੀ ਤੋਂ ਗਾਇਬ ਹੋ ਚੁੱਕੇ ਹਨ। ਮਨੁੱਖ, ਜਾਨਵਰ, ਬਨਸਪਤੀ ਆਪਸ ਵਿਚ ਪੀਡੇ ਜੁੜੇ ਹੋਏ ਹਨ। ਇੱਕ ਵਾਰ ਚੀਨ ਨੂੰ ਲੱਗਿਆ ਕਿ ਚਿੜੀਆਂ ਬਹੁਤ ਅਨਾਜ ਖਾ ਜਾਂਦੀਆਂ ਹਨ, ਸਰਕਾਰ ਨੇ ਚਿੜੀਆਂ ਮਾਰਨ ਦਾ ਹੁਕਮ ਦੇ ਦਿੱਤਾ। ਲੋਕਾਂ ਨੇ ਸਰਕਾਰ ਦੇ ਹੁਕਮਾਂ ਤੇ ਫੁੱਲ ਚੜਾਏ ਅਤੇ ਬੇਹੱਦ ਚਿੜੀਆਂ ਮਾਰ ਦਿੱਤੀਆਂ। ਫਿਰ ਕੀ ਹੋਇਆ, ਚੀਨ ਵਿਚ ਅਕਾਲ਼ ਪੈ ਗਿਆ, ਕਿਉਂਕਿ ਚਿੜੀਆਂ ਫਸਲਾਂ ਦੇ ਦੁਸ਼ਮਣ ਕੀੜਿਆਂ ਨੂੰ ਖਾਂਦੀਆਂ ਸਨ। ਇਨਾਂ ਕੀੜਿਆਂ ਦੀ ਗਿਣਤੀ ਵਧ ਗਈ ਅਤੇ ਉਹ ਫਸਲਾਂ ਖਾ ਗਏ। ਇਸ ਤੋਂ ਬਾਅਦ ਚੀਨ ਵਿਚ ਚਿੜੀਆਂ ਮਾਰਨ ਤੇ ਪਾਬੰਦੀ ਲਾ ਦਿੱਤੀ ਗਈ। ਜਿਸ ਤਰਾਂ ਧਰਤੀ ਦੇ ਹੋਰ ਜਾਨਵਰ ਖਤਮ ਹੋ ਰਹੇ ਹਨ, ਇਸੇ ਤਰਾਂ ਸਾਡੀ ਵਾਰੀ ਵੀ ਇੱਕ ਦਿਨ ਆ ਸਕਦੀ ਹੈ।

1978 ਵਿਚ ਉਤਰੀ ਧਰੁਵ ਦੀ ਬਰਫ ਦੀ ਡੂੰਘਾਈ ਪੰਜ ਕਿਲੋਮੀਟਰ ਸੀ ਜਿਹੜੀ 2021 ਵਿਚ ਸਿਰਫ ਦੋ ਕਿਲੋਮੀਟਰ ਰਹਿ ਗਈ ਹੈ। ਇਹੀ ਹਾਲ ਦੱਖਣੀ ਧਰੁਵ ਦਾ ਹੋਇਆ ਹੈ। ਇਹ ਬਰਫ ਖੁਰ ਕੇ ਸਮੁੰਦਰ ਦਾ ਤਲ ਉਚਾ ਕਰਦੀ ਹੈ। ਜੇਕਰ ਧਰਤੀ ਇਸੇ ਤਰਾਂ ਹੀ ਗਰਮ ਹੁੰਦੀ ਰਹੀ, ਅਗਲੇ ਦਸ ਵੀਹ ਸਾਲਾਂ ਤੱਕ ਸਮੁੰਦਰੀ ਕਿਨਾਰੇ ਵਾਲ਼ੇ ਸ਼ਹਿਰਾਂ ਦੀ ਹੋਂਦ ਖਤਰੇ ਵਿਚ ਪੈ ਜਾਵੇਗੀ ਅਤੇ ਕਰੋੜਾਂ ਲੋਕ ਬੇਘਰ ਹੋ ਜਾਣਗੇ। ਅਸੀਂ ਇਸ ਟਾਈਮ 80 ਬਿਲੀਅਨ ਟਨ ਮਟੀਰੀਅਲ ਪੈਦਾ ਕਰ ਰਹੇ ਹਾਂ (ਜੋ ਵੀ ਚੀਜ਼ਾਂ ਅਸੀਂ ਬਣਾ ਰਹੇ ਹਾਂ, ਉਹਨਾਂ ਦਾ ਭਾਰ) ਪਰ 2050 ਤੱਕ ਇਹ ਉਤਪਾਦਨ 180 ਬਿਲੀਅਨ ਟਨ ਤੱਕ ਚਲਾ ਜਾਵੇਗਾ। ਜੇ ਅਸੀਂ 80 ਬਿਲੀਅਨ ਟਨ ਮਟੀਰੀਅਲ ਪੈਦਾ ਕਰਨ ਲਈ ਕੁਦਰਤ ਦਾ ਘਾਣ ਕਰ ਰਹੇ ਹਾਂ ਤਾਂ ਜਦੋਂ ਅਸੀਂ 180 ਬਿਲੀਅਨ ਟਨ ਮਟੀਰੀਅਲ ਉਤਪਾਦਨ ਕਰਾਂਗੇ ਤਾਂ ਅਸੀਂ ਕੁਦਰਤ ਦਾ ਕਿੰਨਾ ਘਾਣ ਕਰ ਰਹੇ ਹੋਵਾਂਗੇ? ਜਿਹੜਾ ਅੱਜ ਵਿਕਾਸ ਹੋ ਰਿਹਾ ਹੈ, ਜੇ ਹਰ ਬੰਦੇ/ਔਰਤ ਨੂੰ 5 ਡਾਲਰ ਘੰਟੇ ਦੇ ਲੈਣ ਦੇ ਕਾਬਲ ਕਰੀਏ ਤਾਂ ਸਾਨੂੰ ਹੁਣ ਦੇ ਵਿਕਾਸ ਨੂੰ 175 ਗੁਣਾਂ ਵਧਾਉਣਾ ਪਵੇਗਾ। ਅਸੀਂ ਹਰ ਵੇਲ਼ੇ ਵਿਕਾਸ ਦੀ ਗੱਲ ਕਰਦੇ ਹਾਂ ਪਰ ਸੋਚੋ, ਧਰਤੀ ਨੇ ਤਾਂ ਵਧਣਾ ਨਹੀਂ, ਧਰਤੀ ਓਨੀ ਹੀ ਰਹੇਗੀ, ਫਿਰ ਇਹ ਵਿਕਾਸ ਧਰਤੀ ਤੇ ਬੋਝ ਹੀ ਬਣੇਗਾ। ਧਰਤੀ ਨੂੰ ਤਬਾਹੀ ਵੱਲ ਲਿਜਾਣ ਲਈ ਤਿੰਨ ਫੈਕਟਰ ਹੋਰ ਵੀ ਹਨ :

1) ਵਪਾਰਕ ਮੱਛੀ ਫੜਨਾ (ਕਮਰਸ਼ੀਅਲ ਫਿਸ਼ਿੰਗ): ਵੱਡੇ ਵੱਡੇ ਸਮੁੰਦਰੀ ਜਹਾਜ਼ਾਂ/ਕਿਸ਼ਤੀਆਂ ਨਾਲ਼ ਜਦੋਂ ਵੱਡੇ ਨੈੱਟ ਸੁੱਟ ਕੇ ਮੱਛੀਆਂ ਫੜਨ ਦਾ ਕੰਮ ਕੀਤਾ ਜਾਂਦਾ ਹੈ ਤਾਂ ਸ਼ਾਰਕ, ਡਾਲਫਿਨ ਜਾਂ ਵੱਡੇ ਕੱਛੂ ਵੀ ਇਨਾਂ ਜਾਲ਼ਾਂ ਵਿਚ ਫਸ ਜਾਂਦੇ ਹਨ। ਬਹੁਤ ਸਾਰੀਆਂ ਉਹ ਸਮੁੰਦਰੀ ਪਰਜਾਤੀਆਂ ਵੀ (ਜਿਨਾਂ ਦੀ ਹੋਂਦ ਹੀ ਖਤਮ ਹੋਣ ਵਾਲ਼ੀ ਹੈ) ਵੀ ਮਾਰੀਆਂ ਜਾਂਦੀਆਂ ਹਨ। ਕਮਰਸ਼ੀਅਲ ਫਿਸ਼ਿੰਗ ਸਮੁੰਦਰੀ ਜੀਵਾਂ ਦੀ ਤਬਾਹੀ ਹੈ, ਇਹ ਬਿੱਲਕੁਲ ਬੰਦ ਹੋਣ ਚਾਹੀਦੀ ਹੈ ਜਾਂ ਕਿਸੇ ਕੰਟਰੋਲ ਥੱਲੇ ਹੋਣੀ ਚਾਹੀਦੀ ਹੈ।

2) ਪਸ਼ੂ ਪਾਲਣ (ਐਨੀਮਲ ਫਾਰਮਿੰਗ): ਇਹ ਬਹੁਤੇ ਫਾਰਮ ਮੀਟ ਵਾਲ਼ੇ ਜਾਨਵਰਾਂ ਲਈ ਬਣਦੇ ਹਨ। ਹੁਣ ਜਿਹੜਾ ਮੀਟ ਵਾਲ਼ਾ ਜਾਨਵਰ ਹੈ, ਉਸ ਨੂੰ ਚਰਨ ਲਈ ਘੱਟੋ-ਘੱਟ ਇੱਕ ਏਕੜ ਚਾਹੀਦਾ ਹੈ; ਦੂਜੇ ਪਾਸੇ ਇੱਕ ਏਕੜ ਦੀ ਪੈਦਾਵਾਰ ਨਾਲ਼ ਇੱਕ ਟੱਬਰ ਦਾ ਗੁਜ਼ਾਰਾ ਵੀ ਹੋ ਸਕਦਾ ਹੈ। ਮੀਟ ਖਾਣਾ ਮਨੁੱਖ ਦੀ ਬੁਨਿਆਦੀ ਲੋੜ ਨਹੀਂ ਹੈ। ਇਹ ਅਮੀਰਾਂ ਨੂੰ ਚਾਹੀਦੇ ਹਨ, ਟੀ-ਬੋਨ ਸਟੇਕਾਂ, ਮੱਛੀਆਂ ਦੇ ਆਂਡੇ, ਸ਼ਾਰਕ ਮੱਛੀ ਦਾ ਮੀਟ, ਆਮ ਲੋਕ ਤਾਂ ਦੋ ਡੰਗ ਦੀ ਰੋਟੀ ਨੂੰ ਵੀ ਤਰਸੇ ਪਏ ਹਨ। ਇਹ ਐਨੀਮਲ ਫਾਰਮਿੰਗ ਇਹਨਾਂ ਵੱਡੀਆਂ ਕਾਰਪੋਰੇਸ਼ਨਾਂ ਲਈ ਵੱਡੀ ਆਮਦਨ ਦੇ ਸਾਧਨ ਹਨ। ਫਿਰ ਕੌਣ ਕਹੇਗਾ ਰਾਣੀਏ ਅੱਗਾ ਢਕ?

3) ਵਪਾਰਕ ਖੇਤੀ (ਕਮਰਸ਼ੀਅਲ ਐਗਰੀਕਲਚਰ): ਇਸ ਸਮੇਂ ਦਾ ਸਭ ਤੋਂ ਭਖਦਾ ਮੁੱਦਾ ਕਮਰਸ਼ੀਅਲ ਫਾਰਮਿੰਗ ਬਣ ਚੁੱਕਿਆ ਹੈ। ਹੁਣ ਜਿਨਾਂ ਕਿਸਾਨਾਂ ਦੇ ਛੋਟੇ ਛੋਟੇ ਖੇਤ ਹਨ, ਜਦ ਉਹ ਖੇਤਾਂ ਵਿਚ ਕੰਮ ਕਰਦੇ ਹਨ ਤਾਂ ਵਿਚ ਇੱਕ ਦੋ ਦਰੱਖਤ ਵੀ ਛਾਂ ਦੀ ਖਾਤਰ ਜ਼ਰੂਰ ਲਾ ਕੇ ਰੱਖਦੇ ਹਨ। ਕਿਸਾਨ ਦਾ ਸਾਰਾ ਟੱਬਰ ਮਾਣ ਨਾਲ਼ ਖੇਤ ਜਾਂਦਾ ਹੈ ਪਰ ਜਦ ਕਿਸਾਨਾਂ ਨੂੰ ਖੁੱਲੀ ਵਪਾਰਕ ਮੰਡੀ ਦੇ ਨਾਲ਼ ਕੰਗਾਲ ਕਰ ਦਿੱਤਾ ਗਿਆ ਤੇ ਉਨਾਂ ਦੇ ਛੋਟੇ ਛੋਟੇ ਖੇਤ ਕਾਰਪੋਰੇਸ਼ਨਾਂ ਕੋਲ਼ ਆ ਗਏ, ਫਿਰ ਤਾਂ ਕਿਲੋਮੀਟਰ ਲੰਮੇ ਖੇਤ ਵਿਚ ਜਦ ਮਸ਼ੀਨਰੀ ਚੱਲੂ ਤਾਂ ਸਭ ਤੋਂ ਪਹਿਲਾਂ ਤਾਂ ਸਾਰੇ ਦਰੱਖਤ ਵੱਢ ਦਿੱਤੇ ਜਾਣਗੇ, ਕਿਉਂਕਿ ਦਰੱਖਤ ਵੱਡੇ ਵੱਡੇ ਟਰੈਕਟਰਾਂ ਨੂੰ ਅੜਿੱਕਾ ਲਾਉਂਦੇ ਹਨ। ਕਾਰਪੋਰੇਸ਼ਨਾਂ ਖੇਤੀ ਵੀ ਡਾਲਰਾਂ ਲਈ ਜਾਂ ਵੱਧ ਤੋਂ ਵੱਧ ਨਫ਼ੇ ਲਈ ਕਰਨਗੀਆਂ, ਨਾ ਕਿ ਸਥਾਨਕ ਲੋਕਾਂ ਦੀਆਂ ਲੋੜਾਂ ਖਾਤਰ। ਇਸ ਕਰਕੇ ਧਰਤੀ ਦਾ ਘਾਣ ਇਹ ਕਮਰਸ਼ੀਅਲ ਖੇਤੀ ਬਹੁਤ ਜਿਆਦਾ ਕਰੇਗੀ, ਦੂਜੀ ਗੱਲ ਕਾਰਪੋਰੇਸ਼ਨਾਂ ਜ਼ਮੀਨ ਮਗਰ ਤਾਂ ਪਈਆਂ ਹਨ, ਕਿਉਂਕਿ ਇਹ ਉਹਨਾਂ ਦੀ ਨਜ਼ਰ ਵਿਚ ਸਭ ਤੋਂ ਸੁਰੱਖਿਅਤ ਨਿਵੇਸ਼ ਹੈ।

ਲੋਕਾਂ ਨੂੰ ਆਪਣਾ ਸਮਾਨ ਵੇਚਣ ਲਈ ਐਕਟਰਾਂ ਜਾਂ ਅਜਿਹੀਆਂ ਮਸ਼ਹੂਰ ਹਸਤੀਆਂ ਦਾ ਸਹਾਰਾ ਲਿਆ ਜਾਂਦਾ ਹੈ। ਅਸੀਂ ਜਿਹੜੇ ਆਪਣੇ ਆਪ ਨੂੰ ਗੁਆਂਢੀ ਨਾਲੋਂ ਇਨਾਂ ਹਸਤੀਆਂ ਦੇ ਨੇੜੇ ਸਮਝਦੇ ਝੱਟ ਉਨਾਂ ਦੀ ਮਸ਼ਹੂਰ ਕੀਤੀ ਚੀਜ਼ ਨੂੰ ਆਪਣੀ ਲੋੜ ਵਿਚ ਸ਼ਾਮਲ ਕਰ ਲੈਂਦੇ ਹਾਂ, ਬੇਸ਼ੱਕ ਉਹ ਚੀਜ਼ ਪੈਦਾ ਕਰਨ ਲਈ ਕੁਦਰਤ ਦਾ ਕਿੰਨਾ ਵੀ ਨੁਕਸਾਨ ਕਿਉਂ ਨਾ ਹੋਇਆ ਹੋਵੇ।

ਦੁਨੀਆ ਭਰ ਦੀ 65% ਦੌਲਤ ਪਹਿਲਾਂ ਹੀ 1% ਲੋਕਾਂ ਕੋਲ਼ ਇਕੱਠੀ ਹੋ ਗਈ ਹੈ। ਧਨਾਢਾਂ ਦੀ ਇੱਕ ਦੂਜੇ ਤੋਂ ਮੂਹਰੇ ਲੰਘਣ ਦੀ ਦੌੜ ਲੱਗੀ ਹੋਈ ਹੈ। ਇਹ ਕਾਰਪੋਰੇਟ ਸਰਕਾਰਾਂ ਲੋਕਾਂ ਤੋਂ ਵਿੱਦਿਆ ਦਾ ਹੱਕ ਵੀ ਖੋਹਣਾ ਚਾਹੁੰਦੀਆਂ ਹਨ। ਸਰਕਾਰੀ ਸਕੂਲ ਬੰਦ ਹੋ ਰਹੇ ਹਨ ਬਾਕੀ ਸਫ਼ਾ 31 'ਤੇ

## ਪੂੰਜੀਵਾਦ ਧਰਤੀ ਤੇ...

ਤੇ ਪ੍ਰਾਈਵੇਟ ਸਕੂਲ ਧੜਾਧੜ ਖੁੱਲ ਰਹੇ ਹਨ। ਟੈਕਸ ਦੇਣ ਵਾਲਿਆਂ ਦਾ ਪੈਸਾ ਗਰਾਂਟਾਂ ਦੇ ਰੂਪ ਵਿਚ ਪ੍ਰਾਈਵੇਟ ਸਕੂਲਾਂ ਨੂੰ ਦਿੱਤਾ ਜਾ ਰਿਹਾ ਹੈ। ਇਕ ਹਾਲੀਆ ਖਬਰ ਮੁਤਾਬਿਕ ਬੀਸੀ (ਕੈਨੇਡਾ) ਦੀ ਸਰਕਾਰ ਹਰ ਸਾਲ 400 ਮਿਲੀਅਨ ਡਾਲਰ ਪ੍ਰਾਈਵੇਟ ਸਕੂਲਾਂ ਨੂੰ ਦਿੰਦੀ ਹੈ। ਇਸ ਦਾ ਮਤਲਬ, ਇਹ ਫੰਡ ਸਰਕਾਰੀ ਸਕੂਲਾਂ ਤੋਂ ਖੋਹ ਕੇ ਇਨਾਂ ਸਕੂਲਾਂ ਨੂੰ ਦਿੱਤੇ ਜਾ ਰਹੇ ਹਨ। ਇਹ ਕਾਰਪੋਰੇਟ ਸਿਸਟਮ ਚਾਹੁੰਦਾ ਹੈ ਕਿ ਕਿਤੇ ਆਮ ਲੋਕ ਵਿਦਿਆ ਪ੍ਰਾਪਤ ਕਰਕੇ ਆਪਣੇ ਹੱਕਾਂ ਬਾਰੇ ਚੇਤੰਨ ਨਾ ਹੋ ਜਾਣ। ਇਸ ਕਰਕੇ ਵਿਦਿਆ ਇੰਨੀ ਮਹਿੰਗੀ ਕਰ ਦਿਓ ਕਿ ਗਰੀਬਾਂ ਦੇ ਬੱਚੇ ਸਿਰਫ ਮਜ਼ਦੂਰੀ ਕਰਨ ਜੋਗੇ ਹੀ ਰਹਿ ਜਾਣ। ਇਸ ਦੁਨੀਆ ਦੇ ਅਮੀਰ ਲੋਕ ਅਗਲੀਆਂ ਪੰਜ ਸੱਤ ਪੀੜੀਆਂ ਲਈ ਦੌਲਤ ਦੇ ਅੰਬਾਰ ਲਾਉਣ ਤੇ ਤੁਲੇ ਹੋਏ ਹਨ ਪਰ ਇਨਾਂ ਨੂੰ ਸਮਝ ਨਹੀਂ ਕਿ ਪਾਣੀ ਦੀ ਸਮੱਸਿਆ ਤਾਂ ਅਗਲੀ ਪੀੜੀ ਲਈ ਜਿਉਂ ਦੀ ਤਿਉਂ ਖੜੀ ਹੈ। ਕਾਰਪੋਰੇਟ ਦੇ ਇਸ ਲਾਲਚ ਨੂੰ ਛਿੱਕਲ਼ੀ ਨਾ ਪਾਈ ਗਈ ਤਾਂ ਲੱਗਦਾ ਹੈ, ਮਨੁੱਖੀ ਨਸਲ ਜਾਂ ਧਰਤੀ ਦੇ ਹੋਰ ਸਾਰੇ ਜੀਅ ਜੰਤ ਨੂੰ ਸ਼ਾਇਦ ਅਗਲੀ ਸਦੀ ਦੇਖਣੀ ਨਸੀਬ ਨਾ ਹੋਵੇ।

ਇੱਕ ਗੱਲ ਸਾਨੂੰ ਕਦੇ ਵੀ ਨਹੀਂ ਭੁੱਲਣੀ ਚਾਹੀਦੀ ਕਿ ਕੋਈ ਅਮੀਰ, ਗਰੀਬ ਲੋਕਾਂ ਨੂੰ ਲੁੱਟੇ ਬਿਨਾ ਅਮੀਰ ਨਹੀਂ ਹੋ ਸਕਦਾ। ਇੱਕ ਹਿਸਾਬ ਲਾਓ ਕਿ ਜਦ ਕੋਈ ਬੰਦਾ ਬਿਲੀਨੇਅਰ ਬਣਦਾ ਹੈ ਤਾਂ ਉਹ ਕਿੰਨੇ ਲੱਖ ਲੋਕਾਂ ਦੀਆਂ ਜੇਬਾਂ ਖਾਲੀ ਕਰਕੇ ਬਣਦਾ ਹੈ। ਹੁਣ ਮੋਟਾ ਹਿਸਾਬ ਹੈ, ਐਮਾਜ਼ੌਨ ਦਾ ਜੈਫ ਬੀਜ਼ੋ ਜਾਂ ਐਲਨ ਮਸਕ ਜਾਂ ਬਾਰਨ ਬਫੇ (ਸਟੌਕ ਬਰੋਕਰ) ਸਾਡੀਆਂ ਜੇਬਾਂ ਵਿਚੋਂ ਪੈਸਾ ਕੱਢ ਕੇ ਹੀ ਅਰਬਪਤੀ ਬਣੇ ਹਨ। ਇਹ ਪੈਸਾ ਇਹਨਾਂ ਨੇ ਨੋਟ ਛਾਪ ਕੇ ਤਾਂ ਨਹੀਂ ਬਣਾਇਆ। ਇਸ ਧਰਤੀ ਨੂੰ ਬਚਾਉਣ ਲਈ ਇਸ ਪੂੰਜੀਵਾਦੀ ਸਿਸਟਮ ਦਾ ਖਾਤਮਾ ਬਹੁਤ ਜ਼ਰੂਰੀ ਹੈ। ਹੁਣ ਸਮਾਂ ਆ ਗਿਆ ਹੈ ਕਿ ਘਰਾਂ, ਕਾਰਾਂ ਦੇ ਦਿਖਾਵੇ ਦਾ ਕਲਚਰ ਛੱਡ ਕੇ ਇਸ ਧਰਤੀ ਨੂੰ ਬਚਾਉਣ ਲਈ ਚੇਤੰਨ ਹੋਈਏ ਨਹੀਂ ਤਾਂ ਸਾਡੇ ਹੱਥਾਂ ਵਿਚ ਖੇਡਣ ਵਾਲੇ, ਪੋਤੇ ਪੋਤੀਆਂ ਜਾਂ ਦੋਹਤੇ ਦੋਹਤੀਆਂ ਸਾਨੂੰ ਕਦੇ ਵੀ ਮੁਆਫ ਨਹੀਂ ਕਰਨਗੀਆਂ।

## ਆਓ ਗਲਤੀਆਂ ਤੋਂ...

ਯੋਜਨਾ ਮੁਤਾਬਕ ਸਾਰਾ ਦਿਨ ਵਧੀਆ ਨਿਕਲ ਜਾਂਦਾ ਹੈ। ਜਦੋਂ ਸ਼ਾਮ ਨੂੰ ਅਸੀਂ ਮੰਜੇ ਤੇ ਸੌਣ ਲਈ ਜਾ ਰਹੇ ਹੁੰਦੇ ਹਨ ਤਾਂ ਪੂਰੇ ਦਿਨ ਦਾ ਮੁਲਾਂਕਣ ਕਰੀਏ। ਕੀ ਅੱਜ ਅਸੀਂ ਕੀ ਖੱਟਿਆ ਅਤੇ ਕੀ ਗੁਆਇਆ ਹੈ ? ਹਰ ਇੱਕ ਦਿਨ ਜੀਵਨ ਨੂੰ ਸੇਧ ਦੇਣ ਵਾਲਾ ਹੁੰਦਾ ਹੈ। ਕਦੇ ਵੀ ਨਿਰਾਸ਼ ਨਾ ਹੋਵੋ। ਆਪਣੇ ਆਪ ਦੀ ਕਦੇ ਵੀ ਦੂਜਿਆਂ ਨਾਲ ਬਰਾਬਰੀ ਨਾ ਕਰੋ। ਹਰ ਇੱਕ ਇਨਸਾਨ ਦੇ ਅੰਦਰ ਕੁੱਝ ਨਾ ਕੁੱਝ ਕਰਨ ਦੀ ਕਲਾ ਜਰੂਰ ਹੁੰਦੀ ਹੈ। ਆਪਣੀ ਕਲਾ ਨੂੰ ਨਿਖਾਰੋ। ਲੋਕਾਂ ਦੀਆਂ ਗੱਲਾਂ ਘੱਟ ਸੁਣੋ। ਜੋ ਵਿਦਿਆਰਥੀ ਸਿਵਲ ਸਰਵਿਸਿਜ਼ ਪ੍ਰੀਖਿਆ ਦੀ ਤਿਆਰੀ ਕਰਦੇ ਹਨ ,ਅਕਸਰ ਉਨਾਂ ਨੂੰ ਸਫ਼ਲਤਾ ਬਹੁਤ ਦੇਰ ਬਾਅਦ ਮਿਲਦੀ ਹੈ। ਮੁਕਾਬਲੇ ਦੀਆਂ ਪ੍ਰੀਖਿਆ ਚੋਂ ਬਹੁਤ ਕੁਝ ਸਿੱਖਣ ਨੂੰ ਮਿਲਦਾ ਹੈ।ਕਿਉਂਕਿ ਸਿਵਿਲ ਸੇਵਾ ਪ੍ਰੀਖਿਆ 3 ਪੜਾਅ ਵਿੱਚ ਹੁੰਦੀ ਹੈ ਤੇ ਥੋੜੀ ਮੁਸ਼ਕਿਲ ਵੀ ਹੁੰਦੀ ਹੈ। ਜੋ ਲਗਾਤਾਰ ਮਿਹਨਤ ਕਰਕੇ ਇਹ ਪ੍ਰੀਖਿਆ ਪਾਸ ਕਰਦੇ ਹਨ , ਉਨਾਂ ਦੇ ਜੀਵਨ ਤੋਂ ਸੇਧ ਲੈਣੀ ਚਾਹੀਦੀ ਹੈ। ਹਮੇਸ਼ਾ ਆਪਣੀਆਂ ਗਲਤੀਆਂ ਤੋਂ ਸਿੱਖੋ। ਕੋਸ਼ਿਸ਼ ਕਰੋ ਕਿ ਭਵਿੱਖ ਵਿੱਚ ਉਹ ਗਲਤੀ ਨਾ ਦੁਹਰਾਓ। ਮੁਸ਼ਕਲਾਂ ਦਾ ਡੱਟ ਕੇ ਸਾਹਮਣਾ ਕਰਨਾ ਚਾਹੀਦਾ ਹੈ। ਸਕਾਰਾਤਮਕ ਵਿਚਾਰ ਰੱਖੋ। ਵਧੀਆ ਦੋਸਤਾਂ ਨਾਲ ਮਿੱਤਰਤਾ ਕਰੋ। ਜੋ ਮੁਸੀਬਤ ਵੇਲੇ ਹੌਂਸਲਾ ਦੇਣ। ਹੌਂਸਲਾ ਕਦੇ ਵੀ ਨਾ ਛੱਡੋ। ਸਹਿਣਸ਼ੀਲ ਹੋਣਾ ਬਹੁਤ ਜ਼ਰੂਰੀ ਹੁੰਦਾ ਹੈ। ਨਿਰੰਕਾਰ ਪ੍ਰਭੂ ਪ੍ਰਮਾਤਮਾ ਦੀ ਬੰਦਗੀ ਕਰੋ। ਅਜਿਹੀ ਗੱਲਾਂ ਨੂੰ ਧਿਆਨ ਵਿਚ ਰੱਖ ਕੇ ਅਸੀਂ ਆਪਣਾ ਹਰ ਦਿਨ ਵਧੀਆ ਗੁਜ਼ਾਰ ਸਕਦੇ ਹਾਂ।


